ਐਤਵਾਰ, 29 ਜੂਨ, 2025
15 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 28

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 29 JUNE, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14


## 25 ਜੇਲ੍ਹ ਅਫਸਰ ਮੁਅੱਤਲ

**ਚੰਡੀਗੜ੍ਹ :** ਜੇਲ੍ਹ ਵਿਭਾਗ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਸੂਬਾ ਪੱਧਰੀ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਨੇ 25 ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਵਿੱਚ 3 ਡਿਪਟੀ ਸੁਪਰਡੈਂਟ ਅਤੇ 2 ਅਸਿਸਟੈਂਟ ਸੁਪਰਡੈਂਟ ਸ਼ਾਮਲ ਹਨ। ਇਹ ਮੁਅੱਤਲੀਆਂ ਜੇਲ੍ਹਾਂ 'ਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਤੋੜਨ ਦੀ ਇੱਕ ਵਿਆਪਕ ਪਹਿਲਕਦਮੀ ਦਾ ਹਿੱਸਾ ਹਨ।

## ਪਰਾਗ ਜੈਨ 'ਰਾਅ' ਦੇ ਨਵੇਂ ਮੁਖੀ



**ਨਵੀਂ ਦਿੱਲੀ :** ਪਰਾਗ ਜੈਨ ਨੂੰ ਦੇਸ਼ ਦੀ ਖੁਫੀਆ ਏਜੰਸੀ 'ਰਾਅ' (ਰਿਸਰਚ ਤੇ ਅਨੈਲੇਸਿਸ ਵਿੰਗ) ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਹੈ। ਉਹ 30 ਜੂਨ ਨੂੰ ਰਿਟਾਇਰ ਹੋ ਰਹੇ ਰਵੀ ਸਿਨਹਾ ਦੀ ਥਾਂ ਲੈਣਗੇ। ਜੈਨ ਮੌਜੂਦਾ ਸਮੇਂ 'ਰਾਅ' ਦੇ ਏਵੀਏਸ਼ਨ ਰਿਸਰਚ ਸੈਂਟਰ ਦੇ ਮੁਖੀ ਹਨ, ਜੋ ਹਵਾਈ ਨਿਗਰਾਨੀ ਸਣੇ ਹੋਰਨਾਂ ਮਸਲਿਆਂ ਨਾਲ ਸਿੱਝਦਾ ਹੈ। ਸੈਂਟਰ ਦਾ ਮੁਖੀ ਹੋਣ ਦੇ ਨਾਤੇ ਉਨ੍ਹਾ ਦੀ 'ਅਪ੍ਰੇਸ਼ਨ ਸਿੰਧੂਰ' ਵਿਚ ਵੀ ਅਹਿਮ ਭੂਮਿਕਾ ਸੀ। 1989 ਬੈਚ ਦੇ ਪੰਜਾਬ ਕੇਡਰ ਦੇ ਆਈ ਪੀ ਐੱਸ ਅਧਿਕਾਰੀ ਜੈਨ ਪੰਜਾਬ 'ਚ ਅੱਤਵਾਦ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਵਿੱਚ ਐੱਸ ਐੱਸ ਪੀ ਅਤੇ ਡੀ ਆਈ ਜੀ ਰਹੇ। ਚੰਡੀਗੜ੍ਹ ਦੇ ਐੱਸ ਐੱਸ ਪੀ ਵੀ ਰਹੇ।

## ਅਗਲੀ ਸੀਟ 'ਤੇ ਬੈਠਣ ਦੀ ਜ਼ਿਦ 'ਚ ਜਾਨ ਗਈ

**ਨਵੀਂ ਦਿੱਲੀ :** ਉੱਤਰੀ ਦਿੱਲੀ ਦੇ ਤਿਮਾਰਪੁਰ ਇਲਾਕੇ ਵਿੱਚ 26 ਸਾਲਾ ਵਿਅਕਤੀ ਦੀਪਕ ਨੇ ਵੀਰਵਾਰ ਸ਼ਾਮ ਸਾਢੇ 7 ਵਜੇ ਟੈਂਪੂ 'ਚ ਅਗਲੀ ਸੀਟ 'ਤੇ ਬੈਠਣ ਤੋਂ ਰੋਕਣ 'ਤੇ ਪਿਤਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਨੇ ਦੀਪਕ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ। ਛੇ ਮਹੀਨੇ ਪਹਿਲਾਂ ਸੀ ਆਈ ਐੱਸ ਐੱਫ ਤੋਂ ਸੁਰਿੰਦਰ ਸਿੰਘ ਦੀ ਸੇਵਾਮੁਕਤੀ ਤੋਂ ਬਾਅਦ ਪਰਵਾਰ ਉੱਤਰਾਖੰਡ ਵਿੱਚ ਆਪਣੇ ਜੱਦੀ ਪਿੰਡ ਜਾਣ ਲਈ ਟੈਂਪੂ 'ਤੇ ਸਾਮਾਨ ਲੱਦ ਕੇ ਜਾ ਰਿਹਾ ਸੀ ਤਾਂ ਪਿਤਾ-ਪੁੱਤਰ ਵਿਚਾਲੇ ਇਸ ਗੱਲੋਂ ਬਹਿਸ ਹੋ ਗਈ ਕਿ ਅਗਲੀ ਸੀਟ 'ਤੇ ਕੌਣ ਬੈਠੇਗਾ। ਜਦੋਂ ਸੁਰਿੰਦਰ ਨੇ ਸਾਮਾਨ ਭਰਿਆ ਹੋਣ ਕਾਰਨ ਅਗਲੀ ਸੀਟ 'ਤੇ ਬੈਠਣ ਦੀ ਜ਼ਿਦ ਕੀਤੀ, ਤਾਂ ਦੀਪਕ ਹਮਲਾਵਰ ਹੋ ਗਿਆ ਤੇ ਆਪਣੇ ਪਿਤਾ ਦੀ ਲਾਇਸੈਂਸੀ ਬੰਦੂਕ ਲੈ ਆਇਆ ਅਤੇ ਗੋਲੀ ਮਾਰ ਦਿੱਤੀ।

# ਕਲੀਨ ਚਿੱਟ

## ਵਿਜੇ ਸਿੰਗਲਾ ਤੇ ਓ ਐੱਸ ਡੀ ਨੂੰ ਕੁਰੱਪਸ਼ਨ ਮਾਮਲੇ 'ਚ



**ਮੁਹਾਲੀ :** ਪੁਲਸ ਨੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਮਾਮਲੇ ਵਿੱਚ ਕਲੀਨ ਚਿੱਟ ਦੇ ਦਿੱਤੀ ਹੈ ਜਦੋਂਕਿ ਉਨ੍ਹਾ ਦੇ ਓ ਐੱਸ ਡੀ ਪ੍ਰਦੀਪ ਕੁਮਾਰ ਖਿਲਾਫ ਜਾਂਚ ਅਜੇ ਵੀ ਜਾਰੀ ਹੈ। ਪੁਲਸ ਨੇ ਮੁਹਾਲੀ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਦਾਖਲ ਕਰ ਦਿੱਤੀ ਹੈ ਤੇ ਅਦਾਲਤ ਵੱਲੋਂ ਇਸ ਬਾਰੇ 14 ਜੁਲਾਈ ਨੂੰ ਫੈਸਲਾ ਲਿਆ ਜਾਵੇਗਾ।

ਤੱਤਕਾਲੀ ਸਿਹਤ ਮੰਤਰੀ ਵਿਜੇ ਸਿੰਗਲਾ ਅਤੇ ਉਨ੍ਹਾ ਦੇ ਓ ਐੱਸ ਡੀ ਪ੍ਰਦੀਪ ਕੁਮਾਰ ਖਿਲਾਫ 2022 ਵਿਚ ਮੁਹਾਲੀ ਦੇ ਫੇਜ਼ ਅੱਠ ਥਾਣੇ ਵਿੱਚ ਭ੍ਰਿਸ਼ਟਾਚਾਰ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਹ ਕੇਸ ਪੰਜਾਬ ਸਿਹਤ ਕਾਰਪੋਰੇਸ਼ਨ ਵਿੱਚ ਡੈਪੂਟੇਸ਼ਨ 'ਤੇ ਕੰਮ ਕਰਦੇ ਅਧਿਕਾਰੀ ਰਜਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਹੋਇਆ ਸੀ। ਸ਼ਿਕਾਇਤ ਵਿੱਚ ਦੋਸ਼ ਲਗਾਇਆ ਸੀ ਕਿ ਸਿੰਗਲਾ ਵੱਲੋਂ ਪ੍ਰਦੀਪ ਕੁਮਾਰ ਜ਼ਰੀਏ ਉਨ੍ਹਾ ਕੋਲੋਂ ਪੰਜਾਬ ਸਿਹਤ ਕਾਰਪੋਰੇਸ਼ਨ ਵੱਲੋਂ ਕਰਾਏ ਜਾਂਦੇ ਕਰੋੜਾਂ ਰੁਪਏ ਦੇ • ਬਾਕੀ ਸਫਾ 2 'ਤੇ

## ਫੌਜਾ ਸਿੰਘ ਸਰਾਰੀ ਤੇ ਪੀ ਏ ਨੂੰ ਸਰਪੰਚ ਖੁਦਕੁਸ਼ੀ ਕੇਸ 'ਚ



**ਫਿਰੋਜ਼ਪੁਰ :** ਗੁਰੂ ਹਰਸਹਾਏ ਦੇ ਪਿੰਡ ਤਰਿੱਡਾ ਦੇ ਨੌਜਵਾਨ ਸਰਪੰਚ ਜਸ਼ਨਪ੍ਰੀਤ ਬਾਵਾ ਦੀ ਆਤਮਹੱਤਿਆ ਦੇ ਮਾਮਲੇ ਵਿੱਚ ਸਿੱਟ ਦੀ ਰਿਪੋਰਟ ਤੋਂ ਬਾਅਦ ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਅਤੇ ਉਨ੍ਹਾ ਦੇ ਪੀ ਏ ਬਚਿੱਤਰ ਸਿੰਘ ਲਾਡੀ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ। ਇਸ ਦੇ ਨਾਲ ਹੀ ਜਸ਼ਨਪ੍ਰੀਤ ਦੇ ਪਿਤਾ ਅਤੇ ਕੁਝ ਹੋਰ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ ਹੁਣ ਪੰਜ ਹੋਰ ਵਿਅਕਤੀਆਂ ਖਿਲਾਫ ਆਤਮਹੱਤਿਆ ਲਈ ਉਕਸਾਉਣ ਦਾ ਕੇਸ ਦਰਜ ਕਰ ਲਿਆ ਹੈ। ਮਾਮਲੇ ਵਿੱਚ ਨਵਾਂ ਮੋੜ ਆਉਣ 'ਤੇ ਐਕਸ਼ਨ ਕਮੇਟੀ ਦੇ ਆਗੂਆਂ ਵਿੱਚ ਭਾਰੀ ਰੋਸ ਹੈ, ਉਹ ਇਸ ਨੂੰ ਵਿਧਾਇਕ ਦੇ ਦਬਾਅ ਹੇਠ ਕੀਤੀ ਗਈ ਕਾਰਵਾਈ ਕਰਾਰ ਦੇ ਰਹੇ ਹਨ। ਦੂਜੇ ਪਾਸੇ ਕੁੱਝ ਲੋਕ ਜਸ਼ਨਪ੍ਰੀਤ ਦੇ ਪਰਵਾਰ ਨੂੰ ਹੀ ਇਸ ਸਥਿਤੀ ਲਈ ਜ਼ਿੰਮੇਵਾਰ ਠਹਿਰਾ ਰਹੇ ਹਨ। 31 ਮਈ ਨੂੰ ਸਰਪੰਚ ਜਸ਼ਨਪ੍ਰੀਤ ਨੇ ਘਰ ਵਿੱਚ ਆਪਣੀ ਲਾਇਸੰਸੀ ਪਿਸਤੌਲ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਅਗਲੇ ਦਿਨ ਜਸ਼ਨ ਦੇ • ਬਾਕੀ ਸਫਾ 2 'ਤੇ

# ਲੋਕਾਂ 'ਤੇ ਵਿੱਢੇ ਚੌਤਰਫ਼ੇ ਹੱਲੇ ਖਿਲਾਫ਼ ਮਿਲ ਕੇ ਜੂਝਣ ਦਾ ਪੈਗ਼ਾਮ

## ਆਦਿਵਾਸੀਆਂ ਤੇ ਮਾਓਵਾਦੀਆਂ ਦੀ ਕਤਲੋਗਾਰਤ ਬੰਦ ਕਰਨ ਦੀ ਜ਼ੋਰਦਾਰ ਮੰਗ





**ਜਲੰਧਰ (ਰਾਜੇਸ਼ ਥਾਪਾ, ਕੇਸਰ)**

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬੁਲਾਈ ਕਨਵੈਨਸ਼ਨ ਨੇ ਸ਼ਨੀਵਾਰ ਵੰਗਾਰਮਈ ਪੈਗ਼ਾਮ ਦਿੱਤਾ ਕਿ ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀ (ਮਾਓਵਾਦੀਆਂ) ਖਿਲਾਫ਼ ਭਾਜਪਾ ਹਕੂਮਤ ਵੱਲੋਂ ਪੂਰੀ ਬੇਹਯਾਈ ਨਾਲ ਵਿੱਢੀ ਫਾਸ਼ੀ ਮੁਹਿੰਮ ਦਾ ਫੌਰੀ ਮਕਸਦ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਢਿੱਡ ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਖਜ਼ਾਨਿਆਂ ਨਾਲ ਭਰਨਾ ਹੈ ਪਰ ਅਸਲ ਮਕਸਦ ਪੂਰੇ ਮੁਲਕ ਅੰਦਰ ਹਰ ਤਰ੍ਹਾਂ ਦੀ ਤਰਕਸੰਗਤ, ਵਿਗਿਆਨਕ, ਲੋਕ-ਪੱਖੀ, ਜਮਹੂਰੀ ਇਨਕਲਾਬੀ ਆਵਾਜ਼ ਦੀ ਸੰਘੀ ਨੱਪਣਾ ਹੈ, ਜਿਸ ਨੂੰ ਵਿਸ਼ਾਲ ਇੱਕਜੁੱਟ ਲੋਕ-ਲਹਿਰ ਦੇ ਜ਼ੋਰ ਨਾਲ ਅਵੱਸ਼ ਹੀ ਭਾਂਜ ਦਿੱਤੀ ਜਾਏਗੀ, ਇਹ ਆਉਣ ਵਾਲੇ ਸਮੇਂ ਦਾ ਸੱਚ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੇ ਪ੍ਰਧਾਨਗੀ ਮੰਡਲ ਨਾਲ ਇਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਕਮੇਟੀ ਮੈਂਬਰ ਡਾ. ਪਰਮਿੰਦਰ ਸਿੰਘ, ਦਰਸ਼ਨ ਸਿੰਘ ਖਟਕੜ ਅਤੇ ਮੰਗਤ ਰਾਮ ਪਾਸਲਾ ਵੀ ਮੰਚ 'ਤੇ ਸੁਸ਼ੋਭਤ ਸਨ।

'ਸਾਮਰਾਜੀ ਸੰਕਟ ਕਾਰਨ ਸਾਡੇ ਵਰਗੇ ਮੁਲਕਾਂ ਉਪਰ ਬੋਝ ਲੱਦਣ, ਕਾਰਪੋਰੇਟ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਲੋਕ ਸੰਗਰਾਮ ਸਮੇਂ ਦੀ ਤਿੱਖੀ ਲੋੜ' ਵਿਸ਼ੇ ਨੂੰ ਡਾ. ਪਰਮਿੰਦਰ ਸਿੰਘ, ਦਰਸ਼ਨ ਖਟਕੜ ਅਤੇ ਮੰਗਤ ਰਾਮ ਪਾਸਲਾ ਨੇ ਆਪਣੇ ਭਾਸ਼ਣਾਂ ਦੇ ਕਲਾਵੇ ਵਿੱਚ ਲੈਂਦਿਆਂ ਦੱਸਿਆ ਕਿ ਫ਼ਲਸਤੀਨ, ਇਰਾਨ ਤੋਂ ਲੈ ਕੇ ਬਸਤਰ, ਆਦਿਵਾਸੀ ਖੇਤਰਾਂ, ਸਾਡੇ ਮੁਲਕ ਦੇ ਸਮੂਹ ਮਿਹਨਤਕਸ਼ ਹਿੱਸਿਆਂ ਸਮੇਤ ਪੰਜਾਬ ਅੰਦਰ ਲੋਕਾਂ ਖਿਲਾਫ਼ ਤਿੱਖੇ ਕੀਤੇ ਚੌਤਰਫ਼ੇ ਮਾਰੂ ਹੱਲੇ ਦੀ ਤੰਦ ਸਾਂਝੀ ਹੈ।

ਬੁਲਾਰਿਆਂ ਨੇ ਕਿਹਾ ਕਿ ਜਿੱਥੇ ਦੁਨੀਆ ਭਰ ਦੇ ਲੋਕਾਂ ਨੂੰ ਸਾਮਰਾਜੀ ਧਾਵੇ ਖਿਲਾਫ਼ ਮੈਦਾਨ 'ਚ ਨਿਤਰਨ ਦੀ ਲੋੜ ਹੈ, ਉਥੇ ਗ਼ਦਰੀ ਬਾਬਿਆਂ, ਭਗਤ-ਸਰਾਭੇ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਗੌਰਵਮਈ ਵਿਰਸੇ ਉਪਰ ਪਹਿਰਾ ਦਿੰਦਿਆਂ ਸਾਨੂੰ ਆਰਥਿਕ, ਸਮਾਜਿਕ ਮੁੱਦਿਆਂ ਦੇ ਨਾਲ-ਨਾਲ ਜਮਹੂਰੀ ਇਨਕਲਾਬੀ ਰਾਜਨੀਤਕ ਮੁੱਦਿਆਂ ਨੂੰ ਵੀ ਸਾਂਝੇ ਤੌਰ 'ਤੇ ਆਪਣੀ ਆਧਾਰਸ਼ਿਲਾ ਅਤੇ ਦਾਇਰੇ ਮੁਤਾਬਕ ਮੁਖ਼ਾਤਿਬ ਹੋਣ ਦੀ ਲੋੜ ਹੈ।

ਤਿੰਨੇ ਬੁਲਾਰਿਆਂ ਨੇ ਸਾਂਝੇ ਤੌਰ 'ਤੇ ਜ਼ੋਰ ਦੇ ਕੇ ਕਿਹਾ ਕਿ ਆਦਿਵਾਸੀ ਖੇਤਰ ਅੰਦਰ ਜ਼ੁਲਮ ਦੀ ਇੰਤਹਾ, 31 ਮਾਰਚ 2026 ਤੱਕ ਕਮਿਊਨਿਸਟ ਇਨਕਲਾਬੀਆਂ ਤੋਂ ਮੁਕਤ ਭਾਰਤ, ਸ਼ਹੀਦੀ ਸਮਾਰਕਾਂ ਮਿੱਟੀ 'ਚ ਮਿਲਾ ਕੇ ਲੋਕ-ਪੱਖੀ ਵਿਚਾਰਧਾਰਾ ਦੇ • ਬਾਕੀ ਸਫਾ 2 'ਤੇ

# ਧਾਲੀਵਾਲ ਵੱਲੋਂ 9 ਦੀ ਹੜਤਾਲ ਕਾਮਯਾਬ ਕਰਨ ਦੀ ਅਪੀਲ

## ਜ਼ਿਲ੍ਹਾ ਮਾਲੇਰਕੋਟਲਾ ਵੱਲੋਂ ਪਾਰਟੀ ਕਾਂਗਰਸ ਲਈ 40 ਹਜ਼ਾਰ ਰੁਪਏ ਦਾ ਯੋਗਦਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮਾਲੇਰਕੋਟਲਾ ਅਤੇ ਟਰੇਡ ਯੂਨੀਅਨ ਕੌਂਸਲ (ਏਟਕ) ਮਾਲੇਰਕੋਟਲਾ ਦੀ ਸਾਂਝੀ ਮੀਟਿੰਗ ਕਾ. ਪ੍ਰੀਤਮ ਸਿੰਘ ਨਿਆਮਤਪੁਰ ਸੂਬਾ ਪ੍ਰਧਾਨ ਪੰਜਾਬ ਖੇਤ ਮਜ਼ਦੂਰ ਸਭਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਵਿਛੋੜਾ ਦੇ ਗਏ ਕਾ. ਸੁਤੰਤਰ ਕੁਮਾਰ ਟਰੇਡ ਯੂਨੀਅਨ ਦੇ ਸਿਰਮੌਰ ਆਗੂ ਅਤੇ ਸਕੱਤਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਨੂੰ ਸ਼ਰਧਾਂਜਲੀ ਭੇਟ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਾ. • ਬਾਕੀ ਸਫਾ 2 'ਤੇ

## ਆਈਫੋਨ ਖਾਤਰ ਮੁੰਡਾ ਮਾਰ'ਤਾ

**ਬਹਿਰਾਈਚ :** ਦੋ ਨਾਬਾਲਗਾਂ ਨੇ ਰੀਲ੍ਹਾਂ ਬਣਾਉਣ ਲਈ ਆਈਫੋਨ ਹਾਸਲ ਕਰਨ ਖਾਤਰ 20 ਜੂਨ ਨੂੰ ਇੱਕ ਮੁੰਡੇ ਦੀ ਹੱਤਿਆ ਕਰ ਦਿੱਤੀ। ਸ਼ਾਦਾਬ (19), ਜੋ ਕਿ ਬੇਂਗਲੁਰੂ ਵਿੱਚ ਰਹਿੰਦਾ ਸੀ, ਆਪਣੇ ਮਾਮੇ ਦੇ ਵਿਆਹ ਲਈ ਬਹਿਰਾਈਚ ਦੇ ਆਪਣੇ ਜੱਦੀ ਪਿੰਡ ਨਾਗੌਰ ਆਇਆ ਸੀ। ਏ ਡੀ ਸੀ ਪੀ ਰਾਮ ਪ੍ਰਸਾਦ ਖੁਸ਼ਵਾਹਾ ਨੇ ਦੱਸਿਆ ਕਿ 21 ਜੂਨ ਨੂੰ ਸ਼ਾਦਾਬ ਦੇ ਲਾਪਤਾ ਹੋਣ ਬਾਰੇ ਰਿਪੋਰਟ ਦਰਜ ਕੀਤੀ ਗਈ ਸੀ, ਜਿਸ ਉਪਰੰਤ ਉਸ ਦੀ ਲਾਸ਼ ਪਿੰਡ ਦੇ ਬਾਹਰ ਅਮਰੂਦ ਦੇ ਬਾਗ ਵਿੱਚ ਖਸਤਾ ਹਾਲਤ ਟਿਊਬਵੈੱਲ ਕੋਲ ਮਿਲੀ। ਸ਼ਾਦਾਬ ਦਾ ਗਲਾ ਚਾਕੂ ਨਾਲ ਕੱਟਿਆ ਹੋਇਆ ਸੀ ਅਤੇ ਉਸ ਦੇ ਸਿਰ 'ਤੇ ਇੱਟਾਂ ਮਾਰੀਆਂ ਹੋਈਆਂ ਸਨ। ਜਾਂਚ ਦੌਰਾਨ 14 ਅਤੇ 16 ਸਾਲਾ ਦੋ ਮੁੰਡਿਆਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਦੋਹਾਂ ਨੇ ਮੰਨਿਆ ਕਿ ਵਧੀਆ ਵੀਡੀਓਜ਼ (ਰੀਲ੍ਹਾਂ) ਬਣਾਉਣ ਲਈ ਉਨ੍ਹਾਂ ਨੂੰ ਹਾਈ ਕੁਆਲਿਟੀ ਫੋਨ ਦੀ ਲੋੜ ਸੀ, ਜਿਸ • ਬਾਕੀ ਸਫਾ 2 'ਤੇ

## ਕੈਨੇਡਾ ਨਾਲ ਹੁਣ ਗੱਲ ਨਹੀਂ ਕਰਨੀ : ਟਰੰਪ


**ਵਿਨੀਪੈਗ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਨਾਲ ਸਾਰੀਆਂ ਵਪਾਰਕ ਗੱਲਬਾਤਾਂ ਤੁਰੰਤ ਖਤਮ ਕਰਨ ਦਾ ਐਲਾਨ ਕੀਤਾ ਹੈ। ਉਸ ਨੇ ਇਹ ਸਖਤ ਫੈਸਲਾ ਕੈਨੇਡਾ ਵੱਲੋਂ ਅਮਰੀਕੀ ਤਕਨੀਕੀ ਕੰਪਨੀਆਂ 'ਤੇ ਲਗਾਏ ਗਏ ਨਵੇਂ ਡਿਜੀਟਲ ਸੇਵਾਵਾਂ ਟੈਕਸ ਦੇ ਵਿਰੋਧ ਵਿੱਚ ਲਿਆ ਹੈ।

ਟਰੰਪ ਨੇ ਕਿਹਾ ਕਿ ਅਗਲੇ ਸੱਤ ਦਿਨਾਂ ਵਿੱਚ ਅਸੀਂ ਕੈਨੇਡਾ ਨੂੰ ਦੱਸਾਂਗੇ ਕਿ ਉਨ੍ਹਾਂ ਨੂੰ ਅਮਰੀਕਾ ਨਾਲ ਵਪਾਰ ਕਰਨ ਲਈ ਕਿਹੜਾ ਟੈਕਸ ਦੇਣਾ ਪਵੇਗਾ। ਟਰੰਪ ਨੇ • ਬਾਕੀ ਸਫਾ 2 'ਤੇ

## ਹਾਦਸੇ 'ਚ ਪਤੀ-ਪਤਨੀ ਸਣੇ 3 ਜਣਿਆਂ ਦੀ ਮੌਤ

**ਜਲੰਧਰ :** ਸ਼ਨਿੱਚਰਵਾਰ ਸਵੇਰੇ ਕਰੀਬ ਪੰਜ ਵਜੇ ਕਪੂਰਥਲਾ ਦੇ ਢਿੱਲਵਾਂ ਟੋਲ ਪਲਾਜ਼ਾ ਤੋਂ ਪਹਿਲਾਂ ਜਲੰਧਰ-ਅੰਮ੍ਰਿਤਸਰ ਹਾਈਵੇ 'ਤੇ ਬਿਆਸ ਜਾ ਰਹੇ ਪਰਵਾਰ ਦੀ ਅਰਟਿਗਾ ਅਤੇ ਪਿਕਅਪ ਗੱਡੀ ਵਿਚਾਲੇ ਟੱਕਰ 'ਚ ਪਤੀ-ਪਤਨੀ ਤੇ ਇੱਕ ਕੁੜੀ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 60 ਸਾਲਾ ਪ੍ਰਵੀਨ ਕੁਮਾਰੀ ਅਤੇ ਉਸ ਦੇ ਪਤੀ 62 ਸਾਲਾ ਕਲਿਆਣ ਸਿੰਘ ਵਾਸੀ ਹੁਸ਼ਿਆਰਪੁਰ ਅਤੇ 19 ਸਾਲਾ ਸੰਜਨਾ ਵਾਸੀ ਹੁਸ਼ਿਆਰਪੁਰ ਵਜੋਂ ਹੋਈ ਹੈ। ਦੋਵਾਂ ਵਾਹਨਾਂ ਵਿੱਚ ਸਵਾਰ 14-15 ਲੋਕ ਜ਼ਖਮੀ ਹੋਏ ਹਨ।

## ਸ਼ੇਫਾਲੀ ਜਰੀਵਾਲਾ ਦਾ ਦੇਹਾਂਤ



**ਮੁੰਬਈ :** 'ਕਾਂਟਾ ਲਗਾ' ਗੀਤ ਨਾਲ ਮਸ਼ਹੂਰ ਹੋਈ ਅਦਾਕਾਰਾ ਸ਼ੇਫਾਲੀ ਜਰੀਵਾਲਾ ਦਾ 42 ਸਾਲ ਦੀ ਉਮਰ ਵਿੱਚ ਸ਼ੁੱਕਰਵਾਰ ਰਾਤ ਦੇਹਾਂਤ ਹੋ ਗਿਆ। ਪਤੀ ਪਰਾਗ ਤਿਆਗੀ ਉਸ ਨੂੰ ਰਾਤ ਕਰੀਬ 11:15 ਵਜੇ ਹਸਪਤਾਲ ਲਿਆਇਆ ਤਾਂ ਡਿਊਟੀ 'ਤੇ ਮੌਜੂਦ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮੀਡੀਆ ਰਿਪੋਰਟਾਂ ਅਨੁਸਾਰ ਜਰੀਵਾਲਾ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਜਰੀਵਾਲਾ ਨੇ ਆਪਣੇ ਪਤੀ ਨਾਲ ਡਾਂਸ-ਅਧਾਰਤ ਸ਼ੋਅ 'ਨੱਚ ਬੱਲੀਏ' ਅਤੇ ਬਾਅਦ ਵਿੱਚ • ਬਾਕੀ ਸਫਾ 2 'ਤੇ

## ਪਾਕਿਸਤਾਨ 'ਚ ਆਤਮਘਾਤੀ ਹਮਲੇ 'ਚ 13 ਜਵਾਨ ਮਰੇ

**ਪੇਸ਼ਾਵਰ :** ਸ਼ਨਿੱਚਰਵਾਰ ਸਵੇਰੇ ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ਵਿੱਚ ਵਜ਼ੀਰਿਸਤਾਨ ਜ਼ਿਲ੍ਹੇ ਦੇ ਖੱਦੀ ਖੇਤਰ 'ਚ ਆਤਮਘਾਤੀ ਹਮਲਾਵਰ ਵੱਲੋਂ ਮਿਲਟਰੀ ਕਾਫਲੇ ਨਾਲ ਵਿਸਫੋਟਕਾਂ ਨਾਲ ਭਰੀ ਗੱਡੀ ਮਾਰਨ ਦੇ ਸਿੱਟੇ ਵਜੋਂ 13 ਜਵਾਨ ਮਾਰੇ ਗਏ ਤੇ 10 ਜ਼ਖਮੀ ਹੋ ਗਏ। ਲਪੇਟੇ ਵਿੱਚ ਆਉਣ ਕਰਕੇ 14 ਆਮ ਨਾਗਰਿਕ ਵੀ ਜ਼ਖਮੀ ਹੋ ਗਏ। ਹਮਲੇ ਵਿੱਚ ਦੋ ਘਰਾਂ ਦੀਆਂ ਛੱਤਾਂ ਡਿੱਗ ਗਈਆਂ, ਜਿਸ ਕਾਰਨ ਛੇ ਬੱਚੇ ਜ਼ਖਮੀ ਹੋ ਗਏ। ਹਾਫਿਜ਼ ਗੁਲ ਬਹਾਦੁਰ ਗਰੁੱਪ ਦੇ ਉਸੂਦ ਅਲ-ਹਰਬ ਧੜੇ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ।


MEHR CHAND POLYTECHNIC COLLEGE
ESTD. 1954 JALANDHAR (Govt. Aided DAV Institution)
• NBA Accreditated Programs • Approved By AICTE, New Delhi
• Affiliated to Punjab State Board of Technical Education & Industrial Training, Chandigarh
COURSES OFFERED: 3 YEARS DIPLOMA
• Civil Engg. • Electrical Engg. • Mechanical Engg.
• Elec. & Comm. Engg. • Computer Science & Engg.
• Automobile Engg. • Pharmacy Diploma (2 Years Diploma)
REGISTRATION OPEN SESSION-2025-26
Seats also available for ITI / Vocational Pass under LEET
Scholarship Available for SC/ST & Economically Backward Students
Winner of Outstanding Institution Award in Northern Region-2022-23
mcpolyjal@yahoo.co.in www.mcpolyjal.com www.facebook.com\mcpolyjal
www.instagram.com\official_mehrchandpoly www.x.com\MehrChandPoly
Contact: 0181-2250184, 98039-63928, 98786-01197
Dr. Jagroop Singh Principal



ਪੰਜਾਬ ਸਰਕਾਰ
ਮੁੱਖ ਮੰਤਰੀ
ਸ. ਭਗਵੰਤ ਸਿੰਘ ਮਾਨ
ਦੀ ਅਗਵਾਈ ਹੇਠ
ਸ਼ੇਰ-ਏ-ਪੰਜਾਬ
ਮਹਾਰਾਜਾ
ਰਣਜੀਤ ਸਿੰਘ
ਨੂੰ ਉਨ੍ਹਾਂ ਦੀ
186ਵੀਂ ਬਰਸੀ
ਮੌਕੇ ਸ਼ਰਧਾਪੂਰਵਕ ਸਤਿਕਾਰ
ਭੇਟ ਕਰਦੀ ਹੈ।



ਮਹਾਨ ਸਿੱਖ ਬਾਦਸ਼ਾਹ ਨੂੰ ਆਪਣੇ ਵਿਸ਼ਾਲ ਧਰਮ-ਨਿਰਪੱਖ ਰਾਜ ਨੂੰ
ਪੰਜਾਬ ਖਿੱਤੇ ਤੋਂ ਪੱਛਮ ਵਿੱਚ ਖ਼ੈਬਰ ਦੱਰੇ ਤੱਕ, ਉੱਤਰ ਵਿੱਚ ਕਸ਼ਮੀਰ ਤੱਕ,
ਦੱਖਣ ਵਿੱਚ ਸਿੰਧ ਤੱਕ ਅਤੇ ਪੂਰਬ ਵਿੱਚ ਤਿੱਬਤ ਤੱਕ ਵਧਾਉਣ ਲਈ
ਹਮੇਸ਼ਾ ਯਾਦ ਰੱਖਿਆ ਜਾਵੇਗਾ।



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਵੱਟਸਐਪ ਚੈਨਲ ਨਾਲ ਜੁੜੋ
ਸਕੈਨ ਕਰੋ
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ।

## ਭੱਦਲ ਬੂਹਾ ਵਿਖੇ ਔਰਤਾਂ ਲਈ ਜਾਗਰੂਕਤਾ ਸੈਮੀਨਾਰ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਮੀਤ ਸਿੰਘ ਦੀ ਅਗਵਾਈ ਹੇਠ ਸਖੀ ਵਨ ਸਟਾਪ ਸੈਂਟਰ ਦੇ ਸਟਾਫ ਵੱਲੋਂ ਪਿੰਡ ਭੱਦਲ ਬੂਹਾ ਵਿਖੇ ਔਰਤਾਂ ਲਈ ਜਾਗਰੂਕਤਾ ਸੈਮੀਨਾਰ ਲਾਇਆ ਗਿਆ, ਜਿਸ ਵਿੱਚ ਸਖੀ ਵਨ ਸਟਾਪ ਸੈਂਟਰ ਦੀ ਇੰਚਾਰਜ ਵੱਲੋਂ ਮਹਿਲਾਵਾਂ ਨੂੰ ਦੱਸਿਆ ਗਿਆ ਕਿ ਘਰੇਲੂ ਹਿੰਸਾ, ਤੇਜ਼ਾਬੀ ਹਮਲਾ, ਦਹੇਜ ਪੀੜਤ ਤੇ ਛੇੜਛਾੜ ਤੋਂ ਪੀੜਤ ਮਹਿਲਾਵਾਂ ਨੂੰ ਇੱਕ ਛੱਤ ਹੇਠਾਂ ਸੇਵਾਵਾਂ, ਜਿਵੇਂ ਕਿ ਪੁਲਸ ਸਹਾਇਤਾ, ਡਾਕਟਰੀ ਸਹਾਇਤਾ, ਮਾਨਸਿਕ-ਸਮਾਜਿਕ ਕਾਊਂਸਲਿੰਗ, ਮੁਫਤ ਕਾਨੂੰਨੀ ਸਹਾਇਤਾ, ਕਾਨੂੰਨੀ ਸਲਾਹ ਮਸ਼ਵਰਾ ਤੇ ਪੀੜਤ ਮਹਿਲਾ ਨੂੰ ਆਰਜ਼ੀ ਆਸਰਾ (ਵੱਧ ਤੋਂ ਵੱਧ 10 ਦਿਨਾਂ ਲਈ) ਪ੍ਰਦਾਨ ਕਰਨ ਲਈ ਸਖੀ ਵਨ ਸਟਾਪ ਸੈਂਟਰ ਸਕੀਮ ਚਲਾਈ ਜਾ ਰਹੀ ਹੈ।ਇਸ ਮੌਕੇ ਹਿਫ਼ਾਜ਼ਤ ਸਕੀਮ, ਵੂਮੈਨ ਹੈਲਪਲਾਈਨ ਨੰ. 181 ਬਾਰੇ ਵੀ ਜਾਣੂ ਕਰਵਾਇਆ ਗਿਆ।ਇਸ ਦੌਰਾਨ ਮਹਿਲਾਵਾਂ ਨੇ ਸਖੀ ਵਨ ਸਟਾਪ ਦੇ ਨੁਮਾਇੰਦਿਆਂ ਤੋਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਹਾਸਲ ਕੀਤੀ।

## ਉਦਾਸੀਨ ਆਸ਼ਰਮ ਲੋਪੋ ਵਿਖੇ ਵਿਸ਼ਾਲ ਮੈਡੀਕਲ ਚੈੱਕਅਪ ਕੈਂਪ

**ਬੱਧਨੀ ਕਲਾਂ (ਲਵਲੀ ਕੁਮਾਰ)**-ਇੱਥੋਂ ਨਜ਼ਦੀਕੀ ਪਿੰਡ ਲੋਪੋ ਵਿਖੇ ਮਹੰਤ ਨਿਰਮਲ ਦਾਸ ਜੀ ਸੇਵਾ ਸੁਸਾਇਟੀ ਵੱਲੋਂ ਉਦਾਸੀਨ ਆਸ਼ਰਮ ਲੋਪੋ ਵਿਖੇ ਇੱਕ ਵਿਸ਼ਾਲ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਬਾਬੇ ਕੇ ਹਸਪਤਾਲ ਦੇ ਡਾਕਟਰਾਂ ਦੀ ਟੀਮ ਵੱਲੋਂ ਅੱਖਾਂ ਦਾ ਚੈੱਕਅਪ, ਜਨਰਲ ਦਵਾਈਆਂ, ਬਲੱਡ ਪ੍ਰੈਸ਼ਰ, ਸ਼ੂਗਰ ਜਾਂਚ, ਈ ਸੀ ਜੀ ਆਦਿ ਬੀਮਾਰੀਆਂ ਦੀ ਮੁਫ਼ਤ ਜਾਂਚ ਕਰ ਕੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਅੰਤ ਵਿੱਚ ਆਸ਼ਰਮ ਦੇ ਮੁੱਖ ਸੇਵਾਦਾਰ ਮਹੰਤ ਨਿਰਮਲ ਦਾਸ ਵੱਲੋਂ ਇਸ ਕੈਂਪ ਵਿੱਚ ਸਹਿਯੋਗ ਦੇਣ ਲਈ ਸਮੂਹ ਨਗਰ ਨਿਵਾਸੀਆਂ ਤੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਸੋਨੂੰ ਜਿਊਲਰਜ਼ ਬੱਧਨੀ ਕਲਾਂ, ਜੁਗਰਾਜ ਸਿੰਘ ਮੱਲੀ, ਜਸਕਰਨ ਸਿੰਘ, ਹਰਜੀਤ ਸਿੰਘ, ਸੁਰਜੀਤ ਸਿੰਘ ਸਰਪੰਚ, ਅਸ਼ੋਕ ਕੋਛੜ ਐੱਸ ਡੀ ਓ ਨਗਰ ਕੌਂਸਲ ਰਾਏਕੋਟ, ਅਮਿਤ ਪੁਰੀ, ਸੁਖਚੈਨ ਸਿੰਘ ਤੇ ਸਮੂਹ ਸਟਾਫ ਬਾਬੇ ਕੇ ਹਸਪਤਾਲ, ਸਿਮਰਜੀਤ ਸਿੰਘ ਆਦਿ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

## ਡੀ ਸੀ ਦੇ ਅੜੀਅਲ ਰਵੱਈਏ ਖਿਲਾਫ ਪੱਤਰਕਾਰਾਂ ਦੇ ਹੱਕ 'ਚ ਨਿੱਤਰੇ ਘੁਬਾਇਆ

### ਨੌਕਰਸ਼ਾਹ ਤੇ ਰਾਜਸੀ ਲੀਡਰ ਜਨਤਾ ਦੇ ਨੌਕਰ, ਉਨ੍ਹਾਂ ਨੂੰ ਲੋਕਾਂ ਦੀ ਗੱਲ ਸੁਣਨੀ ਹੀ ਪੈਣੀ



**ਜਲਾਲਾਬਾਦ (ਪਰਮਜੀਤ ਢਾਬਾਂ)**-ਜ਼ਿਲ੍ਹਾ ਫਾਜ਼ਿਲਕਾ ਵਿਖੇ ਤਾਇਨਾਤ ਡਿਪਟੀ ਕਮਿਸ਼ਨਰ ਮੈਡਮ ਅਮਰਪ੍ਰੀਤ ਕੌਰ ਸੰਧੂ ਦੇ ਪੱਤਰਕਾਰ ਨਾਲ ਅਪਣਾਏ ਜਾ ਰਹੇ ਅੜੀਅਲ ਰਵੱਈਏ ਨੂੰ ਲੈ ਕੇ ਫਾਜ਼ਿਲਕਾ ਨਾਲ ਸੰਬੰਧਤ ਪੱਤਰਕਾਰਾਂ ਵੱਲੋਂ ਉਸ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਸਰਕਾਰੀ ਸਮਾਗਮਾਂ ਦਾ ਬਾਈਕਾਟ ਦਾ ਵੀ ਐਲਾਨ ਕੀਤਾ ਹੋਇਆ ਹੈ।ਇਸ ਨੂੰ ਲੈ ਕੇ ਲਗਾਤਾਰ ਪੱਤਰਕਾਰਾਂ ਵੱਲੋਂ ਜਿੱਥੇ ਮੀਟਿੰਗਾਂ ਕਰਕੇ ਜ਼ਿਲ੍ਹਾ ਪੱਧਰੀ ਵੱਡਾ ਸੰਘਰਸ਼ ਵਿੱਢਣ ਦਾ ਐਲਾਨ ਕਰਨ ਬਾਰੇ ਵਿਚਾਰ ਵਟਾਂਦਰੇ ਚੱਲ ਰਹੇ ਹਨ, ਉਥੇ ਇਸ ਸਭ ਦੇ ਵਿਚਕਾਰ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਸੰਸਦ ਸ਼ੇਰ ਸਿੰਘ ਘੁਬਾਇਆ ਫਾਜ਼ਿਲਕਾ ਸਮੂਹ ਪੱਤਰਕਾਰ ਭਾਈਚਾਰੇ ਨਾਲ ਹਿੱਕ ਤਾਣ ਕੇ ਖੜ ਗਏ ਹਨ।ਉਨ੍ਹਾਂ ਨੇ ਪੱਤਰਕਾਰ ਭਾਈਚਾਰੇ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਹ ਉਨ੍ਹਾਂ ਨਾਲ ਹਿੱਕ ਤਾਣ ਕੇ ਖੜੇ ਹਨ ਅਤੇ ਉਨ੍ਹਾਂ ਦੀ ਆਵਾਜ਼ ਨੂੰ ਉਹ ਜਿੱਥੋਂ ਤੱਕ ਕਹਿਣਗੇ, ਭਾਵ ਪਾਰਲੀਮੈਂਟ ਤੱਕ ਵੀ ਪਹੁੰਚਾਉਣਗੇ।ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਸਿੱਧੇ ਤੌਰ 'ਤੇ ਕਿਹਾ ਕਿ ਨੌਕਰਸ਼ਾਹ ਭਾਵ ਅਧਿਕਾਰੀ ਤੇ ਰਾਜਸੀ ਲੀਡਰ ਲੋਕਾਂ ਦੇ ਨੌਕਰ ਹਨ, ਕਿਉਂਕਿ ਉਹ ਲੋਕਾਂ ਲਈ ਕੰਮ ਕਰਨ ਲਈ ਨਿਯੁਕਤ ਹਨ ਤਾਂ ਫਿਰ ਪੱਤਰਕਾਰ ਤਾਂ ਸਮਾਜ ਦੀ ਬਿਹਤਰੀ ਲਈ ਕੰਮ ਕਰਦੇ ਹਨ।ਇਸ ਤਰ੍ਹਾਂ ਮੈਡਮ ਡੀ ਸੀ ਨੂੰ ਪੱਤਰਕਾਰਾਂ ਨਾਲ ਅੜੀਅਲ ਰਵੱਈਏ ਵਾਲਾ ਵਿਹਾਰ ਨਹੀਂ ਕਰਨਾ ਚਾਹੀਦਾ।ਇਥੇ ਹੀ ਬਸ ਨਹੀਂ, ਉਨ੍ਹਾਂ ਨੂੰ ਆਮ ਲੋਕਾਂ ਨਾਲ ਵੀ ਸਹੀ ਤਰ੍ਹਾਂ ਪੇਸ਼ ਆਉਣਾ ਚਾਹੀਦਾ ਹੈ।ਐੱਮ ਪੀ ਘੁਬਾਇਆ ਨੇ ਕਿਹਾ ਕਿ ਜੇਕਰ ਪੱਤਰਕਾਰ ਉਨ੍ਹਾਂ ਨੂੰ ਲਿਖਤੀ ਕੋਈ ਵੀ ਸ਼ਿਕਾਇਤ ਦੇਣਗੇ, ਤਾਂ ਉਨ੍ਹਾਂ ਦੀ ਸ਼ਿਕਾਇਤ ਨੂੰ ਜਿੱਥੋਂ ਤੱਕ ਉਹ ਕਹਿਣਗੇ, ਉਹ ਪਹੁੰਚਾਉਣਗੇ।ਉਨ੍ਹਾਂ ਕਿਹਾ ਕਿ ਅਗਲੇ ਹਫਤੇ ਉਨ੍ਹਾਂ ਦੀ ਡੀ ਸੀ ਨਾਲ ਮੀਟਿੰਗ ਹੈ ਤੇ ਉਹ ਪੱਤਰਕਾਰਾਂ ਨਾਲ ਮਸਲੇ ਨੂੰ ਹੱਲ ਕਰਵਾਉਣ ਲਈ ਆਪਣੀ ਪਹਿਲ ਕਦਮੀ ਕਰਨਗੇ, ਜੇਕਰ ਫਿਰ ਵੀ ਡੀ ਸੀ ਦਾ ਰਵੱਈਆ ਇਸੇ ਤਰ੍ਹਾਂ ਹੀ ਅੜੀਅਲ ਰਹਿੰਦਾ ਹੈ, ਤਾਂ ਉਹ ਹਰ ਤਰ੍ਹਾਂ ਪੱਤਰਕਾਰਾਂ ਦਾ ਸਾਥ ਦੇਣਗੇ। ਜ਼ਿਕਰਯੋਗ ਹੈ ਕਿ ਡਿਪਟੀ ਕਮਿਸ਼ਨਰ ਫਾਜ਼ਿਲਕਾ ਦਾ ਰਵੱਈਆ ਇਸ ਕਦਰ ਮਾੜਾ ਹੈ ਕਿ ਕੋਈ ਵੀ ਕਿਸਾਨ, ਮਜ਼ਦੂਰ, ਵਿਦਿਆਰਥੀ, ਨੌਜਵਾਨ ਤੇ ਹੋਰ ਵਰਗ ਦਾ ਨੁਮਾਇੰਦਾ ਭਾਵ ਯੂਨੀਅਨ ਦੇ ਆਗੂ ਉਸ ਨੂੰ ਮਿਲਣ ਜਾਂਦੇ ਹਨ ਤਾਂ ਉਹ ਹਰ ਇੱਕ ਨਾਲ ਅੜੀਅਲ ਤੇ ਬੁਰੇ ਵਤੀਰੇ ਨਾਲ ਪੇਸ਼ ਆਉਂਦੀ ਹੈ, ਜਿਸ ਨੂੰ ਲੈ ਕੇ ਸਾਰੇ ਵਰਗਾਂ ਦੇ ਲੋਕ ਪ੍ਰੇਸ਼ਾਨ ਹਨ।ਇਸ ਨੂੰ ਲੈ ਕੇ ਪੱਤਰਕਾਰ ਭਾਈਚਾਰੇ ਵੱਲੋਂ ਇਸ ਕਰਕੇ ਵਿਰੋਧ ਕੀਤਾ ਜਾ ਰਿਹਾ ਸੀ, ਕਿਉਂਕਿ ਕਿਸੇ ਵੀ ਖਬਰ ਦਾ ਪੱਖ ਲੈਣ ਲਈ ਜਦੋਂ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਮੈਡਮ ਨੂੰ ਫੋਨ ਕੀਤਾ ਜਾਂਦਾ ਹੈ ਤਾਂ ਉਹ ਕਿਸੇ ਵੀ ਪੱਤਰਕਾਰ ਦਾ ਫੋਨ ਅਟੈਂਡ ਕਰਨਾ ਤਾਂ ਦੂਰ ਦੀ ਗੱਲ, ਉਹ ਅੰਦਰ ਦਫ਼ਤਰ ਵਿੱਚ ਦਾਖਲ ਹੋਣ ਲਈ ਵੀ ਕਈ ਤਰ੍ਹਾਂ ਦਾ ਨਿਰਾਦਰ ਕਰਦੀ ਹੈ, ਜਿਸ ਨੂੰ ਲੈ ਕੇ ਪੱਤਰਕਾਰਾਂ ਨੇ ਫਾਜ਼ਿਲਕਾ ਦੀ ਡਿਪਟੀ ਕਮਿਸ਼ਨਰ ਖਿਲਾਫ਼ ਮੋਰਚਾ ਖੋਲ੍ਹਿਆ ਹੋਇਆ ਹੈ।

## ਅੱਜ-ਨਾਮਾ

ਸਿੱਖਿਆ ਚੁੱਪ ਨਾ ਰਹਿਣ ਟਰੰਪ ਲੱਗਦਾ,
ਜਾਂਦਾ ਏ ਰੋਜ਼ ਹੀ ਖਬਰ ਬਣਾਈ ਮੀਆਂ।
ਦਾਬਾ ਟੈਕਸਾਂ ਦਾ ਕਿਸੇ ਲਈ ਮਾਰ ਦੇਂਦਾ,
ਕਿਸੇ ਥਾਂ ਲੈਂਦਾ ਈ ਵਿੱਢ ਲੜਾਈ ਮੀਆਂ।
ਕਿਸੇ ਨੂੰ ਆਪ ਫਸਾਉਂਦਾ ਤੇ ਫੇਰ ਆਖੇ,
ਮੈਂ ਹੀ ਇਹਦੀ ਵੀ ਜਾਨ ਛੁਡਾਈ ਮੀਆਂ।
ਕਿਸੇ ਥਾਂ ਆਪ ਚੁਆਤੀ ਵੀ ਜਾ ਲਾਉਂਦਾ,
ਮਗਰੋਂ ਕਹਿੰਦਾ ਕਿ ਅੱਗ ਬੁਝਾਈ ਮੀਆਂ।
ਦਬਕਾ ਕੈਨੇਡਾ ਨੂੰ ਫੇਰ ਉਸ ਛੱਡ ਦਿੱਤਾ,
ਮੁੱਦਾ ਟੈਕਸ ਦਾ ਲਿਆ ਉਸ ਚੁੱਕ ਮੀਆਂ।
ਏਦੂੰ ਚੰਗਾ ਜਦ ਮਿਲ ਗਿਆ ਨਵਾਂ ਮੁੱਦਾ,
ਮਸਲਾ ਜਾਊਗਾ ਸਾਰਾ ਫਿਰ ਮੁੱਕ ਮੀਆਂ।

-ਤੀਸ ਮਾਰ ਖਾਂ

## ਮਜੀਠੀਆ ਦੀ ਗ੍ਰਿਫਤਾਰੀ ਸਰਕਾਰ ਦੀ ਬੌਖਲਾਹਟ ਦਾ ਸਬੂਤ : ਮਾਣੂੰਕੇ, ਚਰਨਪ੍ਰੀਤ, ਵਿੱਕੀ, ਢਿੱਲੋਂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਪੰਜਾਬ ਵਿਜੀਲੈਂਸ ਵੱਲੋਂ ਕੀਤੀ ਗਈ ਗ੍ਰਿਫਤਾਰੀ ਦੀ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਵਿੱਕੀ ਫੂਲੇਵਾਲੀਆ ਯੂਥ ਆਗੂ, ਗੁਰਦਿੱਤ ਸਿੰਘ ਢਿੱਲੋਂ ਐੱਸ.ਓ.ਆਈ. ਪ੍ਰਧਾਨ ਨੇ ਸਖ਼ਤ ਨਿੰਦਾ ਕੀਤੀ ਹੈ।ਉਕਤ ਅਕਾਲੀ ਆਗੂਆਂ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਸਿਆਸੀ ਬਦਲਾਖੋਰੀ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਇਹ ਗ੍ਰਿਫਤਾਰੀ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼ ਹੈ।ਉਨ੍ਹਾਂ ਕਿਹਾ ਕਿ ਸ੍. ਬਿਕਰਮ ਸਿੰਘ ਮਜੀਠੀਆ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਸਦਾ ਸੰਘਰਸ਼ ਕਰਦੇ ਰਹੇ ਹਨ।ਉਨ੍ਹਾਂ ਦੀ ਗ੍ਰਿਫਤਾਰੀ ਸਰਕਾਰ ਦੀ ਬੌਖਲਾਹਟ ਤੇ ਸਿਆਸੀ ਨੀਚਤਾ ਦਾ ਸਬੂਤ ਹੈ ਅਤੇ ਬਿਕਰਮ ਮਜੀਠੀਆ ਦੀ ਗ੍ਰਿਫਤਾਰੀ ਝੂਠੇ ਕੇਸਾਂ ਦੇ ਅਧਾਰ 'ਤੇ ਕੀਤੀ ਗਈ ਹੈ, ਜਿਸ ਦਾ ਮਕਸਦ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਤਾਕਤ ਨੂੰ ਕਮਜ਼ੋਰ ਕਰਨਾ ਹੈ।ਪੰਜਾਬ ਦੇ ਲੋਕ ਸਰਕਾਰ ਦੀਆਂ ਅਜਿਹੀਆਂ ਸਿਆਸੀ ਚਾਲਾਂ ਨੂੰ ਸਮਝਦੇ ਹਨ।ਉਨ੍ਹਾਂ ਸਾਬਕਾ ਕੈਬਨਿਟ ਮੰਤਰੀ ਮਜੀਠੀਆ ਦੀ ਗ੍ਰਿਫਤਾਰੀ ਨੂੰ ਸਰਕਾਰ ਦੀ ਇਸ ਕਾਰਵਾਈ ਨੂੰ ਲੋਕਤੰਤਰ ਦੀ ਭਾਵਨਾ ਵਿਰੁੱਧ ਦੱਸਿਆ।ਇਹ ਗ੍ਰਿਫਤਾਰੀ ਸਿਰਫ਼ ਮਜੀਠੀਆ ਦੀ ਨਹੀਂ, ਸਗੋਂ ਸਮੁੱਚੇ ਪੰਜਾਬ ਦੀ ਜਨਤਕ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਹੈ।ਇਸ ਮੌਕੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਵਿੱਕੀ ਫੂਲੇਵਾਲੀਆ ਯੂਥ ਆਗੂ, ਗੁਰਦਿੱਤ ਸਿੰਘ ਢਿੱਲੋਂ ਐੱਸ.ਓ.ਆਈ. ਪ੍ਰਧਾਨ ਨੇ ਮੰਗ ਕੀਤੀ ਕਿ ਸ੍. ਬਿਕਰਮ ਸਿੰਘ ਮਜੀਠੀਆ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਸਰਕਾਰ ਆਪਣੀਆਂ ਸਿਆਸੀ ਬਦਲਾਖੋਰੀ ਵਾਲੀਆਂ ਨੀਤੀਆਂ ਨੂੰ ਬੰਦ ਕਰੇ।ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਗ੍ਰਿਫਤਾਰੀ ਵਿਰੁੱਧ ਸੰਵਿਧਾਨਕ ਢੰਗ ਨਾਲ ਵਿਰੋਧ ਜਾਰੀ ਰੱਖਣ ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨ।

## ਫ਼ਤਿਹ ਗਰੁੱਪ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਨਸ਼ਿਆਂ ਖਿਲਾਫ ਸਲਾਹੁਣਯੋਗ ਕਦਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨੌਜਵਾਨਾਂ ਨੂੰ ਨਸ਼ਿਆਂ ਦੇ ਅੰਧਕਾਰ ਵੱਲ ਜਾਣ ਤੋਂ ਰੋਕਣ ਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਫ਼ਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਕੌਮੀ ਸੇਵਾ ਯੋਜਨਾ (ਐੱਨ ਐੱਸ ਐੱਸ) ਵਿਭਾਗ ਵੱਲੋਂ ਇੱਕ ਸਲਾਹੁਣਯੋਗ ਕਦਮ ਚੁੱਕਿਆ ਗਿਆ ਹੈ। ਇਸ ਤਹਿਤ ਸੰਸਥਾ ਦੇ ਥੀਏਟਰ ਗਰੁੱਪ 'ਮਸਤਾਨੇ' ਕੋਚ ਸੋਨੀ ਢਿੱਲੋਂ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਬਰਨਾਲਾ, ਮਾਨਸਾ, ਬਠਿੰਡਾ ਤੇ ਮੁਕਤਸਰ ਦੇ ਪਿੰਡਾਂ ਵਿੱਚ ਨਸ਼ਾ ਮੁਕਤੀ ਸੰਦੇਸ਼ ਵਾਲੇ ਨੁੱਕੜ ਨਾਟਕਾਂ ਦੀ ਲੜੀ ਸਫਲਤਾਪੂਰਵਕ ਚਲਾਈ ਜਾ ਰਹੀ ਹੈ।

ਇਹ ਨਾਟਕ ਨੌਜਵਾਨਾਂ ਦੀ ਭਾਗੀਦਾਰੀ ਤੇ ਕਲਾਤਮਕ ਅਭਿਨੈ ਰਾਹੀਂ ਨਸ਼ਿਆਂ ਦੇ ਨੁਕਸਾਨਾਂ, ਪਰਿਵਾਰਕ ਤਬਾਹੀ ਤੇ ਸਮਾਜਿਕ ਵਿਗਾੜ ਨੂੰ ਦਰਸਾਉਂਦੇ ਹਨ।ਲੋਕਾਂ ਦੀ ਭਾਰੀ ਹਾਜ਼ਰੀ ਤੇ ਭਰਵਾਂ ਹੁੰਗਾਰਾ ਇਸ ਗੱਲ ਦਾ ਸਾਫ਼ ਪ੍ਰਮਾਣ ਹੈ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਇਹ ਜੰਗ ਲੋਕਾਂ ਦੇ ਦਿਲਾਂ ਤੱਕ ਪਹੁੰਚ ਰਹੀ ਹੈ।ਚੇਅਰਮੈਨ ਐੱਸ. ਐੱਸ. ਚੱਠਾ ਦੀ ਸੰਵੇਦਨਸ਼ੀਲ ਸੋਚ ਤੇ ਕੋਚ ਸੁਖਦੀਪ ਸਿੰਘ ਸੋਨੀ ਢਿੱਲੋਂ ਦੀ ਅਗਵਾਈ ਹੇਠ 'ਮਸਤਾਨੇ' ਗਰੁੱਪ ਵੱਲੋਂ ਪੇਸ਼ ਕੀਤੇ ਜਾ ਰਹੇ ਨਾਟਕ ਨਾ ਸਿਰਫ਼ ਰੰਗਮੰਚੀ ਪ੍ਰਦਰਸ਼ਨ ਹਨ, ਸਗੋਂ ਉਹ ਇੱਕ ਆਵਾਜ਼ ਹਨ, ਜੋ ਨਸ਼ਿਆਂ ਖ਼ਿਲਾਫ਼ ਉਠ ਰਹੀ ਹੈ।ਇਨ੍ਹਾਂ ਨਾਟਕਾਂ ਨੇ ਪਿੰਡਾਂ ਦੇ ਸਰਪੰਚਾਂ, ਪੰਚਾਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਲੈ ਕੇ ਆਮ ਲੋਕਾਂ ਤੱਕ ਨੂੰ ਗਹਿਰੀ ਛਾਪ ਛੱਡੀ ਹੈ। ਸੰਸਥਾ ਦੇ ਚੇਅਰਮੈਨ ਐੱਸ ਐੱਸ ਚੱਠਾ ਨੇ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਗ਼ਲਤਾਨ ਜ਼ਿੰਦਗੀ ਤੋਂ ਛੁਟਕਾਰਾ ਪਾ ਕੇ ਸਮਾਜ ਦੇ ਹਾਂ-ਪੱਖੀ ਕੰਮਾਂ ਨਾਲ ਜੁੜਨ ਦੀ ਗੱਲ ਆਖੀ।ਫ਼ਤਿਹ ਗਰੁੱਪ ਦੀ ਇਹ ਪਹਿਲ ਸਮਾਜਿਕ ਜ਼ਿੰਮੇਵਾਰੀ ਦੀ ਇੱਕ ਰੋਸ਼ਨ ਮਿਸਾਲ ਹੈ, ਜੋ ਦੱਸਦੀ ਹੈ ਕਿ ਵਿਦਿਆ ਸਿਰਫ਼ ਕਲਾਸਰੂਮ ਤੱਕ ਸੀਮਤ ਨਹੀਂ ਰਹਿ ਗਈ, ਸਗੋਂ ਹੁਣ ਉਹ ਮੰਚਾਂ ਰਾਹੀਂ ਸਮਾਜ ਨੂੰ ਵੀ ਸਵਾਲ ਕਰ ਰਹੀ ਹੈ। ਦਿਲਵਰਜੋਤ ਸਿੰਘ ਐੱਮ ਏ ਪੰਜਾਬੀ, ਜਸਪ੍ਰੀਤ ਕੌਰ ਬੀਏ ਫਾਈਨਲ, ਰੋਹਿਤ ਬੀਏ ਸੈਕਿੰਡ, ਜਸਵਿੰਦਰ ਸਿੰਘ ਬੀਏ ਸੈਕਿੰਡ, ਅਮਨਦੀਪ ਕੌਰ ਬੀ ਐੱਡ ਸੈਕਿੰਡ ਫਤਿਹ ਗਰੁੱਪ ਦੇ ਵਿਦਿਆਰਥੀਆਂ ਨੂੰ ਪਿੰਡਾਂ ਸ਼ਹਿਰਾਂ ਵਿੱਚ ਨਾਟਕਾਂ ਰਾਹੀਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਦੀ ਚੁਫੇਰਿਓਂ ਸ਼ਲਾਘਾ ਮਿਲ ਰਹੀ ਹੈ।ਸਹਾਇਕ ਡਾਇਰੈਕਟਰ ਪਬਲਿਕ ਰਿਲੇਸ਼ਨ, ਡਿਵੈਲਪਮੈਂਟ ਹਰਪ੍ਰੀਤ ਸ਼ਰਮਾ, ਪ੍ਰਿੰਸੀਪਲ ਬਘੇਲ ਸਿੰਘ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਸੰਸਥਾ, ਵਿਦਿਆਰਥੀਆਂ ਤੇ ਕੋਚ ਸੋਨੀ ਢਿੱਲੋਂ ਦੀ ਮੁਹਿੰਮ ਨੂੰ ਥੰਮਨਗੜ੍ਹ ਨੇ ਆਪਣੇ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਤਹਿਤ ਉਕਤ ਨਾਟਕਾਂ ਦਾ ਮੰਚਨ ਕਰਵਾਇਆ, ਜਿਸ ਦੀ ਪਿੰਡ ਵਾਸੀਆਂ ਨੇ ਭਰਪੂਰ ਸ਼ਲਾਘਾ ਕੀਤੀ।

## ਲੋਕ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ 'ਆਪ' ਸਰਕਾਰ ਵਿਜੀਲੈਂਸ ਦੀ ਕਰ ਰਹੀ ਦੁਰਵਰਤੋਂ : ਅਕਾਲੀ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਜੋ ਬਦਲਾਖੋਰੀ ਦੀ ਨੀਤੀ ਨਾਲ ਵਿਜੀਲੈਂਸ ਦੀ ਰੇਡ ਕਰਵਾ ਕੇ ਕੋਰਟ ਵੱਲੋਂ ਰੋਕ ਦੇ ਬਾਵਜੂਦ ਗ੍ਰਿਫ਼ਤਾਰ ਕਰਵਾਇਆ ਹੈ, ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਿਆਸੀ ਰੰਜਿਸ਼ ਦਾ ਹਿੱਸਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਬਾਘਾ ਪੁਰਾਣਾ ਦੇ ਸੀਨੀਅਰ ਆਗੂਆਂ ਪਵਨ ਗੋਇਲ, ਤ੍ਰਿਲੋਚਨ ਸਿੰਘ ਕਾਲੇਕੇ, ਰਣਜੀਤ ਸਿੰਘ ਝੀਤੇ, ਜਗਸੀਰ ਸਿੰਘ ਸਿੱਧੂ ਸੀਰੂ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਲਕਾਉਣ ਦੇ ਨਾਲ ਨਾਲ ਲੋਕ ਮੁੱਦਿਆਂ ਤੋਂ ਪੰਜਾਬ ਵਾਸੀਆਂ ਦਾ ਧਿਆਨ ਭੜਕਾਉਣ ਲਈ ਵਿਜੀਲੈਂਸ ਦੀ ਦੁਰਵਰਤੋਂ ਕਰ ਰਹੀ ਹੈ।ਇਸ ਮੌਕੇ ਉਕਤ ਆਗੂਆਂ ਨੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਕੀਤੀ ਗਈ ਗ੍ਰਿਫ਼ਤਾਰੀ ਨੂੰ ਸਿਆਸੀ ਬਦਲਾਖੋਰੀ ਦੱਸਦਿਆਂ ਕਿਹਾ ਕਿ ਸੱਚ ਦੀ ਆਵਾਜ਼ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ ਤੇ ਜੋ ਸਚਾਈ ਹੈ, ਉਹ ਸਭ ਦੇ ਸਾਹਮਣੇ ਹੈ ਅਤੇ ਅੱਜ ਇਸ ਗੱਲ ਦੀ ਹਰ ਵਿਅਕਤੀ ਜੰਮ ਕੇ ਨਿੰਦਾ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਬਿਕਰਮ ਸਿੰਘ ਮਜੀਠੀਆ 'ਤੇ ਕਾਰਵਾਈ ਕਰਵਾਈ ਗਈ ਸੀ, ਉਹ ਅਸਲੀ ਸੱਚ ਵੀ ਸਭ ਦੇ ਸਾਹਮਣੇ ਆ ਗਿਆ ਸੀ ਅਤੇ ਹੁਣ ਵੀ ਆ ਜਾਵੇਗਾ।ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਬਿਨਾਂ ਕਿਸੇ ਅਹੁਦੇ ਤੋਂ ਪੰਜਾਬ ਵਾਸਤੇ ਜੋ ਬਿਆਨ ਦਿੰਦਾ ਹੈ, ਉਸ ਨੂੰ ਉਸ ਦਾ ਕੋਈ ਹੱਕ ਨਹੀਂ ਕਿਉਂਕਿ ਸੂਬੇ ਨੂੰ ਚਲਾਉਣ ਵਾਸਤੇ ਲੋਕਾਂ ਵੱਲੋਂ ਚੁਣੀ ਗਈ ਲੀਡਰਸ਼ਿਪ ਦੀ ਸਰਕਾਰ ਹੁੰਦੀ ਹੈ।ਪੰਜਾਬ ਦੇ ਲੋਕ ਗ਼ੈਰਤਮੰਦ ਹਨ ਤੇ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਉਸੇ ਤਰ੍ਹਾਂ ਸਬਕ ਸਿਖਾਉਣਗੇ, ਜਿਵੇਂ ਦਿੱਲੀ ਦੇ ਲੋਕਾਂ ਨੇ ਸਿਖਾਇਆ।ਉਨ੍ਹਾਂ ਕਿਹਾ ਕਿ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਤੇ ਪੂਰੇ ਪੰਜਾਬ ਦਾ ਅਵਾਮ ਬਿਕਰਮ ਸਿੰਘ ਮਜੀਠੀਆ ਦੇ ਨਾਲ ਖੜ੍ਹਾ ਹੈ ਕਿਉਂਕਿ ਉਹ ਸੱਚ 'ਤੇ ਪਹਿਰਾ ਦੇਣ ਵਾਲਾ ਪਾਰਟੀ ਦਾ ਜਰਨੈਲ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਲੋਕਾਂ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ।ਸਗੋਂ ਲੋਕਾਂ ਵਿੱਚ ਆਪਣਾ ਅਕਸ ਚੰਗਾ ਦਿਖਾਉਣ ਲਈ ਹੁਣ ਇੰਨੇ ਸਾਲਾਂ ਬਾਅਦ ਝੂਠਾ ਕੇਸ ਦਰਜ ਕਰ ਕੇ ਚੰਗਾ ਬਣਨਾ ਚਾਹੁੰਦੇ ਹਨ, ਜੋ ਕਿ ਬਹੁਤ ਗਲਤ ਹੈ, ਜੇ ਮਜੀਠੀਆ ਗੁਨਾਹਗਾਰ ਸੀ ਤਾਂ ਕੇਜਰੀਵਾਲ ਨੇ ਮੁਆਫੀ ਕਿਉਂ ਮੰਗੀ? ਪੰਜਾਬ ਸਰਕਾਰ ਅਜੇ ਤੱਕ ਪਿਛਲੇ ਦਰਜ ਕੀਤੇ ਪਰਚੇ ਦੀ ਚਾਰਜਸ਼ੀਟ ਅਦਾਲਤ ਵਿੱਚ ਪੇਸ਼ ਨਹੀਂ ਕਰ ਪਾਈ ਤਾਂ ਹੀ ਮਾਨਯੋਗ ਅਦਾਲਤ ਨੇ ਮਜੀਠੀਆ ਨੂੰ ਜਮਾਨਤ ਦਿੱਤੀ ਸੀ।ਉਨ੍ਹਾਂ ਸਰਕਾਰ ਦੀ ਇਸ ਬਦਲਾਖੋਰੀ ਦੀ ਕਾਰਵਾਈ ਨੂੰ ਗਲਤ ਕਰਾਰ ਦਿੱਤਾ।ਇਸ ਮੌਕੇ ਉਨ੍ਹਾਂ ਨਾਲ ਹੋਰ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

## ਜਥੇਦਾਰ ਮਾਹਲਾ ਨੂੰ ਕੋਰ ਕਮੇਟੀ 'ਚ ਲੈ ਕੇ ਬਖਸ਼ਿਆ ਮੋਗਾ ਜ਼ਿਲ੍ਹੇ ਨੂੰ ਵੱਡਾ ਮਾਣ : ਸੰਨੀ ਗਿੱਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨਵੇਂ ਜਥੇਬੰਧਕ ਢਾਂਚੇ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਮੋਗਾ ਜ਼ਿਲ੍ਹੇ ਨੂੰ ਵੱਡਾ ਮਾਣ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਤੇ ਹਲਕਾ ਇੰਚਾਰਜ ਬਾਘਾ ਪੁਰਾਣਾ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਕੋਰ ਕਮੇਟੀ ਵਿੱਚ ਸ਼ਾਮਲ ਕਰ ਲਿਆ ਗਿਆ ਹੈ, ਜਿਸ ਨਾਲ ਮੋਗਾ ਜ਼ਿਲ੍ਹੇ ਵਿੱਚ ਵੱਡੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਇਸ ਲਈ ਉਹ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਉਚੇਚਾ ਧੰਨਵਾਦ ਕਰਦੇ ਹਨ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਪਹਿਲਾਂ ਵੀ ਬਹੁਤ ਹੀ ਉੱਚ ਅਹੁਦਿਆਂ 'ਤੇ ਰਹੇ ਹਨ ਤੇ ਉਨ੍ਹਾਂ ਪਾਰਟੀ ਦੀ ਚੜ੍ਹਦੀ ਕਲ੍ਹਾ ਤੇ ਮਜ਼ਬੂਤੀ ਲਈ ਦਿਨ ਰਾਤ ਇੱਕ ਕੀਤਾ ਤੇ ਜਥੇਦਾਰ ਤੀਰਥ ਸਿੰਘ ਮਾਹਲਾ ਕਰੀਬ ਸਾਲ 1990 ਤੋਂ ਹੀ ਪਾਰਟੀ ਦੀ ਸੇਵਾ ਕਰਦੇ ਆ ਰਹੇ ਹਨ।ਸੰਨੀ ਗਿੱਲ ਨੇ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜੋ ਜਥੇਬੰਧਕ ਢਾਂਚੇ ਦਾ ਐਲਾਨ ਕੀਤਾ ਹੈ, ਉਹ ਪਾਰਟੀ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ, ਜਿਸ ਨਾਲ ਸੁਖਬੀਰ ਸਿੰਘ ਬਾਦਲ ਦੀ ਦੂਰਅੰਦੇਸ਼ੀ ਝਲਕ ਮਿਲਦੀ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਇੱਕਜੁੱਟ ਹੈ ਤੇ ਪਾਰਟੀ ਨੂੰ ਬਦਨਾਮ ਕਰਨ ਵਾਲਿਆਂ ਲਈ ਪਾਰਟੀ ਵਿੱਚ ਕੋਈ ਜਗ੍ਹਾ ਨਹੀਂ ਹੈ ਅਤੇ ਨਾਂ ਹੀ ਉਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋਣਗੇ।ਉਨ੍ਹਾਂ ਇਸ ਸਮੇਂ ਸਰਬਜੀਤ ਸਿੰਘ ਝਿੰਜਰ ਨੂੰ ਮੁੜ ਤੋਂ ਯੂਥ ਅਕਾਲੀ ਦਲ ਦੇ ਪ੍ਰਧਾਨ ਤੇ ਰਣਬੀਰ ਸਿੰਘ ਢਿੱਲੋਂ ਨੂੰ ਐੱਸ ਓ ਆਈ ਦੇ ਪ੍ਰਧਾਨ ਬਣਨ 'ਤੇ ਵੀ ਵਧਾਈ ਦਿੱਤੀ।

## ਘਰ 'ਚੋਂ ਨਗਦੀ ਤੇ ਸੋਨੇ ਦੇ ਗਹਿਣੇ ਚੋਰੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੇ ਪਿੰਡ ਮਾਛੀਵਾੜਾ ਵਿਖੇ ਇਕ ਔਰਤ ਦੇ ਘਰ ਵਿੱਚੋਂ 55 ਹਜ਼ਾਰ ਦੀ ਨਗਦੀ ਤੇ ਸੋਨੇ ਦੇ ਗਹਿਣੇ ਚੋਰੀ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਜੀਤ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਮਾਛੀਵਾੜਾ ਨੇ ਦੱਸਿਆ ਕਿ ਉਸ ਦੇ ਦੋ ਬੱਚੇ ਹਨ, ਜੋ ਵਿਦੇਸ਼ ਵਿੱਚ ਹਨ। ਉਸ ਦਾ ਪਤੀ ਜਤਿੰਦਰ ਸਿੰਘ ਆਟਾ ਚੱਕੀ ਦਾ ਕੰਮ ਕਰਦਾ ਹੈ। ਮਨਜੀਤ ਕੌਰ ਨੇ ਦੱਸਿਆ ਕਿ 17 ਜੂਨ 2025 ਨੂੰ ਸਵੇਰੇ ਜਦੋਂ ਉਹ ਉੱਠੀ ਤਾਂ ਵੇਖਿਆ ਕਿ ਸਾਡੇ ਕਮਰਿਆਂ ਦੇ ਬੂਹੇ ਖੁੱਲੇ ਹੋਏ ਸਨ। ਜਦ ਉਹ ਰਸੋਈ ਦੇ ਨਾਲ ਵਾਲੇ ਕਮਰੇ ਵਿਚ ਵੇਖਿਆ ਤਾਂ ਕਮਰੇ ਅੰਦਰ ਪਈ ਲੋਹੇ ਦੀ ਅਲਮਾਰੀ ਦਾ ਬੂਹਾ ਵੀ ਖੁੱਲ੍ਹਾ ਹੋਇਆ ਸੀ। ਉਸ ਵਿੱਚ ਰੱਖਿਆ ਹੋਇਆ ਸਾਮਾਨ ਇੱਧਰ ਉੱਧਰ ਖਿਲਰਿਆ ਹੋਇਆ ਸੀ ਤੇ ਅਲਮਾਰੀ ਦੇ ਲਾਕ ਟੁੱਟੇ ਹੋਏ ਸਨ। ਫਿਰ ਉਹ ਦੂਜੇ ਕਮਰੇ ਗਈ ਤਾਂ ਵੇਖਿਆ ਕਿ ਉਸ ਕਮਰੇ ਵਿਚ ਪਏ ਟਰੰਕ 'ਤੇ ਪੇਟੀ ਵੀ ਖੁੱਲ੍ਹੀ ਹੋਈ ਸੀ। ਇਸ ਸਬੰਧੀ ਉਸ ਨੇ ਆਪਣੇ ਪਤੀ ਜਤਿੰਦਰ ਸਿੰਘ ਨੂੰ ਦੱਸਿਆ ਤੇ ਅਸੀਂ ਸਾਰਿਆਂ ਨੇ ਆਪਣਾ ਸਾਮਾਨ ਚੈੱਕ ਕੀਤਾ ਤਾਂ ਅਲਮਾਰੀ ਦੇ ਸੇਵ ਲਾਕ ਵਿੱਚ ਉਸ ਵੱਲੋਂ ਰੱਖੇ ਵੱਡੇ ਪਰਸ ਵਿੱਚ ਰੱਖੇ ਕਰੀਬ 55 ਹਜ਼ਾਰ ਰੁਪਏ, ਇਕ ਛੋਟੇ ਪਰਸ ਵਿਚ ਕੰਨਾ ਦੇ ਟੋਪਸ, ਸੋਨਾ ਵਜ਼ਨੀ ਕਰੀਬ ਅੱਧਾ ਤੋਲਾ ਸਨ ਚੋਰੀ ਹੋਣਾ ਪਾਏ ਗਏ ਹਨ। ਮਨਜੀਤ ਕੌਰ ਨੇ ਦੱਸਿਆ ਕਿ ਉਕਤ ਕਰੰਸੀ ਉਸ ਦੇ ਪਤੀ ਜਤਿੰਦਰ ਸਿੰਘ ਵੱਲੋਂ ਆਟਾ ਤੇ ਚੌਲ ਦੀ ਪਸਾਈ ਦੇ ਸਨ। ਮਿਤੀ 16-17 ਜੂਨ ਦੀ ਦਰਮਿਆਨੀ ਰਾਤ 11.20 ਮਿੰਟ ਤੇ ਸੁੱਖਾ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਪਿੰਡ ਕਮੱਗਰ ਸਾਡੇ ਘਰ ਦੇ ਨਜ਼ਦੀਕ ਗਲੀ ਵਿੱਚ ਦਾਖਲ ਹੁੰਦਾ ਪਾਇਆ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋਸ਼ੀ ਸੁੱਖਾ ਸਿੰਘ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਬਾਲ ਭਿਖਸ਼ਾ ਰੋਕਣ ਲਈ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਚੈਕਿੰਗ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਡਾ. ਬਲਜੀਤ ਕੌਰ ਵੱਲੋਂ ਸ਼ੁਰੂ ਕੀਤੀ ਗਈ ਬਾਲ਼ ਭਿਖਸ਼ਾ ਮੁਹਿੰਮ ਤਹਿਤ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਸ੍ਰੀਮਤੀ ਸ਼ੀਨਾ ਅਗਰਵਾਲ ਦੇ ਦਿਸ਼ਾ-ਨਿਰਦੇਸ਼ ਤੇ ਕਾਰਜਕਾਰੀ ਡਿਪਟੀ ਕਮਿਸ਼ਨਰ ਮੈਡਮ ਕੰਚਨ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ 'ਤੇ ਬਾਲ਼ ਭਿਖਸ਼ਾ ਸਬੰਧੀ ਚੈਕਿੰਗ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰੀ ਪੰਕਜ ਕੁਮਾਰ ਨੇ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਮੁੱਖ ਥਾਵਾਂ, ਜਿਨ੍ਹਾਂ ਵਿੱਚ ਮੁੱਖ ਬੱਸ ਸਟੈਂਡ, ਨਜ਼ਦੀਕ ਪਾਵਰ ਪਾਊਸ ਰੋਡ ਦੀਆਂ ਲਾਈਟਾਂ, ਹਨੂਮਾਨ ਚੌਕ ਤੇ ਪੀਰਖਾਨਾ ਨੇੜੇ ਸਟੇਡੀਅਮ ਵਿਖੇ ਬਾਲ ਭਿਖਸ਼ਾ ਸਬੰਧੀ ਚੈਕਿੰਗ ਕੀਤੀ ਗਈ।ਇਸ ਚੈਕਿੰਗ ਦੌਰਾਨ ਕੁੱਲ 21 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ।ਇਸ ਮੌਕੇ ਆਮ ਲੋਕਾਂ ਨੂੰ ਵੀ ਜਾਗਰੂਕ ਕੀਤਾ ਗਿਆ ਕਿ ਬੱਚਿਆਂ ਨੂੰ ਭਿਖਸ਼ਾ ਦੇਣ ਦੀ ਬਜਾਏ ਕਿੱਤਾਮੁੱਖੀ ਕੋਰਸਾਂ ਦੀ ਪੜ੍ਹਾਈ ਵੱਲ ਪ੍ਰੇਰਿਤ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਰੈਸਕਿਊ ਕੀਤੇ ਗਏ ਸਾਰੇ ਬੱਚਿਆਂ ਨੂੰ ਚਾਈਲਡ ਵੈੱਲਫੇਅਰ ਕਮੇਟੀ ਬਠਿੰਡਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਕਮੇਟੀ ਵੱਲੋਂ 16 ਬੱਚਿਆਂ ਨੂੰ ਸੀ.ਸੀ.ਆਈ. ਵਿੱਚ ਸ਼ਿਫਟ ਕੀਤਾ ਗਿਆ ਤੇ 5 ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਨੂੰ ਚੇਤਾਵਨੀ ਦੇ ਕੇ ਸਪੁਰਦ ਕਰ ਦਿੱਤਾ ਗਿਆ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਾਲ ਭਿਖਸ਼ਾ ਨੂੰ ਰੋਕਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਦਿੱਤਾ ਜਾਵੇ ਤੇ ਬੱਚਿਆਂ ਨੂੰ ਭੀਖ ਦੇਣ ਦੀ ਬਜਾਏ ਉਨ੍ਹਾਂ ਨੂੰ ਚੰਗਾ ਭੱਵਿਖ ਬਣਾਉਣ ਲਈ ਸੇਧ ਦਿੱਤੀ ਜਾਵੇ।ਬਾਲ ਭਿਖਸ਼ਾ ਚੈਕਿੰਗ ਮੌਕੇ ਸਮਾਇਲ ਐੱਨ.ਜੀ.ਓ. ਦੇ ਅਧਿਕਾਰੀ ਸ੍ਰੀ ਨਵੀਨ ਗੋਇਲ, ਪੁਲਸ ਵਿਭਾਗ, ਸਿੱਖਿਆ ਵਿਭਾਗ ਤੇ ਹੈਲਥ ਵਿਭਾਗ ਤੋਂ ਡਾ. ਅੰਕੁਸ਼ ਮੌਕੇ 'ਤੇ ਮੌਜੂਦ ਰਹੇ।

## ...ਸ.ਫਾ 1 ਦੇ ਬਾਕੀ

### ਲੋਕਾਂ 'ਤੇ ਵਿੱਢੇ ਚੌਤਰਫ਼ੇ...

ਚਿੰਨ੍ਹਾਂ ਦਾ ਨਾਮੋ ਨਿਸ਼ਾਨ ਮਿਟਾ ਦੇਣ ਦੇ ਫੜੇ ਰਾਹ ਦੀ ਘੁਮੇਰ ਵਿੱਚ ਰਹਿਣ ਦੀ ਬਜਾਏ, ਭਾਜਪਾ ਹਕੂਮਤ ਨੂੰ ਵਿਸ਼ਵ ਅਤੇ ਸਾਡੇ ਮੁਲਕ ਦੇ ਇਤਿਹਾਸ ਦੇ ਹਰਫ਼ ਜ਼ਰੂਰ ਪੜ੍ਹ ਲੈਣੇ ਚਾਹੀਦੇ ਨੇ, ਜਿਹੜੇ ਹਵਾ ਵਿੱਚ ਲਿਖੇ ਹੋਏ ਨੇ ਕਿ, 'ਤੁਸੀਂ ਕਿਸੇ ਵਿਅਕਤੀ ਦਾ ਕਤਲ ਤਾਂ ਕਰ ਸਕਦੇ ਹੋ ਪਰ ਵਿਚਾਰਾਂ ਦਾ ਨਹੀਂ।'

ਬੁਲਾਰਿਆਂ ਨੇ ਕਿਹਾ ਕਿ ਸਲਵਾ ਜੁਡਮ ਦੀ ਤਰਜ਼ 'ਤੇ ਥਾਪੜਾ ਦੇ ਕੇ ਬਣਾਏ ਕਾਤਲੀ ਗਰੋਹਾਂ ਨੂੰ ਹਕੂਮਤੀ ਛਤਰੀ ਸਹਾਰੇ ਮਾਓਵਾਦੀਆਂ, ਆਦਿਵਾਸੀਆਂ ਨੂੰ ਘਰਾਂ 'ਚੋਂ ਚੁੱਕ ਕੇ, ਫ਼ਲਸਤੀਨ ਲੋਕਾਂ ਦੀ ਤਰ੍ਹਾਂ ਘੇਰਾਬੰਦੀ ਕਰਕੇ ਮੌਤ ਦੇ ਘਾਟ ਉਤਾਰਨਾ, ਪੁਲਸ ਮੁਕਾਬਲੇ ਦੀ ਕਹਾਣੀ ਘੜਨਾ ਕਿੰਨੀ ਕੁ ਦੇਰ ਚੱਲਦਾ ਰਹੇਗਾ ਕਿਉਂਕਿ ਧਰਤੀ ਦੀ ਅੱਖ ਸਭ ਕੁੱਝ ਦੇਖ ਰਹੀ ਹੈ। ਧਰਤੀ ਕਰਵਟ ਲਏਗੀ ਅਤੇ ਸਦੀਆਂ ਤੋਂ ਲਿਤਾੜੇ ਲੋਕਾਂ ਦੀ ਮੁਕਤੀ ਲਈ ਜੂਝਦੇ ਲੋਕਾਂ ਦੇ ਕਾਫ਼ਲੇ ਖਾਮੋਸ਼ ਨਹੀਂ ਰਹਿਣਗੇ, ਕਿਉਂਕਿ 'ਹਰ ਮਿੱਟੀ ਦੀ ਆਪਣੀ ਖਸਲਤ, ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ'।

ਬੁਲਾਰਿਆਂ ਕਿਹਾ ਕਿ ਪੰਜਾਬ ਦੀ ਧਰਤੀ ਦਾ ਹਰ ਵੰਨਗੀ ਦੀ ਦਹਿਸ਼ਤਗਰਦੀ, ਕਾਲ਼ੇ ਕਾਨੂੰਨਾਂ ਖ਼ਿਲਾਫ਼, ਦੇਸੀ ਅਤੇ ਵਿਦੇਸੀ ਦਾਬੇ ਖਿਲਾਫ਼ ਜੂਝਣ ਦਾ ਆਪਣਾ ਇਤਿਹਾਸ ਹੈ। ਹੁਣ ਜਿਵੇਂ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕਰਕੇ ਨਵੀਆਂ ਲੋਕ ਮਾਰੂ ਨੀਤੀਆਂ ਮੜ੍ਹਨ ਲਈ ਰਾਹ ਮੋਕਲਾ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ। ਇਹ ਭਰਮ ਪੰਜਾਬ ਦੀ ਗੌਰਵਸ਼ਾਲੀ ਧਰਤੀ ਭਵਿੱਖ ਵਿੱਚ ਚਕਨਾਚੂਰ ਕਰ ਦੇਵੇਗੀ। ਉਹਨਾਂ ਕਿਹਾ ਕਿ ਕਲਮ, ਕਲਾ, ਗਿਆਨ-ਵਿਗਿਆਨ, ਜਮਹੂਰੀ ਅਤੇ ਮਿਹਨਤਕਸ਼ ਲੋਕਾਂ ਦੇ ਵਿਸ਼ਾਲ ਹਿੱਸਿਆਂ ਦੀ ਗਲਵੱਕੜੀ ਸੱਚ ਦੇ ਫੁੱਲ ਖਿੜਨ ਲਾਏਗੀ। ਮੂੰਹ ਜ਼ੋਰ ਝੱਖੜ ਜਿਹੜੇ ਚੜ੍ਹਦੇ ਸੂਰਜ, ਦਲਿਤ ਭਾਈਚਾਰੇ, ਬੇਜ਼ਮੀਨੇ ਲੋਕਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਝੁਕਾਉਣ ਦੀ ਖੁਸ਼ਫਹਿਮੀ ਦਾ ਸ਼ਿਕਾਰ ਹਨ, ਗ਼ਦਰੀ ਸੂਰਬੀਰਾਂ ਦੀ ਧਰਤੀ ਇਸ ਖਿਲਾਫ਼ ਨਾਬਰੀ ਅਤੇ ਸੰਘਰਸ਼ ਦੀ ਲਹਿਰ ਬਣ ਕੇ ਠੁੱਕ ਨਾਲ ਖੜ੍ਹੀ ਹੋਏਗੀ।

ਇਸ ਇਕੱਤਰਤਾ 'ਚ ਪੇਸ਼ ਮਤੇ, ਖਚਾਖਚ ਭਰੇ ਪੰਡਾਲ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੇ। ਮਤਿਆਂ 'ਚ ਕਿਹਾ ਗਿਆ ਕਿ 1. 'ਵਿਕਾਸ' ਦੇ ਨਾਂਅ 'ਤੇ ਆਦਿਵਾਸੀ ਲੋਕਾਂ ਦੀ ਨਸਲਕੁਸ਼ੀ ਕਰਨਾ ਬੰਦ ਕੀਤਾ ਜਾਵੇ, 2. ਕਮਿਊਨਸਟ ਇਨਕਲਾਬੀ (ਮਾਓਵਾਦੀ) ਕਾਰਕੁੰਨਾਂ ਨੂੰ 'ਮੁਕਾਬਲਿਆਂ' 'ਚ ਮਾਰਨਾ ਬੰਦ ਕੀਤਾ ਜਾਵੇ, 3. ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਵਿਚ ਓਪਰੇਸ਼ਨ ਕਗਾਰ ਅਤੇ ਹੋਰ ਨਾਂਵਾਂ ਹੇਠ ਨਸਲਕੁਸ਼ੀ, ਤਬਾਹੀ ਅਤੇ ਉਜਾੜਾ ਬੰਦ ਕੀਤਾ ਜਾਵੇ, 4. ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਅਨਮੋਲ ਖਜ਼ਾਨੇ, ਦੇਸੀ ਅਤੇ ਬਦੇਸ਼ੀ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਲਈ ਬੋਲੇ ਧਾਵੇ ਬੰਦ ਕੀਤੇ ਜਾਣ, 5. ਆਦਿਵਾਸੀਆਂ ਦੇ ਬੁਨਿਆਦੀ ਰਾਜਨੀਤਕ ਮਸਲਿਆਂ ਨੂੰ ਦੋਵੱਲੀ ਗੱਲਬਾਤ ਦੇ ਅਮਲ ਰਾਹੀਂ ਹੱਲ ਕੀਤਾ ਜਾਵੇ, 6. ਦੇਸ-ਵਿਰੋਧੀ, ਲੋਕ-ਵਿਰੋਧੀ ਅਤੇ ਕੁਦਰਤ-ਵਿਰੋਧੀ ਕਾਰਪੋਰੇਟ ਮਾਡਲ ਮੜ੍ਹਨਾ ਬੰਦ ਕੀਤਾ ਜਾਵੇ, 7. ਸੰਘਰਸ਼ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ, 8. ਜੇਲ੍ਹਾਂ 'ਚ ਡੱਕੇ ਆਦਿਵਾਸੀਆਂ, ਬੁੱਧੀਜੀਵੀਆਂ ਅਤੇ ਸਾਰੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, 9. ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਤੋਂ ਜੇਲ੍ਹੀਂ ਡੱਕੇ ਉਮਰ ਖ਼ਾਲਿਦ ਸਮੇਤ ਸਭਨਾਂ ਸਮਾਜਿਕ ਜਮਹੂਰੀ ਕਾਰਕੁੰਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, 10. ਧਾਰਮਿਕ ਭਾਵਨਾਵਾਂ ਦੀ ਆੜ ਵਿੱਚ ਤਰਕਸ਼ੀਲ ਅਤੇ ਜਮਹੂਰੀ ਵਿਗਿਆਨਕ ਵਿਚਾਰਾਂ ਦੀ ਸੰਘੀ ਨੱਪਣ ਵਾਲੇ ਕਾਨੂੰਨ ਮੂਲੋਂ ਰੱਦ ਕੀਤੇ ਜਾਣ, 11. ਪੰਜਾਬ ਵਿਚ ਬੇਜ਼ਮੀਨੇ ਲੋਕਾਂ ਦੀ ਆਵਾਜ਼ ਬੰਦ ਕਰਨ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਹਕੂਮਤੀ ਹਮਲੇ ਬੰਦ ਕੀਤੇ ਜਾਣ, 12. ਲੋਕ ਸੰਘਰਸ਼ਾਂ ਉੱਪਰ ਪੁਲਸ ਜਬਰ ਢਾਹੁਣ ਲਈ ਪੰਜਾਬ ਨੂੰ ਪੁਲਸ ਰਾਜ ਬਣਾ ਧਰਨ ਦੇ ਕਦਮ ਰੋਕੇ ਜਾਣ, 13. ਪੰਜਾਬ ਵਿਚ ਵਿਸ਼ੇਸ਼ ਕਰਕੇ ਦਲਿਤਾਂ ਉੱਪਰ ਜਬਰ ਢਾਹੁਣ ਵਾਲਾ ਪੁਲਸ-ਗੁੰਡਾ-ਸਿਆਸੀ ਗੱਠਜੋੜ ਦੇ ਹਮਲੇ ਬੰਦ ਕੀਤੇ ਜਾਣ, 14. ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ, ਉਜਾੜਾ ਬੰਦ ਕੀਤਾ ਜਾਵੇ ਅਤੇ ਇਜ਼ਰਾਈਲ-ਅਮਰੀਕੀ ਦਾਬਾ, ਦਖ਼ਲਅੰਦਾਜ਼ੀ ਅਤੇ ਇਰਾਨ ਉਪਰ ਅਮਰੀਕੀ ਹਮਲੇ ਬੰਦ ਕੀਤੇ ਜਾਣ। 9 ਜੁਲਾਈ ਨੂੰ ਹੋ ਰਹੀ ਮੁਲਕ ਪੱਧਰੀ ਹੜਤਾਲ ਦੀ ਹਮਾਇਤ ਦਾ ਵੀ ਕਨਵੈਨਸ਼ਨ ਵੱਲੋਂ ਮਤਾ ਪਾਸ ਕੀਤਾ ਗਿਆ। ਅੱਜ ਦੀ ਕਨਵੈਨਸ਼ਨ ਦੀ ਸ਼ੁਰੂਆਤ ਜਸਬੀਰ ਜੱਸੀ, ਜਗਸੀਰ ਜੀਦਾ, ਸੁਨੀਲ ਕਾਨਪੁਰ, ਜਸਪ੍ਰੀਤ ਨੰਗਲ ਖਿਲਾੜੀਆਂ ਅਤੇ ਨਰਗਿਸ ਦੇ ਪ੍ਰਭਾਵਸ਼ਾਲੀ ਗੀਤਾਂ ਨਾਲ ਹੋਈ।

ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਸਿਜਦਾ ਕਰਦਿਆਂ ਵੱਡੀ ਗਿਣਤੀ ਵਿੱਚ ਜੁੜੇ ਲੋਕਾਂ ਨੂੰ ਜੀ ਆਇਆਂ ਕਿਹਾ। ਕਨਵੈਨਸ਼ਨ 'ਚ ਵੱਡੀ ਗਿਣਤੀ ਵਿੱਚ ਸਾਹਿਤ, ਕਲਾ, ਤਰਕਸ਼ੀਲ, ਜਮਹੂਰੀ ਅਤੇ ਮਿਹਨਤਕਸ਼ ਤਬਕਿਆਂ ਦੀਆਂ ਲੋਕ-ਪੱਖੀ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਪਿੰਡਾਂ, ਇਲਾਕਿਆਂ ਵਿੱਚ ਬਣੀਆਂ ਯਾਦਗਾਰ ਸੰਸਥਾਵਾਂ ਦੀ ਵਿਸ਼ੇਸ਼ ਆਮਦ 'ਤੇ ਸ਼ਲਾਘਾ ਕੀਤੀ।

ਸਮਾਗਮ ਦੇ ਅਖੀਰ 'ਚ ਪ੍ਰਧਾਨਗੀ ਮੰਡਲ ਦੀ ਤਰਫ਼ੋਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਮੂਹ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ 'ਧਰਨਾ ਮੁਕਤ ਸੂਬਾ' ਬਣਾਉਣ ਦਾ ਦਾਅਵਾ ਆਉਣ ਵਾਲਾ ਸਮਾਂ ਮੂਧੇ ਮੂੰਹ ਕਰਕੇ ਰੱਖ ਦੇਵੇਗਾ, ਕਿਉਂਕਿ ਲੋਕਾਂ ਨੇ ਆਪਣੇ ਹੱਕ ਲਈ ਮੈਦਾਨ ਵਿੱਚ ਆਉਣਾ ਹੀ ਆਉਣਾ ਹੈ। ਸਮਾਗਮ ਦਾ ਮੰਚ ਸੰਚਾਲਨ ਕਮੇਟੀ ਮੈਂਬਰ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

### ਫੌਜਾ ਸਿੰਘ ਸਰਾਰੀ ...

ਪਿਤਾ ਤਰਸੇਮ ਲਾਲ ਨੇ ਪੁਲਸ ਨੂੰ ਬਿਆਨ ਦਿੱਤਾ ਸੀ ਕਿ ਉਨ੍ਹਾਂ ਨੂੰ ਕਿਸੇ 'ਤੇ ਕੋਈ ਸ਼ੱਕ ਨਹੀਂ ਅਤੇ ਉਹ ਕੋਈ ਕਾਰਵਾਈ ਨਹੀਂ ਚਾਹੁੰਦੇ। ਜਿਸ ਤੋਂ ਬਾਅਦ ਪੁਲਸ ਨੇ 174 ਤਹਿਤ ਕਾਰਵਾਈ ਕਰਕੇ ਫਾਈਲ ਬੰਦ ਕਰ ਦਿੱਤੀ ਸੀ ਅਤੇ ਪਰਵਾਰ ਦੀ ਬੇਨਤੀ 'ਤੇ ਪੋਸਟਮਾਰਟਮ ਵੀ ਨਹੀਂ ਕਰਵਾਇਆ ਗਿਆ।

ਪਰ ਸਸਕਾਰ ਤੋਂ ਬਾਅਦ 5 ਜੂਨ ਨੂੰ ਤਰਸੇਮ ਲਾਲ ਨੇ ਇੱਕ ਦਰਖਾਸਤ ਦੇ ਕੇ ਵਿਧਾਇਕ ਫੌਜਾ ਸਿੰਘ ਸਰਾਰੀ ਅਤੇ ਉਨ੍ਹਾ ਦੇ ਪੀ ਏ ਬਚਿੱਤਰ ਸਿੰਘ ਲਾਡੀ ਨੂੰ ਜਸ਼ਨਪ੍ਰੀਤ ਦੀ ਮੌਤ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ। ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਦੀਪਕ ਸ਼ਰਮਾ ਨੇ ਵਿਧਾਇਕ ਖਿਲਾਫ ਕਾਰਵਾਈ ਲਈ ਮੋਰਚਾ ਖੋਲ੍ਹਿਆ ਅਤੇ ਕਈ ਜਥੇਬੰਦੀਆਂ ਨੇ ਪਰਵਾਰ ਦੇ ਹੱਕ ਵਿੱਚ ਖੜ੍ਹ ਕੇ ਐਕਸ਼ਨ ਕਮੇਟੀ ਦਾ ਗਠਨ ਕੀਤਾ। ਇਸ ਦਬਾਅ ਹੇਠ ਪੁਲਸ ਨੂੰ ਸਿੱਟ ਦਾ ਗਠਨ ਕਰਨਾ ਪਿਆ ਸੀ।

ਜਾਣਕਾਰੀ ਅਨੁਸਾਰ ਤਰਸੇਮ ਲਾਲ ਨੇ ਸਿੱਟ ਸਾਹਮਣੇ ਬਿਆਨ ਦਿੱਤਾ ਕਿ ਉਸ ਨੇ ਵਿਧਾਇਕ ਅਤੇ ਉਨ੍ਹਾ ਦੇ ਪੀ ਏ ਖਿਲਾਫ ਦਿੱਤੇ ਬਿਆਨ ਕੁਝ ਲੋਕਾਂ ਵੱਲੋਂ ਭੜਕਾਉਣ ਕਰਕੇ ਦਿੱਤੇ ਸੀ।

ਉਸ ਸਮੇਂ ਉਹ ਸਦਮੇ ਵਿੱਚ ਸੀ ਅਤੇ ਉਸ ਦੀ ਮਾਨਸਿਕ ਹਾਲਤ ਠੀਕ ਨਹੀਂ ਸੀ। ਇੱਥੋਂ ਤੱਕ ਕਿ ਜਸ਼ਨਪ੍ਰੀਤ ਨੂੰ ਸਰਪੰਚ ਬਣਾਉਣ ਲਈ ਵਿਧਾਇਕ ਅਤੇ ਉਨ੍ਹਾ ਦੇ ਪੀ ਏ ਵੱਲੋਂ ਕਥਿਤ ਤੌਰ 'ਤੇ ਲਏ ਗਏ ਦਸ ਲੱਖ ਰੁਪਏ ਦੇ ਦੋਸ਼ਾਂ ਤੋਂ ਵੀ ਤਰਸੇਮ ਲਾਲ ਸਿੱਟ ਸਾਹਮਣੇ ਮੁੱਕਰ ਗਿਆ ਅਤੇ ਇਨ੍ਹਾਂ ਦੋਵਾਂ ਨੂੰ ਬੇਕਸੂਰ ਦੱਸਿਆ।

ਸਿੱਟ ਨੇ ਤਰਸੇਮ ਲਾਲ ਦੀ ਪਤਨੀ ਸਮੇਤ ਸੱਤ ਹੋਰ ਲੋਕਾਂ ਦੇ ਬਿਆਨ ਵੀ ਦਰਜ ਕੀਤੇ।

ਇਸ ਮਾਮਲੇ ਸੰਬੰਧੀ ਹੁਣ ਜਿਨ੍ਹਾਂ ਪੰਜ ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿੱਚ ਸੋਨਾ ਸਿੰਘ, ਕੁਲਦੀਪ ਸਿੰਘ, ਹਰਦੀਪ ਸਿੰਘ ਅਤੇ ਸੁਖਵਿੰਦਰ ਸਿੰਘ (ਸਾਰੇ ਪਿੰਡ ਤਰਿੱਡਾ), ਐੱਸ ਕੇ ਸੀ ਕਲੋਨੀ ਗੁਰੂ ਹਰਸਹਾਏ ਵਾਸੀ ਕਰਨਬੀਰ ਸਿੰਘ ਢਿੱਲੋਂ ਸ਼ਾਮਲ ਹਨ।

ਤਰਸੇਮ ਲਾਲ ਦਾ ਕਹਿਣਾ ਹੈ ਕਿ ਇਹ ਲੋਕ ਜਸ਼ਨਪ੍ਰੀਤ ਨੂੰ ਸਰਪੰਚੀ ਤੋਂ ਲਾਹ ਕੇ ਖੁਦ ਸਰਪੰਚੀ ਲੈਣ ਦੀਆਂ ਸਕੀਮਾਂ ਘੜ ਰਹੇ ਸਨ, ਜਿਸ ਤੋਂ ਪ੍ਰੇਸ਼ਾਨ ਹੋ ਕੇ ਜਸ਼ਨਪ੍ਰੀਤ ਨੇ ਆਤਮਹੱਤਿਆ ਕਰ ਲਈ। ਹਾਲੇ ਤੱਕ ਇਨ੍ਹਾਂ ਵਿੱਚੋਂ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ।

### ਸ਼ੇਫਾਲੀ ਜਰੀਵਾਲਾ...

ਸਲਮਾਨ ਖਾਨ ਦੇ 'ਬਿੱਗ ਬੌਸ 13' ਵਰਗੇ ਸ਼ੋਅ ਵਿੱਚ ਭਾਗ ਲੈ ਕੇ ਪ੍ਰਸਿੱਧੀ ਹਾਸਲ ਕੀਤੀ ਸੀ।

ਜਰੀਵਾਲਾ 2002 ਵਿੱਚ 'ਕਾਂਟਾ ਲਗਾ' ਨਾਲ ਪ੍ਰਸਿੱਧ ਹੋਈ ਸੀ, ਜੋ ਕਿ 1972 ਦੀ ਫਿਲਮ 'ਸਮਾਧੀ' ਤੋਂ ਲਤਾ ਮੰਗੇਸ਼ਕਰ ਦੇ ਗੀਤ ਦਾ ਰੀਮਿਕਸ ਸੀ।

### ਕੈਨੇਡਾ ਨਾਲ ਹੁਣ ...

ਕਿਹਾ, "ਕੈਨੇਡਾ ਵਪਾਰ ਕਰਨ ਲਈ ਬਹੁਤ ਮੁਸ਼ਕਲ ਦੇਸ਼ ਹੈ। ਸਾਲਾਂ ਤੋਂ ਇਹ ਸਾਡੇ ਕਿਸਾਨਾਂ, ਡੇਅਰੀ ਉਤਪਾਦਾਂ 'ਤੇ 400 ਫੀਸਦੀ ਤੱਕ ਦੇ ਟੈਕਸ ਲਗਾ ਰਿਹਾ ਹੈ। ਹੁਣ ਕੈਨੇਡਾ ਆਪਣੇ ਡਿਜੀਟਲ ਸਰਵਿਸਿਜ਼ ਟੈਕਸ ਨੂੰ ਅੱਗੇ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ। ਇਹ ਟੈਕਸ ਅਮਰੀਕਾ ਦੀਆਂ ਵੱਡੀਆਂ ਇੰਟਰਨੈੱਟ ਕੰਪਨੀਆਂ ਤੋਂ ਉਨ੍ਹਾਂ ਦੀ ਕੈਨੇਡਾ ਵਿੱਚ ਹੋ ਰਹੀ ਕਮਾਈ 'ਤੇ ਲਾਗੂ ਕੀਤਾ ਜਾਵੇਗਾ।" ਉਨ੍ਹਾ ਦੋਸ਼ ਲਾਇਆ ਕਿ ਕੈਨੇਡਾ ਯੂਰਪੀਅਨ ਯੂਨੀਅਨ (ਈ ਯੂ) ਦੀ ਨਕਲ ਕਰ ਰਿਹਾ ਹੈ।

ਅਮਰੀਕਾ ਇਸ ਗੱਲ ਤੋਂ ਤਲਖ਼ੀ ਵਿਚ ਹੈ ਕਿ ਕੈਨੇਡਾ ਉਨ੍ਹਾਂ ਦੀਆਂ ਵੱਡੀਆਂ ਟੈੱਕ ਕੰਪਨੀਆਂ (ਗੂਗਲ, ਐਮਾਜ਼ੋਨ ਆਦਿ) ਉੱਤੇ ਟੈਕਸ ਲਗਾਉਣਾ ਚਾਹੁੰਦਾ ਹੈ, ਜਿਸ ਤੋਂ ਭਾਵ ਹੈ ਕਿ ਤਕਨੀਕੀ ਕੰਪਨੀਆਂ ਨੂੰ 30 ਜੂਨ ਤੋਂ ਟੈਕਸ ਦਾ ਭੁਗਤਾਨ ਕਰਨਾ ਸ਼ੁਰੂ ਕਰਨਾ ਪਵੇਗਾ ਅਤੇ ਇਹ 2022 'ਤੋਂ ਲਾਗੂ ਹੋਵੇਗਾ। ਇਸ ਨਾਲ ਅਮਰੀਕੀ ਕੰਪਨੀਆਂ ਕੋਲੋਂ ਮਹੀਨੇ ਦੇ ਅੰਤ ਤੱਕ 2 ਅਰਬ ਅਮਰੀਕੀ ਡਾਲਰ ਚਾਰਜ ਕੀਤੇ ਜਾ ਸਕਦੇ ਹਨ। ਹਾਲਾਂਕਿ ਟਰੰਪ ਦੇ ਬਿਆਨ ਤੋਂ ਬਾਅਦ ਕੈਨੇਡਾ ਦੀ ਪ੍ਰਤੀਕਿਰਿਆ ਨਹੀਂ ਮਿਲੀ।

## ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਲੋਕ ਬਾਗੋਬਾਗ : ਕਾਕਾ ਬਰਾੜ

### ਸੰਗਰਾਣਾ ਦੇ ਅਕਾਲੀ ਤੇ ਕਾਂਗਰਸੀ ਪਰਵਾਰ 'ਆਪ' 'ਚ ਸ਼ਾਮਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਹਲਕੇ ਦੇ ਪਿੰਡ ਸੰਗਰਾਣਾ ਦੇ ਕਈ ਪਰਿਵਾਰ ਅਕਾਲੀ ਦਲ ਤੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ, ਜਿਨ੍ਹਾਂ ਦਾ ਸਵਾਗਤ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੀਤਾ ਗਿਆ।ਇਸ ਮੌਕੇ ਮਾਰਕਿਟ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁਰਜੀਤ ਸਿੰਘ, ਨਿਸ਼ਚੈ ਫਾਊਂਡੇਸ਼ਨ ਦੇ ਸੈਕਟਰੀ ਗੁਰਮੀਤ ਸਿੰਘ ਆਦਿ ਹਾਜ਼ਰ ਸਨ।

ਇਸ ਮੌਕੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਪੱਖੀ ਕੰਮਾਂ ਨੂੰ ਬਹੁਤ ਵੱਡਾ ਹੁੰਗਾਰਾਂ ਮਿਲ ਰਿਹਾ ਹੈ, ਜਿਸ ਕਾਰਨ ਸੂਬੇ ਦੇ ਲੋਕ ਬੇਹੱਦ ਖੁਸ਼ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ੇ ਨੂੰ ਜੜ੍ਹ ਤੋਂ ਖਤਮ ਕਰਨ ਲਈ ਬਹੁਤ ਵੱਡੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਜਿਸ ਨੂੰ ਲੋਕਾਂ ਵੱਲੋਂ ਕਾਫੀ ਸਲਾਹਿਆ ਜਾ ਰਿਹਾ ਹੈ।ਦਿਨੋਂ ਦਿਨ ਸੂਬੇ ਵਿੱਚ ਹੋ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਸੰਗਰਾਣਾ ਦੇ ਅਕਾਲੀ ਦਲ ਤੇ ਕਾਂਗਰਸ ਦੇ ਲੋਕ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਪਿੰਡ ਸੰਗਰਾਣੇ ਦੇ ਸਕੂਲ ਦੇ ਵਿਕਾਸ ਪਹਿਲ ਦੇ ਅਧਾਰ 'ਤੇ ਕੀਤੇ ਗਏ, ਜਦਕਿ ਹੋਰ ਕੰਮਾਂ ਨੂੰ ਵੀ ਸਿਰੇ ਚੜ੍ਹਾਇਆ ਗਿਆ, ਜੋ ਰਹਿੰਦੇ ਕੰਮ ਨੇ ਉਹ ਵੀ ਜਲਦ ਪੂਰੇ ਕੀਤੇ ਜਾਣਗੇ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪੂਰਨ ਸਿੰਘ, ਅਮਰਜੋਤ ਸਿੰਘ, ਬਲਦੇਵ ਸਿੰਘ, ਅਮਰੀਕ ਸਿੰਘ, ਮਨਪ੍ਰੀਤ ਸਿੰਘ, ਨਾਨਕ ਸਿੰਘ, ਸੁਖਦੇਵ ਸਿੰਘ, ਸੁਖਚੈਨ ਸਿੰਘ, ਬੂਟਾ ਸਿੰਘ ਔਲਖ, ਗੁਰਵੰਸ ਸਿੰਘ ਔਲਖ, ਹਰਜਿੰਦਰ ਸਿੰਘ ਚੋਟੀਆਂ ਅਤੇ ਸਤਨਾਮ ਸਿੰਘ ਨੇ ਹਲਕਾ ਵਿਧਾਇਕ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦੁਆਇਆ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣਗੇ ਤੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਉਣਗੇ।

### ਆਈਫੋਨ ਖਾਤਰ...

ਕਾਰਨ ਉਨ੍ਹਾਂ ਸ਼ਾਦਾਬ ਦਾ ਫੋਨ ਹਾਸਲ ਕਰਨ ਲਈ ਉਸ ਦਾ ਕਤਲ ਕਰਨ ਦੀ ਰਣਨੀਤੀ ਬਣਾਈ। ਘਟਨਾ ਵਾਲੀ ਰਾਤ ਉਹ ਰੀਲ੍ਹਾਂ ਬਣਾਉਣ ਦੇ ਬਹਾਨੇ ਸ਼ਾਦਾਬ ਨੂੰ ਪਿੰਡ ਦੇ ਬਾਹਰਵਾਰ ਲੈ ਗਏ। ਉੱਥੇ ਦੋਹਾਂ ਨੇ ਉਸ ਨੂੰ ਮਾਰ ਦਿੱਤਾ।

ਪੁਲਸ ਨੇ ਨਾਬਾਲਗਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਸਮੇਤ ਚਾਰ ਵਿਅਕਤੀਆਂ 'ਤੇ ਕੇਸ ਦਰਜ ਕੀਤਾ ਹੈ। ਲਾਸ਼ ਮਿਲਣ ਤੋਂ ਬਾਅਦ ਨਾਬਾਲਗ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਆਪਣੇ ਘਰਾਂ ਤੋਂ ਭੱਜ ਗਏ ਸਨ, ਪਰ ਵੀਰਵਾਰ ਨੂੰ ਦੋਵਾਂ ਨਾਬਾਲਗਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਮੁਲਜ਼ਮ ਦੇ ਇੱਕ ਰਿਸ਼ਤੇਦਾਰ, ਜਿਸ ਨੇ ਕਥਿਤ ਤੌਰ 'ਤੇ ਹਥਿਆਰ ਲੁਕਾਉਣ ਵਿੱਚ ਮਦਦ ਕੀਤੀ ਸੀ, ਨੂੰ ਸ਼ੁੱਕਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਚੌਥੇ ਦੀ ਭਾਲ ਜਾਰੀ ਹੈ।

### ਧਾਲੀਵਾਲ ਵੱਲੋਂ 9 ਦੀ...

ਭਰਪੂਰ ਸਿੰਘ ਬੂਲਾਪੁਰ ਜ਼ਿਲ੍ਹਾ ਸਕੱਤਰ ਸੀ ਪੀ ਆਈ ਮਾਲੇਰਕੋਟਲਾ ਨੇ ਕਿਹਾ ਕਿ ਪਾਰਟੀ ਵੱਲੋਂ ਪਿਛਲੇ ਸਮੇਂ ਜੋ ਸੰਘਰਸ਼ ਹੋਏ ਹਨ, ਉਨ੍ਹਾਂ ਵਿੱਚ ਜ਼ਿਲ੍ਹਾ ਮਾਲੇਰਕੋਟਲਾ ਨੇ ਪੂਰੀ ਸ਼ਮੂਲੀਅਤ ਕੀਤੀ ਹੈ। 9 ਜੁਲਾਈ ਨੂੰ ਪਾਰਟੀ ਅਤੇ ਜਨਤਕ ਜਥੇਬੰਦੀਆਂ ਵੱਲੋਂ ਮੁਕੰਮਲ ਦੇਸ਼ ਵਿਆਪੀ ਹੜਤਾਲ ਕੀਤੀ ਜਾਵੇਗੀ। 3-4 ਜੁਲਾਈ ਨੂੰ ਸਾਰੀਆਂ ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਸਾਂਝੀ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਸੀ ਪੀ ਆਈ ਸੰਗਰੂਰ ਨੇ ਕਿਹਾ ਕਿ ਮਾਲੇਰਕੋਟਲਾ ਪਹਿਲਾਂ ਜ਼ਿਲ੍ਹਾ ਸੰਗਰੂਰ ਦਾ ਹਿੱਸਾ ਸੀ, ਹੁਣ ਮਾਲੇਰਕੋਟਲਾ ਵੱਖਰਾ ਜ਼ਿਲ੍ਹਾ ਬਣ ਗਿਆ ਹੈ। ਤੁਸੀਂ ਆਪਣੇ ਜ਼ਿਲ੍ਹੇ ਨੂੰ ਅਗਾਂਹਵਧੂ ਅਤੇ ਤਕੜਾ ਕਰਨ ਲਈ ਸਰਗਰਮ ਭੂਮਿਕਾ ਅਦਾ ਕਰੋਂਗੇ। ਸਾਥੀ ਮਹੰਮਦ ਖਲੀਲ ਏਟਕ ਆਗੂ, ਸਾਥੀ ਰਣਜੀਤ ਸਿੰਘ ਰਾਣਵਾਂ, ਰਾਜਵੰਤ ਸਿੰਘ, ਗੁਰਜੰਟ ਸਿੰਘ, ਨਰਿੰਦਰ ਕੁਮਾਰ, ਪਿਆਰਾ ਲਾਲ, ਦਨੇਸ਼ ਭਾਰਤਵਾਜ, ਸੁਰਿੰਦਰ ਭੈਣੀ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਮੀਟਿੰਗ ਨੂੰ ਸੂਬੇ ਵੱਲੋਂ ਕੌਮ ਸਕੱਤਰੇਤ ਮੈਂਬਰ ਸੀ ਪੀ ਆਈ ਕਾ. ਨਿਰਮਲ ਸਿੰਘ ਧਾਲੀਵਾਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਾਲੇਰਕੋਟਲਾ ਦੀ ਕਾ.ਅਲਤਾਫ ਉਰ ਰਹਿਮਾਨ, ਮਦਨ ਲਾਲ ਬਾਗੀ, ਕਾ.ਕ੍ਰਿਸ਼ਨ ਕੁਮਾਰ ਸ਼ਾਸਤਰੀ, ਆਦਿ ਆਗੂਆਂ ਨੇ ਸੰਘਰਸ਼ੀ ਅਗਵਾਈ ਕੀਤੀ ਹੈ। ਅੱਜ ਜ਼ਿਲ੍ਹਾ ਬਣਨ 'ਤੇ ਮੈਂ ਪਹਿਲੀ ਮੀਟਿੰਗ ਨੂੰ ਸੰਬੋਧਨ ਕਰਨ ਆਇਆਂ ਹਾਂ। ਅੱਜ ਸਾਡੇ ਦੇਸ਼ ਵਿੱਚ ਫਿਰਕਾਪ੍ਰਸਤੀ, ਕਾਰਪੋਰੇਟ ਘਰਾਣਿਆਂ ਪੱਖੀ ਅਤੇ ਲੋਕ ਵਿਰੋਧੀ ਮੋਦੀ ਸਰਕਾਰ ਰਾਜ ਕਰ ਰਹੀ ਹੈ, ਜਿਸ ਵਿਰੁੱਧ ਦੇਸ਼ ਭਰ ਦੇ ਮਜ਼ਦੂਰ, ਕਿਸਾਨ, ਮੁਲਾਜ਼ਮ ਅਤੇ ਸਮੁੱਚੀ ਮਿਹਨਤਕਸ਼ ਜਨਤਾ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰ ਰਹੀ ਹੈ, 29 ਕਿਰਤ ਕਾਨੂੰਨਾਂ ਨੂੰ ਤੋੜ ਕੇ ਚਾਰ ਲੇਬਰ ਕੋਡਾਂ ਵਿੱਚ ਬਦਲ ਕੇ, 8 ਘੰਟੇ ਦਿਹਾੜੀ ਨੂੰ ਬਦਲ ਕੇ 12 ਘੰਟੇ ਲਾਗੂ ਕਰ ਰਹੀ ਹੈ, ਓਲਡ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਜਾ ਰਹੀ, ਠੇਕਾ ਪ੍ਰਣਾਲੀ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ ਹੈ, ਪੈਨਸ਼ਨਰਾਂ ਨੂੰ ਡੀ ਏ ਨਾ ਦੇਣ ਸਬੰਧੀ ਕਾਨੂੰਨ ਪਾਸ ਕਰ ਦਿੱਤਾ ਹੈ, ਪੰਜਾਬ ਸਰਕਾਰ ਨੇ ਵੀ ਜ਼ਿਮਨੀ ਚੋਣਾਂ ਸਮੇਂ ਸ਼ਾਪ ਐਕਟ ਖਤਮ ਕਰਕੇ ਮੋਦੀ ਸਰਕਾਰ ਦੀ ਤਰਜ਼ 'ਤੇ ਮਜ਼ਦੂਰਾਂ ਦੀ ਲੁੱਟ ਕਰਨ ਦਾ ਰਾਹ 12 ਘੰਟੇ ਦਿਹਾੜੀ ਲਾਗੂ ਕਰਕੇ ਖੋਲ੍ਹ ਦਿੱਤਾ ਹੈ, ਲੱਖਾਂ ਰੈਗੂਲਰ ਅਸਾਮੀਆਂ ਖਤਮ ਕਰ ਦਿੱਤੀਆਂ ਹਨ। ਇਸ ਕਰਕੇ ਕਾਮਰੇਡ ਧਾਲੀਵਾਲ ਨੇ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ। ਇਸੇ ਤਰ੍ਹਾਂ 21 ਸਤੰਬਰ ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਸੀ ਪੀ ਆਈ ਦੇ ਮਹਾਂ ਸੰਮੇਲਨ ਨੂੰ ਕਾਮਯਾਬ ਕਰਨ ਅਤੇ ਪੂਰਨ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੀ ਪੀ ਆਈ ਜ਼ਿਲ੍ਹਾ ਮਾਲੇਰਕੋਟਲਾ ਵੱਲੋਂ ਕਾਮਰੇਡ ਧਾਲੀਵਾਲ ਨੂੰ ਸੰਮੇਲਨ ਲਈ 40 ਹਜ਼ਾਰ ਰੁਪਏ ਦੀ ਸਹਾਇਤਾ ਵੀ ਕੀਤੀ ਗਈ।

### ਵਿਜੇ ਸਿੰਗਲਾ ਤੇ ...

ਵਿਕਾਸ ਕੰਮਾਂ ਲਈ ਇੱਕ ਪ੍ਰਤੀਸ਼ਤ ਦੀ ਕਮਿਸ਼ਨ ਮੰਗੀ ਗਈ ਸੀ। ਸ਼ਿਕਾਇਤਕਰਤਾ ਨੇ ਉਸ ਸਮੇਂ ਆਡੀਓ ਰਿਕਾਰਡਿੰਗ ਹੋਣ ਦਾ ਦਾਅਵਾ ਵੀ ਕੀਤਾ ਸੀ।

ਇਸ ਸ਼ਿਕਾਇਤ ਦੇ ਆਧਾਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ 'ਤੇ ਸਿੰਗਲਾ ਤੇ ਉਨ੍ਹਾਂ ਦੇ ਪ੍ਰਦੀਪ ਕੁਮਾਰ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਮਗਰੋਂ ਦੋਵਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵੀ ਭੇਜਿਆ ਗਿਆ। ਸਿੰਗਲਾ ਨੂੰ ਉਦੋਂ ਸਿਹਤ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਅਤੇ ਪੰਜਾਬ ਸਰਕਾਰ ਵੱਲੋਂ ਇਸ ਕੇਸ ਨੂੰ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟੋਲਰੈਂਸ ਦੀ ਨੀਤੀ ਤਹਿਤ ਬਹੁਤ ਪ੍ਰਚਾਰਿਆ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਇਸ ਮਾਮਲੇ ਸੰਬੰਧੀ ਸਰਕਾਰ ਉੱਤੇ ਤਨਜ਼ ਕੱਸੇ ਜਾਂਦੇ ਰਹੇ ਸਨ। ਕਲੋਜ਼ਰ ਰਿਪੋਰਟ ਵਿੱਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਸ਼ਿਕਾਇਤਕਰਤਾ ਰਜਿੰਦਰ ਸਿੰਘ ਨੂੰ ਕਲੋਜ਼ਰ ਰਿਪੋਰਟ ਪੇਸ਼ ਕਰਨ 'ਤੇ ਕੋਈ ਉਜ਼ਰ ਨਹੀਂ ਹੈ। ਜੇ ਅਦਾਲਤ 14 ਜੁਲਾਈ ਨੂੰ ਪੁਲਸ ਵੱਲੋਂ ਪੇਸ਼ ਕੀਤੀ ਗਈ ਕਲੋਜ਼ਰ ਰਿਪੋਰਟ ਨੂੰ ਪ੍ਰਵਾਨ ਕਰ ਲੈਂਦੀ ਹੈ ਤਾਂ ਸਿੰਗਲਾ ਦਾ ਇਸ ਮਾਮਲੇ ਵਿੱਚੋਂ ਛੁਟਕਾਰਾ ਹੋ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in


# ਪੱਛੜਿਆ ਅਜਨਾਲਾ ਸ਼ਹਿਰ ਹੁਣ ਵਿਕਾਸ ਦੀ ਮੁੱਖ ਧਾਰਾ ਨਾਲ ਜੁੜ ਗਿਆ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਅਜਨਾਲਾ ਸ਼ਹਿਰ ਦੇ ਬਹੁਪੱਖੀ ਵਿਕਾਸ ਲਈ ਸੱਕੀ ਨਾਲੇ ਨੇੜੇ 6.25 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ 4 ਲੱਖ ਲੀਟਰ ਗੰਦੇ ਪਾਣੀ ਨੂੰ ਸਾਫ ਕਰਨ ਦੀ ਸਮਰੱਥਾ ਵਾਲੇ ਸੀਵਰੇਜ ਪਲਾਂਟ ਨਾਲ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ 'ਚ ਗੰਦੇ ਪਾਣੀ ਦੇ ਨਿਕਾਸ ਦੀਆਂ ਸੀਵਰ ਪਾਈਪਾਂ ਵਿਛਾਉਣ ਅਤੇ ਨਗਰ ਪੰਚਾਇਤ ਦਫਤਰ ਤੋਂ ਅੰਮ੍ਰਿਤਸਰ-ਅਜਨਾਲਾ ਮੁੱਖ ਸੜਕ ਮੰਦਰ ਸਾਈਂ ਧਾਮ ਤੱਕ ਬਾਈਪਾਸ ਸੜਕ ਨੂੰ ਨਵਿਆਉਣ ਲਈ ਇਨ੍ਹਾਂ ਦੋਹਾਂ ਵਿਕਾਸ ਕਾਰਜਾਂ ਦੇ 1.30 ਕਰੋੜ ਰੁਪਏ ਦੀ ਲਾਗਤ ਵਾਲੇ ਨੀਂਹ ਪੱਥਰ ਰੱਖਦਿਆਂ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਅਜਨਾਲਾ ਸ਼ਹਿਰ ਦੇ ਯੋਜਨਾਬੱਧ ਸੁੰਦਰੀਕਰਨ ਲਈ ਮਨਜ਼ੂਰ ਕਰਵਾਈ ਗਈ 9 ਕਰੋੜ ਰੁਪਏ ਦੀ ਰਾਸ਼ੀ ਨਾਲ ਅਜਨਾਲਾ ਸ਼ਹਿਰ ਦੀ ਤੇਜ਼ ਦੌੜਦੀ ਵਿਕਾਸ ਧਾਰਾ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਨੀਮ ਸ਼ਹਿਰਾਂ 'ਚੋਂ ਆਪਣੀ ਜ਼ਬਰਦਸਤ ਸਾਖ ਬਣਾਈ ਹੈ ਅਤੇ ਮਨਜ਼ੂਰ ਹੋਈ 9 ਕਰੋੜ ਰੁਪਏ ਦੀ ਰਾਸ਼ੀ ਨਾਲ ਅਜਨਾਲਾ ਸ਼ਹਿਰ ਦੇ ਵਿਕਾਸ ਕਾਰਜ ਲਗਭਗ ਮੁਕੰਮਲ ਹੋ ਜਾਣਗੇ ਅਤੇ ਅਜਨਾਲਾ ਹੁਣ ਵਿਕਾਸ ਦੀ ਮੁੱਖ ਧਾਰਾ ਨਾਲ ਜੁੜ ਗਿਆ ਹੈ। ਕੈਬਨਿਟ ਮੰਤਰੀ ਸ: ਧਾਲੀਵਾਲ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਜਾਣਕਾਰੀ ਦਿੱਤੀ ਕਿ ਮਨਜ਼ੂਰ ਕਰਵਾਈ 9 ਕਰੋੜ ਰੁਪਏ ਦੀ ਰਾਸ਼ੀ 'ਚੋਂ 3 ਕਰੋੜ ਰੁਪਏ ਦੀ ਪਹਿਲੀ ਜਾਰੀ ਹੋਈ ਕਿਸ਼ਤ 'ਚੋਂ ਅੱਜ 1.30 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਤੋਂ ਇਲਾਵਾ ਅਜਨਾਲਾ ਸ਼ਹਿਰ ਦੇ ਸ਼ਮਸ਼ਾਨਘਾਟਾਂ ਨੂੰ ਵੀ ਸੁੰਦਰੀਕਰਨ ਦੀ ਕਤਾਰ 'ਚ ਖੜਾ ਕਰਨ ਤੋਂ ਇਲਾਵਾ ਕਾਨਵੈਂਟ ਸਕੂਲ ਤੋਂ ਗੁਰਦੁਆਰਾ ਕਲਗੀਧਰ ਸਾਹਿਬ ਤੱਕ ਲਿੰਕ ਰੋਡ ਦੇ ਨਿਰਮਾਣ ਸਮੇਤ ਹੋਰ ਵਾਰਡਾਂ ਦੀਆਂ ਗਲੀਆਂ ਦੇ ਵਿਕਾਸ ਕਾਰਜ ਮੁਕੰਮਲ ਕੀਤੇ ਜਾਣਗੇ।ਘਰਾਂ ਨੂੰ 100 ਫ਼ੀਸਦ ਸ਼ੁੱਧ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਇਕ ਹੋਰ 6.53 ਕਰੋੜ ਰੁਪਏ ਦੀ ਲਾਗਤ ਨਾਲ ਸ਼ੁੱਧ ਪੀਣ ਵਾਲੇ ਪਾਣੀ ਦਾ ਨਵਾਂ ਪ੍ਰੋਜੈਕਟ ਨਵ ਨਿਰਮਾਣ ਅਧੀਨ ਹੈ।75 ਲੱਖ ਰੁਪਏ ਦੀ ਲਾਗਤ ਨਾਲ ਸੀਸੀਟੀਵੀ ਕੈਮਰੇ ਲਗਾਉਣ ਲਈ ਬਕਾਇਦਾ ਟੈਂਡਰ ਜਾਰੀ ਹੋ ਚੁੱਕੇ ਹਨ।70 ਲੱਖ ਰੁਪਏ ਦੀ ਲਾਗਤ ਨਾਲ ਸਟਰੀਟ ਲਾਈਟਾਂ ਲਗਾਉਣ ਦਾ ਕੰਮ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਓਐੱਸਡੀ ਗੁਰਜੰਟ ਸਿੰਘ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ , ਸਾਬਕਾ ਕੌਂਸਲਰ ਇੰਦਰਪਾਲ ਸਿੰਘ ਸ਼ਾਹ, ਬੱਬੂ ਮਹਾਜਨ, ਕਾਬਲ ਸਿੰਘ ਸ਼ਾਹਪੁਰ, ਗੀਤਾ ਗਿੱਲ ਜ਼ਿਲ੍ਹਾ ਸੈਕਟਰੀ, ਰਮੇਸ਼ ਮਹਾਜਨ, ਵਪਾਰ ਮੰਡਲ ਹਰਪ੍ਰੀਤ ਸੋਹਲ, ਯੁੱਧ ਵੀਰ ਸਿੰਘ, ਬਲਜਿੰਦਰ ਸਿੰਘ ਮਾਹਲ, ਸ਼ਿਵ ਚਾਹਲ, ਅਮਿਤ ਪੁਰੀ, ਸੁਖਦਿਆਲ ਸਿੰਘ, ਅਜੇ ਸ਼ਰਮਾ, ਰਿੰਕੂ ਸ਼ਾਹ, ਕੌਂਸਲਰ ਗੁਰਦੇਵ ਗੁਲਾਬ, ਕੌਂਸਲਰ ਅਵਿਨਾਸ਼ ਮਸੀਹ, ਸ਼ਮਸ਼ੇਰ ਸਿੰਘ, ਰਸ਼ਪਾਲ ਸਿੰਘ, ਸੁਨੀਲ ਗਿੱਲ, ਅਜਮੇਰ ਸਿੰਘ, ਬੀਰ ਸਿੰਘ, ਦਿਲਬਾਗ ਘੁਲ਼ੀ, ਕਾਰਜ ਸਿੰਘ, ਪੰਕਜ ਹਾਂਡਾ ਆਦਿ ਮੌਜੂਦ ਸਨ।



# ਸ਼ਾਹਪੁਰ ਕੰਢੀ ਬੈਰਾਜ ਡੈਮ ਸੰਘਰਸ਼ ਕਮੇਟੀ ਦੇ ਵਫ਼ਦ ਨੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਮੰਗ ਪੱਤਰ ਸੌਂਪਿਆ

**ਪਠਾਨਕੋਟ (ਦਵਿੰਦਰ ਸਿੰਘ)**- ਸ਼ਾਹਪੁਰ ਕੰਢੀ ਬੈਰਾਜ ਡੈਮ ਤੋਂ ਉਜਾੜੇ ਹੋਏ ਪਰਿਵਾਰਾਂ ਦੇ ਵਫ਼ਦ ਨੇ ਕਾਮਰੇਡ ਜਸਵੰਤ ਸਿੰਘ ਸੰਧੂ ਦੀ ਅਗਵਾਈ ਹੇਠ ਆਪ ਦੇ ਸੂਬਾਈ ਉਪ ਪ੍ਰਧਾਨ ਸਵਰਨ ਸਲਾਰੀਆ ਦੀ ਨਿਗਰਾਨੀ ਹੇਠ ਜ਼ਿਲ੍ਹਾ ਮੈਜਿਸਟ੍ਰੇਟ ਪਠਾਨਕੋਟ ਆਦਿੱਤਿਆ ਉਪਲ ਆਈਏਐੱਸ ਨਾਲ ਆਪਣੀਆਂ ਮੰਗਾਂ ਅਤੇ ਸਮੱਸਿਆਵਾਂ ਬਾਰੇ ਮੁਲਾਕਾਤ ਕੀਤੀ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਇੱਕ ਮੰਗ ਪੱਤਰ ਦਿੱਤਾ।ਸੰਘਰਸ਼ ਕਮੇਟੀ ਦੇ ਵਫ਼ਦ ਜਿਸ ਵਿੱਚ ਥੀਨ ਡੈਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਕਾਮਰੇਡ ਜਸਵੰਤ ਸਿੰਘ ਸੰਧੂ, ਸੰਘਰਸ਼ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸੁਰਜੀਤ ਸਿੰਘ, ਰੋਹਿਤ ਕੁਮਾਰ, ਰਵਿੰਦਰ ਕੁਮਾਰ ਬਾਬਾ, ਵਿਨੋਦ ਸ਼ਰਮਾ, ਹਰਨਾਮ ਸਿੰਘ, ਕਾਂਗੋ ਅਤੇ ਹੋਰ ਸ਼ਾਮਲ ਸਨ, ਨੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਦੱਸਿਆ ਕਿ ਬੈਰਾਜ ਡੈਮ ਪ੍ਰਸ਼ਾਸਨ ਨੇ ਉਨ੍ਹਾਂ ਲੋਕਾਂ ਦੀਆਂ ਜ਼ਮੀਨਾਂ, ਘਰ ਅਤੇ ਹੋਰ ਇਮਾਰਤਾਂ ਐਕੁਆਇਰ ਕਰ ਲਈਆਂ ਹਨ ਅਤੇ ਉਥੇ ਇੱਕ ਵੱਡੀ ਝੀਲ ਬਣਾ ਦਿੱਤੀ ਹੈ, ਜਿਸ ਕਾਰਨ ਉਨ੍ਹਾਂ ਦੇ ਸਾਰੇ ਘਰ ਅਤੇ ਜ਼ਮੀਨ ਝੀਲ ਵਿੱਚ ਡੁੱਬ ਗਈ ਹੈ, ਪਰ ਬੈਰਾਜ ਡੈਮ ਪ੍ਰਸ਼ਾਸਨ ਨੇ ਆਰ ਐਂਡ ਆਰ ਨੀਤੀ ਅਨੁਸਾਰ ਉਨ੍ਹਾਂ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਰੁਜ਼ਗਾਰ ਅਤੇ ਪੁਨਰਵਾਸ ਮੁਆਵਜ਼ਾ ਅਤੇ ਹੋਰ ਢੁੱਕਵਾਂ ਮੁਆਵਜ਼ਾ ਨਹੀਂ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਦੇ ਪ੍ਰਭਾਵਿਤ ਪਰਿਵਾਰ ਪਿਛਲੇ ਤਿੰਨ ਮਹੀਨਿਆਂ ਤੋਂ ਡੈਮ ਪ੍ਰਸ਼ਾਸਨ ਦੇ ਮੁੱਖ ਇੰਜੀਨੀਅਰ ਦਫ਼ਤਰ ਦੇ ਬਾਹਰ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨਾਲ ਰੋਸ ਪ੍ਰਦਰਸ਼ਨ ਅਤੇ ਧਰਨਾ ਦੇ ਰਹੇ ਹਨ।ਕਮੇਟੀ ਨੇ ਦੱਸਿਆ ਕਿ ਹਾਲ ਹੀ ਵਿੱਚ ਆਪ ਦੇ ਸੂਬਾਈ ਉਪ ਪ੍ਰਧਾਨ ਸਵਰਨ ਸਲਾਰੀਆ ਨੇ ਪ੍ਰਭਾਵਿਤ ਪਰਿਵਾਰਾਂ ਸਮੇਤ ਜ਼ਿਲ੍ਹਾ ਮੈਜਿਸਟ੍ਰੇਟ ਨਾਲ ਇੱਕ ਮੀਟਿੰਗ ਦਾ ਪ੍ਰਬੰਧ ਕੀਤਾ ਸੀ, ਜਿਸ ਵਿੱਚ ਆਦੇਸ਼ ਦਿੱਤੇ ਗਏ ਸਨ ਕਿ ਪ੍ਰਭਾਵਿਤ ਪਰਿਵਾਰ ਆਪਣੇ ਸਬੰਧਤ ਦਸਤਾਵੇਜ਼ ਉਨ੍ਹਾਂ ਦੇ ਦਫ਼ਤਰ ਵਿੱਚ ਜਮ੍ਹਾਂ ਕਰਾਉਣ, ਜਿਸ ਤੇ ਸਾਰੀਆਂ ਫਾਈਲਾਂ ਉਨ੍ਹਾਂ ਦੇ ਦਫ਼ਤਰ ਵਿੱਚ ਜਮ੍ਹਾ ਕਰਵਾ ਦਿੱਤੀਆਂ ਗਈਆਂ ਹਨ।ਜ਼ਿਲ੍ਹਾ ਮੈਜਿਸਟ੍ਰੇਟ ਉੱਪਲ ਨੇ ਸੰਘਰਸ਼ ਕਮੇਟੀ ਦੀ ਗੱਲ ਸੁਣਨ ਤੋਂ ਬਾਅਦ ਤੁਰੰਤ ਜ਼ਮੀਨ ਪ੍ਰਾਪਤੀ ਅਧਿਕਾਰੀ ਨੂੰ ਜਮ੍ਹਾ ਕਰਵਾਈਆਂ ਗਈਆਂ ਫਾਈਲਾਂ ਦੀ ਜਾਂਚ ਕਰਨ ਲਈ ਇੱਕ ਪੱਤਰ ਤੇ ਦਸਤਖਤ ਕੀਤੇ ਅਤੇ ਜਾਂਚ ਦੇ ਆਦੇਸ਼ ਜਾਰੀ ਕੀਤੇ ਅਤੇ ਭਰੋਸਾ ਦਿੱਤਾ ਕਿ ਪ੍ਰਭਾਵਿਤ ਪਰਿਵਾਰਾਂ ਦੇ ਰੁਜ਼ਗਾਰ ਅਤੇ ਹੋਰ ਮੁਆਵਜ਼ੇ ਲਈ ਜਲਦੀ ਹੀ ਸਾਕਾਰਾਤਮਕ ਕਾਰਵਾਈ ਕੀਤੀ ਜਾਵੇਗੀ।



# ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਵਿਧਾਨ ਸਭਾ ਹਲਕਾ ਤਰਨਤਾਰਨ ਦੇ ਆਪ ਦੇ ਆਗੂਆਂ ਤੇ ਵਰਕਰਾਂ ਨੂੰ ਉਸ ਵੇਲੇ ਵੱਡਾ ਸਦਮਾ ਪੁੱਜਾ ਜਦ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਅਚਾਨਕ ਦਿਹਾਂਤ ਹੋ ਗਿਆ। ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਚੇਅਰਮੈਨ ਗੁਰਦੇਵ ਸਿੰਘ ਸੰਧੂ, ਮਹਿਲਾ ਜ਼ਿਲ੍ਹਾ ਪ੍ਰਧਾਨ ਮੈਡਮ ਅੰਜੂ ਵਰਮਾ, ਜ਼ਿਲ੍ਹਾ ਟ੍ਰਾਂਸਪੋਰਟ ਪ੍ਰਧਾਨ ਰਣਜੀਤ ਸਿੰਘ ਰਾਣਾ, ਜ਼ਿਲਾ ਵਪਾਰ ਵਿੰਗ ਪ੍ਰਧਾਨ ਸੋਨੀਆ ਬਾਬਾ , ਮੀਡੀਆ ਇੰਚਾਰਜ ਮਾਨਕ ਸਿੰਘ ਹੈਪੀ, ਯੂਥ ਆਗੂ ਸੰਨੀ ਛੀਨਾ, ਰਣਧੀਰ ਸਿੰਘ, ਪ੍ਰਮਜੀਤ ਸਿੰਘ ਲਾਡੀ, ਰਤਨ ਸਿੰਘ ਸੋਹਲ, ਚਾਚਾ ਮੋਹਨ ਸਿੰਘ, ਸਰਪੰਚ ਤੇਜਿੰਦਰ ਸਿੰਘ ਵਿੱਕੀ ਕੋਟ, ਸਰਪੰਚ ਜਤਿੰਦਰ ਸਿੰਘ, ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ, ਸਰਪੰਚ ਸਲਵਿੰਦਰ ਸਿੰਘ ਪੱਧਰੀ, ਸਰਪੰਚ ਆਲਮਬੀਰ ਸਿੰਘ, ਸਰਪੰਚ ਕਿਰਨ ਕਿਰਪਾਲ ਸਿੰਘ, ਸਰਪੰਚ ਬਚਿੱਤਰ ਸਿੰਘ ਪੰਡੋਰੀ ਰੁਮਾਣਾ ਸਮੇਤ ਸਮੂਹ ਹਲਕੇ ਦੇ ਸਰਪੰਚਾਂ, ਪੰਚਾਂ, ਆਗੂਆਂ ਤੇ ਵਰਕਰਾਂ ਨੇ ਡਾ. ਕਸ਼ਮੀਰ ਸਿੰਘ ਸੋਹਲ ਦੇ ਪਰਿਵਾਰ ਅਤੇ ਪੀਏ ਐਡਵੋਕੇਟ ਕੋਮਲਪ੍ਰੀਤ ਸਿੰਘ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਨਾਇਬ ਤਹਿਸੀਲਦਾਰ ਤਰਸਿੱਕਾ ਨੇ ਤਹਿਸੀਲ ਕੰਪਲੈਕਸ 'ਚ ਬੂਟੇ ਲਗਾਏ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਜਿਸ ਤਰ੍ਹਾਂ ਸਮੁੱਚੇ ਸੰਸਾਰ ਵਿੱਚ ਤਾਪਮਾਨ ਵਧ ਰਿਹਾ ਹੈ ਉਸ ਨਾਲ ਸਾਡੀ ਧਰਤੀ ਤੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਹੁਣ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਵਾਤਾਵਰਣ ਨੂੰ ਬਚਾਉਣ ਦੇ ਲਈ ਵੱਧ ਤੋਂ ਵੱਧ ਦਰੱਖਤ ਲਗਾਈਏ। ਇਹ ਸ਼ਬਦ ਨਾਇਬ ਤਹਿਸੀਲਦਾਰ ਰਣਜੀਤ ਸਿੰਘ ਸਬ ਤਹਿਸੀਲ ਤਰਸਿੱਕਾ ਨੇ ਸਬ ਤਹਿਸੀਲ ਤਰਸਿੱਕਾ ਦੇ ਕੰਪਲੈਕਸ ਵਿੱਚ ਬੂਟੇ ਲਗਾਉਂਦਿਆਂ ਕਹੇ। ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਐੱਸ. ਸੀ. ਵਿੰਗ ਦੇ ਪ੍ਰਧਾਨ ਰਵਿੰਦਰ ਸਿੰਘ ਕਲੇਰ ਵੀ ਹਾਜ਼ਰ ਸਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਹਰੇਕ ਨਰਸਰੀ ਵਿੱਚੋਂ ਦਰੱਖਤ ਲਗਾਉਣ ਲਈ ਸਰਕਾਰ ਵੱਲੋਂ ਫਰੀ ਦਿੱਤੇ ਜਾ ਰਹੇ ਹਨ। ਇਸ ਲਈ ਜ਼ਿਆਦਾ ਤੋਂ ਜ਼ਿਆਦਾ ਦਰੱਖਤ ਨਰਸਰੀ 'ਚੋਂ ਲੈ ਕੇ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਪਾਲਣਾ ਵੀ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਵਾਤਾਵਰਾਂ ਨੂੰ ਸ਼ੁੱਧ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਦਰੱਖਤ ਵੱਧ ਤੋਂ ਵੱਧ ਲਗਾ ਕੇ ਧਰਤੀ ਮਾਂ ਦਾ ਕਰਜ਼ ਉਤਾਰਨਾ ਚਾਹੀਦਾ ਹੈ। ਇਸ ਮੌਕੇ ਸਕੱਤਰ ਸਿੰਘ, ਸ਼ਿੰਦਾ ਡਰਾਈਵਰ, ਮਾਸਟਰ ਬਲਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।



# ਡੀਸੀ ਨੇ ਰਾਵੀ ਨਾਲ ਲੱਗਦੇ ਇਲਾਕਿਆਂ 'ਚ ਹੜ੍ਹ ਰੋਕੂ ਪ੍ਰਬੰਧਾਂ ਦਾ ਲਿਆ ਜਾਇਜ਼ਾ

**● ਅਧਿਕਾਰੀਆਂ ਨੂੰ ਸਾਰੇ ਲੋੜੀਂਦੇ ਪ੍ਰਬੰਧ ਜਲਦ ਮੁਕੰਮਲ ਕਰਨ ਦੇ ਦਿੱਤੇ ਨਿਰਦੇਸ਼**

**ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ/ਦਿਨੇਸ਼ ਕੁਮਾਰ)**- ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਵੱਲੋਂ ਬਰਸਾਤੀ ਸੀਜ਼ਨ ਦੌਰਾਨ ਹੜ੍ਹ ਦੀ ਰੋਕਥਾਮ ਲਈ ਕੀਤੇ ਗਏ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਦੇ ਨਾਲ ਰਾਵੀ ਦਰਿਆ ਦੇ ਨਾਲ ਲੱਗਦੇ ਇਲਾਕੇ ਮਕੌੜਾ ਪੱਤਣ, ਆਦੀਆਂ ਅਤੇ ਡੇਰਾ ਬਾਬਾ ਨਾਨਕ ਦੇ ਘਣੀਏ-ਕੇ-ਬੇਟ ਤੇ ਘੋਨੇਵਾਲ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਆਈਏਐੱਸ ਐਕਸੀਅਨ ਡਰੇਨਜ਼ ਦਿਲਪ੍ਰੀਤ ਸਿੰਘ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ ਬਾਜਵਾ, ਸਕੱਤਰ ਜ਼ਿਲ੍ਹਾ ਪ੍ਰੀਸ਼ਦ ਜ਼ੀਨਤ ਖੈਹਿਰਾ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।ਹੜ੍ਹ ਰੋਕੂ ਪ੍ਰਬਧਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਰਿਆ ਰਾਵੀ ਦੇ ਕਿਨਾਰਿਆਂ 'ਤੇ ਚੱਲ ਰਹੇ ਹੜ੍ਹ ਰੋਕੂ ਪ੍ਰਬੰਧਾਂ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ।ਦਰਿਆ ਰਾਵੀ ਵਿੱਚ ਉੱਜ ਦਰਿਆ ਕਾਰਨ ਆਉਂਦੇ ਹੜ੍ਹਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉੱਜ ਦਰਿਆ ਦੇ ਪਾਣੀ ਦੇ ਪੱਧਰ ਉਪਰ ਪੂਰੀ ਤਰਾਂ ਨਜ਼ਰ ਰੱਖੀ ਜਾਵੇ ਅਤੇ ਜਦੋਂ ਵੀ ਦਰਿਆ ਰਾਹੀਂ ਜਾਂ ਰਣਜੀਤ ਸਾਗਰ ਡੈਮ ਤੋਂ ਰਾਵੀ ਦਰਿਆ ਵਿੱਚ ਪਾਣੀ ਛੱਡਿਆ ਜਾਂਦਾ ਹੈ ਤਾਂ ਇਸਦੀ ਅਗਾਊਂ ਸੂਚਨਾ ਲੋਕਾਂ ਤੱਕ ਪਹੁੰਚਾਈ ਜਾਵੇ।ਮਕੌੜਾ ਪੱਤਣ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਸਥਾਨਿਕ ਲੋਕਾਂ ਅਤੇ ਬੀਐੱਸਐੱਫ ਦੇ ਅਧਿਕਾਰੀਆਂ ਨਾਲ ਵੀ ਗੱਲ ਕੀਤੀ ਅਤੇ ਬੀਤੇ ਸਮੇਂ ਵਿੱਚ ਆਏ ਹੜ੍ਹਾਂ ਬਾਰੇ ਜਾਣਕਾਰੀ ਹਾਸਲ ਕੀਤੀ।ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਡੇਰਾ ਬਾਬਾ ਨਾਨਕ ਦੇ ਨਜ਼ਦੀਕ ਘਣੀਏ-ਕੇ-ਬੇਟ ਤੇ ਘੋਨੇਵਾਲ ਇਲਾਕੇ ਦਾ ਦੌਰਾ ਕਰਕੇ ਉਥੇ ਕੀਤੇ ਜਾ ਰਹੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਇਸ ਦੌਰਾਨ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਸਾਤੀ ਸੀਜ਼ਨ ਦੌਰਾਨ ਹੜ੍ਹਾਂ ਦੇ ਕਿਸੇ ਵੀ ਸੰਭਾਵੀ ਖ਼ਤਰੇ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਾਜ਼ੁਕ ਥਾਵਾਂ ਉਪਰ ਅਗੇਤੇ ਹੀ ਹੜ੍ਹ ਰੋਕੂ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸਾਰਾ ਖਾਕਾ ਤਿਆਰ ਕਰ ਲਿਆ ਗਿਆ ਹੈ।ਉਨ੍ਹਾਂ ਦਰਿਆਵਾਂ ਦੇ ਨੇੜੇ ਰਹਿੰਦੇ ਲੋਕਾਂ ਨੂੰ ਚੌਕਸ ਰਹਿਣ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਹੈ।



# ਚੇਅਰਮੈਨ ਬਹਿਲ ਵੱਲੋਂ ਇੱਕ ਸਾਲਾ ਡਿਪਲੋਮਾ ਇਨ ਖੇਤੀ ਪਸਾਰ ਸੇਵਾਵਾਂ ਪ੍ਰੋਗਰਾਮ ਦਾ ਉਦਘਾਟਨ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਐਗਰੀਕਲਚਰ ਟੈਕਨੋਲੋਜੀ ਪ੍ਰਬੰਧਨ ਸੰਸਥਾ, ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਗੁਰਦਾਸਪੁਰ ਵਿਖੇ ਖੇਤੀ ਸਮਗਰੀ ਵੇਚਣ ਦਾ ਰੁਜ਼ਗਾਰ ਸ਼ੁਰੂ ਕਰਨ ਲਈ ਲੋੜੀਂਦੇ ਲਾਇਸੰਸ ਲੈਣ ਦੇ ਇਛੁੱਕ ਨੌਜਵਾਨਾਂ ਲਈ ਇੱਕ ਸਾਲਾ ਖੇਤੀਬਾੜੀ ਵਿਸਥਾਰ ਸੇਵਾਵਾਂ ਵਿੱਚ ਡਿਪਲੋਮਾ ਇਨ ਐ ਗ ਰੀ ਕ ਲ ਚ ਰ ਲ ਐਕਸਟੈਂਸ਼ਨ ਸਰਵਿਸਿਜ਼ ਫਾਰ ਇਨਪੁਟ ਡੀਲਰਜ਼ ਦਾ ਕੋਰਸ ਸ਼ੁਰੂ ਕੀਤਾ ਗਿਆ ਹੈ।ਚੇਅਰਮੈਨ ਬਹਿਲ ਵੱਲੋਂ ਇਸ ਕੋਰਸ ਦੇ ਪਹਿਲੇ ਬੈਚ ਦਾ ਮੁੱਖ ਖ਼ੇਤੀਬਾੜੀ ਦਫਤਰ ਗੁਰਦਾਸਪੁਰ ਵਿਖੇ ਉਦਘਾਟਨ ਕੀਤਾ ਗਿਆ।ਇਸ ਮੌਕੇ ਡਾ. ਕੇ. ਬੀ. ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਸਿਖਲਾਈ ਪ੍ਰੋਗਰਾਮ ਦੇ ਪਹਿਲੇ ਬੈਚ ਦਾ ਉਦਘਾਟਨ ਕਰਨ ਉਪਰੰਤ ਸਿਖਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਖੇਤੀਬਾੜੀ ਨੂੰ ਮਜ਼ਬੂਤ ਕਰਨ ਲਈ ਵੱਡੇ ਯਤਨ ਕਰ ਰਹੀ ਹੈ ਅਤੇ ਇਸੇ ਲੜੀ ਤਹਿਤ ਆਤਮਾ ਗੁਰਦਾਸਪੁਰ ਵਿਖੇ ਖੇਤੀ ਸਮਗਰੀ ਦੀ ਵਿਕਰੀ ਕਰਨ ਦੇ ਰੁਜ਼ਗਾਰ ਨੂੰ ਸ਼ੁਰੂ ਕਰਨ ਦੇ ਚਾਹਵਾਨ ਬੇਰੁਜ਼ਗਾਰ ਨੌਜਵਾਨਾਂ ਲਈ ਖੇਤੀਬਾੜੀ ਵਿਸਥਾਰ ਸੇਵਾਵਾਂ ਵਿੱਚ ਇੱਕ ਸਾਲ ਦਾ ਡਿਪਲੋਮਾ (ਡੀਏਈਐੱਸਆਈ) ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜੋ ਨੌਜਵਾਨਾਂ ਲਈ ਭਵਿੱਖ ਵਿਚ ਵਰਦਾਨ ਸਾਬਿਤ ਹੋਵੇਗਾ।ਡਾ. ਪ੍ਰਭਜੋਤ ਸਿੰਘ ਡਿਪਟੀ ਪ੍ਰੋਜੈਕਟ ਡਾਇਰੈਕਟਰ ਆਤਮਾ ਨੇ ਕਿਹਾ ਕਿ ਇਹ ਪ੍ਰੋਗਰਾਮ ਸਰਕਾਰ ਵੱਲੋਂ ਜ਼ਿਲ੍ਹਾ ਪੱਧਰ ਤੇ ਆਤਮਾ ਰਾਹੀਂ ਲਾਗੂ ਕੀਤਾ ਜਾ ਰਿਹਾ ਹੈ ਅਤੇ ਤਕਨੀਕੀ ਜਾਣਕਾਰੀ 48 ਦਿਨਾਂ ਲਈ ਜ਼ਿਲ੍ਹਾ ਪੱਧਰ ਤੇ ਖੇਤੀਬਾੜੀ ਮਾਹਿਰਾਂ ਅਤੇ ਪ੍ਰੈਕਟੀਸ਼ਨਰਾਂ ਦੁਆਰਾ ਸੰਪਰਕ ਕਲਾਸਾਂ ਰਾਹੀਂ ਪ੍ਰਦਾਨ ਕੀਤਾ ਜਾਵੇਗਾ।ਇਸ ਮੌਕੇ ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫਸਰ, ਡਾ. ਸੰਦੀਪ ਪ੍ਰੋਜੈਕਟ ਡਾਇਰੈਕਟਰ ਆਤਮਾ ਅਤੇ ਸਿਖਿਆਰਥੀ ਹਾਜ਼ਰ ਸਨ।




# ਹਿੰਦੂ ਕੰਨਿਆ ਮਹਾਵਿਦਿਆਲਾ ਕਾਲਜ ਦੀ ਪ੍ਰਬੰਧਕ ਕਮੇਟੀ ਤੇ ਸਟਾਫ ਵੱਲੋਂ ਸਿੱਖਿਆ ਨਾਲ ਸੰਬੰਧਿਤ ਸੈਮੀਨਾਰ 'ਚ ਸ਼ਿਰਕਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਥਾਨਕ ਹਿੰਦੂ ਕੰਨਿਆ ਮਹਾਵਿਦਿਆਲਿਆ ਕਾਲਜ ਧਾਰੀਵਾਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਆਨੰਦ, ਸਕੱਤਰ ਰਮੇਸ਼ ਕੋਹਲੀ, ਮੈਂਬਰ ਸੋਨੂੰ ਚੋਪੜਾ ਅਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਦੀ ਰਹਿਨੁਮਾਈ ਹੇਠ ਹਿੰਦੂ ਕੰਨਿਆ ਮਹਾਵਿਦਿਆਲਿਆ ਕਾਲਜ ਦੀ ਪ੍ਰਬੰਧਕ ਕਮੇਟੀ ਅਤੇ ਸਟਾਫ ਨੇ ਵਿੱਦਿਆ ਭਾਰਤੀ ਸੰਸਥਾ ਦੁਆਰਾ ਚੱਲ ਰਹੇ ਸਕੂਲ ਮਾਧਵ ਵਿੱਦਿਆ ਨਿਕੇਤਨ ਅੰਮ੍ਰਿਤਸਰ ਵਿੱਚ ਚੱਲ ਰਹੇ ਨਵੀਂ ਸਿੱਖਿਆ ਨੀਤੀ ਨਾਲ ਸੰਬੰਧਿਤ ਸੈਮੀਨਾਰ ਵਿੱਚ ਸ਼ਿਰਕਤ ਕੀਤੀ।ਸਕੂਲ ਕੈਂਪਸ ਵਿੱਚ ਪਹੁੰਚਣ ਤੇ ਉਨ੍ਹਾਂ ਵੱਲੋਂ ਸਮੁੱਚੀ ਟੀਮ ਦਾ ਭਰਵਾਂ ਸਵਾਗਤ ਕੀਤਾ ਗਿਆ।ਸੈਮੀਨਾਰ ਦੌਰਾਨ ਵੱਖ-ਵੱਖ ਵਿਸ਼ਾ ਮਾਹਿਰਾਂ ਵੱਲੋਂ ਨਵੀਂ ਸਿੱਖਿਆ ਨੀਤੀ ਤੋਂ ਜਾਣੂ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਜਿਵੇਂ ਇਕ ਅਧਿਆਪਕ ਵਿੱਚ ਕਿਹੜੇ ਕਿਹੜੇ ਵਿਸ਼ੇਸ਼ ਗੁਣ ਹੋਣੇ ਚਾਹੀਦੇ ਹਨ, ਬੱਚਿਆਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਕਿਸ ਤਰ੍ਹਾਂ ਪੜ੍ਹਾਇਆ ਜਾਵੇ, ਇਕ ਅਧਿਆਪਕ ਨੂੰ ਆਪਣੇ ਵਿਸ਼ੇ ਤੋਂ ਇਲਾਵਾ ਹੋਰਨਾਂ ਵਿਸ਼ਿਆਂ ਬਾਰੇ ਵੀ ਗਿਆਨ ਹੋਵੇ, ਅਧਿਆਪਕ ਦੁਆਰਾ ਕਿਵੇਂ ਕਲਾਸ ਵਿੱਚ ਜਾਣ ਤੋਂ ਪਹਿਲਾਂ ਲੈਸਨ ਪਲੈਨ ਤਿਆਰ ਕਰਨਾ, ਸਮੂਹਕ ਸਦਭਾਵਨਾ ਤੇ ਆਪਸੀ ਪਿਆਰ ਨੂੰ ਪ੍ਰਫੁੱਲਤ ਕਰਨਾ ਆਦਿ ਵਿਸ਼ਿਆਂ ਨੂੰ ਛੂਹਿਆ ਗਿਆ।ਸਕੂਲ ਦੇ ਪ੍ਰਿੰਸੀਪਲ ਅਤੇ ਸੰਸਥਾ ਦੇ ਮੈਂਬਰਾਂ ਦੁਆਰਾ ਆਪਣੀ ਸੰਸਥਾ ਸਬੰਧੀ ਜਾਣਕਾਰੀ ਦਿੱਤੀ ਗਈ ਜੋ ਕਿ ਬਹੁਤ ਹੀ ਲਾਭਦਾਇਕ ਸੀ। ਅਖੀਰ ਵਿੱਚ ਕਾਲਜ ਦੇ ਪ੍ਰਧਾਨ ਐੱਨ. ਡੀ. ਆਨੰਦ, ਮੈਂਬਰ ਸੋਨੂੰ ਚੋਪੜਾ ਦੁਆਰਾ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।



# ਸ਼ਹਿਰ 'ਚ 'ਸਫਾਈ ਅਪਣਾਓ, ਬਿਮਾਰੀ ਭਜਾਓ' ਮੁਹਿੰਮ ਪਹਿਲੀ ਜੁਲਾਈ ਤੋਂ

**ਪੱਟੀ (ਸ਼ਮਸ਼ੇਰ ਸਿੰਘ ਯੋਧਾ)**- ਪੰਜਾਬ ਸਰਕਾਰ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ 1 ਜੁਲਾਈ ਤੋਂ 31 ਜੁਲਾਈ ਤੱਕ ਸ਼ਹਿਰ ਅੰਦਰ ਸਫ਼ਾਈ ਅਪਨਾਓ ਬਿਮਾਰੀ ਭਜਾਓ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿੱਚ ਸ਼ਹਿਰ ਅੰਦਰ ਹਰ ਗਲੀ ਮੁਹੱਲੇ ਅਤੇ ਹਰ ਵਾਰਡ ਵਿੱਚ ਸ਼ਹਿਰ ਵਾਸੀਆਂ ਨੂੰ ਸੋਰਸ ਸੈਗਰੀਗੇਸ਼ਨ ਕਰਨ ਲਈ ਜਾਗਰੂਕ ਕੀਤਾ ਜਾਵੇਗਾ।ਇਸ ਮੁਹਿੰਮ ਦੌਰਾਨ ਘਰਾਂ ਵਿੱਚ ਖਾਦ ਤਿਆਰ ਕਰਨ ਦੀ ਵਿਧੀ ਬਾਰੇ ਦੱਸਿਆ ਜਾਵੇਗਾ।ਸ਼ਹਿਰ ਅੰਦਰ ਸਕੂਲਾਂ, ਕਾਲਜਾਂ ਵਿੱਚ ਸਾਫ਼ ਸਫਾਈ ਵਿੱਚ ਆਪਣਾ ਯੋਗਦਾਨ ਪਾਉਣ ਲਈ ਲੈਕਚਰ ਲਗਾਏ ਜਾਣਗੇ।ਇਸ ਤੋਂ ਇਲਾਵਾ ਇੱਕ ਵਾਰੀ ਵਰਤੋਂ ਵਿੱਚ ਆਉਣ ਵਾਲੇ ਡਿਸਪੋਜ਼ੇਬਲ ਬਰਤਨ ਅਤੇ ਪਲਾਸਟਿਕ ਨੂੰ ਹਟਾਉਣ ਸਬੰਧੀ ਕਮਿਊਨਟੀ ਨੂੰ ਜਾਗਰੂਕ ਕੀਤਾ ਜਾਵੇਗਾ।ਸਕੂਲੀ ਬੱਚਿਆਂ ਅਤੇ ਸਫ਼ਾਈ ਮਿੱਤਰਾਂ ਨੂੰ ਹੈਂਡਵਾਸ਼ ਕਰਨ ਸਬੰਧੀ ਜਾਣਕਾਰੀ ਅਤੇ ਬਿਮਾਰੀਆਂ ਤੋਂ ਬਚਣ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।ਸ਼ਹਿਰ ਦੀਆਂ ਗਲੀਆਂ ਮੁਹੱਲਿਆਂ ਵਿੱਚ ਜਾ ਕੇ ਸੋਰਸ ਸੈਗਰੀਗੇਸ਼ਨ ਅਤੇ ਹੋਮ ਕੰਪੋਸਟਿੰਗ ਸਬੰਧੀ ਡੈਮਾਂਸਟ੍ਰੇਸ਼ਨ ਕਰਕੇ ਦਿਖਾਇਆ ਜਾਵੇਗਾ।ਇਸ ਮੁਹਿੰਮ ਵਿੱਚ ਨਗਰ ਕੌਂਸਲ ਪੱਟੀ ਵੱਲੋਂ ਸ਼ਹਿਰ ਵਾਸੀਆਂ ਨੂੰ ਆਪਣਾ ਸੰਪੂਰਨ ਯੋਗਦਾਨ ਦੇਣ ਦੀ ਅਪੀਲ ਕੀਤੀ ਜਾਂਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਨਿਲ ਕੁਮਾਰ ਚੋਪੜਾ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਪੱਟੀ ਅਤੇ ਜੁਗਰਾਜ ਸਿੰਘ (ਸੁਪਰਡੈਂਟ ਸੈਨੀਟੇਸ਼ਨ) ਵੱਲੋਂ ਕੀਤਾ ਗਿਆ।ਇਸ ਮੌਕੇ ਅਮਨਦੀਪ ਕੌਰ ਸੀਐੱਫ, ਮੋਟੀਵੇਟਰ ਸਟਾਫ਼, ਅਕਾਸ਼ਦੀਪ ਸਿੰਘ, ਮਲਕੀਤ ਸਿੰਘ, ਗੁਰਨਾਮ ਸਿੰਘ ਜਗਜੀਤ ਸਿੰਘ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਜਲ੍ਹਿਆਂਵਾਲੇ ਬਾਗ 'ਚ ਨਸ਼ਿਆਂ ਵਿਰੁੱਧ ਨਾਟਕ 'ਅਰਮਾਨ' ਦਾ ਮੰਚਨ

**ਵੇਰਕਾ (ਰਾਣਾ)**- ਆਰਟ ਨਾਟਮੰਚ ਵੇਰਕਾ ਵੱਲੋਂ ਜਲ੍ਹਿਆਂਵਾਲਾ ਬਾਗ ਵਿਚ ਮਾਸਟਰ ਕੁਲਜੀਤ ਸਿੰਘ ਵੇਰਕਾ ਦੀ ਨਿਰਦੇਸ਼ਨਾ ਹੇਠ ਨਸ਼ਿਆਂ ਵਿਰੁੱਧ ਨਾਟਕ 'ਅਰਮਾਨ' ਦਾ ਮੰਚਨ ਹੋਇਆ।ਇਹ ਨਾਟਕ ਪ੍ਰਸਿੱਧ ਨਾਟਕਕਾਰ ਜਤਿੰਦਰ ਬਰਾੜ ਦਾ ਲਿਖਿਆ ਹੋਇਆ ਹੈ, ਜਿਹੜਾ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਦਾ ਹੈ।ਨਾਟਕ ਵਿਚ ਮਾਸਟਰ ਕੁਲਜੀਤ ਨੇ ਇਹ ਗੱਲ ਜ਼ੋਰ ਨਾਲ ਆਖੀ ਕਿ ਪਿਉ ਹੀ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਹਿਮ ਭੂਮਿਕਾ ਨਿਭਾਅ ਸਕਦੇ ਹਨ।ਉਨ੍ਹਾਂ ਕਿਹਾ ਕਿ ਮਾਂ-ਪਿਉ ਨੂੰ ਇਹ ਗੱਲ ਜਾਨਣ ਦੀ ਲੋੜ ਹੈ ਕਿ ਬੱਚੇ ਜ਼ਿੰਦਗੀ ਵਿਚ ਕੀ ਬਣਨਾ ਚਾਹੁੰਦੇ ਹਨ। ਨਾਟਕ ਵਿਚ ਇਕ ਪਿਤਾ ਆਪਣੇ ਪੁੱਤਰ ਨੂੰ ਡਾਕਟਰ ਬਣਾਉਣਾ ਚਾਹੁੰਦਾ ਹੈ, ਪਰ ਉਹ ਪਾਇਲਟ ਬਣਨਾ ਚਾਹੁੰਦਾ ਹੈ।ਮਾਪੇ ਸਹਿਮਤ ਨਹੀਂ ਹੁੰਦੇ, ਬੱਚਾ ਫੇਲ੍ਹ ਹੋ ਜਾਂਦਾ ਹੈ ਅਤੇ ਨਸ਼ਿਆਂ ਦਾ ਆਦੀ ਹੋ ਜਾਂਦਾ ਹੈ।ਅਦਾਕਾਰ ਕੁਲਜੀਤ ਸਿੰਘ ਮਾਪਿਆਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਉਹ ਬੱਚਿਆਂ ਦੀ ਰੁਚੀ ਅਨੁਸਾਰ ਪੜ੍ਹਾਈ ਕਰਵਾਉਣ।ਮਾਂ ਦੀ ਭੂਮਿਕਾ 'ਚ ਡੌਲੀ ਸੱਦਲ ਕਹਿੰਦੀ ਹੈ ਕਿ ਜੇ ਇੰਜ ਹੀ ਨਸ਼ਿਆਂ ਦੇ ਦਰਿਆ ਵਗਦੇ ਰਹੇ ਤਾਂ ਜਨਾਜ਼ੇ ਨਿਕਲਦੇ ਰਹਿਣਗੇ, ਹੱਸਦੇ-ਵੱਸਦੇ ਘਰ ਉਜੜਦੇ ਰਹਿਣਗੇ।ਅੰਸ਼ੂਮਨ ਕੁਮਾਰ ਨੇ ਡਾਕਟਰ ਦੀ ਅਹਿਮ ਭੂਮਿਕਾ ਨਿਭਾ ਕੇ ਵਾਹ-ਵਾਹ ਖੱਟੀ।ਨਾਟਕ ਵਿਚ ਨਵਪ੍ਰੀਤ ਸਿੰਘ ਹੁੰਦਲ ਅਤੇ ਨਿਸ਼ਾਨ ਸਿੰਘ ਸ਼ੇਰਗਿੱਲ ਨੇ ਵੀ ਅਹਿਮ ਭੂਮਿਕਾ ਨਿਭਾਈ।ਇਸ ਨਾਟਕ ਦਾ ਆਯੋਜਨ ਨਾਰਕੋਟਿਕਸ ਕੰਟਰੋਲ ਬਿਊਰੋ ਅੰਮ੍ਰਿਤਸਰ ਜ਼ੋਨਲ ਯੂਨਿਟ ਵੱਲੋਂ ਕੀਤਾ ਗਿਆ।



# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਝਬਾਲ ਵਿਖੇ ਰੋਸ ਮਾਰਚ ਅੱਜ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਕਾਮਰੇਡ ਮਨਜੀਤ ਸਿੰਘ ਝਬਾਲ ਦੀ ਅਗਵਾਈ ਵਿੱਚ 29 ਜੂਨ ਦਿਨ ਐਤਵਾਰ ਨੂੰ ਨਸ਼ਿਆਂ ਵਿਰੁੱਧ ਰੋਸ ਮਾਰਚ ਕੱਢਿਆ ਜਾਵੇਗਾ।ਪੰਜਾਬ ਜੋ ਕਿ ਪੰਜ ਦਰਿਆਵਾਂ ਦੀ ਧਰਤੀ ਹੈ ਜਿੱਥੇ ਅੱਜ ਛੇਵਾਂ ਦਰਿਆ ਨਸ਼ਿਆਂ ਦਾ ਬੜੀ ਤੇਜ਼ੀ ਨਾਲ ਵਗ ਰਿਹਾ ਹੈ ਤੇ ਕਈ ਨੌਜਵਾਨਾਂ ਦੀ ਜਵਾਨੀ ਨੂੰ ਰੋੜ੍ਹ ਕੇ ਲੈ ਗਿਆ।ਆਓ ਇਸ ਕੋਹੜ ਨੂੰ ਸਮਾਜ ਵਿੱਚੋਂ ਕੱਢਣ ਲਈ ਪਰਿਵਾਰਾਂ ਸਮੇਤ ਇਸ ਰੋਸ ਮਾਰਚ ਵਿੱਚ ਸ਼ਾਮਲ ਹੋਈਏ।ਇਸ ਮੌਕੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਮਾਝੇ ਦੇ ਇੰਚਾਰਜ ਜਸਬੀਰ ਸਿੰਘ ਝਬਾਲ, ਕਾਮਰੇਡ ਸੈਕਟਰੀ ਸੁਖਦੇਵ ਸਿੰਘ ਗੋਹਲਵੜ, ਇਕਾਈ ਦੇ ਸੂਬਾ ਪ੍ਰਧਾਨ ਕਾਮਰੇਡ ਹਰਪ੍ਰੀਤ ਕੌਰ ਝਬਾਲ ਤੇ ਹੋਰ ਵੀ ਸੂਝਵਾਨ ਲੀਡਰ ਪਹੁੰਚ ਰਹੇ ਹਨ।ਆਓ ਸਾਰੇ ਰਲ ਮਿਲ ਕੇ ਇਨ੍ਹਾਂ ਸੂਝਵਾਨ ਲੀਡਰਾਂ ਦੇ ਵਿਚਾਰ ਸੁਣੀਏ ਅਤੇ ਇਸ ਰੋਸ ਮਾਰਚ ਵਿੱਚ ਹਿੱਸਾ ਲੈ ਕੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਉਪਰਾਲਾ ਕਰੀਏ।ਕੁੱਲ ਹਿੰਦ ਮਜ਼ਦੂਰ ਯੂਨੀਅਨ ਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ ।



# ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ 'ਪੰਜ ਰੋਜ਼ਾ ਨਾਟ ਉਤਸਵ' 3 ਜੁਲਾਈ ਤੋਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ ਅਤੇ ਵਿਰਸਾ ਵਿਹਾਰ ਸੁਸਾਇਟੀ, ਅੰਮ੍ਰਿਤਸਰ ਵੱਲੋਂ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ 06 ਜੂਨ ਤੋਂ 5 ਜੁਲਾਈ ਤੱਕ ਰਾਸ਼ਟਰੀ ਰੰਗਮੰਚ ਕਾਰਜਸ਼ਾਲਾ ਚੱਲ ਰਹੀਂ ਹੈ ਜਿਸ ਵਿੱਚ ਏਸ਼ੀਆਂ ਦੀ ਸਭ ਤੋਂ ਵੱਡੀ ਨਾਟ ਸੰਸਥਾ ਨੈਸ਼ਨਲ ਸਕੂਲ ਆਫ਼ ਡਰਾਮਾ ਨਵੀਂ ਦਿੱਲੀ ਤੋਂ ਪਾਸ ਆਊਟ ਅਧਿਆਪਕ ਪਾਰਥੋ ਬੈਨਰਜੀ ਅਤੇ ਪ੍ਰੀਤਪਾਲ ਰੁਪਾਣਾ ਬੱਚਿਆਂ ਨੂੰ ਰੰਗਮੰਚ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦੇ ਰਹੇ ਹਨ।ਇਸ ਰੰਗਮੰਚ ਕਾਰਜ਼ਾਲਾ ਵਿੱਚ ਪੰਜਾਬ, ਹਰਿਆਣਾ, ਦਿੱਲੀ, ਉਤਰਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰਨਾਂ ਸੂਬਿਆਂ ਤੋਂ ਆਏ ਵਿਦਿਆਰਥੀ ਰੰਗਮੰਚ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ।ਇਸ ਇਕ ਮਹੀਨਾ ਲਗਾਤਾਰ ਚੱਲਣ ਵਾਲੀ ਰੰਗਮੰਚ ਕਾਰਜਸ਼ਾਲਾ ਵਿੱਚ ਵਿਦਿਆਰਥੀਆਂ ਵੱਲੋਂ ਤਿਆਰ ਕਰਵਾਏ ਗਏ ਨਾਟਕ 03 ਜੁਲਾਈ ਤੋਂ 07 ਜੁਲਾਈ ਤੱਕ 'ਪੰਜ ਰੋਜ਼ਾ ਨਾਟ ਉਤਸਵ' ਵਿਰਸਾ ਵਿਹਾਰ ਅਤੇ ਪ੍ਰੀਤ ਨਗਰ ਵਿਖੇ ਕਰਵਾਇਆ ਜਾ ਰਿਹਾ ਹੈ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸ਼੍ਰੀ ਕੇਵਲ ਧਾਲੀਵਾਲ ਨੇ ਦੱਸਿਆ ਕਿ ਇਸ ਪੰਜ ਰੋਜ਼ਾ ਨਾਟ ਉਤਸਵ ਦੇ ਪਹਿਲੇ ਦਿਨ 03 ਜੁਲਾਈ ਨੂੰ ਸੰਸਾਰ ਪ੍ਰਸਿੱਧ ਨਾਟਕਕਾਰ ਅਗਾਥਾ ਕ੍ਰਿਸਟੀ ਦਾ ਲਿਖਿਆ ਅਤੇ ਪ੍ਰੀਤਪਾਲ ਰੁਪਾਣਾ ਦਾ ਨਿਰਦੇਸ਼ਤ ਕੀਤਾ ਨਾਟਕ 'ਗਵਾਹੀ' ਪੇਸ਼ ਕੀਤਾ ਜਾਵੇਗਾ।ਦੂਜੇ ਦਿਨ 04 ਜੁਲਾਈ ਨੂੰ ਬਾਦਲ ਸਰਕਾਰ ਦਾ ਲਿਖਿਆ ਅਤੇ ਪਾਰਥੋਂ ਬੈਨਰਜ਼ੀ ਦਾ ਨਿਰਦੇਸ਼ਤ ਕੀਤਾ ਨਾਟਕ 'ਸਪਾਰਟਾਕਸ' ਪੇਸ਼ ਕੀਤਾ ਜਾਵੇਗਾ।ਤੀਜੇ ਦਿਨ 05 ਜੁਲਾਈ ਨੂੰ ਮਨਿੰਦਰ ਕਾਂਗ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਭਾਰ' ਪੇਸ਼ ਕੀਤਾ ਜਾਵੇਗਾ। ਚੌਥੇ ਦਿਨ 6 ਜੁਲਾਈ ਨੂੰ ਡਾ. ਹਰਜੀਤ ਸਿੰਘ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਸਾਂਦਲ ਬਾਰ' ਪੇਸ਼ ਕੀਤਾ ਜਾਵੇਗਾ।ਪੰਜਵੇਂ ਦਿਨ 07 ਜੁਲਾਈ ਨੂੰ ਡਾ. ਹਰਜੀਤ ਸਿੰਘ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਸਾਂਦਲ ਬਾਰ' ਪ੍ਰੀਤ ਨਗਰ ਵਿਖੇ ਪੇਸ਼ ਕੀਤਾ ਜਾਵੇਗਾ।ਪਹਿਲੇ ਚਾਰ ਨਾਟਕ ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਰੋਜ਼ਾਨਾਂ ਸ਼ਾਮ 6.30 ਵਜੇ ਬਿਨਾਂ ਕਿਸੇ ਟਿਕਟ ਅਤੇ ਪਾਸ ਦੇ ਮੁਫ਼ਤ ਵਿਖਾਏ ਜਾਣਗੇ ਅਤੇ ਆਖ਼ਰੀ 07 ਜੁਲਾਈ ਨੂੰ ਹੋਣ ਵਾਲਾ ਨਾਟਕ ਪ੍ਰੀਤ ਨਗਰ ਵਿਖੇ ਕੀਤਾ ਜਾਵੇਗਾ।ਆਪ ਸਭ ਨੂੰ ਹਾਰਦਿਕ ਸੱਦਾ ਹੈ।



# ਆਮ ਆਦਮੀ ਪਾਰਟੀ ਮਹਿਲਾ ਵਿੰਗ ਵੱਲੋਂ ਵਿਸ਼ੇਸ਼ ਮੀਟਿੰਗ

**ਪਠਾਨਕੋਟ (ਦਵਿੰਦਰ ਸਿੰਘ)**- ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਦੀ ਇੱਕ ਵਿਸ਼ੇਸ਼ ਮੀਟਿੰਗ ਮਹਿਲਾ ਵਿੰਗ ਹਲਕਾ ਕੋਆਰਡੀਨੇਟਰ ਬਲਜਿੰਦਰ ਕੌਰ ਦੀ ਪ੍ਰਧਾਨਗੀ ਵਿੱਚ ਜਸਵਾਲੀ ਰੈਸਟ ਹਾਊਸ ਵਿਖੇ ਆਯੋਜਿਤ ਕੀਤੀ ਗਈ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਹਾਜ਼ਰ ਹੋਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ੈਲੀ ਸ਼ਰਮਾ ਬਲਾਕ ਪ੍ਰਧਾਨ-ਕਮ-ਸਰਪੰਚ ਭਗਵਾਨਸਰ, ਸਰੋਜ ਬਾਲਾ ਸਰਪੰਚ ਰਮਕਾਲਮਾ, ਸੰਦੀਪ ਕੌਰ ਹਯਾਤੀ ਚੱਕ, ਕਿਰਨਬਾਲਾ ਸਰਪੰਚ ਕੀੜੀ, ਰਾਜ ਕੁਮਾਰੀ ਸਰਪੰਚ ਪਹਾੜੋਚੱਕ, ਨਗਰ ਪੰਚਾਇਤ ਨਰੋਟ ਜੈਮਲ ਸਿੰਘ ਦੀ ਕੌਂਸਲਰ ਮੁਨੀਸ਼ਾ ਮਹਾਜਨ, ਕੌਂਸਲਰ ਸੱਤਿਆ ਦੇਵੀ, ਕੌਂਸਲਰ ਅਨੂੰ ਸ਼ਰਮਾ, ਕੌਂਸਲਰ ਮਾਇਆ ਦੇਵੀ, ਰਜਿੰਦਰ ਕੌਰ ਸਰਪੰਚ ਆਸ਼ਾਬਾਨੋ ਅਤੇ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀਆਂ ਕਾਰਜਕਰਤਾ ਵੀ ਹਾਜ਼ਰ ਸਨ। ਇਸ ਮੌਕੇ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਦੀ ਮਹਿਲਾ ਹਰੇਕ ਖੇਤਰ ਅੰਦਰ ਆਪਣੀ ਸਮਝ ਦੇ ਨਾਲ ਕਾਰਜ ਕਰ ਰਹੀ ਹੈ ਅਤੇ ਉਨਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਵਿਕਾਸ ਲਈ ਭਵਿੱਖ ਅੰਦਰ ਹੋਰ ਵੀ ਵੱਡੇ ਫੈਸਲੇ ਲਏ ਗਏ ਹਨ ਅਤੇ ਜਨਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਹੋਰ ਵੀ ਵੱਡੇ ਪ੍ਰੋਜੈਕਟ ਲਗਾਏ ਜਾਣਗੇ।ਇਸ ਮੌਕੇ ਉਨ੍ਹਾਂ ਹਾਜ਼ਰ ਮਹਿਲਾ ਸਰਪੰਚ ਦੀਆਂ ਪਿੰਡ ਦੇ ਵਿਕਾਸ ਕਾਰਜਾਂ ਨਾਲ ਸਬੰਧਤ ਸਮੱਸਿਆਵਾਂ ਵੀ ਸੁਣੀਆਂ ਅਤੇ ਮੌਕੇ 'ਤੇ ਹੀ ਹੱਲ ਵੀ ਕੀਤਾ।

# ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਚਿਲਡਰਨ ਹੋਮ ਦਾ ਦੌਰਾ

**ਗੁਰਦਾਸਪੁਰ (ਜਨਕ ਮਹਾਜਨ)**- ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਚਿਲਡਰਨ ਹੋਮ (ਲੜਕੇ) ਦਾ ਦੌਰਾ ਕੀਤਾ ਗਿਆ। ਆਪਣੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਚਿਲਡਰਨ ਹੋਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਨਾਲ ਹੀ ਬੱਚਿਆਂ ਦੇ ਕਮਰਿਆਂ, ਰਸੋਈ, ਸਟੱਡੀ ਰੂਮ, ਕਾਮਨ ਰੂਮ ਆਦਿ ਦਾ ਨਿਰੀਖਣ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਦੇ ਨਾਲ ਚਿਲਡਰਨ ਹੋਮ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚਿਲਡਰਨ ਹੋਮ ਦੀ ਮੁਰੰਮਤ ਅਤੇ ਸਿਵਲ ਵਰਕ ਦੇ ਜੋ ਵੀ ਬਕਾਇਆ ਕੰਮ ਹਨ, ਉਨ੍ਹਾਂ ਨੂੰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਬੱਚਿਆਂ ਦਾ ਰੈਗੂਲਰ ਮੈਡੀਕਲ ਚੈੱਕਅਪ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਚਿਲਡਰਨ ਹੋਮ ਵਿਖੇ ਰਹਿ ਰਹੇ ਬੱਚਿਆਂ ਨੂੰ ਘਰ ਵਰਗਾ ਮਾਹੌਲ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ, ਚਿਲਡਰਨ ਹੋਮ ਦੀ ਸੰਚਾਲਕ ਸੰਦੀਪ ਕੌਰ, ਡੀਸੀਪੀਓ ਸੁਨੀਲ ਜੋਸ਼ੀ, ਮਨੋਰੋਗ ਮਾਹਿਰ ਡਾ. ਮਾਇਤਰੀ, ਬਾਲ ਭਲਾਈ ਕਮੇਟੀ ਦੇ ਨੁਮਾਇੰਦੇ ਸੁੱਚਾ ਸਿੰਘ ਮੁਲਤਾਨੀ, ਉਡਾਨ ਸੰਸਥਾ ਵੱਲੋਂ ਬਲਜੀਤ ਸਿੰਘ ਅਤੇ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ. ਭਾਸਕਰ ਸ਼ਰਮਾ ਅਤੇ ਚਿਲਡਰਨ ਹੋਮ ਕਮੇਟੀ ਦੇ ਮੈਂਬਰ ਹਾਜ਼ਰ ਸਨ।





# ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਢਾਕੀ ਵਿਖੇ ਨਸ਼ਾ ਰੋਕੂ ਦਿਵਸ ਮਨਾਇਆ

**ਪਠਾਨਕੋਟ (ਦਵਿੰਦਰ ਸਿੰਘ)**- ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉੱਪਲ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਦਿੱਤੇ ਦਿਸ਼ੇ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਅਧੀਨ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਦੇ ਤਹਿਤ ਜ਼ਿਲ੍ਹਾ ਪੱਧਰ 'ਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਢਾਕੀ ਪਠਾਨਕੋਟ ਵਿਖੇ ਮਨਾਇਆ ਗਿਆ।ਇਸ ਪ੍ਰੋਗਰਾਮ ਵਿੱਚ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀਆਂ/ਨੁਮਾਇੰਦਿਆਂ ਵੱਲੋਂ ਭਾਗ ਲਿਆ ਗਿਆ।ਪ੍ਰੋਗਰਾਮ ਵਿੱਚ ਸ਼ਾਮਿਲ ਵਿਦਿਆਰਥੀਆਂ ਨੂੰ ਨਸ਼ੇ ਦੇ ਕਾਰਨ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਇਆ ਗਿਆ ਅਤੇ ਨਸ਼ਾ ਰਹਿਤ ਪੰਜਾਬ ਸਿਰਜਣ ਲਈ ਜਾਗਰੂਕ ਕੀਤਾ ਗਿਆ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਨਸ਼ਾ ਨਾ ਕਰਨ ਲਈ ਸਹੁੰ ਚੁੱਕਾਈ ਗਈ।ਸਮੂਹ ਵਿਦਿਆਰਥੀਆਂ ਨੂੰ ਦਫਤਰ ਸਿਵਲ ਸਰਜਨ ਤੋਂ ਆਏ ਕਾਊਂਸਲਰ ਵੱਲੋਂ ਨਸ਼ਿਆਂ ਦੀ ਰੋਕਥਾਮ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਹਿਯੋਗ ਲਈ ਸਿਵਲ ਹਸਪਤਾਲ ਪਠਾਨਕੋਟ ਨਾਲ ਸੰਪਰਕ ਕਰਨ ਲਈ ਕਿਹਾ ਗਿਆ।

# ਬੜੀ ਧੂਮਧਾਮ ਨਾਲ ਮਨਾਇਆ ਪੀਰ ਬਾਬਾ ਵਣ ਪੀਰ ਦਾ ਸਾਲਾਨਾ ਮੇਲਾ

**● ਗਾਇਕ ਸਰਬਜੀਤ ਬੁੱਗਾ, ਮਨਪ੍ਰੀਤ ਬੁੱਗਾ, ਰਾਏ ਜੁਝਾਰ ਤੇ ਅਮਨਦੀਪ ਨੇ ਲੁੱਟੀ ਸਰੋਤਿਆਂ ਦੀ ਵਾਹ-ਵਾਹ**

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪਿੰਡ ਪੰਜਵੜ ਵਿਖੇ ਪੀਰ ਬਾਬਾ ਵਣ ਪੀਰ ਦੀ ਦਰਗਾਹ 'ਤੇ ਸਾਲਾਨਾ ਮੇਲਾ ਹਰ ਸਾਲ ਵਾਂਗ ਬਾਬਾ ਅਜੀਤ ਸਿੰਘ, ਬਾਬਾ ਦਰਸ਼ਨ ਸਿੰਘ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਪਿੰਡ ਪੰਜਵੜ, ਗ੍ਰਾਮ ਪੰਚਾਇਤ ਪੰਜਵੜ ਖੁਰਦ, ਆਜ਼ਾਦ ਗਰੁੱਪ ਤਰਨ ਤਾਰਨ ਅਤੇ ਸਮੁੱਚੇ ਨਗਰ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਇਆ ਗਿਆ।ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਬਾਬਾ ਜਸਵੰਤ ਸਿੰਘ ਲਾਟੂ, ਬਾਬਾ ਬਲਦੇਵ ਸਿੰਘ, ਬਾਬਾ ਦਰਸ਼ਨ ਸਿੰਘ ਪੰਜਵੜ, ਗਾਇਕ ਜੋੜੀ ਸਰਬਜੀਤ ਬੁੱਗਾ ਮਨਪ੍ਰੀਤ ਬੁੱਗਾ ਸਮੇਤ ਸਮੂਹ ਮੇਲਾ ਕਮੇਟੀ ਮੈਂਬਰਾਂ ਵੱਲੋਂ ਅਦਾ ਕੀਤੇ ਜਾਣ ਉਪਰੰਤ ਆਯੋਜਿਤ ਸੱਭਿਆਚਾਰਕ ਪ੍ਰੋਗਰਾਮ ਵਿੱਚ ਨਾਮਵਰ ਗਾਇਕ ਜੋੜੀ ਸਰਬਜੀਤ ਬੁੱਗਾ ਮਨਪ੍ਰੀਤ ਬੁੱਗਾ, ਰਾਏ ਜੁਝਾਰ, ਬੀਬੀ ਅਮਨਦੀਪ, ਮੈਂਡੀ ਕਾਲੜਾ, ਐੱਸ. ਪੀ. ਬੁੱਗਾ ਵੱਲੋਂ ਸਰੋਤਿਆਂ ਨੂੰਗਾਇਕੀ ਨਾਲ ਮੰਤਰ ਮੁਗਧ ਕੀਤਾ ਗਿਆ। ਹਾਸਰਸ ਕਲਾਕਾਰ ਜੋੜੀ ਬੀਬੀ ਅਤਰੋ ਤੇ ਚਤਰੋ ਨੇ ਲੋਕਾਂ ਦੇ ਢਿੱਡੀਂ ਪੀੜਾਂ ਪਾਈਆਂ।ਇਸ ਮੌਕੇ ਬਾਬਾ ਦਰਸ਼ਨ ਸਿੰਘ ਪੰਜਵੜ, ਗਾਇਕ ਸਰਬਜੀਤ ਬੁੱਗਾ, ਸਰਪੰਚ ਤਰਸੇਮ ਸਿੰਘ ਪੰਜਵੜ ਕਲਾਂ, ਸੁਖਜਿੰਦਰ ਪਾਲ ਸਿੰਘ ਵਿੱਕੀ ਢਿੱਲੋਂ ਪੰਜਵੜ, ਸਰਪੰਚ ਮਨਜੀਤ ਸਿੰਘ ਮੰਨਾ ਪੰਜਵੜ, ਬਾਬਾ ਲਾਟੂ, ਬਾਬਾ ਬਲਦੇਵ ਸਿੰਘ, ਸਰਪੰਚ ਤਰਸੇਮ ਸਿੰਘ, ਸੁਖਜਿੰਦਰ ਸਿੰਘ ਢਿੱਲੋਂ ਵਿੱਕੀ, ਜਸਪਾਲ ਸਿੰਘ ਮੈਂਬਰ, ਬਲਵਿੰਦਰ ਸਿੰਘ ਮੈਂਬਰ, ਜਸਪਾਲ ਕੌਰ ਮੈਂਬਰ, ਸੰਦੀਪ ਕੌਰ ਮੈਂਬਰ, ਗੁਰਬਖਸ਼ ਸਿੰਘ ਮੈਂਬਰ, ਪ੍ਰਗਟ ਸਿੰਘ ਮੈਂਬਰ, ਜਸਵੰਤ ਸਿੰਘ ਜੱਸਾ ਪੰਜਵੜ ਆਪ ਆਗੂ, ਜਸਵਿੰਦਰ ਸਿੰਘ ਕਾਲਾ ਪੰਜਵੜ, ਬਾਬਾ ਪ੍ਰਮਜੀਤ ਸਿੰਘ ਢੋਲਣ, ਮੁਖਤਾਰ ਸਿੰਘ ਘੁੱਕ ਪ੍ਰਧਾਨ, ਬਾਬਾ ਸੀਤਲ, ਪ੍ਰਤਾਪ ਸਿੰਘ, ਜਸਵਿੰਦਰ ਸਿੰਘ, ਬਾਬਾ ਦੇਬਾ ਸਿੰਘ, ਬਾਬਾ ਗੁੜ, ਬਾਬਾ ਪੰਮਾ ਸੁਰਸਿੰਘ, ਗੁਰਦੇਵ ਸਿੰਘ ਮੀਆਂਪੁਰ, ਬਾਬਾ ਸੋਨੂੰ ਸ਼ਾਹ, ਸਿੱਤੋ ਪੰਚ ਵੱਲੋਂ ਆਏ ਹੋਏ ਬਾਬਾ ਪੰਮੇ ਸ਼ਾਹ ਢੋਲਣ, ਬਾਬਾ ਜਿੰਦੇ ਸ਼ਾਹ ਜਗਤਪੁਰਾ, ਬਾਬਾ ਸੀਤਲ ਸ਼ਾਹ, ਬਾਬਾ ਗੋਰਾ ਸ਼ਾਹ ਝਬਾਲ, ਬਾਬਾ ਗੁਰੀ ਸਰਸਾ, ਬਾਬਾ ਗੁਰਦੇਵ ਸਿੰਘ, ਬਾਬਾ ਕਾਲਾ ਭੁੱਚਰ ਸਮੇਤ ਪੁੱਜੇ ਸੰਤਾਂ ਅਤੇ ਕਲਾਕਾਰਾ ਤੇ ਪਤਵੰਤਿਆ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਐੱਸ. ਪੀ. ਬੁੱਗਾ ਨੂੰ ਬਿੰਦਰਖੀਆ ਐਵਾਰਡ, ਰਾਏ ਜੁਝਾਰ ਨੂੰ ਸੁਰਿੰਦਰ ਛਿੰਦਾ ਐਵਾਰਡ, ਮੈਂਡੀ ਕਾਲੜਾ ਨੂੰ ਨਰਿੰਦਰ ਬੀਬਾ ਐਵਾਰਡ, ਸਰਬਜੀਤ ਬੁੱਗਾ ਮਨਪ੍ਰੀਤ ਬੁੱਗਾ ਨੂੰ ਮਹਾਨ ਕਲਾਕਾਰ ਨਾਂਅ ਦੇ ਐਵਾਰਡ ਦੇ ਕੇ ਨਿਵਾਜਿਆ ਗਿਆ। ਛਬੀਲਾਂ ਭੰਡਾਰੇ ਅਤੁੱਟ ਵਰਤਾਏ ਗਏ।ਸ਼ਾਮ ਨੂੰ ਨਾਮਵਰ ਕਬੱਡੀ ਟੀਮਾਂ ਵਿਚਾਲੇ ਕਰਵਾਏ ਪ੍ਰਦਰਸ਼ਨੀ ਮੈਚ ਵਿੱਚ ਜੇਤੂ ਟੀਮ ਨੂੰ ਵੱਡੇ ਨਗਦ ਇਨਾਮ ਦੇ ਕੇ ਨਿਵਾਜਿਆ।ਇਸ ਸਮੇ ਸੈਂਡੀ, ਗੁਰਪ੍ਰੀਤ ਸਿੰਘ ਨਿਊ ਮਾਝਾ ਰਾਈਸ ਮਿੱਲ, ਕੁਮੈਂਟੇਟਰ ਹਰਦੀਪ ਗੋਪਾਲਾ, ਹਰਜੀਤ ਸਿੰਘ ਢਿੱਲੋਂ, ਨਿਰਵੈਰ ਸਿੰਘ ਢਿੱਲੋਂ, ਜਿੰਦ ਢਿੱਲੋਂ, ਕੁਲਦੀਪ ਸਿੰਘ, ਮਲਕੀਤ ਸਿੰਘ ਪੰਜਵੜ, ਹਰਪ੍ਰੀਤ ਸਿੰਘ ਪੰਜਵੜ, ਬੁੱਧ ਸਿੰਘ ਨੂਰਪੁਰੀਆ, ਅਰਜਨ ਸਿੰਘ ਨੂਰਪੁਰੀਆ, ਬਿੱਲੂ ਸੋਹਤਾ, ਗੁਰਮੀਤ ਸਿੰਘ, ਸੁਖਵਿੰਦਰ ਸਿੰਘ, ਸੁੱਚਾ ਸਿੰਘ, ਬਾਬਾ ਕਾਲਾ, ਬੱਲੋਂ, ਮੰਗਾ ਸਿੰਘ, ਗੁਰਮੀਤ ਸਿੰਘ ਭੱਟੀ, ਸਾਹਿਬ ਸਿੰਘ ਭੱਟੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਐੱਸਕੇਐੱਮ ਵੱਲੋਂ ਘਰਾਲਾ 'ਚ ਵੱਡੀ ਰੈਲੀ 2 ਜੁਲਾਈ ਨੂੰ

**● 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਪੂਰਨ ਸਮਰਥਨ**

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਦੀ ਮੀਟਿੰਗ ਸਾਥੀ ਲਖਵਿੰਦਰ ਸਿੰਘ ਮੰਜਿਆਂਵਾਲੀ ਬੀਕੇਯੂ ਉਗਰਾਹਾਂ ਦੀ ਪ੍ਰਧਾਨਗੀ ਹੇਠ ਸ਼ਹੀਦ ਬਲਜੀਤ ਸਿੰਘ ਭਵਨ ਆਰ ਐੱਮ ਪੀ ਆਈ ਦਫਤਰ ਗੁਰਦਾਸਪੁਰ ਵਿਖੇ ਹੋਈ।ਇਸ ਸਬੰਧੀ ਕਿਸਾਨ ਆਗੂ ਮੱਖਣ ਕੁਹਾੜ ਨੇ ਦੱਸਿਆ ਕਿ ਮੀਟਿੰਗ ਦਾ ਮੁੱਖ ਏਜੰਡਾ ਪਿੰਡ ਘਰਾਲਾ ਦੀ 80 ਏਕੜ ਜ਼ਮੀਨ ਸ਼ਹਿਰੀ ਵਿਕਾਸ ਮਹਿਕਮੇ ਵੱਲੋਂ ਲੈਂਡ ਪੂਲਿੰਗ ਤਹਿਤ ਜਬਰੀ ਐਕਵਾਇਰ ਕਰਨ ਦਾ ਵਿਰੋਧ ਕਰਨ ਦੀ ਰਣਨੀਤੀ ਤਹਿ ਕਰਨਾ ਸੀ। ਮੀਟਿੰਗ ਨੂੰ ਕਿਸਾਨ ਆਗੂਆਂ ਮੱਖਣ ਸਿੰਘ ਕੁਹਾੜ, ਰਾਜ ਗੁਰਵਿੰਦਰ ਸਿੰਘ ਲਾਡੀ, ਬਲਬੀਰ ਸਿੰਘ ਕੱਤੋਵਾਲ, ਮੰਗਤ ਸਿੰਘ ਜੀਵਨ ਚੱਕ, ਗੁਰਦੀਪ ਸਿੰਘ ਮੁਸਤਫਾਬਾਦ, ਰਘਬੀਰ ਸਿੰਘ ਚਾਹਲ, ਗੁਰਮੁਖ ਸਿੰਘ ਖਹਿਰਾ ਕੋਟਲੀ, ਕੁਲਜੀਤ ਸਿੰਘ ਸਿੱਧਵਾਂ ਜਮੀਤਾ ਅਤੇ ਘਰਾਲਾ ਸੰਘਰਸ਼ ਕਮੇਟੀ ਦੇ ਆਗੂ ਦਵਿੰਦਰ ਸਿੰਘ ਸੋਨਾ ਘਰਾਲਾ ਅਤੇ ਰਣਜੀਤ ਸਿੰਘ ਰਾਣਾ ਨੇ ਵੀ ਸੰਬੋਧਨ ਕੀਤਾ।ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਸਰਕਾਰ ਇਹ ਜ਼ਮੀਨ ਗਰੀਬ ਕਿਸਾਨਾਂ ਤੋਂ ਸਸਤੇ ਭਾਅ ਤੇ ਲੈ ਕੇ ਕਈ ਗੁਣਾ ਵੱਧ ਮੁੱਲ ਤੇ ਵੇਚ ਕੇ ਮੁਨਾਫਾ ਕਮਾਉਣਾ ਚਾਹੁੰਦੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਚ ਅਧਿਕਾਰੀਆਂ ਨੂੰ ਹਲਫੀਆ ਬਿਆਨਾਂ ਰਾਹੀਂ ਦੱਸਿਆ ਜਾ ਰਿਹਾ ਹੈ ਕਿ ਕਿਸਾਨ ਕਿਸੇ ਵੀ ਕੀਮਤ ਤੇ ਜ਼ਮੀਨ ਨਹੀਂ ਦੇਣਗੇ।ਅਜਿਹਾ ਹੋਣ ਨਾਲ ਉਹ ਉਜੜ ਜਾਣਗੇ ਅਤੇ ਭੁੱਖੇ ਮਰ ਜਾਣਗੇ।ਉਨ੍ਹਾਂ ਦੀ ਜ਼ਮੀਨ ਪਹਿਲਾਂ ਹੀ ਇੰਪਰੂਵਮੈਂਟ ਟਰੱਸਟ ਅਤੇ ਹਾਈਵੇ ਵਿੱਚ ਆ ਚੁੱਕੀ ਹੈ।ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਪਿੰਡ ਘਰਾਲਾ ਵਿਖੇ ਇਕ ਵੱਡੀ ਰੈਲੀ 2 ਜੁਲਾਈ, (ਬੁੱਧਵਾਰ) ਨੂੰ 11 ਵਜੇ ਕੀਤੀ ਜਾਵੇਗੀ। ਇਸ ਸਬੰਧੀ ਪਿੰਡ ਘਰਾਲਾ ਦੀ 11 ਮੈਂਬਰੀ ਸੰਘਰਸ਼ ਕਮੇਟੀ ਪ੍ਰਬੰਧ ਕਰੇਗੀ।ਇਹ ਵੀ ਫੈਸਲਾ ਕੀਤਾ ਗਿਆ ਕਿ 9 ਜੁਲਾਈ ਦੀ ਦੇਸ਼ ਵਿਆਪੀ ਸਾਂਝੀ ਟਰੇਡ ਯੂਨੀਅਨ ਦ ਹੜਤਾਲ ਵਿੱਚ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਟਰੇਡ ਯੂਨੀਅਨ ਆਗੂਆਂ ਸ਼ਿਵ ਕੁਮਾਰ, ਗੁਰਮੀਤ ਸਿੰਘ ਬਖਤਪੁਰ, ਮੁਰਾਰੀ ਲਾਲ, ਸੁਭਾਸ਼ ਕੈਰੇ, ਧਿਆਨ ਸਿੰਘ ਠਾਕੁਰ, ਵਿਜੇ ਸੋਹਲ ਆਦਿ ਤੋਂ ਇਲਾਵਾ ਜਗਜੀਤ ਸਿੰਘ ਜੱਗਾ, ਬਲਪ੍ਰੀਤ ਸਿੰਘ ਪ੍ਰਿੰਸ, ਗੁਰਮੀਤ ਸਿੰਘ ਥਾਣੇਵਾਲ, ਮੱਖਣ ਸਿੰਘ ਤੱਬੜ, ਬਲਬੀਰ ਸਿੰਘ ਉਚਾ ਧਕਾਲਾ, ਪਲਵਿੰਦਰ ਸਿੰਘ ! ਸਾਥੀ ਵਾਲੀਆ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।



## ਪਾਸਪੋਰਟ ਸੇਵਾ ਕੇਂਦਰ ਲੁਧਿਆਣਾ ਸਹੂਲਤਾਂ ਤੋਂ ਸੱਖਣਾ



ਲੁਧਿਆਣਾ (ਰਾਜ ਸਿੰਗਲਾ)-ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਮਹਾਨ ਨਗਰ ਲੁਧਿਆਣਾ ਵਿੱਚ ਬਣਾਏ ਖੇਤਰੀ ਪਾਸਪੋਰਟ ਦਫ਼ਤਰ ਨੂੰ ਸੇਵਾ ਕੇਂਦਰ ਦਾ ਨਾਮ ਦਿੱਤਾ ਗਿਆ ਹੈ, ਪਰ ਇਸ ਦੇ ਉਲਟ ਇੱਥੇ ਬਜ਼ੁਰਗ ਤੇ ਦਵਿਆਂਗ ਵਿਅਕਤੀਆਂ ਨੂੰ ਸੇਵਾ ਦੀ ਥਾਂ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਦੱਸਣਯੋਗ ਹੈ ਕਿ ਸੇਵਾ ਕੇਂਦਰ ਦੀ ਬਿਲਡਿੰਗ ਦਾ ਲੇਵਲ ਸੜਕ ਗਰਾਊਂਡ ਨਾਲੋਂ ਕਾਫੀ ਉੱਚਾ ਹੈ ਇਹ ਲੇਵਲ ਉੱਚਾ ਹੋਣ ਕਰਕੇ ਬਿਲਡਿੰਗ ਅੰਦਰ ਪੌੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਪੌੜੀਆਂ ਅੰਦਰ ਆਮ ਤੇ ਸਧਾਰਨ ਵਿਅਕਤੀ ਬੜੇ ਆਰਾਮ ਨਾਲ ਆ ਜਾ ਸਕਦਾ ਹੈ, ਪ੍ਰੰਤੂ ਬਜ਼ੁਰਗ ਤੇ ਅਪਾਹਜ ਵਿਅਕਤੀਆਂ ਲਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਸਮੇਂ ਕਿਸੇ ਵਿਅਕਤੀ ਵੱਲੋਂ ਇਹ ਜਾਣਕਾਰੀ ਕੇਂਦਰੀ ਵਿਦੇਸ਼ ਮੰਤਰਾਲੇ ਦੇ ਧਿਆਨ ਹੇਠ ਲਿਆਂਦੀ ਗਈ ਸੀ ਕਿ ਸੇਵਾ ਕੇਂਦਰ ਅਧਿਕਾਰੀਆਂ ਵੱਲੋਂ ਆਰਜ਼ੀ ਤੌਰ ਵਾਲੀ ਇਕ ਲਿਫਟ ਇੱਕ ਵਿਅਕਤੀ ਵਾਲੀ ਲਗਵਾ ਦਿੱਤੀ ਗਈ ਸੀ, ਜੋ ਕਿ ਕੁਝ ਸਮੇਂ ਬਾਅਦ ਹੀ ਖਰਾਬ ਹੋ ਗਈ ਸੀ।ਸੇਵਾ ਕੇਂਦਰ ਅੰਦਰ ਜਦੋਂ ਅੱਜ ਮੌਕੇ ਦਾ ਜਾਇਜ਼ਾ ਲਿਆ ਤਾਂ ਪਤਾ ਚੱਲਿਆ ਕਿ ਅਪਾਹਜ ਤੇ ਬਜ਼ੁਰਗਾਂ ਲਈ ਕੋਈ ਵੀ ਸਹੂਲਤ ਸੇਵਾ ਕੇਂਦਰ ਲੁਧਿਆਣਾ ਵੱਲੋਂ ਨਹੀਂ ਦਿੱਤੀ ਜਾ ਰਹੀ। ਮੌਕੇ 'ਤੇ ਹਾਜ਼ਰੀਨ ਵਿਅਕਤੀ ਨੇ ਦੱਸਿਆ ਕਿ ਪਾਸਪੋਰਟ ਸੇਵਾ ਕੇਂਦਰ ਲੁਧਿਆਣਾ ਵਿਖੇ ਨਾ ਹੀ ਕਾਰ ਪਾਰਕਿੰਗ ਤੇ ਉਡੀਕ ਘਰ ਦਾ ਕੋਈ ਪ੍ਰਬੰਧ ਹੈ, ਜਦੋਂਕਿ ਸੇਵਾ ਕੇਂਦਰ ਪਾਸਪੋਰਟ ਦਫਤਰ ਲੁਧਿਆਣਾ ਵੱਲੋਂ ਫੀਸਾਂ ਪੂਰੀਆਂ ਲਈਆਂ ਜਾਂਦੀਆਂ ਹਨ।ਸਥਾਨਕ ਲੋਕਾਂ ਨੇ ਕੇਂਦਰੀ ਵਿਦੇਸ਼ ਵਿਭਾਗ ਦੇ ਮੈਂਬਰ ਪਾਰਲੀਮੈਂਟ ਤੇ ਕੇਂਦਰੀ ਵਿਦੇਸ਼ ਮੰਤਰੀ ਤੋਂ ਮੰਗ ਕੀਤੀ ਹੈ ਕਿ ਸੇਵਾ ਕੇਂਦਰ ਅੰਦਰ ਲਿਫਟ ਦਾ ਪ੍ਰਬੰਧ ਪੱਕੇ ਤੌਰ 'ਤੇ ਕਰਵਾਇਆ ਜਾਵੇ।

## ਐੱਨ ਸੀ ਸੀ ਏਅਰ ਵਿੰਗ ਕਮਾਂਡਿੰਗ ਅਫਸਰ ਵੱਲੋਂ ਏ ਐੱਨ ਓਜ਼ ਨਾਲ ਮੀਟਿੰਗ



ਨਾਭਾ (ਵਰਿੰਦਰ ਵਰਮਾ)-3 ਪੰਜਾਬ ਏਅਰ ਸਕੁਐਡਰਨ ਐੱਨਸੀਸੀ ਪਟਿਆਲਾ ਦੇ ਕਮਾਂਡਿੰਗ ਅਫਸਰ, ਗਰੁੱਪ ਕੈਪਟਨ ਅਜੇ ਭਾਰਦਵਾਜ ਨੇ ਏਅਰ ਸਕੁਐਡਰਨ ਐੱਨਸੀਸੀ ਪਟਿਆਲਾ ਵਿੱਚ ਆਉਣ ਵਾਲੇ ਸਾਰੇ ਕਾਲਜਾਂ ਤੇ ਸਕੂਲਾਂ ਦੇ ਏਐੱਨਓਜ਼ ਨਾਲ ਇੱਕ ਮੀਟਿੰਗ ਕੀਤੀ।ਇਸ ਮੀਟਿੰਗ ਦਾ ਮੁੱਖ ਉਦੇਸ਼ 2 ਜੁਲਾਈ ਤੋਂ ਆਉਣ ਵਾਲਾ ਸਾਲਾਨਾ ਸਿਖਲਾਈ ਕੈਂਪ ਸੀ, ਜੋ ਕਿ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਵਿਖੇ ਹੋਣ ਜਾ ਰਿਹਾ ਹੈ।ਮੀਟਿੰਗ ਦੌਰਾਨ, ਕਮਾਂਡਿੰਗ ਅਫਸਰ ਗਰੁੱਪ ਕੈਪਟਨ ਅਜੇ ਭਾਰਦਵਾਜ ਨੇ ਏਐੱਨਓਜ਼ ਨੂੰ ਉਨ੍ਹਾਂ ਦੇ ਫਰਜ਼ਾਂ ਤੋਂ ਜਾਣੂ ਕਰਵਾਇਆ ਗਿਆ।ਇਸ ਦੇ ਨਾਲ ਹੀ, ਉਨ੍ਹਾਂ ਨੇ ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਏਐੱਨਓਜ਼ ਨਾਲ ਵਿਚਾਰ-ਵਟਾਂਦਰਾ ਕੀਤਾ।ਯੂਨੀਵਰਸਿਟੀ ਕਾਲਜ ਘਨੌਰ ਤੋਂ ਫਲਾਇੰਗ ਅਫਸਰ ਅਰਵਿੰਦਰ ਸਿੰਘ, ਪੰਜਾਬ ਪਬਲਿਕ ਸਕੂਲ ਨਾਭਾ ਤੋਂ ਐੱਨਸੀਸੀ ਏਅਰ ਵਿੰਗ ਇੰਚਾਰਜ ਚੀਫ ਅਫਸਰ ਸ਼ਾਹਿਦ ਅਫਸਰ, ਮਲਟੀਪਰਪਜ਼ ਸਕੂਲ ਤੋਂ ਫਸਟ ਅਫਸਰ ਰਵਿੰਦਰ ਸਿੰਘ, ਸਰਕਾਰੀ ਸਕੂਲ ਤੋਂ ਥਰਡ ਅਫਸਰ ਜੋਤੀ, ਥਰਡ ਅਫਸਰ ਸੇਠਨਾ, ਥਰਡ ਅਫਸਰ ਸਿਮਰਨ, ਕਾਰਪੋਰਲ ਲਵਪ੍ਰੀਤ ਸਿੰਘ ਇਸ ਮੀਟਿੰਗ ਵਿੱਚ ਮੌਜੂਦ ਸਨ।

## ਮਾੜੀਕੇ ਦੇ ਨੌਜਵਾਨਾਂ ਨੇ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਏ




ਨਿਹਾਲ ਸਿੰਘ ਵਾਲਾ (ਨਵਲੀ ਕੁਮਾਰ)-ਮਾੜੀਕੇ ਦੇ ਨੌਜਵਾਨਾਂ ਨੇ ਵਾਤਾਵਰਣ ਦੀ ਸ਼ੁੱਧਤਾ ਤੇ ਆਲੇ ਦੁਆਲੇ ਨੂੰ ਹਰਿਆ ਭਰਿਆ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਾਉਣ ਦਾ ਟੀਚਾ ਮਿੱਥਿਆ ਹੈ। ਪੱਤਰਕਾਰ ਵੱਲੋਂ ਇਸ ਸਬੰਧੀ ਇਨ੍ਹਾਂ ਨੌਜਵਾਨਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਗਰਮੀ ਨੂੰ ਮੱਦੇਨਜ਼ਰ ਰੱਖਦੇ ਹੋਏ ਤੇ ਆਕਸੀਜਨ ਦੀ ਕਮੀ ਨੂੰ ਲੈ ਕੇ ਸਾਡੇ ਵੱਲੋਂ ਪੌਦੇ ਲਾਉਣ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਹੋਰ ਦੋਸਤਾਂ ਮਿੱਤਰਾਂ ਨੂੰ ਬੇਨਤੀ ਕਰਦੇ ਹਾਂ ਕੇ ਆਕਸੀਜਨ ਦੀ ਕਮੀ ਨੂੰ ਮੱਦੇਨਜ਼ਰ ਰੱਖਦੇ ਹੋਏ ਵੱਧ ਤੋਂ ਵੱਧ ਪੌਦੇ ਲਾਏ ਜਾਣ ਤਾਂ ਜੋ ਲੋਕਾਂ ਨੂੰ ਸਾਹ ਲੈਣ ਵਿੱਚ ਕੋਈ ਤਕਲੀਫ਼ ਨਾ ਆਵੇ।ਇਸ ਮੌਕੇ ਲਖਵਿੰਦਰ ਸਿੰਘ, ਨਰਿੰਦਰ ਸਿੰਘ, ਜਗਜੀਤ ਸਿੰਘ, ਯਵਰਾਜ ਸਿੰਘ ਗੁਲਸ਼ਨ ਸਿੰਘ ਤੋਂ ਇਲਾਵਾ ਛੋਟੇ ਛੋਟੇ ਬੱਚੇ ਹਾਜ਼ਰ ਸਨ।

## ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਐੱਮ ਏ ਅੰਗਰੇਜ਼ੀ ਦੀ ਰੈਗੂਲਰ ਪੜ੍ਹਾਈ ਸ਼ੁਰੂ




ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਉਚੇਰੀ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਖੇ ਅੰਗਰੇਜ਼ੀ ਵਿਭਾਗ ਦੀ ਐੱਮ. ਏ. (ਪੋਸਟ ਗ੍ਰੈਜੂਏਸ਼ਨ) ਦੀ ਡਿਗਰੀ ਨੂੰ ਰੈਗੂਲਰ ਤੌਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਤੋਂ ਪਹਿਲਾਂ ਕਾਲਜ ਵਿਖੇ ਐੱਮ.ਏ. ਅੰਗਰੇਜ਼ੀ ਦੀਆਂ ਕਲਾਸਾਂ ਐੱਚ.ਈ.ਆਈ.ਐੱਸ. ਅਧੀਨ ਲਗਾਈਆਂ ਜਾਂਦੀਆਂ ਸਨ।ਇਸ ਮੌਕੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਉਚੇਰੀ ਸਿੱਖਿਆ ਮੰਤਰੀ ਸ੍. ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਸਕੱਤਰ ਤੇ ਹਲਕਾ ਫ਼ਰੀਦਕੋਟ ਦੇ ਵਿਧਾਇਕ ਸ੍. ਗੁਰਦਿੱਤ ਸਿੰਘ ਸੇਖੋਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਪ੍ਰਿੰਸੀਪਲ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਚੇਰੀ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਾਲਜ ਵਿਖੇ ਐੱਮ.ਏ. ਅੰਗਰੇਜ਼ੀ ਦੀ ਪੜ੍ਹਾਈ ਨੂੰ ਰੈਗੂਲਰ ਤੌਰ 'ਤੇ ਸ਼ੁਰੂ ਕਰਨ ਲਈ ਇੱਕ ਪੱਤਰ ਜਾਰੀ ਕਰਕੇ 40 ਸੀਟਾਂ ਨੂੰ ਮਨਜ਼ੂਰ ਕਰ ਦਿੱਤਾ ਗਿਆ ਹੈ।ਇਸ ਮੌਕੇ ਪ੍ਰਿੰਸੀਪਲ ਰਾਜੇਸ਼ ਮੋਹਨ ਨੇ ਕਾਲਜ ਦੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਤੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਪੂਜਾ ਭੱਲਾ, ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਸ਼ਾਲਿਨੀ ਗੋਇਲ, ਰੂਸਾ ਦੇ ਇੰਚਾਰਜ ਡਾ. ਦੀਪਾ ਗੋਇਲ ਨੇ ਵੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਕਾਲਜ ਦਾ ਦਫ਼ਤਰੀ ਸਟਾਫ਼ ਹਾਜ਼ਰ ਸੀ।

## ਯੂਥ ਡਿਵੈਲਪਮੈਂਟ ਬੋਰਡ ਦੇ ਡਾਇਰੈਕਟਰ ਬਣਨ 'ਤੇ ਪੰਚਾਇਤ ਵੱਲੋਂ ਸਨਮਾਨ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਦੀ ਭਲਾਈ ਲਈ ਗਠਿਤ ਕੀਤੇ ਗਏ ਯੂਥ ਡਿਵੈਲਪਮੈਂਟ ਬੋਰਡ ਦਾ ਡਾਇਰੈਕਟਰ ਬਣਨ 'ਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਪਿੰਡ ਮੌਲਵੀਵਾਲਾ ਨਾਲ ਸੰਬੰਧਤ ਨੌਜਵਾਨ ਵਿਦਿਆਰਥੀ ਆਗੂ ਨਵਲਦੀਪ ਸਿੰਘ ਮੌਲਵੀਵਾਲਾ ਦਾ ਪਿੰਡ ਦੀ ਪੰਚਾਇਤ ਨੇ ਸਰਪੰਚ ਤਲਵਿੰਦਰ ਸਿੰਘ ਮਨੇਸ ਤੇ ਮੈਂਬਰ ਪੰਚਾਇਤ ਬਲਵੰਤ ਸਿੰਘ ਸੰਧੂ ਦੀ ਅਗਵਾਈ ਵਿੱਚ ਸਨਮਾਨ ਕੀਤਾ। ਸਨਮਾਨ ਕਰਨ ਉਪਰੰਤ ਸਰਪੰਚ ਤਲਵਿੰਦਰ ਸਿੰਘ ਮਨੇਸ਼ ਨੇ ਦੱਸਿਆ ਕਿ ਨਵਲਦੀਪ ਸਿੰਘ ਉਨ੍ਹਾਂ ਦੇ ਪਿੰਡ ਦਾ ਹੋਣਹਾਰ ਨੌਜਵਾਨ, ਜੋ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਿਦਿਆਰਥੀਆਂ ਦੇ ਹਿੱਤਾਂ ਦੀ ਲੜਾਈ ਲੜਦਾ ਆ ਰਿਹਾ ਹੈ।ਉਨ੍ਹਾਂ ਵੱਲੋਂ ਵਿਦਿਆਰਥੀ ਹਿੱਤਾਂ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਮੁੱਖ ਰੱਖਦਿਆਂ ਆਮ ਆਦਮੀ ਪਾਰਟੀ ਵੱਲੋਂ ਪਹਿਲਾਂ ਉਨ੍ਹਾਂ ਨੂੰ ਪਾਰਟੀ ਦੇ ਵਿਦਿਆਰਥੀ ਵਿੰਗ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਤੇ ਹੁਣ ਉਨ੍ਹਾਂ ਵੱਲੋਂ ਨੌਜਵਾਨ ਵਰਗ ਕੀਤੇ ਜਾ ਰਹੇ ਕੰਮਾਂ ਨੂੰ ਧਿਆਨ ਵਿੱਚ ਰੱਖਦਿਆਂ ਸੂਬਾ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਨ੍ਹਾਂ ਨੂੰ ਯੂਥ ਡਿਵੈਲਪਮੈਂਟ ਬੋਰਡ ਦਾ ਡਾਇਰੈਕਟਰ ਨਿਯੁਕਤ ਕਰਕੇ ਬਹੁਤ ਵੱਡਾ ਮਾਣ ਦਿੱਤਾ ਹੈ।ਇਸ ਦੌਰਾਨ ਨਵ-ਨਿਯੁਕਤ ਡਾਇਰੈਕਟਰ ਨਵਲਦੀਪ ਸਿੰਘ ਮੌਲਵੀਵਾਲਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਸਮੇਤ ਸਮੁੱਚੀ ਆਪ ਹਾਈ ਕਮਾਂਡ ਦਾ ਉਨ੍ਹਾਂ ਦੀ ਇਸ ਨਿਯੁਕਤੀ ਲਈ ਧੰਨਵਾਦ ਕਰਦਿਆਂ ਨੌਜਵਾਨ ਵਰਗ ਦੀ ਬਿਹਤਰੀ ਲਈ ਕੰਮ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਚਰਨ ਸਿੰਘ ਸਾਰਨਕੇ, ਭੁਪਿੰਦਰ ਸਿੰਘ, ਨਰਿੰਦਰਪਾਲ ਸਿੰਘ, ਮਹਿਲ ਸਿੰਘ ਅਤੇ ਅਮਰਜੀਤ ਸਿੰਘ ਆਦਿ ਹਾਜ਼ਰ ਸਨ।

## ਮਜੀਠੀਆ 'ਤੇ ਵਿਜੀਲੈਂਸ ਦੀ ਕਾਰਵਾਈ ਸਿਆਸੀ ਰੰਜਿਸ਼ : ਸੰਨੀ ਗਿੱਲ



ਮੋਗਾ (ਇਕਬਾਲ ਸਿੰਘ ਖਹਿਰਾ)-ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਜੋ ਬਦਲਾਖੋਰੀ ਦੀ ਨੀਤੀ ਨਾਲ ਵਿਜੀਲੈਂਸ ਦੀ ਰੇਡ ਕਰਵਾ ਕੇ ਕੋਰਟ ਵੱਲੋਂ ਰੋਕ ਦੇ ਬਾਵਜੂਦ ਗ੍ਰਿਫ਼ਤਾਰ ਕਰਵਾਇਆ ਹੈ, ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਿਆਸੀ ਰੰਜਿਸ਼ ਦਾ ਹਿੱਸਾ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾ ਕਿਹਾ ਕਿ ਸੱਚ ਦੀ ਆਵਾਜ਼ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ ਤੇ ਜੋ ਸਚਾਈ ਹੈ, ਉਹ ਸਭ ਦੇ ਸਾਹਮਣੇ ਹੈ ਅਤੇ ਅੱਜ ਇਸ ਗੱਲ ਦੀ ਹਰ ਵਿਅਕਤੀ ਜੰਮ ਕੇ ਨਿੰਦਾ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਬਿਕਰਮ ਸਿੰਘ ਮਜੀਠੀਆ 'ਤੇ ਕਾਰਵਾਈ ਕਰਵਾਈ ਗਈ ਸੀ, ਉਹ ਵੀ ਅਸਲੀ ਸੱਚ ਵੀ ਸਭ ਦੇ ਸਾਹਮਣੇ ਆ ਗਿਆ ਸੀ ਤੇ ਹੁਣ ਵੀ ਆ ਜਾਵੇਗਾ।ਸੰਨੀ ਗਿੱਲ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਬਿਨਾਂ ਕਿਸੇ ਅਹੁਦੇ ਤੋਂ ਪੰਜਾਬ ਵਾਸਤੇ ਜੋ ਬਿਆਨ ਦਿੰਦਾ ਹੈ, ਉਸ ਨੂੰ ਉਸ ਦਾ ਕੋਈ ਹੱਕ ਨਹੀਂ ਕਿਉਂਕਿ ਸੂਬੇ ਨੂੰ ਚਲਾਉਣ ਵਾਸਤੇ ਲੋਕਾਂ ਵੱਲੋਂ ਚੁਣੀ ਗਈ ਲੀਡਰਸ਼ਿਪ ਦੀ ਸਰਕਾਰ ਹੁੰਦੀ ਹੈ।ਪੰਜਾਬ ਦੇ ਲੋਕ ਗ਼ੈਰਤਮੰਦ ਹਨ ਤੇ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਉਸੇ ਤਰ੍ਹਾਂ ਸਬਕ ਸਿਖਾਉਣਗੇ ਜਿਵੇਂ ਦਿੱਲੀ ਦੇ ਲੋਕਾਂ ਨੇ ਸਿਖਾਇਆ।ਉਨ੍ਹਾਂ ਕਿਹਾ ਕਿ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਤੇ ਪੂਰੇ ਪੰਜਾਬ ਦਾ ਅਵਾਮ ਬਿਕਰਮ ਸਿੰਘ ਮਜੀਠੀਆ ਦੇ ਨਾਲ ਖੜ੍ਹਾ ਹੈ, ਕਿਉਂਕਿ ਉਹ ਸੱਚ 'ਤੇ ਪਹਿਰਾ ਦੇਣ ਵਾਲਾ ਪਾਰਟੀ ਦਾ ਜਰਨੈਲ ਹੈ।

## ਮਲੂਕਾ ਕੋਰ ਕਮੇਟੀ ਦੇ ਮੈਂਬਰ ਨਿਯੁਕਤ, ਅਕਾਲੀ ਖੇਮਾ ਬਾਗੋਬਾਗ



ਬਠਿੰਡਾ (ਰਾਜੀਵ ਗੋਇਲ)-ਸ਼੍ਰੋਮਣੀ ਅਕਾਲੀ ਦਲ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਨੂੰ ਲੈ ਕੇ 31 ਮੈਂਬਰੀ ਕੋਰ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਇਸ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਮਲੂਕਾ ਦੀ ਨਿਯੁਕਤੀ ਨੂੰ ਲੈ ਕੇ ਅਕਾਲੀ ਖੇਮਾ ਬਾਗੋਬਾਗ ਨਜ਼ਰ ਆ ਰਿਹਾ ਹੈ ਤੇ ਵਰਕਰਾਂ ਵੱਲੋਂ ਮਲੂਕਾ ਨੂੰ ਵਧਾਈ ਦਿੱਤੀ ਜਾ ਰਹੀ ਹੈ। ਇਸ ਮੌਕੇ ਮਲੂਕਾ ਨੂੰ ਵਧਾਈ ਦਿੰਦਿਆਂ ਅਕਾਲੀ ਆਗੂ ਗੁਰਤੇਜ ਸਿੰਘ ਚਾਨੀ ਨੇ ਕਿਹਾ ਕਿ ਅਸੀਂ ਸਾਰੇ ਵਰਕਰਾਂ ਨੂੰ ਨਾਲ ਲੈ ਕੇ ਮਲੂਕਾ ਲਈ ਦਿਨ-ਰਾਤ ਇੱਕ ਕਰਾਂਗੇ ਤੇ 2027 ਵਿੱਚ ਅਕਾਲੀ ਦਲ ਦੀ ਸਰਕਾਰ ਬਣਾਵਾਂਗੇ।

# ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ

### ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੇ ਵਫਦ ਨੇ ਐੱਸ.ਐੱਸ.ਪੀ. ਨੂੰ ਸੌਂਪਿਆ ਮੰਗ ਪੱਤਰ



ਮਾਲੇਰਕੋਟਲਾ (ਅਸਗਰ ਪਰਿਹਾਰ)-ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੇ ਵਫਦ ਵੱਲੋਂ ਸੋਸ਼ਲ ਮੀਡੀਆ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ 'ਤੇ ਕਾਨੂੰਨੀ ਕਾਰਵਾਈ ਕਰਨ ਸਬੰਧੀ ਐੱਸ.ਐੱਸ.ਪੀ. ਮਾਲੇਰਕੋਟਲਾ ਗਗਨ ਅਜੀਤ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੇ ਪ੍ਰਧਾਨ ਸਾਹਿਬਜ਼ਾਦਾ ਨਦੀਮ ਅਨਵਾਰ ਖਾਂ ਨੇ ਦੱਸਿਆ ਕਿ ਪੈਗੰਬਰ ਮੁਹੰਮਦ ਸਾਹਿਬ ਤੇ ਇਸਲਾਮ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਵਿਰੁੱਧ ਐੱਸ.ਐੱਸ.ਪੀ. ਮਾਲੇਰਕੋਟਲਾ ਨੂੰ ਸ਼ਿਕਾਇਤ ਦੇ ਕੇ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ ਦੇ ਵੱਖ-ਵੱਖ ਸਾਧਨਾਂ ਰਾਹੀਂ ਇੱਕ ਵੀਡੀਓ ਜਾਰੀ ਹੋਈ, ਜਿਸ ਵਿੱਚ ਇੱਕ ਵਿਅਕਤੀ ਨੇ ਜਨਤਕ ਤੌਰ 'ਤੇ ਪੈਗੰਬਰ ਮੁਹੰਮਦ ਵਿਰੁੱਧ ਬਹੁਤ ਹੀ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਹੈ ਤੇ ਇਸਲਾਮ ਧਰਮ ਵਿਰੁੱਧ ਬਹੁਤ ਹੀ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ, ਇਨ੍ਹਾਂ ਟਿੱਪਣੀਆਂ ਨੇ ਮੁਸਲਿਮ ਭਾਈਚਾਰੇ 'ਚ ਕਾਫ਼ੀ ਰੋਸ ਪੈਦਾ ਕੀਤਾ ਹੈ। ਅਜਿਹੇ ਬਿਆਨ ਨਾ ਸਿਰਫ਼ ਲੱਖਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਂਦੇ ਹਨ, ਬਲਕਿ ਫ਼ਿਰਕੂ ਅਸ਼ਾਂਤੀ ਤੇ ਅਸਹਿਮਤੀ ਨੂੰ ਭੜਕਾਉਣ ਦੇ ਸਮਰੱਥ ਵੀ ਹਨ।ਇਹ ਕਾਰਵਾਈ ਇੱਕ ਖ਼ਾਸ ਭਾਈਚਾਰੇ ਨੂੰ ਭੜਕਾਉਣ, ਜਨਤਕ ਸ਼ਾਂਤੀ ਨੂੰ ਭੰਗ ਕਰਨ ਤੇ ਸਮਾਜ ਵਿੱਚ ਨਫ਼ਰਤ ਫੈਲਾਉਣ ਦੀ ਜਾਣ ਬੁੱਝ ਕੇ ਕੀਤੀ ਗਈ ਕੋਸ਼ਿਸ਼ ਜਾਪਦੀ ਹੈ, ਜਿਸ ਦੇ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਸੰਬੰਧੀ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਐੱਸ.ਐੱਸ.ਪੀ. ਗਗਨ ਅਜੀਤ ਸਿੰਘ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਇਸ ਸਬੰਧੀ ਛੇਤੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਮੁਹੰਮਦ ਅਖਲਾਕ, ਮੁਕੱਰਮ ਸੈਫ਼ੀ, ਮੁਹੰਮਦ ਸ਼ਾਹਿਦ, ਸੁਹੈਬ ਅਹਿਮਦ ਖਾਨ ਸ਼ੈਬੀ, ਸ਼ਹਿਜ਼ਦ ਹੁਸੈਨ, ਸਾਬਿਰ ਅਲੀ ਜੋਸ਼ੀ, ਮੁਹੰਮਦ ਇਰਫਾਨ ਆਦਿ ਹਾਜ਼ਰ ਸਨ।

## ਮਨਦੀਪ ਸਿੰਘ ਕੋਟਲਾ ਦੇ ਹਲਕਾ ਸੰਗਠਨ ਇੰਚਾਰਜ ਬਣਨ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ : ਸੋਨੀ ਧਾਲੀਵਾਲ

### ਵਿਧਾਇਕ ਸੁਖਾਨੰਦ ਦਾ ਕੋਟਲਾ ਨੂੰ ਨਵੀਂ ਜ਼ਿੰਮੇਵਾਰੀ ਦੇਣ 'ਤੇ ਕੀਤਾ ਧੰਨਵਾਦ



ਬਾਘਾ ਪੁਰਾਣਾ (ਮਨੀ ਸਿੰਗਲਾ)-ਸੂਬੇ ਵਿੱਚ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਪ ਹਾਈਕਮਾਂਡ ਵੱਲੋਂ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਹੋਰ ਮਜ਼ਬੂਤੀ ਤੇ ਚੋਣਾਂ ਦੀ ਤਿਆਰੀ ਨੂੰ ਲੈ ਕੇ ਸੂਬੇ ਅੰਦਰ ਹਲਕਾ ਸੰਗਠਨ ਇੰਚਾਰਜ ਲਗਾਏ ਗਏ ਹਨ, ਜਿਸ ਤਹਿਤ ਮੋਗਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਮਨਦੀਪ ਸਿੰਘ ਮਾਨ ਕੋਟਲਾ ਨੂੰ ਹਲਕਾ ਬਾਘਾ ਪੁਰਾਣਾ ਦਾ ਸੰਗਠਨ ਇੰਚਾਰਜ ਲਗਾਇਆ ਗਿਆ ਹੈ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਅਤੀ ਨਜ਼ਦੀਕੀ ਮੰਨੇ ਜਾਂਦੇ ਸੋਨੀ ਧਾਲੀਵਾਲ ਨੇ ਮਨਦੀਪ ਸਿੰਘ ਮਾਨ ਨੂੰ ਹਲਕਾ ਬਾਘਾ ਪੁਰਾਣਾ ਦਾ ਸੰਗਠਨ ਇੰਚਾਰਜ ਲਗਾਏ ਜਾਣ 'ਤੇ ਜਿੱਥੇ ਵਧਾਈ ਦਿੱਤੀ, ਉੱਥੇ ਹੀ ਵਿਧਾਇਕ ਸੁਖਾਨੰਦ ਦਾ ਵੀ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੀ ਸਿਫਾਰਿਸ਼ 'ਤੇ ਚੇਅਰਮੈਨ ਮਨਦੀਪ ਸਿੰਘ ਮਾਨ ਕੋਟਲਾ ਨੂੰ ਅਹਿਮ ਅਹੁਦਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਚੇਅਰਮੈਨ ਮਨਦੀਪ ਸਿੰਘ ਮਾਨ ਬਹੁਤ ਹੀ ਮਿਹਨਤੀ ਆਗੂ ਹੈ, ਜਿਸ ਦੀ ਅਗਵਾਈ ਵਿੱਚ ਹਲਕੇ ਅੰਦਰ ਆਮ ਆਦਮੀ ਪਾਰਟੀ ਪਹਿਲਾਂ ਨਾਲੋਂ ਹੋਰ ਵੀ ਮਜ਼ਬੂਤ ਹੋਵੇਗੀ।ਇਸ ਮੌਕੇ ਗੱਲਬਾਤ ਕਰਦਿਆਂ ਮਨਦੀਪ ਸਿੰਘ ਮਾਨ ਨੇ ਕਿਹਾ ਕਿ ਵਿਧਾਇਕ ਸੁਖਾਨੰਦ ਦੀ ਅਗਵਾਈ ਵਿੱਚ ਹਲਕਾ ਬਾਘਾ ਪੁਰਾਣਾ 'ਚ ਵਿਕਾਸ ਦੇ ਕੰਮ ਜ਼ੋਰਾਂ 'ਤੇ ਹਨ ਅਤੇ ਉਹ ਪਾਰਟੀ ਦੇ ਸੁਝਾਅ ਅਨੁਸਾਰ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਤੇ ਹੱਲ ਕਰਨ ਲਈ ਵਚਨਬੱਧ ਹਨ।ਉਨ੍ਹਾਂ ਪਾਰਟੀ ਵਰਕਰਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਤੇ ਆਗਾਮੀ ਚੋਣਾਂ ਦੀਆਂ ਤਿਆਰੀਆਂ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਣ ਦੀ ਅਪੀਲ ਕੀਤੀ।ਕੋਟਲਾ ਨੇ ਕਿਹਾ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਦਿਨ-ਰਾਤ ਮਿਹਨਤ ਕਰਨਗੇ ਤੇ ਪਾਰਟੀ ਦੇ ਸਿਧਾਂਤਾਂ ਨੂੰ ਅੱਗੇ ਵਧਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

## ਜਵਾਹਰ ਨਵੋਦਿਆ ਵਿਦਿਆਲਿਆ 'ਚ ਛੇਵੀਂ ਜਮਾਤ ਦੇ ਦਾਖਲੇ ਲਈ ਪ੍ਰੀਖਿਆ 13 ਦਸੰਬਰ ਨੂੰ

### ਆਨਲਾਈਨ ਪੋਰਟਲ 'ਤੇ 29 ਜੁਲਾਈ ਤੱਕ ਕੀਤਾ ਜਾ ਸਕਦੈ ਬਿਨੈ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਜਵਾਹਰ ਨਵੋਦਿਆ ਵਿਦਿਆਲਿਆ ਵੜਿੰਗ ਖੇੜਾ ਵੱਲੋਂ ਛੇਵੀਂ ਜਮਾਤ ਵਿੱਚ ਦਾਖਲਾ ਪ੍ਰੀਖਿਆ ਲਈ ਆਨਲਾਈਨ ਬਿਨੈ-ਪੱਤਰ ਦਾਖਲ ਕਰਵਾਉਣ ਦੀ ਪ੍ਰਕਿਰਿਆ ਆਰੰਭ ਹੋ ਚੁੱਕੀ ਹੈ, ਜੋ ਕਿ ਆਨਲਾਈਨ ਪੋਰਟਲ 'ਤੇ 29 ਜੁਲਾਈ 2025 ਤੱਕ ਜਾਰੀ ਰਹੇਗੀ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਦੱਸਿਆ ਕਿ ਸਾਲ 2026-27 ਲਈ ਨਵੋਦਿਆ ਚੋਣ ਪ੍ਰੀਖਿਆ 13 ਦਸੰਬਰ 2025 ਨੂੰ ਹੋਵੇਗੀ।ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸਕੂਲਾਂ ਵਿਖੇ ਪੰਜਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਇਸ ਦਾਖਲਾ ਪ੍ਰੀਖਿਆ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਲੋੜਵੰਦ ਵਿਦਿਆਰਥੀ ਇਸ ਦਾ ਲਾਭ ਹਾਸਲ ਕਰ ਸਕਣ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਨਲਾਈਨ ਫਾਰਮ ਭਰਨ ਬਾਰੇ ਸੁਚੇਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਮੁਫ਼ਤ ਰਜਿਸਟ੍ਰੇਸ਼ਨ ਕਰਵਾ ਸਕਣ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਚਾਹਵਾਨ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਮੌਕੇ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ ਹੈ।ਪ੍ਰੀਖਿਆ ਸੰਬੰਧੀ ਸਾਰੀ ਜਾਣਕਾਰੀ ਵਿਸਤਾਰ ਪੂਰਵਕ ਵੈੱਬਸਾਈਟ https://navodaya.gov.in 'ਤੇ ਉਪਲਬਧ ਹੈ।

## ਲਾਪ੍ਰਵਾਹੀ ਵਰਤਣ ਕਾਰਨ ਏ.ਪੀ.ਓ. ਸਮੇਤ 9 ਕਰਮਚਾਰੀ ਮੁਅੱਤਲ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਅਭਿਜੀਤ ਕਪਲਿਸ਼ ਵੱਲੋਂ ਪ੍ਰਬੰਧਕੀ ਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਮਗਨਰੇਗਾ ਸਕੀਮ ਅਧੀਨ ਬਲਾਕਾਂ ਵਿੱਚ ਵੱਖ-ਵੱਖ ਆਸਾਮੀਆਂ 'ਤੇ ਕੰਮ ਕਰ ਰਹੇ ਕਰਮਚਾਰੀਆਂ ਵੱਲੋਂ ਡਿਊਟੀ ਪ੍ਰਤੀ ਲਾਹਪ੍ਰਵਾਹੀ ਕਰਨ ਤੇ ਦਿੱਤੇ ਗਏ ਟਾਰਗੇਟ ਨੂੰ ਸਮੇਂ ਸਿਰ ਪੂਰਾ ਨਾ ਕਰਨ ਸਬੰਧੀ ਏ.ਪੀ.ਓ. ਸਮੇਤ 9 ਕਰਮਚਾਰੀਆਂ ਨੂੰ ਤੁਰੰਤ ਡਿਊਟੀ ਤੋਂ ਮੁਅੱਤਲ ਕੀਤਾ ਹੈ।ਇਨ੍ਹਾਂ ਕਰਮਚਾਰੀਆਂ 'ਚ ਮਲੋਟ ਦੇ ਏ.ਪੀ.ਓ. ਸੁਖਦੇਵ ਸਿੰਘ, ਮਲੋਟ ਦੇ ਹੀ ਤਕਨੀਕੀ ਸਹਾਇਕ ਅਜੇ ਸ਼ਰਮਾ, ਸ੍ਰੀ ਮੁਕਤਸਰ ਸਾਹਿਬ ਦੇ ਤਕਨੀਕੀ ਸਹਾਇਕ ਨਿਸ਼ਾਤ ਵਾਟਸ, ਮਲੋਟ ਦੇ ਤਕਨੀਕੀ ਸਹਾਇਕ ਰਮਨਦੀਪ ਕੌਰ, ਸ੍ਰੀ ਮੁਕਤਸਰ ਸਾਹਿਬ ਦੇ ਦੋ ਗ੍ਰਾਮ ਰੋਜ਼ਗਾਰ ਸੇਵਕ, ਸਮਸ਼ੇਰ ਸਿੰਘ ਤੇ ਗੁਰਬਿੰਦਰ ਸਿੰਘ, ਗਿੱਦੜਬਾਹਾ ਦੇ ਗਰਾਮ ਰੋਜ਼ਗਾਰ ਸੇਵਕ ਗੁਰਪ੍ਰੀਤ ਸਿੰਘ, ਮਲੋਟ ਦੇ ਗਰਾਮ ਰੋਜ਼ਗਾਰ ਸੇਵਕ ਹਰਵਿੰਦਰ ਸਿੰਘ ਤੇ ਲੰਬੀ ਦੇ ਗਰਾਮ ਰੋਜ਼ਗਾਰ ਸੇਵਕ ਸੁਖਮੰਦਰ ਸਿੰਘ ਸ਼ਾਮਲ ਹਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਪਾਰਦਰਸ਼ੀ, ਸਮਾਂਬੱਧ ਤੇ ਸੁਖਾਲੀਆਂ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀ ਕਿਸੇ ਵੀ ਯੋਜਨਾ ਨੂੰ ਜ਼ਿਲ੍ਹੇ ਵਿੱਚ ਲਾਗੂ ਕਰਨ ਮੌਕੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਵਰਤੀ ਗਈ ਲਾਪ੍ਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਬੰਧਤ ਵਿਅਕਤੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣੀ ਯਕੀਨੀ ਬਣਾਈ ਜਾਵੇਗੀ।

## ਰੈਜ਼ੀਡੈਂਟ ਡਾਕਟਰਜ਼ ਐਸੋਸੀਏਸ਼ਨ ਵੱਲੋਂ ਓ ਪੀ ਡੀ ਦੇ ਬਾਹਰ ਸ਼ਾਂਤਮਈ ਪ੍ਰਦਰਸ਼ਨ



ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿੱਚ ਰੈਜ਼ੀਡੈਂਟ ਡਾਕਟਰਾਂ ਵੱਲੋਂ ਆਪਣੀ ਵਜ਼ੀਫ਼ਾ ਵਾਧੇ ਦੀ ਮੰਗ ਨੂੰ ਲੈ ਕੇ ਓਪੀਡੀ ਦੀ ਸੇਵਾਵਾਂ ਨੂੰ ਬੰਦ ਰੱਖ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਗਿਆ।ਇਹ ਕਦਮ ਪੰਜਾਬ ਸਰਕਾਰ ਦੁਆਰਾ ਰੈਜ਼ੀਡੈਂਟ ਡਾਕਟਰਾਂ ਦੇ ਵਜ਼ੀਫ਼ੇ ਵਿੱਚ ਕੋਈ ਵਾਧਾ ਨਾ ਕਰਨ ਤੇ ਹੋਰ ਰਾਜਾਂ ਦੇ ਮੁਕਾਬਲੇ ਘੱਟ ਵਜ਼ੀਫ਼ਾ ਦੇਣ ਦੇ ਵਿਰੋਧ ਵਜੋਂ ਚੁੱਕਿਆ ਗਿਆ ਹੈ।ਇਸ ਮੌਕੇ ਰੈਜ਼ੀਡੈਂਟ ਡਾਕਟਰਾਂ ਨੇ ਕਿਹਾ ਕਿ ਜਦ ਤੱਕ ਉਨ੍ਹਾਂ ਦੀਆਂ ਮੰਗਾਂ ਨੂੰ ਨਹੀਂ ਮਨਿਆ ਜਾਂਦਾ, ਤਦ ਤੱਕ ਰੋਸ ਜਾਰੀ ਰਹੇਗਾ।ਉਨ੍ਹਾਂ ਆਮ ਲੋਕਾਂ ਤੋਂ ਸਹਿਯੋਗ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਹ ਸੰਘਰਸ਼ ਸਿਰਫ਼ ਡਾਕਟਰਾਂ ਲਈ ਨਹੀਂ, ਸਗੋਂ ਭਵਿੱਖ ਦੇ ਸਿਹਤ ਪ੍ਰਣਾਲੀ ਨੂੰ ਬਚਾਉਣ ਲਈ ਹੈ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਐਮਰਜੈਂਸੀ ਸੇਵਾਵਾਂ ਪਹਿਲਾਂ ਵਾਂਗ ਹੀ ਚਲਦੀਆਂ ਰਹਿਣਗੀਆਂ। ਪੰਜਾਬ ਦੇ ਰੈਜ਼ੀਡੈਂਟ ਡਾਕਟਰਾਂ ਤੇ ਇੰਟਰਨਸ ਵੱਲੋਂ ਵਿੱਤੀ ਇਨਸਾਫ ਦੀ ਮੰਗ ਕਰਦਿਆਂ ਹੋਏ ਜੀ ਜੀ ਐੱਸ ਮੈਡੀਕਲ ਕਾਲਜ ਦੇ ਡਾਕਟਰਾਂ ਨੇ 4 ਘੰਟੇ ਲਈ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਮਹਿੰਗਾਈ ਦੇ ਸਮੇਂ 'ਚ ਰੁਕੀ ਹੋਈ ਵਜ਼ੀਫ਼ਾ ਰਕਮ ਕਤਈ ਮਨਜ਼ੂਰ ਨਹੀਂ, ਇਸ ਨੂੰ ਸਮੇਂ ਸਿਰ ਰਿਲੀਜ਼ ਕੀਤਾ ਜਾਵੇ।ਇਸ ਤੋਂ ਇਲਾਵਾ ਮੰਗਾਂ ਦੀ ਸੂਚੀ 'ਚ ਡੀ ਏ (41) ਨਾਲ ਜੁੜੀ ਹੋਈ ਵਜ਼ੀਫਾ, ਐੱਨਪੀਏ ਮੁੜ ਲਾਗੂ ਕੀਤੀ ਜਾਵੇ, ਥੱਕਾਵਟ ਭਰੀ ਸੇਵਾ ਦਾ ਉਚਿਤ ਮੁੱਲ ਸਮੇਂ ਸਿਰ ਦਿੱਤਾ ਜਾਵੇ।ਉਨ੍ਹਾਂ ਵਜ਼ੀਫਾ ਵਧਾਉਣ ਸਬੰਧੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ, ਹੈਲਥ ਮਿਨਿਸਟਰ ਪੰਜਾਬ ਤੇ ਸ੍ਰੀ ਜੇ. ਪੀ. ਨੱਢਾ, ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਅਤੇ ਰਸਾਇਣ ਤੇ ਖਾਦ ਮੰਤਰੀ ਨੂੰ ਈਮੇਲ ਭੇਜ ਕੇ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ।

## ਰੂਰਲ ਯੂਥ ਕਲੱਬ ਵੱਲੋਂ ਸਿਲਾਈ ਸੈਂਟਰ ਚਲਾਉਣਾ ਸ਼ਲਾਘਾਯੋਗ : ਮਾਨਸ਼ਾਹੀਆ

### ਲੜਕੀਆਂ ਨੂੰ ਸਵੈ-ਨਿਰਭਰ ਬਣਾਉਣਾ ਹੀ ਐਸੋਸੀਏਸ਼ਨ ਦਾ ਟੀਚਾ : ਰਜਿੰਦਰ ਵਰਮਾ



ਮਾਨਸਾ (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਰੂਰਲ ਕਲੱਬ ਐਸੋਸੀਏਸ਼ਨ ਮਾਨਸਾ ਵੱਲੋਂ ਮਾਨਸਾ ਵਿਖੇ ਸਿਲਾਈ ਸੈਂਟਰ ਖੋਲ੍ਹਣਾ ਇੱਕ ਸ਼ਲਾਘਾਯੋਗ ਉਪਰਾਲਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਲਾਈ ਸੈਂਟਰਾਂ 'ਚੋਂ ਸਿਖਲਾਈ ਲੈਣ ਉਪਰੰਤ ਲੜਕੀਆਂ ਨੂੰ ਸਰਟੀਫਿਕੇਟ ਵੰਡਣ ਸਮੇਂ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍. ਨਾਜ਼ਰ ਸਿੰਘ ਮਾਨਸ਼ਾਹੀਆ ਸਾਬਕਾ ਵਿਧਾਇਕ ਵੱਲੋਂ ਕੀਤਾ ਗਿਆ।ਮਾਨਸ਼ਾਹੀਆ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਪੰਜਾਬ ਦਾ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਲੜਕੀਆਂ 'ਚ ਆਤਮ ਵਿਸ਼ਵਾਸ ਵਧੇਗਾ, ਕਿਉਂਕਿ ਉਹ ਆਪਣਾ ਰੁਜ਼ਗਾਰ ਖੁਦ ਚਲਾਉਣ ਦੇ ਸਮਰੱਥ ਹੋ ਸਕਣਗੀਆਂ।ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਕੰਮ ਵਿੱਚ ਨਿਪੁੰਨ ਹੋਣਾ ਅਤਿ ਜ਼ਰੂਰੀ ਹੈ ਤਾਂ ਜੋ ਸਰਕਾਰੀ ਨੌਕਰੀ ਨਾ ਮਿਲਣ 'ਤੇ ਵੀ ਆਪਣਾ ਰੁਜ਼ਗਾਰ ਚਲਾ ਕੇ ਆਪਣੇ ਪੈਰਾਂ 'ਤੇ ਆਪ ਖੜਾ ਹੋ ਸਕੇ। ਦੂਸਰੇ 'ਤੇ ਨਿਰਭਰ ਵਿਅਕਤੀ ਇੱਕ ਤਰ੍ਹਾਂ ਨਾਲ ਗੁਲਾਮਾਂ ਵਰਗਾ ਜੀਵਨ ਬਸਰ ਕਰ ਰਿਹਾ ਹੁੰਦਾ ਹੈ ਤੇ ਜੀਵਨ 'ਚ ਨਿਰਾਸ਼ਤਾ ਉਸ ਦਾ ਕਦੇ ਵੀ ਪੱਲਾ ਨਹੀਂ ਛੱਡਦੀ।

ਜ਼ਿਲ੍ਹਾ ਪ੍ਰਧਾਨ ਰਾਜਿੰਦਰ ਵਰਮਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਤੇ ਮਨੋਜ਼ ਕੁਮਾਰ, ਪ੍ਰਿੰਸੀਪਲ ਹੇਮਰਾਜ ਸ਼ਰਮਾ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਪਿਛਲੇ ਛੇ ਮਹੀਨਿਆਂ ਤੋਂ ਲੜਕੀਆਂ ਨੂੰ ਸਿਲਾਈ ਦਾ ਕੰਮ ਸਿਖਾਇਆ ਜਾ ਰਿਹਾ ਸੀ, ਅੱਜ ਕੋਰਸ ਮੁਕੰਮਲ ਹੋਣ 'ਤੇ ਉਨ੍ਹਾਂ ਨੂੰ ਸਰਟੀਫਿਕੇਟ ਦਿੱਤੇ ਗਏ ਹਨ।ਇਸ ਦੇ ਨਾਲ ਹੀ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਤੋਂ ਵੀ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਪਾਸੋਂ ਬੱਚਿਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਜ਼ਿਲ੍ਹਾ ਰੂਰਲ ਯੂਥ ਐਸੋਸੀਏਸ਼ਨ ਮਾਨਸਾ ਦੇ ਮਹਿਲਾ ਵਿੰਗ ਦੇ ਕੁਆਰਡੀਨੇਟਰ ਮੰਜੂ ਜਿੰਦਲ ਤੇ ਹਰਪਾਲ ਕੌਰ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਲੋੜਵੰਦ ਪਰਿਵਾਰਾਂ ਅਤੇ ਬੱਚਿਆਂ ਦੀ ਮੱਦਦ ਕੀਤੀ ਜਾਂਦੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਲਾਈ ਟੀਚਰ ਸਲੋਚਨਾ, ਲਖਵੀਰ ਸਿੰਘ, ਗੁਰਮੇਲ ਸਿੰਘ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ, ਦੀਪਾਲੀ ਹੰਸ, ਮੈਡਮ ਰੇਖਾ, ਪ੍ਰਿਅੰਕਾ, ਗਗਨਦੀਪ ਸਿੰਘ ਆਦਿ ਹਾਜ਼ਰ ਸਨ।

## ਨਵੀਂ ਲੈਂਡ ਪੂਲਿੰਗ ਪਾਲਿਸੀ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਮੁੱਖ ਮੰਤਰੀ ਪੰਜਾਬ ਸ੍. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲਿਆਂਦੀ ਗਈ ਨਵੀਂ ਲੈਂਡ ਪੂਲਿੰਗ ਪਾਲਿਸੀ ਸਬੰਧੀ ਉਪ ਮੰਡਲ ਮੈਜਿਸਟਰੇਟ-ਕਮ-ਲੈਂਡ ਐਕਜੂਏਸ਼ਨ ਕੁਲੈਕਟਰ ਬਠਿੰਡਾ ਬਲਕਰਨ ਸਿੰਘ ਮਾਹਲ ਵੱਲੋਂ ਪਿੰਡ ਨਰੂਆਣਾ ਤੇ ਪੱਤੀ-ਝੁੱਟੀ, ਬਠਿੰਡਾ ਦੇ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ।ਇਸ ਦੌਰਾਨ ਉਪ ਮੰਡਲ ਮੈਜਿਸਟਰੇਟ-ਕਮ-ਲੈਂਡ ਐਕਜੂਏਸ਼ਨ ਕੁਲੈਕਟਰ ਬਠਿੰਡਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਤਹਿਤ ਪਿੰਡ ਜੋਧਪੁਰ, ਨਰੂਆਣਾ ਤੇ ਪੱਤੀ ਝੁੱਟੀ ਵਿਖੇ ਨਵੇਂ ਅਰਬਨ ਅਸਟੇਟ ਸਥਾਪਤ ਕਰਨ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਅਰਬਨ ਅਸਟੇਟਾਂ ਵਿੱਚ ਭਾਈਵਾਲ ਤੌਰ 'ਤੇ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ।ਇਸ ਦੌਰਾਨ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਲੈਂਡ ਪੂਲਿੰਗ ਨਾਲ ਹੋਣ ਵਾਲੇ ਫਾਇਦਿਆਂ ਸਬੰਧੀ ਵਿਸਥਾਰ ਨਾਲ ਦੱਸਿਆ ਗਿਆ।ਇਸ ਮੌਕੇ ਉਪਰੋਕਤ ਪਿੰਡਾਂ ਦੇ ਕਰੀਬ 60 ਕਿਸਾਨ ਹਾਜ਼ਰ ਸਨ।

# ਮਰਹੂਮ ਸਰਬਣ ਸਿੰਘ ਵਿਰਦੀ ਨੂੰ ਪਹਿਲੀ ਬਰਸੀ ਮੌਕੇ ਸ਼ਰਧਾਂਜਲੀਆਂ



ਸਵਰਗੀ ਸਰਵਨ ਸਿੰਘ ਵਿਰਦੀ ਨੂੰ ਸ਼ਰਧਾਂਜਲੀਆਂ ਭੇਟ ਕਰਦੇ ਹੋਏ ਸਾਬਕਾ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ।

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)

ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂ ਸਰਬਣ ਸਿੰਘ ਵਿਰਦੀ ਦੀ ਪਹਿਲੀ ਬਰਸੀ ਮੌਕੇ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਕੀਤਾ ਗਿਆ, ਜਿਸ ਦੌਰਾਨ ਵੱਖ-ਵੱਖ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਸਵਰਗੀ ਵਿਰਦੀ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਉਨ੍ਹਾਂ ਵੱਲੋਂ ਅਕਾਲੀ ਸਿਆਸਤ ਤੇ ਸਮਾਜ ਸੇਵਾ ਵਿੱਚ ਪਾਏ ਯੋਗਦਾਨ ਲਈ ਯਾਦ ਕੀਤਾ ਗਿਆ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਪੰਥ ਦੇ ਮਹਾਨ ਕੀਰਤਨੀਏ ਬਾਬਾ ਗੁਰਜੀਤ ਸਿੰਘ ਹਰੀਗੜ੍ਹ ਵਾਲਿਆਂ ਦੇ ਜਥੇ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ ਸਵਰਗੀ ਸਰਬਣ ਸਿੰਘ ਵਿਰਦੀ ਦਾ ਪਰਿਵਾਰ ਹਮੇਸ਼ਾ ਪੰਥ ਪ੍ਰਸਤ ਰਿਹਾ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਸਮੇਂ ਸਵਰਗੀ ਵਿਰਦੀ ਦੇ ਪਿਤਾ ਜੀ ਸਮਾਗਮ ਦਾ ਹਿੱਸਾ ਸਨ।ਉਨ੍ਹਾਂ ਕਿਹਾ ਕਿ ਸਰਵਣ ਸਿੰਘ ਦੇ ਪੁੱਤਰ ਜਥੇਦਾਰ ਗੋਬਿੰਦ ਸਿੰਘ ਵਿਰਦੀ ਦੇ ਰਾਮਗੜ੍ਹੀਆ ਪਰਿਵਾਰ ਨਾ ਸਿਰਫ ਅਕਾਲੀ ਸਿਆਸਤ ਵਿੱਚ ਚਮਕਦਾ ਸਿਤਾਰਾ ਹੈ, ਸਗੋਂ ਸਨਅਤੀ ਖੇਤਰ ਵਿੱਚ ਵੀ ਇਸ ਪਰਿਵਾਰ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਹੈ।

ਉਨ੍ਹਾਂ ਸਵਰਗੀ ਵਿਰਦੀ ਦੇ ਜੀਵਨ ਤੋਂ ਸੇਧ ਲੈਣ ਦਾ ਸੱਦਾ ਦਿੰਦਿਆਂ ਹਾਜ਼ਰ ਸੰਗਤਾਂ ਨੂੰ ਕਿਹਾ ਕਿ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਪੈਸੇ ਦੀ ਬਹੁਤ ਅਹਿਮੀਅਤ ਹੈ, ਪਰ ਪੈਸਾ ਕਦੇ ਕਿਸੇ ਦੇ ਨਾਲ ਨਹੀਂ ਜਾਂਦਾ, ਜਿਹੜੇ ਲੋਕ ਸਮਾਜ ਸੇਵਾ ਵਿੱਚ ਹਿੱਸਾ ਪਾਉਂਦੇ ਹਨ, ਲੋਕ ਉਨ੍ਹਾਂ ਨੂੰ ਹੀ ਯਾਦ ਕਰਦੇ ਹਨ।ਸਮਾਗਮ ਦੌਰਾਨ ਜਿੱਥੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਤੇ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਹਾਜ਼ਰੀ ਲਵਾਈ, ਉੱਥੇ ਸਾਬਕਾ ਲੋਕ ਸਭਾ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸ਼ੋਕ ਸੰਦੇਸ਼ ਭੇਜ ਕੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਸਵਰਗੀ ਵਿਰਦੀ ਦੇ ਜੀਵਨ ਤੋਂ ਸੇਧ ਲੈਣ ਦਾ ਸੁਨੇਹਾ ਦਿੱਤਾ।ਸਮਾਗਮ ਦੌਰਾਨ ਸੀਨੀਅਰ ਭਾਜਪਾ ਆਗੂ ਰਮੇਸ਼ ਕੁਮਾਰ ਕੁੱਕੂ, ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਜਗਮੀਤ ਸਿੰਘ ਹਰਿਆਊ ਤੇ ਡਾਕਟਰ ਬਹਾਦਰ ਸਿੰਘ ਘੱਗਾ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ, ਟਰੱਕ ਯੂਨੀਅਨ ਪਾਤੜਾਂ ਦੇ ਸਾਬਕਾ ਪ੍ਰਧਾਨ ਸੁਖਜੀਤ ਸਿੰਘ ਹੈਪੀ ਕਾਲੇਕਾ, ਸਾਬਕਾ ਜਿਲਾ ਪਰਿਸ਼ਦ ਮੈਂਬਰ ਪ੍ਰਿੰਸੀਪਲ ਨਿਧਾਨ ਸਿੰਘ ਜੈਖਰ, ਕਰਨੈਲ ਸਿੰਘ ਵਿਰਦੀ, ਤਲਵਿੰਦਰ ਸਿੰਘ ਵਿਰਦੀ, ਪਰਵਿੰਦਰ ਸਿੰਘ, ਨਿਸ਼ਾਨ ਸਿੰਘ ਸੱਗੂ, ਕੁਲਦੀਪ ਸਿੰਘ ਥਿੰਦ, ਰਵਿੰਦਰ ਸਿੰਘ, ਰਾਜ ਸਿੰਘ ਝੱਬਰ, ਯਾਦਵਿੰਦਰ ਸਿੰਘ ਨਿਆਲ, ਨਾਜਰ ਸਿੰਘ ਕਕਰਾਲਾ, ਸੋਨੀ ਜਲੂਰ, ਗੁਰਚਰਨ ਸਿੰਘ ਵਿਰਦੀ, ਨਰਿੰਦਰ ਸਿੰਘ ਬਜਾਜ, ਤਰਲੋਕ ਸਿੰਘ ਚੁਪਕੀ, ਰਣਜੀਤ ਸਿੰਘ ਸ਼ਾਹੀ ਘੱਗਾ, ਗੁਰਿੰਦਰ ਸਿੰਘ ਭੰਗੂ, ਜੋਗਾ ਸਿੰਘ ਸਿੱਧੂ, ਅਜੈਬ ਸਿੰਘ ਮੱਲ੍ਹੀ ਆਦਿ ਹਾਜ਼ਰ ਸਨ।

## ਸੰਤ ਬਾਬਾ ਸੁਖਦੇਵ ਸਿੰਘ ਸਿੱਧਸਰ ਦੀ ਬਰਸੀ ਮੌਕੇ ਖੂਨਦਾਨ ਤੇ ਮੈਡੀਕਲ ਚੈੱਕਅਪ ਕੈਂਪ



ਨਾਭਾ (ਵਰਿੰਦਰ ਵਰਮਾ)-ਗੁਰਦੁਆਰਾ ਸਿੱਧਸਰ ਸਾਹਿਬ ਅਲੋਹਰਾਂ ਵਿਖੇ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਮਹਾਰਾਜ ਦੀ 22ਵੀਂ ਬਰਸੀ ਮੌਕੇ ਮਿਸ਼ਨ ਲਾਲੀ ਤੇ ਹਰਿਆਲੀ ਟੀਮ ਵੱਲੋਂ ਸਮਾਜ ਸੇਵੀ ਹਰਦੀਪ ਸਨੌਰ ਦੀ ਅਗਵਾਈ ਹੇਠ ਮਨੁੱਖਤਾ ਦੇ ਭਲੇ ਲਈ ਵਿਸ਼ਾਲ ਖੂਨਦਾਨ ਕੈਂਪ ਲਾਇਆ ਗਿਆ।ਇਸ ਕੈਂਪ ਦਾ ਉਦਘਾਟਨ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਤੇ ਬਾਬਾ ਹਰਦੇਵ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ ਅਤੇ ਉਨ੍ਹਾਂ ਨੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੰਤ ਬਾਬਾ ਸੁਖਦੇਵ ਸਿੰਘ ਮਹਾਰਾਜ ਮਹਾਨ ਕਰਨੀ ਤੇ ਨਿਸ਼ਕਾਮ ਦਾ ਪੁੰਜ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜ ਸੇਵਾ ਤੇ ਸਿੱਖ ਧਰਮ ਦੇ ਪ੍ਰਚਾਰ ਦੇ ਲੇਖੇ ਵਿੱਚ ਲਾ ਦਿੱਤਾ ਅਤੇ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਲੱਖਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰਸਿੱਖੀ ਨਾਲ ਜੋੜਿਆ ਅਤੇ ਲੋਕਾਂ ਨੂੰ ਚੰਗੇ ਕੰਮਾਂ ਵੱਲ ਪ੍ਰੇਰਿਤ ਕੀਤਾ, ਜਿਸ ਦੀ ਬਦੌਲਤ ਅੱਜ ਲੱਖਾਂ ਹੀ ਸਿੱਖ ਸੰਗਤਾਂ ਦੇਸ਼-ਵਿਦੇਸ਼ਾਂ ਵਿੱਚ ਰਹਿ ਕੇ ਉਨ੍ਹਾਂ ਵੱਲੋਂ ਦਰਸਾਏ ਸੱਚ ਦੇ ਮਾਰਗ 'ਤੇ ਚੱਲ ਰਹੀਆਂ ਹਨ।ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਖੂਨਦਾਨ ਤੇ ਮੁਫ਼ਤ ਮੈਡੀਕਲ ਜਾਂਚ ਕੈਂਪ ਲਗਾਉਣ 'ਤੇ ਸਮੁੱਚੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਡਾ. ਪਵਨ ਪੱਪੀ ਵੀ ਮੌਜੂਦ ਸਨ।

## ਜਨੇਰ ਵਿਖੇ ਨਸ਼ਾ ਰੋਕਥਾਮ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ



ਮੋਗਾ (ਇਕਬਾਲ ਸਿੰਘ ਖਹਿਰਾ)-ਜ਼ਿਲ੍ਹਾ ਪ੍ਰਸ਼ਾਸਨ ਮੋਗਾ ਵੱਲੋਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਨਸ਼ਾ ਛੁਡਾਊ ਕੇਂਦਰ ਜਨੇਰ ਵਿਖੇ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਕੀਤਾ ਗਿਆ, ਜਿਸ ਵਿੱਚ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ ਮੁੱਖ ਮਹਿਮਾਨ ਵਜੋਂ ਪਹੁੰਚੇ ਤੇ ਸਮਾਗਮ ਦੀ ਅਗਵਾਈ ਸਹਾਇਕ ਕਮਿਸ਼ਨਰ (ਜ) ਹਿਤੇਸ਼ਵੀਰ ਗੁਪਤਾ ਨੇ ਕੀਤੀ।ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਦੱਸਿਆ ਕਿ ਕਿਸੇ ਵੀ ਨਸ਼ਾ ਕਰਨ ਵਾਲੇ ਬਿਮਾਰ ਵਿਅਕਤੀ ਨਾਲ ਵਿਤਕਰਾ ਜਾਂ ਘਿਰਣਾ ਨਹੀਂ ਕਰਨੀ ਚਾਹੀਦੀ, ਸਗੋਂ ਉਸ ਦਾ ਸਹਿਯੋਗ ਕਰਕੇ ਉਸ ਨੂੰ ਹੌਸਲੇ ਨਾਲ, ਉਤਸ਼ਾਹਤ ਕਰਕੇ ਨਸ਼ਾ ਛੁਡਾਊ ਕੇਂਦਰ ਜਾਂ ਕਿਸੇ ਨੇੜੇ ਦੀ ਸਿਹਤ ਸੰਸਥਾ ਵਿੱਚ ਪਹੁੰਚਾਉਣ ਲਈ ਮਦਦ ਕਰਨੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸੂਬੇ ਭਰ ਵਿੱਚ ਚੱਲ ਰਹੇ ਸਰਕਾਰੀ ਓਟ ਕੇਂਦਰ, ਨਸ਼ਾ ਛੁਡਾਊ ਕੇਂਦਰ ਤੇ ਮੁੜ ਵਸੇਬਾ ਕੇਂਦਰਾਂ ਨੂੰ ਸਫ਼ਲਤਾ-ਪੂਰਵਕ ਢੰਗ ਨਾਲ ਚਲਾਇਆ ਜਾ ਰਿਹਾ ਹੈ ਤੇ ਇਨ੍ਹਾਂ ਦੀ ਹੋਰ ਮਜ਼ਬੂਤੀ ਲਈ ਵੀ ਯਤਨ ਜਾਰੀ ਹਨ। ਸਹਾਇਕ ਕਮਿਸ਼ਨਰ (ਜ) ਹਿਤੇਸ਼ਵੀਰ ਗੁਪਤਾ ਨੇ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਸਾਰਿਆਂ ਨੂੰ ਨਸ਼ਾ ਵਿਰੋਧੀ ਸਹੁੰ ਚੁਕਵਾਈ ਤੇ ਇਸ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਇੰਦਰਪ੍ਰੀਤ ਕੌਰ ਤੋਂ ਇਲਾਵਾ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਦੀਪ ਦਾਰਾਪੁਰ, ਡੀ.ਸੀ.ਪੀ.ਓ. ਪਰਮਜੀਤ ਕੌਰ ਤੇ ਅੰਜੂ ਸਿੰਗਲਾ ਆਦਿ ਹਾਜ਼ਰ ਸਨ।

## ਪੀ ਜੀ ਆਈ ਵੱਲੋਂ ਨਸ਼ਾ ਵਿਰੋਧੀ ਦਿਵਸ ਮੌਕੇ ਜਾਗਰੂਕਤਾ ਸੈਸ਼ਨ




ਸਮਰਾਲਾ (ਸੁਰਜੀਤ ਸਿੰਘ)-ਪੀ.ਜੀ.ਆਈ. ਚੰਡੀਗੜ੍ਹ ਦੇ ਮਾਨਸਿਕ ਰੋਗ ਵਿਭਾਗ, ਨਸ਼ਾ ਮੁਕਤੀ ਤੇ ਇਲਾਜ ਕੇਂਦਰ ਵੱਲੋਂ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਤੇ ਗੈਰ-ਕਾਨੂੰਨੀ ਨਸ਼ਾ ਤਸਕਰੀ ਵਿਰੁੱਧ ਦਿਵਸ ਮਨਾਉਣ ਦੇ ਸੰਦਰਭ ਵਿੱਚ ਜਾਗਰੂਕਤਾ ਸਮਾਗਮ ਕਰਵਾਇਆ ਗਿਆ।ਇਸ ਸਾਲ ਦੀ ਥੀਮ ਸੀ 'ਸਬੂਤ ਸਾਫ਼ ਹਨ : ਰੋਕਥਾਮ 'ਚ ਨਿਵੇਸ਼ ਕਰੋ; ਇਸ ਚੱਕਰ ਨੂੰ ਤੋੜੋ।' ਡਾ. ਰਾਹੁਲ ਚਕਰਵਰਤੀ ਸਹਾਇਕ ਪ੍ਰੋਫੈਸਰ, ਡਾ. ਖਸ਼ਿਤਿਜ਼ ਸਹਾਇਕ ਪ੍ਰੋਫੈਸਰ ਤੇ ਡਾ. ਹਰਸ਼ ਥਾਪਾ ਸੀਨੀਅਰ ਰੈਜ਼ੀਡੈਂਟ ਨੇ ਵੱਖ-ਵੱਖ ਕਿਸਮ ਦੇ ਨਸ਼ਿਆਂ ਤੇ ਉਨ੍ਹਾਂ ਦੇ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ।ਡਾ. ਖਸ਼ਿਤਿਜ਼ ਨੇ ਨਸ਼ੇ ਦੀ ਲਤ ਦੇ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ 'ਤੇ ਰੌਸ਼ਨੀ ਪਾਈ, ਜੋ ਨਾ ਸਿਰਫ ਵਿਅਕਤੀਗਤ ਜੀਵਨ, ਸਗੋਂ ਮਾਨਸਿਕ ਸ਼ਾਂਤੀ, ਵਿਕਾਸ 'ਤੇ ਵੀ ਅਸਰ ਕਰਦੇ ਹਨ।ਮੈਡੀਕਲ ਸੋਸ਼ਲ ਵਰਕਰ ਮਿਸ ਨਿਕੀਤਾ, ਮਿਸ ਅਰਪਨਾ ਰੱਟੂ ਤੇ ਮਿਸ ਨੀਤੂ ਰਾਣੀ ਨੇ ਇਲਾਜ ਨਾਲ ਜੁੜੇ ਭਰਮ ਬਾਰੇ ਗੱਲ ਕੀਤੀ।ਇਸ ਸਮਾਗਮ ਦੌਰਾਨ ਬੀ ਐੱਸ ਸੀ (ਨਰਸਿੰਗ) ਵਿਦਿਆਰਥੀਆਂ ਤੇ ਮਰੀਜ਼ਾਂ ਵੱਲੋਂ ਪੋਸਟਰ ਬਣਾਉਣ ਅਤੇ ਨਾਅਰੇ ਲਿਖਣ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ।ਵਿਦਿਆਰਥੀਆਂ ਨੂੰ ਫੈਕਲਟੀ ਵੱਲੋਂ ਸਨਮਾਨਤ ਕੀਤਾ ਗਿਆ।ਇਸੇ ਦੌਰਾਨ ਮਨੀਮਾਜਰਾ, ਚੰਡੀਗੜ੍ਹ ਸਥਿਤ ਇੰਦਰਾ ਕਾਲੋਨੀ ਵਿੱਚ ਜਾ ਕੇ ਨਸ਼ਿਆਂ ਦੇ ਸੇਵਨ ਤੇ ਉਨ੍ਹਾਂ ਦੇ ਭਿਆਨਕ ਨਤੀਜਿਆਂ ਬਾਰੇ ਆਮ ਜਨਤਾ ਨੂੰ ਜਾਗਰੂਕ ਕੀਤਾ।ਪੀ ਜੀ ਆਈ ਚੰਡੀਗੜ੍ਹ ਨੇ ਨਸ਼ੇ ਵਿਰੁੱਧ ਲੜਾਈ ਤੇ ਸਿਹਤਮੰਦ ਸਮਾਜ ਦੇ ਨਿਰਮਾਣ ਲਈ ਆਪਣੇ ਵਚਨਬੱਧਤਾ ਨੂੰ ਦੁਹਰਾਇਆ।

## ਡਾ. ਸ਼ਬੀਰ ਨੇ ਨੀਟ ਪ੍ਰੀਖਿਆ 'ਚ 33ਵਾਂ ਰੈਂਕ ਹਾਸਲ ਕਰਨ ਵਾਲੇ ਸਮੀਰ ਦੀ ਕੀਤੀ ਹੌਸਲਾ ਅਫਜ਼ਾਈ



ਮਾਲੇਰਕੋਟਲਾ (ਅਸਗਰ ਪਰਿਹਾਰ)-ਡਾ. ਮੁਹੰਮਦ ਸ਼ਬੀਰ ਰਿਟਾਇਰਡ ਸੀ.ਐੱਮ.ਓ. (ਡੈਂਟਲ) ਨੇ ਆਲ ਇੰਡੀਆ ਨੀਟ ਪ੍ਰੀਖਿਆ 'ਚ 33ਵਾਂ ਰੈਂਕ ਤੇ ਪੰਜਾਬ ਵਿੱਚੋਂ ਤੀਜਾ ਰੈਂਕ ਪ੍ਰਾਪਤ ਕਰਨ ਵਾਲੇ ਪਿੰਡ ਦਲੇਲਗੜ੍ਹ ਦੇ ਨੌਜਵਾਨ ਮੁਹੰਮਦ ਸਮੀਰ ਦੇ ਘਰ ਪਹੁੰਚ ਕੇ ਉਸ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਡਾ. ਮੁਹੰਮਦ ਸ਼ਬੀਰ ਨੇ ਮੁਹੰਮਦ ਸਮੀਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਤੇ ਮੂੰਹ ਮਿੱਠਾ ਕਰਵਾਇਆ।ਇਸ ਮੌਕੇ ਗੱਲਬਾਤ ਕਰਦਿਆਂ ਡਾ. ਮੁਹੰਮਦ ਸ਼ਬੀਰ ਨੇ ਕਿਹਾ ਕਿ ਆਲ ਇੰਡੀਆ ਨੀਟ ਪ੍ਰੀਖਿਆ ਵਿੱਚੋਂ 33ਵਾਂ ਰੈਂਕ ਤੇ ਪੰਜਾਬ ਵਿੱਚੋਂ ਤੀਜਾ ਰੈਂਕ ਪ੍ਰਾਪਤ ਕਰਕੇ ਮੁਹੰਮਦ ਸਮੀਰ ਨੇ ਪਿੰਡ ਦਲੇਲਗੜ੍ਹ, ਜ਼ਿਲ੍ਹਾ ਮਾਲੇਰਕੋਟਲਾ ਤੇ ਪੰਜਾਬ ਦਾ ਮਾਣ ਵਧਾਇਆ ਹੈ।ਉਨ੍ਹਾ ਮੁਹੰਮਦ ਸਮੀਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੱਚੀ ਲਗਨ ਤੇ ਮਿਹਨਤ ਨਾਲ ਔਖੀ ਤੋਂ ਔਖੀ ਔਕੜ ਨੂੰ ਦੂਰ ਕੀਤਾ ਜਾ ਸਕਦਾ ਹੈ, ਕੋਈ ਵੀ ਮੰਜ਼ਲ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਮੁਹੰਮਦ ਸਮੀਰ ਨੇ ਸਾਬਿਤ ਕਰ ਦਿੱਤਾ ਕਿ ਮਿਹਨਤ, ਲਗਨ ਤੇ ਨਿਰੰਤਰ ਕੋਸ਼ਿਸ਼ ਨਾਲ ਕਿਸੇ ਵੀ ਮੰਜ਼ਲ ਨੂੰ ਹਾਸਲ ਕੀਤਾ ਜਾ ਸਕਦਾ ਹੈ।ਸਮੀਰ ਦੀ ਇਹ ਕਾਮਯਾਬੀ ਪੇਂਡੂ ਇਲਾਕਿਆਂ ਦੇ ਹੋਰ ਬੱਚਿਆਂ ਲਈ ਵੀ ਇੱਕ ਪ੍ਰੇਰਕ ਮਿਸਾਲ ਹੈ।

## ਰੋਜ਼ੀ ਬਾਵਾ ਦੇ ਗੀਤ 'ਗੋਲੀ' ਦਾ ਪੋਸਟਰ ਰਿਲੀਜ਼



ਮਾਨਸਾ (ਆਤਮਾ ਸਿੰਘ ਪਮਾਰ)-ਸੁਰੀਲੀ ਆਵਾਜ਼ ਦੀ ਮਲਿਕਾ ਰੋਜ਼ੀ ਬਾਵਾ ਵੱਲੋਂ ਗਾਇਆ ਲੋਕ ਤੱਥ 'ਗੋਲੀ' ਸ਼ੁੱਕਰਵਾਰ ਰਿਲੀਜ਼ ਹੋ ਚੁੱਕਾ ਹੈ।ਇਸ ਗੀਤ ਦਾ ਪੋਸਟਰ ਵੀ ਪਿੰਡ ਬੁਰਜ ਰਾਠੀ ਵਿਖੇ ਜਾਰੀ ਕੀਤਾ ਗਿਆ।ਪੋਸਟਰ ਰਿਲੀਜ਼ ਕਰਨ ਸਮੇਂ ਪਿੰਡ ਦੇ ਪਤਵੰਤੇ ਹਾਜ਼ਰ ਸਨ।ਸੂਫੀ ਗਾਇਕ ਹਾਕਮ ਸੂਫੀ ਦੀ ਜੀਵਨੀ 'ਤੇ ਕਿਤਾਬ ਲਿਖ ਚੁੱਕੇ ਲੇਖਕ ਤੇ ਗੀਤਕਾਰ ਸੁਤੰਤਰ ਰਾਠੀ ਨੇ ਦੱਸਿਆ ਕਿ ਲੋਕਾਂ ਨੂੰ ਇਸ ਗੀਤ ਤੋਂ ਕਾਫੀ ਉਮੀਦਾਂ ਹਨ।ਉਨ੍ਹਾ ਕਿਹਾ ਕਿ ਇਹ ਲੋਕ ਤੱਥ ਅਜੋਕੀ ਪੀੜ੍ਹੀ ਦੀ ਦਸ਼ਾ ਤੇ ਦਿਸ਼ਾ ਨੂੰ ਦਰਸਾਉਂਦਾ ਹੈ।ਉਨ੍ਹਾਂ ਸਮੂਹ ਸਰੋਤਿਆਂ ਨੂੰ ਇਸ ਗੀਤ ਨੂੰ ਲਾਈਕ, ਵਧੀਆ ਕੁਮੈਂਟਸ ਸ਼ੇਅਰ ਤੇ ਰੀਲਾਂ ਬਣਾਉਣ ਦੀ ਅਪੀਲ ਵੀ ਕੀਤੀ।

## ਅਨਦਾਨਾ 'ਚ ਡੇਂਗੂ ਤੇ ਮਲੇਰੀਆ ਤੋਂ ਬਚਾਓ ਸੰਬੰਧੀ ਲੋਕਾਂ ਨੂੰ ਕੀਤਾ ਜਾਗਰੂਕ

ਮੂਨਕ (ਰਾਜਪਾਲ ਸਿੰਗਲਾ)-ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਦੀਆਂ ਹਦਾਇਤਾਂ ਅਨੁਸਾਰ ਅਤੇ ਮੈਡੀਕਲ ਅਫਸਰ ਮੂਨਕ ਡਾਕਟਰ ਲਵਰਾਜ ਪਵਾਰ ਦੀ ਅਗਵਾਈ ਹੇਠਾਂ ਲੋਕਾਂ ਨੂੰ ਡੇਂਗੂ ਤੇ ਮਲੇਰੀਆ ਤੋਂ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ।ਇਸ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਕਰਮਚਾਰੀ ਧਰਮਪਾਲ ਸਿੰਘ ਨੇ ਦੱਸਿਆ ਕਿ ਇਸੇ ਤਹਿਤ ਨਜ਼ਦੀਕੀ ਪਿੰਡ ਅਨਦਾਨਾ ਵਿੱਚ ਖਾਲੀ ਪਲਾਟਾਂ ਵਿੱਚ ਡੇਂਗੂ ਦੇ ਲਾਰਵੇ ਦੀ ਵਿਸ਼ੇਸ਼ ਜਾਂਚ ਸਿਹਤ ਵਿਭਾਗ ਦੀ ਟੀਮ ਵੱਲੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬਰਸਾਤ ਦੇ ਇਨ੍ਹਾਂ ਦਿਨਾਂ ਵਿੱਚ ਡੇਂਗੂ ਤੇ ਬੁਖਾਰ ਦੇ ਮਰੀਜ਼ਾਂ ਵਿੱਚ ਵਾਧਾ ਹੋਣ ਦਾ ਡਰ ਬਣਿਆ ਰਹਿੰਦਾ ਹੈ, ਕਿਉਂਕਿ ਇਸ ਵੇਲੇ ਬਰਸਾਤ ਹੋਣ ਕਾਰਨ ਥਾਂ ਥਾਂ ਪਾਣੀ ਖੜ੍ਹਨ ਨਾਲ ਮੱਛਰਾਂ ਦੀ ਪੈਦਾਇਸ਼ ਵਿੱਚ ਵਾਧਾ ਦੇਖਣ ਨੂੰ ਮਿਲਦਾ ਹੈ, ਜਿਸ ਕਾਰਨ ਡੇਂਗੂ ਤੇ ਮਲੇਰੀਆ ਦੇ ਕੇਸਾਂ ਵਿੱਚ ਵਾਧਾ ਹੋਣ ਦਾ ਖ਼ਦਸ਼ਾ ਪੈਦਾ ਹੁੰਦਾ ਹੈ।ਇਸ ਲਈ ਜ਼ਰੂਰੀ ਹੈ ਕਿ ਮੱਛਰਾਂ ਦੇ ਵਾਧੇ ਨੂੰ ਰੋਕਿਆ ਜਾਵੇ।ਉਨ੍ਹਾਂ ਦੱਸਿਆ ਕਿ ਇਹ ਮੱਛਰ ਕੇਵਲ ਦਿਨ ਸਮੇਂ ਕੱਟਦਾ ਹੈ, ਲੋਕਾਂ ਨੂੰ ਮੱਛਰਾਂ ਤੋਂ ਬਚਾਓ ਲਈ ਜ਼ਰੂਰੀ ਹੈ ਕਿ ਆਪਣੇ ਘਰਾਂ ਦੇ ਆਲੇ ਦੁਆਲੇ ਸਫ਼ਾਈ ਰੱਖੀ ਜਾਵੇ ਤੇ ਕੂਲਰ ਫਰੀਜ ਆਦਿ ਚੈੱਕ ਕੀਤੇ ਜਾਣ। ਖੱਡਿਆਂ ਵਿੱਚ ਇਕੱਠੇ ਹੋਏ ਪਾਣੀ ਉੱਪਰ ਕਾਲੇ ਤੇਲ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ।ਇਸ ਮੌਕੇ ਪਿੰਡ ਅਨਦਾਨਾ ਦੇ ਸਰਪੰਚ ਚਾਂਦੀ ਰਾਮ, ਪੰਚ ਊਸ਼ਾ ਦੇਵੀ, ਸਮਾਜ ਸੇਵਕ ਕਮਲਾ ਦੇਵੀ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

29-JUNE-PAGE-5.qxd 6/28/2025 10:27 PM Page 1



# ਮਨਰੇਗਾ ਮਜ਼ਦੂਰਾਂ ਨੇ ਮੁੱਖ ਮਾਰਗ ਜਾਮ ਕਰਕੇ ਕੀਤਾ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਮਨਰੇਗਾ ਮਜ਼ਦੂਰਾਂ ਵੱਲੋਂ ਆਪਣੀਆਂ ਭਖਦੀਆਂ ਹੱਕੀ ਮੰਗਾਂ ਨੂੰ ਲੈ ਕੇ ਲੁਧਿਆਣਾ-ਬਠਿੰਡਾ ਮੁੱਖ ਮਾਰਗ ਉਪਰ ਮਹਿਲ ਕਲਾਂ ਵਿਖੇ ਆਵਾਜਾਈ ਠੱਪ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਕੜਕਦੀ ਗਰਮੀ ਦੇ ਬਾਵਜੂਦ ਭਾਈ ਲਾਲੋ ਪੰਜਾਬੀ ਮੰਚ, ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ ਦੇ ਆਗੂਆਂ, ਵਰਕਰਾਂ ਨੇ ਕਾਫਲੇ ਬੰਨ ਕੇ ਭਰਵੀਂ ਸ਼ਮੂਲੀਅਤ ਕੀਤੀ।ਇਸ ਮੌਕੇ ਆਗੂ ਹਰਜੀਤ ਸਿੰਘ ਖਿਆਲੀ, ਕਾਮਰੇਡ ਪਰਮਜੀਤ ਕੌਰ ਗੁੰਮਟੀ, ਡਾ: ਜਗਰਾਜ ਸਿੰਘ ਟੱਲੇਵਾਲ, ਰੰਗਕਰਮੀ ਹਰਵਿੰਦਰ ਦੀਵਾਨਾ, ਬਲਦੇਵ ਸਿੰਘ ਸਹਿਜੜਾ, ਜਗਰਾਜ ਸਿੰਘ ਮੂੰਮ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਸੁਹਿਰਦ ਨਹੀਂ ਹਨ।ਸੂਬਾ ਸਰਕਾਰ ਨੇ ਵਾਅਦੇ ਕਰਕੇ ਮਜ਼ਦੂਰਾਂ ਦੀਆਂ ਮੰਗਾਂ ਵੱਲ ਭੋਰਾ ਵੀ ਧਿਆਨ ਨਹੀਂ ਦਿੱਤਾ, ਆਪਣੇ ਹੱਕਾਂ ਖਾਤਰ ਸ਼ੰਘਰਸ਼ ਕਰ ਕਰਦੇ ਕਿਰਤੀ ਲੋਕਾਂ ਉਪਰ ਹਰ ਰੋਜ਼ ਜਬਰ ਢਾਹ ਕੇ ਡੰਡੇ ਦੇ ਜ਼ੋਰ ਨਾਲ ਦਬਾਉਣ ਦਾ ਭਰਮ ਪਾਲਿਆ ਜਾ ਰਿਹਾ ਹੈ।ਉਨ੍ਹਾਂ ਸਪੱਸ਼ਟ ਕਿਹਾ ਕਿ ਅਗਲੇ ਦਿਨਾਂ ਵਿੱਚ ਹੱਕਾਂ ਦੀ ਪ੍ਰਾਪਤੀ ਤੱਕ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਨਰੇਗਾ ਕਾਮਿਆਂ ਦਾ ਕਈ ਮਹੀਨੇ ਦਾ ਰਹਿੰਦਾ ਬਕਾਇਆ ਅੱਜ ਤੱਕ ਮਜ਼ਦੂਰਾਂ ਦੇ ਖਾਤਿਆਂ ਵਿੱਚ ਨਹੀਂ ਪਾਇਆ ਗਿਆ।ਹਲਕੇ ਸਾਰੇ ਪਿੰਡਾਂ ਅੰਦਰ ਮਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ, ਕਹਿਰ ਦੀ ਮਹਿੰਗਾਈ ਦੇ ਦੌਰ ਵਿੱਚ ਮਨਰੇਗਾ ਤਹਿਤ ਮਜ਼ਦੂਰਾਂ ਨੂੰ 700 ਰੁਪਏ ਦਿਹਾੜੀ ਦਿੱਤੀ ਜਾਏ।ਬੁਢਾਪਾ, ਵਿਧਵਾ, ਅੰਗਹੀਣ, ਆਸ਼ਰਿਤ ਪੈਨਸ਼ਨ ਦੀ ਰਾਸ਼ੀ ਵਧਾ ਕੇ 10 ਹਜ਼ਾਰ ਮਹੀਨਾ, ਪੈਨਸ਼ਨ ਦੀ ਹੱਦ 60 ਸਾਲ ਤੋਂ ਘਟਾ ਕੇ 55 ਸਾਲ ਕਰਨ, ਸਰਕਾਰੀ ਹਸਪਤਾਲ ਮਹਿਲ ਕਲਾਂ ਤੇ ਸਰਕਾਰੀ ਹਸਪਤਾਲ ਟੱਲੇਵਾਲ ਨੂੰ ਅੱਪਗ੍ਰੇਡ ਕਰਕੇ ਖਾਲੀ ਅਸਾਮੀਆਂ ਪਹਿਲ ਦੇ ਆਧਾਰ 'ਤੇ ਭਰੀਆਂ ਜਾਣ, ਪਿੰਡ ਮਹਿਲ ਕਲਾਂ, ਖਿਆਲੀ, ਠੁੱਲੀਵਾਲ ਨੂੰ ਅਪਗ੍ਰੇਡ ਕਰਕੇ 18 ਫੁੱਟੀ ਬਣਾਉਣ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਈ ਗਈ।ਇਸ ਮੌਕੇ ਨਾਇਬ ਤਹਿਸੀਲਦਾਰ ਅਸ਼ਵਨੀ ਕੁਮਾਰ, ਡੀ ਐੱਸ ਪੀ ਜਤਿੰਦਰਪਾਲ ਸਿੰਘ ਨੇ ਧਰਨੇ 'ਚ ਪਹੁੰਚ ਕੇ ਵਿਸ਼ਵਾਸ ਦਿਵਾਇਆ ਕਿ 30 ਜੂਨ ਨੂੰ ਸਵੇਰੇ 11 ਵਜੇ ਡਿਪਟੀ ਕਮਿਸ਼ਨਰ ਬਰਨਾਲਾ ਨਾਲ ਮਜ਼ਦੂਰ ਆਗੂਆਂ ਦੀ ਵਿਸ਼ੇਸ਼ ਮੀਟਿੰਗ ਕਰਵਾਈ ਜਾਵੇਗੀ, ਤਾਂ ਜੋ ਛੇਤੀ ਤੋਂ ਹੀ ਛੇਤੀ ਮੰਗਾਂ ਦਾ ਹੱਲ ਕੀਤਾ ਜਾਵੇ।ਇਸ ਮੌਕੇ ਮੇਜਰ ਸਿੰਘ ਸਹਿਜੜਾ, ਕੇਵਲ ਸਿੰਘ ਠੁੱਲੀਵਾਲ, ਪਰਮਜੀਤ ਸਿੰਘ ਗਾਂਧੀ, ਸੰਦੀਪ ਕੌਰ ਮਹਿਲ ਕਲਾਂ, ਰਾਜਵਿੰਦਰ ਕੌਰ ਲੋਹਗੜ੍ਹ, ਹਰਨੇਕ ਸਿੰਘ ਛੀਨੀਵਾਲ, ਜਗਰੂਪ ਸਿੰਘ ਲੋਹਗੜ, ਕੁਲਵੰਤ ਕੌਰ ਸੱਦੋਵਾਲ, ਜਗਜੀਤ ਸਿੰਘ ਖਿਆਲੀ, ਪੂਰਨ ਸਿੰਘ ਗਹਿਲ, ਮਨਜੀਤ ਕੌਰ, ਅੰਮ੍ਰਿਤ ਸਿੰਘ ਮਹਿਲ ਖੁਰਦ, ਮੁਖਤਿਆਰ ਸਿੰਘ ਧਨੇਰ, ਦਰਸ਼ਨ ਸਿੰਘ ਸੋਹੀਆ, ਅਮਨ ਕੌਰ ਮਾਂਗੇਵਾਲ, ਸਿਮਰਨਜੀਤ ਕੌਰ, ਅਮਨਦੀਪ ਕੌਰ, ਵਿਜੇ ਕੁਮਾਰ, ਤੇਜਾ ਸਿੰਘ ਖਿਆਲੀ, ਗੁਰਮੇਲ ਸਿੰਘ ਗਹਿਲ, ਕੇਵਲ ਸਿੰਘ ਸਿਵੀਆ, ਰਾਮ ਸਿੰਘ ਕੁਰੜ, ਮਨਦੀਪ ਕੌਰ ਕੁਬੇ, ਜਗਤਾਰ ਸਿੰਘ ਮਹਿਲ ਖ਼ੁਰਦ, ਭੋਲਾ ਸਿੰਘ ਭਗਤਪੁਰ, ਬਲਜਿੰਦਰ ਕੌਰ ਰਾਮਨਗਰ, ਸੁਮਨਦੀਪ ਕੌਰ, ਰਾਜਵਿੰਦਰ ਕੌਰ ਲੋਹਗੜ, ਬਾਬੂ ਸਿੰਘ ਭੋਤਨਾ, ਪ੍ਰਦੀਪ ਸਿੰਘ ਕਰਮਗੜ੍ਹ, ਅਮਨਦੀਪ ਸਿੰਘ ਮਾਂਗੇਵਾਲ ਆਦਿ ਹਾਜ਼ਰ ਸਨ।

## ਕਮਾਂਡੋ ਹੀ ਬਣਿਆ ਨਸ਼ੇ ਦਾ ਸੌਦਾਗਰ, ਜੇਲ੍ਹ 'ਚ ਚਿੱਟੇ ਦੀ ਸਮੱਗਲਿੰਗ ਕਰਦਾ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੂਬੇ ਦੀਆਂ ਜੇਲ੍ਹਾਂ ਵਿੱਚੋਂ ਨਸ਼ਿਆਂ ਦੀ ਸਮਗਲਿੰਗ ਰੋਕਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਨੂੰ ਫਿਰੋਜ਼ਪੁਰ ਕੇਂਦਰੀ ਜੇਲ੍ਹ ਵਿੱਚੋਂ ਸਾਹਮਣੇ ਆਏ ਇੱਕ ਹੈਰਾਨੀਜਨਕ ਮਾਮਲੇ ਨੇ ਫਿਰ ਸ਼ੀਸ਼ਾ ਦਿਖਾ ਦਿੱਤਾ ਹੈ। ਇੱਥੇ ਜੇਲ੍ਹ ਦੀ ਸੁਰੱਖਿਆ ਵਿੱਚ ਤਾਇਨਾਤ ਇੱਕ ਕਮਾਂਡੋ ਮੁਲਾਜ਼ਮ ਹੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦਾ ਫੜਿਆ ਗਿਆ ਹੈ। ਤਲਾਸ਼ੀ ਦੌਰਾਨ ਉਸ ਦੇ ਬੂਟ ਵਿੱਚੋਂ 20 ਗ੍ਰਾਮ ਚਿੱਟਾ ਪਾਊਡਰ ਬਰਾਮਦ ਹੋਣ ਨਾਲ ਜੇਲ੍ਹ ਪ੍ਰਸ਼ਾਸਨ ਸਮੇਤ ਪੂਰੇ ਸੁਰੱਖਿਆ ਤੰਤਰ 'ਤੇ ਸਵਾਲ ਖੜ੍ਹੇ ਹੋ ਗਏ ਹਨ। ਮਿਲੀ ਜਾਣਕਾਰੀ ਅਨੁਸਾਰ, ਸ਼ੁੱਕਰਵਾਰ ਦੁਪਹਿਰ ਕਰੀਬ ਸਵਾ ਬਾਰਾਂ ਵਜੇ ਕੇਂਦਰੀ ਜੇਲ੍ਹ ਵਿੱਚ ਸੁਰੱਖਿਆ ਕਰਮੀ ਵਜੋਂ ਤਾਇਨਾਤ ਕਮਾਂਡੋ ਮੁਲਾਜ਼ਮ ਸੁੱਖਾ ਸਿੰਘ, ਜਦੋਂ ਡਿਊਟੀ 'ਤੇ ਜਾਣ ਲਈ ਜੇਲ੍ਹ ਦੀ ਡਿਉਢੀ ਵਿੱਚ ਪਹੁੰਚਿਆ ਤਾਂ ਉੱਥੇ ਤਾਇਨਾਤ ਮੁਲਾਜ਼ਮਾਂ ਨੇ ਉਸ ਦੀ ਤਲਾਸ਼ੀ ਲਈ। ਇਸ ਦੌਰਾਨ ਉਸ ਦੇ ਖੱਬੇ ਪੈਰ ਦੇ ਬੂਟ ਦੇ ਤਲੇ (ਪਤਾਵੇ) ਵਿੱਚੋਂ ਲੁਕੋ ਕੇ ਰੱਖਿਆ 20 ਗ੍ਰਾਮ ਚਿੱਟਾ ਪਾਊਡਰ ਬਰਾਮਦ ਹੋਇਆ। ਜੇਲ੍ਹ ਦੇ ਸਹਾਇਕ ਸੁਪਰਡੈਂਟ ਤਰਸੇਮ ਸਿੰਘ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਵਿੱਚ ਕਮਾਂਡੋ ਮੁਲਾਜ਼ਮ ਸੁੱਖਾ ਸਿੰਘ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਪੁਲਸ ਨੇ ਮੌਕੇ 'ਤੇ ਹੀ ਮੁਲਜ਼ਮ ਨੂੰ ਕਾਬੂ ਕਰ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਸੁੱਖਾ ਸਿੰਘ ਪਹਿਲਾਂ ਵੀ ਅਜਿਹੀਆਂ ਕਾਰਵਾਈਆਂ ਵਿੱਚ ਸ਼ਾਮਲ ਸੀ ਤੇ ਉਸ ਦੇ ਪਿਛਲੇ ਰਿਕਾਰਡ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ।

# ਸੀ ਪੀ ਆਈ ਵੱਲੋਂ ਓਡੀਸ਼ਾ ਤੇ ਉੱਤਰ ਪ੍ਰਦੇਸ਼ 'ਚ ਜਾਤੀ ਅੱਤਿਆਚਾਰ ਖਿਲਾਫ ਕਾਰਵਾਈ ਦੀ ਮੰਗ

■ **ਵਫ਼ਦ ਨੇ ਐੱਨ ਐੱਚ ਆਰ ਸੀ ਚੇਅਰਪਰਸਨ ਨੂੰ ਸੌਂਪਿਆ ਮੈਮੋਰੰਡਮ**

**ਲੁਧਿਆਣਾ (ਐੱਮ ਐੱਸ ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਨਵੀਂ ਦਿੱਲੀ ਤੋਂ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਸੀਪੀਆਈ ਦੇ ਇੱਕ ਵਫ਼ਦ, ਜਿਸ ਵਿੱਚ ਜਨਰਲ ਸਕੱਤਰ ਡੀ. ਰਾਜਾ ਦੀ ਅਗਵਾਈ ਵਿੱਚ ਰਾਸ਼ਟਰੀ ਸਕੱਤਰੇਤ ਦੇ ਮੈਂਬਰ ਪੱਲਬ ਸੇਨਗੁਪਤਾ, ਰਾਮ ਕ੍ਰਿਸ਼ਨ ਪਾਂਡਾ ਤੇ ਐਨੀ ਰਾਜਾ ਸ਼ਾਮਲ ਸਨ, ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨ ਐੱਚ ਆਰ ਸੀ) ਦੇ ਚੇਅਰਮੈਨ ਮਾਣਯੋਗ ਜਸਟਿਸ ਵੀ. ਰਾਮਾਸੁਬਰਾਮਨੀਅਨ ਨਾਲ ਮੁਲਾਕਾਤ ਕੀਤੀ ਅਤੇ ਇੱਕ ਵਿਸਤ੍ਰਿਤ ਮੈਮੋਰੰਡਮ ਸੌਂਪਿਆ, ਜਿਸ ਵਿੱਚ ਜਾਤੀ-ਅਧਾਰਤ ਹਿੰਸਾ ਦੀਆਂ ਦੋ ਹੈਰਾਨ ਕਰਨ ਵਾਲੀਆਂ ਘਟਨਾਵਾਂ ਵਿੱਚ ਤੁਰੰਤ ਦਖਲਅੰਦਾਜ਼ੀ ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ, ਜਿਨ੍ਹਾਂ ਨੇ ਇੱਕ ਵਾਰ ਫਿਰ ਭਾਰਤ ਵਿੱਚ ਜਾਤੀ ਅੱਤਿਆਚਾਰ ਦੀ ਭਿਆਨਕ ਤੇ ਸਥਾਈ ਹਕੀਕਤ ਨੂੰ ਉਜਾਗਰ ਕੀਤਾ ਹੈ।ਐੱਨ ਐੱਚ ਆਰ ਸੀ ਚੇਅਰਪਰਸਨ ਨੂੰ ਦਿੱਤੇ ਗਏ ਪੱਤਰ ਵਿੱਚ, ਸੀ ਪੀ ਆਈ ਨੇ ਓਡੀਸ਼ਾ ਦੇ ਗੰਜਮ ਜ਼ਿਲ੍ਹੇ ਦੇ ਧਾਰਕੋਟ ਬਲਾਕ ਵਿੱਚ ਵਾਪਰੀ ਹਾਲੀਆ ਘਟਨਾ 'ਤੇ ਡੂੰਘਾ ਰੋਸ ਪ੍ਰਗਟ ਕੀਤਾ, ਜਿੱਥੇ ਦੋ ਦਲਿਤ ਪੁਰਸ਼ਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ, ਜ਼ਬਰਦਸਤੀ ਉਨ੍ਹਾਂ ਦਾ ਸਿਰ ਮੁੰਡਨ ਕਰਵਾਇਆ ਗਿਆ, ਘਾਹ ਖਾਣ ਲਈ ਮਜਬੂਰ ਕੀਤਾ ਗਿਆ ਤੇ ਨਾਲੀ ਦਾ ਪਾਣੀ ਪੀਣ ਲਈ ਮਜਬੂਰ ਕੀਤਾ ਗਿਆ। ਇਹ ਅਣਮਨੁੱਖੀ ਜਾਤੀ ਅਪਮਾਨ ਦਾ ਇੱਕ ਭਿਆਨਕ ਕੰਮ ਹੈ।ਉੱਤਰ ਪ੍ਰਦੇਸ਼ ਦੇ ਇਟਾਵਾ ਵਿੱਚ ਇੱਕ ਅਜਿਹੀ ਹੀ ਪ੍ਰੇਸ਼ਾਨ ਕਰਨ ਵਾਲੀ ਘਟਨਾ ਵਿੱਚ ਦੋ ਓਬੀਸੀ ਪੁਰਸ਼ਾਂ ਦਾ ਸਿਰ ਮੁੰਡਨ ਕਰਵਾਇਆ ਗਿਆ, ਉਨ੍ਹਾਂ 'ਤੇ ਹਮਲਾ ਕੀਤਾ ਗਿਆ ਅਤੇ ਉਨ੍ਹਾਂ 'ਤੇ ਪਿਸ਼ਾਬ ਛਿੜਕਿਆ ਗਿਆ।ਪਾਰਟੀ ਨੇ ਕਿਹਾ ਕਿ ਇਹ ਘਿਨਾਉਣੇ ਅਪਰਾਧ, ਭਾਵੇਂ ਵੱਖ-ਵੱਖ ਰਾਜਾਂ ਵਿੱਚ ਹੋ ਰਹੇ ਹਨ ਅਤੇ ਵੱਖ-ਵੱਖ ਦੱਬੇ-ਕੁਚਲੇ ਸਮਾਜਿਕ ਸਮੂਹਾਂ ਨੂੰ ਪ੍ਰਭਾਵਿਤ ਕਰ ਰਹੇ ਹਨ, ਉਹੀ ਜੜ੍ਹਾਂ ਤੇ ਅਮਾਨਵੀ ਜਾਤੀ ਵਿਵਸਥਾ ਨੂੰ ਦਰਸਾਉਂਦੇ ਹਨ, ਜੋ ਭਾਰਤੀ ਸਮਾਜ ਦੇ ਵਿਸ਼ਾਲ ਵਰਗਾਂ ਨੂੰ ਨੀਵਾਂ ਤੇ ਬੇਰਹਿਮ ਬਣਾ ਰਿਹਾ ਹੈ।ਮੈਮੋਰੰਡਮ ਵਿੱਚ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੁਆਰਾ ਜਾਰੀ ਕੀਤੇ ਗਏ ਚਿੰਤਾਜਨਕ ਅੰਕੜਿਆਂ ਵੱਲ ਇਸ਼ਾਰਾ ਕੀਤਾ ਗਿਆ, ਜਿਸ ਨੇ ਸਿਰਫ਼ 2022 ਵਿੱਚ ਅਨੁਸੂਚਿਤ ਜਾਤੀਆਂ ਵਿਰੁੱਧ ਅੱਤਿਆਚਾਰਾਂ ਦੇ 57,571 ਮਾਮਲੇ ਦਰਜ ਕੀਤੇ। ਇਹ ਵਧਦਾ ਰੁਝਾਨ ਹਿੰਸਾ ਦੇ ਸਿਰਫ਼ ਵਿਅਕਤੀਗਤ ਮਾਮਲਿਆਂ ਨੂੰ ਹੀ ਨਹੀਂ ਸਗੋਂ ਸਮਾਨਤਾ ਤੇ ਸਨਮਾਨ ਦੀਆਂ ਸੰਵਿਧਾਨਕ ਗਰੰਟੀਆਂ ਨੂੰ ਬਰਕਰਾਰ ਰੱਖਣ ਵਿੱਚ ਇੱਕ ਪ੍ਰਣਾਲੀਗਤ ਤੇ ਢਾਂਚਾਗਤ ਅਸਫਲਤਾ ਨੂੰ ਉਜਾਗਰ ਕਰਦਾ ਹੈ।ਨਾਗਰਿਕ ਅਧਿਕਾਰ ਸੁਰੱਖਿਆ ਐਕਟ, 1955 ਅਤੇ ਐਸਸੀ/ਐਸਟੀ (ਅੱਤਿਆਚਾਰ ਰੋਕਥਾਮ) ਐਕਟ ਦੇ ਤਹਿਤ ਕਾਨੂੰਨੀ ਸੁਰੱਖਿਆ ਦੇ ਬਾਵਜੂਦ, ਕਮਜ਼ੋਰ ਲਾਗੂਕਰਨ, ਸੰਸਥਾਗਤ ਉਦਾਸੀਨਤਾ ਤੇ ਰਾਜਨੀਤਕ ਚੁੱਪੀ ਕਾਰਨ ਜ਼ਮੀਨੀ ਹਕੀਕਤ ਨਿਰਾਸ਼ਾਜਨਕ ਬਣੀ ਹੋਈ ਹੈ।ਸੀਪੀਆਈ ਨੇ ਮੰਗ ਕੀਤੀ ਕਿ ਐੱਨ ਐੱਚ ਆਰ ਸੀ ਦੋਸ਼ੀਆਂ ਵਿਰੁੱਧ ਸਖ਼ਤ ਤੇ ਸਮਾਂਬੱਧ ਕਾਰਵਾਈ ਯਕੀਨੀ ਬਣਾਏ, ਮਿਸਾਲੀ ਸਜ਼ਾ ਦੀ ਸਿਫਾਰਸ਼ ਕਰੇ ਅਤੇ ਪੀੜਤਾਂ ਦੀ ਪੂਰੀ ਸੁਰੱਖਿਆ ਤੇ ਪੁਨਰਵਾਸ ਲਈ ਜ਼ੋਰ ਦੇਵੇ।ਪਾਰਟੀ ਨੇ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਰਾਜ ਸਰਕਾਰਾਂ ਨੂੰ ਸੰਵਿਧਾਨਕ ਨੈਤਿਕਤਾ ਤੇ ਐੱਨ ਐੱਚ ਆਰ ਸੀ ਦੇ ਆਪਣੇ ਆਦੇਸ਼ ਦੀ ਪੂਰੀ ਪਾਲਣਾ ਕਰਦੇ ਹੋਏ ਠੋਸ ਰੋਕਥਾਮ, ਦੰਡਕਾਰੀ ਤੇ ਸੰਵੇਦਨਸ਼ੀਲਤਾ ਉਪਾਅ ਲਾਗੂ ਕਰਨ ਲਈ ਕਹੇ।ਬਦਲੇ ਵਿੱਚ, ਐੱਨ ਐੱਚ ਆਰ ਸੀ ਦੇ ਚੇਅਰਪਰਸਨ ਜਸਟਿਸ ਵੀ. ਰਾਮਾਸੁਬਰਾਮਨੀਅਨ ਨੇ ਸੀ ਪੀ ਆਈ ਵਫ਼ਦ ਨੂੰ ਭਰੋਸਾ ਦਿੱਤਾ ਕਿ ਕਮਿਸ਼ਨ ਦੁਆਰਾ ਤੁਰੰਤ ਉਪਚਾਰਕ ਕਾਰਵਾਈ ਕੀਤੀ ਜਾਵੇਗੀ।ਸੀ ਪੀ ਆਈ ਸਮਾਜਿਕ ਨਿਆਂ, ਸਮਾਨਤਾ ਤੇ ਮਨੁੱਖੀ ਸਨਮਾਨ ਲਈ ਲੜਾਈ ਪ੍ਰਤੀ ਆਪਣੀ ਅਟੱਲ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ ਤੇ ਚੇਤਾਵਨੀ ਦਿੰਦੀ ਹੈ ਕਿ ਅਜਿਹੇ ਮਾਮਲਿਆਂ ਵਿੱਚ ਦੇਰੀ ਨਾਲ ਜਾਂ ਕਮਜ਼ੋਰ ਕੀਤੇ ਗਏ ਨਿਆਂ ਨਾ ਸਿਰਫ਼ ਪੀੜਤਾਂ ਨੂੰ ਅਸਫਲ ਕਰਦੇ ਹਨ, ਬਲਕਿ ਭਾਰਤ ਦੇ ਸੰਵਿਧਾਨਕ ਲੋਕਤੰਤਰ ਦੀਆਂ ਨੀਂਹਾਂ ਨੂੰ ਵੀ ਕਮਜ਼ੋਰ ਕਰਦੇ ਹਨ।

## ਕਾਤਰਾਂ

### 15 ਗ੍ਰਾਮ ਹੈਰੋਇਨ ਸਮੇਤ 2 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਵੱਖ ਵੱਖ ਥਾਵਾਂ ਤੋਂ ਗਸ਼ਤ ਤੇ ਚੈਕਿੰਗ ਦੌਰਾਨ 15 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਐੱਸ ਆਈ ਤਰਸੇਮ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਉਨ੍ਹਾਂ ਨੂੰ ਮੁਖਬਰੀ ਮਿਲੀ ਕਿ ਦੋਸ਼ੀ ਪ੍ਰਿੰਸ ਪੁੱਤਰ ਹਾਕਮ ਵਾਸੀ ਪਿੰਡ ਖਾਈ ਫੇਮੇ ਕੀ ਹੈਰੋਇਨ ਵੇਚਣ ਦਾ ਆਦੀ ਹੈ ਅਤੇ ਅੱਜ ਵੀ ਖਾਈ ਵਾਲੀਆਂ ਜੋੜੀਆਂ ਨਹਿਰਾਂ ਦੀ ਪੱਟੜੀ ਦੇ ਕੋਲ ਹੈਰੋਇਨ ਵੇਚਣ ਦੀ ਤਾਕ ਵਿਚ ਹੈ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਦੋਸ਼ੀ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਥਾਣਾ ਮਮਦੋਟ ਪੁਲਸ ਦੇ ਸਹਾਇਕ ਥਾਣੇਦਾਰ ਜੋਗਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਸ਼ੱਕ ਦੀ ਬਿਨਾਅ 'ਤੇ ਇਕ ਵਿਅਕਤੀ ਸੁਰਜੀਤ ਸਿੰਘ ਉਰਫ ਡੀ ਸੀ ਪੁੱਤਰ ਰਛਪਾਲ ਸਿੰਘ ਵਾਸੀ ਪਿੰਡ ਗਾਮੇ ਵਾਲਾ ਨੂੰ ਕਾਬੂ ਕਰਕੇ ਉਸ ਕੋਲੋਂ 9 ਗ੍ਰਾਮ ਹੈਰੋਇਨ ਬਰਾਮਦ ਹੋਈ ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਹਨ।

### ਹਰਨੇਕ ਸਿੰਘ ਫੌਜੀ ਨਮਿੱਤ ਅੰਤਿਮ ਅਰਦਾਸ ਅੱਜ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਬੀਤੀ 18 ਜੂਨ 2025 ਨੂੰ ਸੈਂਟਰਲ ਬੈਂਕ ਆਫ ਇੰਡੀਆ ਦੇ ਗੰਨਮੈਨ ਹਰਨੇਕ ਸਿੰਘ ਫੌਜੀ ਦਾ ਲੰਮੇ ਸਮੇਂ ਤੋਂ ਬਿਮਾਰ ਚਲਦਿਆਂ ਅਚਾਨਕ ਦੇਹਾਂਤ ਹੋ ਗਿਆ ਸੀ।ਸਵ. ਹਰਨੇਕ ਸਿੰਘ ਫੌਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੇ ਅੰਤਿਮ ਅਰਦਾਸ 29 ਜੂਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਪਿੰਡ ਟਾਂਡਾ ਕਾਲੀਆ ਵਿਖੇ ਸਵੇਰੇ 12 ਤੋਂ 1 ਵਜੇ ਤੱਕ ਹੋਵੇਗੀ।

### ਚੋਰੀ ਦੇ ਵਾਹਨਾਂ, ਐੱਲ ਸੀ ਡੀ ਤੇ 6 ਮੋਬਾਇਲ ਫੋਨਾਂ ਸਮੇਤ 2 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਚੋਰੀ ਦੇ 3 ਮੋਟਰਸਾਈਕਲ, 1 ਐਕਟਿਵਾ, 1 ਐੱਲਸੀਡੀ, 6 ਮੋਬਾਇਲ ਫੋਨ ਤੇ 2100 ਰੁਪਏ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਜਗਰੂਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸਚਿਨ ਉਰਫ ਚੱਚਾ ਪੁੱਤਰ ਅਮੀਤ ਵਾਸੀ ਬਸਤੀ ਆਵਾ, ਨੇੜੇ ਬਾਬੇ ਪੀਰ ਦੀ ਜਗ੍ਹਾ ਫਿਰੋਜ਼ਪੁਰ ਸ਼ਹਿਰ ਤੇ ਰਾਹੁਲ ਉਰਫ ਡੱਗੋ ਪੁੱਤਰ ਮੋਹਨ ਉਰਫ ਕਬਾ ਵਾਸੀ ਗਲੀ ਗੋਪੀ ਟੁੱਟੀ ਵਾਸੀ ਬਸਤੀ ਆਵਾ, ਫਿਰੋਜ਼ਪੁਰ ਸ਼ਹਿਰ ਵਹੀਕਲ ਤੇ ਹੋਰ ਸਾਮਾਨ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ, ਜੋ ਅੱਜ ਵੀ ਪੁਰਾਣਾ ਵਿੱਜ ਸ਼ੈਲਰ ਦੇ ਸਾਹਮਣੇ ਖੰਡਰ ਬਿਲਡਿੰਗ ਬਾਰਡਰ ਰੋਡ 'ਤੇ ਆਪਣੇ ਪਾਸ ਮੋਟਰਸਾਈਕਲ ਤੇ ਹੋਰ ਸਾਮਾਨ ਲੈ ਕੇ ਖੜੇ ਹਨ ਅਤੇ ਅੱਗੇ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਹੇ ਹਨ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕੀਤੀ ਗਈ ਤਾਂ ਦੋਸ਼ੀਆਨ ਕੋਲੋਂ 3 ਮੋਟਰਸਾਈਕਲ, 1 ਐਕਟਿਵਾ, 1 ਐੱਲਸੀਡੀ, 6 ਮੋਬਾਇਲ ਫੋਨ ਤੇ 2100 ਰੁਪਏ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਪੁਲਸ ਸਬ ਇੰਸਪੈਕਟਰ 8,000 ਰੁਪਏ ਰਿਸ਼ਵਤ ਲੈਂਦਾ ਗ੍ਰਿਫ਼ਤਾਰ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਵਿਜੀਲੈਂਸ ਬਿਊਰੋ (ਵੀ ਬੀ) ਨੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦੌਰਾਨ ਜ਼ਿਲ੍ਹਾ ਫਾਜ਼ਿਲਕਾ ਦੇ ਪੁਲਸ ਸਟੇਸ਼ਨ ਅਮੀਰ ਖਾਸ ਵਿਖੇ ਤਾਇਨਾਤ ਸਬ ਇੰਸਪੈਕਟਰ (ਐੱਸ ਆਈ) ਰਵੀਪਾਲ ਨੂੰ 8,000 ਰੁਪਏ ਰਿਸ਼ਵਤ ਮੰਗਣ ਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇੱਥੇ ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂ ਹਰਸਹਾਏ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਬਿਊਰੋ ਨੂੰ ਕੀਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਕਥਿਤ ਦੋਸ਼ੀ ਐੱਸ. ਆਈ. ਨੇ ਹਾਈ ਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾ ਖਰੜਾ ਤਿਆਰ ਕਰਨ ਤੇ ਜਵਾਬ ਜਮ੍ਹਾਂ ਕਰਨ ਤੇ ਸ਼ਿਕਾਇਤਕਰਤਾ ਵਿਰੁੱਧ ਦਰਜ ਇੱਕ ਪੁਲਸ ਕੇਸ ਨਾਲ ਸਬੰਧਤ ਜ਼ਿਲ੍ਹਾ ਅਦਾਲਤ ਵਿੱਚ ਚਾਰਜਸ਼ੀਟ ਜਮ੍ਹਾਂ ਕਰਨ ਲਈ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਦੋਸ਼ੀ ਪੁਲਸ ਅਧਿਕਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 8000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਕਾਬੂ ਕਰ ਲਿਆ ਗਿਆ। ਇਸ ਸਬੰਧੀ ਉਕਤ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਪੁਲਸ ਸਟੇਸ਼ਨ ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਪਾਵਰਕਾਮ ਦਾ ਕਮਾਲ ! ਪੁਲ ਬਣਾਉਣ ਲਈ ਠੇਕੇਦਾਰ ਨੂੰ ਐੱਸ ਪੀ ਕੁਨੈਕਸ਼ਨ ਦਿੱਤਾ

**ਜਾਂਚ ਕਰਕੇ ਕੁਤਾਹੀ ਕਰਨ ਵਾਲੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ : ਐਕਸੀਅਨ**

**ਦੋਦਾ (ਵਕੀਲ ਸਿੰਘ ਬਰਾੜ)**-ਪਾਵਰਕਾਮ ਵਿਭਾਗ ਦਾ ਕਮਾਲ! ਇਥੇ ਬਠਿੰਡਾ ਹਾਈਵੇ ਤੋਂ ਕਾਉਣੀ ਪਿੰਡ ਨੂੰ ਜਾਂਦੀ ਕਾਲਜ ਵਾਲੀ ਸੜਕ ਲਈ ਚੰਦਭਾਨ ਸੇਮਨਾਲੇ ਉੱਤੇ ਪੁਲ ਬਣ ਰਿਹਾ ਹੈ, ਜਿੱਥੇ ਠੇਕੇਦਾਰ ਨੂੰ ਬਿਜਲੀ ਦੀ ਆਰਜ਼ੀ ਲੋੜ ਸੀ, ਪਰ ਬਿਜਲੀ ਉਪ-ਦਫਤਰ ਦੋਦਾ ਵੱਲੋਂ ਉਸ ਨੂੰ ਪੱਕਾ ਐੱਸ ਪੀ ਕੁਨੈਕਸ਼ਨ (ਆਟਾ ਚੱਕੀ) ਲਈ ਐੱਸ ਪੀ/35/0021 ਜਾਰੀ ਕਰਕੇ 25 ਹਾਰਸਪਾਵਰ ਦਾ ਟਰਾਂਸਫਾਰਮਰ ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਦਾ ਦੇ ਰੱਖਿਆ ਹੈ, ਜੋ ਗੈਰਕਾਨੂੰਨੀ ਹੈ, ਕਿਉਂਕਿ ਇਥੇ ਆਰਜ਼ੀ ਕੁਨੈਕਸ਼ਨ ਦਿੱਤੇ ਜਾ ਸਕਦੇ ਹਨ। ਹੁਣ ਇਹ ਵੀ ਪਤਾ ਲੱਗਾ ਹੈ ਕਿ ਉਥੇ ਹੀ ਇਕ 25 ਹਾਰਸਪਾਵਰ ਦਾ ਟਰਾਂਸਫਾਰਮਰ ਲਾ ਕੇ ਇੱਕ ਹੋਰ ਆਰਜ਼ੀ ਕੁਨੈਕਸ਼ਨ ਵੀ ਚਲਾ ਦਿੱਤਾ ਹੈ। ਇਸ ਮਾਮਲੇ ਸਬੰਧੀ ਜਦ ਸਬੰਧਤ ਐਕਸੀਅਨ ਗਿੱਦੜਬਾਹਾ ਹਰਵੇਲ ਸਿੰਘ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਮੇਰੇ ਧਿਆਨ ਵਿੱਚ ਨਹੀਂ ਹੈ ਤੇ ਐੱਸ ਪੀ ਦਾ ਕੁਨੈਕਸ਼ਨ ਨਹੀਂ ਦਿੱਤਾ ਜਾ ਸਕਦਾ। ਇਸ ਦੀ ਜਾਂਚ ਕਰਕੇ ਜੇ ਅਜਿਹਾ ਹੋਇਆ ਤਾਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਕਾਮਰੇਡ ਘੁੰਮਣ ਸਿੰਘ ਨੂੰ ਨਾਅਰਿਆਂ ਦੀ ਗੂੰਜ 'ਚ ਅੰਤਿਮ ਵਿਦਾਇਗੀ



**ਲੁਧਿਆਣਾ (ਐੱਮ ਐੱਸ ਭਾਟੀਆ)**-ਪਿੰਡ ਧੂਲਕੋਟ ਜ਼ਿਲ੍ਹਾ ਲੁਧਿਆਣਾ ਦੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਿਰ ਕੱਢ ਆਗੂ ਕਾਮਰੇਡ ਘੁੰਮਣ ਸਿੰਘ ਅੱਜ 85 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ।ਉਨ੍ਹਾਂ ਨੇ ਆਪਣੇ ਜੀਵਨ ਵਿੱਚ ਅਨੇਕਾਂ ਮੋਰਚਿਆਂ 'ਤੇ ਸੰਘਰਸ਼ ਕੀਤੇ ਅਤੇ ਅਥਾਹ ਕੁਰਬਾਨੀ ਦਿੱਤੀ।ਅੱਜ ਉਨ੍ਹਾਂ ਦੇ ਸੰਸਕਾਰ ਮੌਕੇ ਸੀ ਪੀ ਆਈ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਜ਼ਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ, ਸਹਾਇਕ ਸਕੱਤਰ ਕਾਮਰੇਡ ਚਮਕੌਰ ਸਿੰਘ, ਮਲੌਦ ਬਲਾਕ ਸਕੱਤਰ ਕਾਮਰੇਡ ਭਗਵਾਨ ਸਿੰਘ ਸੋਮਲ ਖੇੜੀ, ਖੇਤ ਮਜ਼ਦੂਰ ਆਗੂ ਕਾਮਰੇਡ ਕੁਲਵੰਤ ਸਿੰਘ, ਕਾਮਰੇਡ ਜੱਗਾ ਸਿੰਘ, ਡਾਕਟਰ ਅਜੈਬ ਸਿੰਘ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਅੰਤਮ ਵਿਦਾਇਗੀ ਵੇਲੇ ਉਨ੍ਹਾਂ ਦੇ ਸਰੀਰ 'ਤੇ ਪਾਰਟੀ ਦਾ ਝੰਡਾ ਪਾਇਆ ਗਿਆ ਅਤੇ ਨਾਰਿਆਂ ਦੀ ਗੂੰਜ ਵਿੱਚ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ।ਕਾਮਰੇਡ ਘੁੰਮਣ ਸਿੰਘ ਨੇ ਔਖੇ ਹਾਲਾਤਾਂ ਵਿੱਚ ਵੀ ਆਪਣੇ ਸਾਰੇ ਬੱਚਿਆਂ ਨੂੰ ਪੜ੍ਹਾਇਆ ਤੇ ਉਨ੍ਹਾਂ ਦਾ ਇੱਕ ਲੜਕਾ ਗੁਰਮੇਲ ਸਿੰਘ ਪਿੰਡ ਦਾ ਸਰਪੰਚ ਵੀ ਰਿਹਾ। ਉਨ੍ਹਾਂ ਦੀ ਯਾਦ ਵਿੱਚ ਅੰਤਿਮ ਅਰਦਾਸ ਤੇ ਭੋਗ 4 ਜੁਲਾਈ 2025 ਨੂੰ ਉਨ੍ਹਾਂ ਦੇ ਪਿੰਡ ਧੂਲਕੋਟ ਵਿਖੇ ਪਵੇਗਾ।

## ਰਿਮਟ ਯੂਨੀਵਰਸਿਟੀ ਦੇ ਹੋਸਟਲ 'ਚੋਂ ਵਿਦਿਆਰਥੀ ਦੀ ਭੇਤਭਰੀ ਹਾਲਤ 'ਚ ਮਿਲੀ ਲਾਸ਼



**ਸ੍ਰੀ ਫ਼ਤਹਿਗੜ੍ਹ ਸਾਹਿਬ (ਪਮੋਦ ਭਾਰਦਵਾਜ)**

ਸਰਹਿੰਦ-ਮੰਡੀ ਗੋਬਿੰਦਗੜ੍ਹ ਮਾਰਗ 'ਤੇ ਸਥਿਤ ਰਿਮਟ ਯੂਨੀਵਰਸਿਟੀ 'ਚੋਂ ਬੀ. ਟੈੱਕ. ਦੀ ਪੜ੍ਹਾਈ ਕਰ ਰਹੇ ਇੱਕ ਬਿਹਾਰੀ ਮੂਲ ਦੇ ਸਤਾਰਾਂ ਸਾਲਾ ਵਿਦਿਆਰਥੀ ਦੀ ਭੇਤਭਰੇ ਹਾਲਾਤ 'ਚ ਲਾਸ਼ ਮਿਲਣ ਦਾ ਸਮਾਚਾਰ ਹੈ।ਮ੍ਰਿਤਕ ਨੌਜਵਾਨ ਦੀ ਪਹਿਚਾਣ ਪ੍ਰਿੰਸ ਕੁਮਾਰ (17) ਵਾਸੀ ਸੌਰਾ ਸੀਰਾ, ਜ਼ਿਲ੍ਹਾ ਸੀਤਾਮੜੀ, ਬਿਹਾਰ ਵਜੋਂ ਦੱਸੀ ਜਾ ਰਹੀ ਹੈ।ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਪ੍ਰਿੰਸ ਕੁਮਾਰ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜੋ ਕਿ ਹਾਲੇ ਬੀਤੇ ਹਫਤੇ ਹੀ ਆਪਣੇ ਪਿੰਡ ਤੋਂ ਰਿਮਟ ਯੂਨੀਵਰਸਿਟੀ ਵਿਖੇ ਬੀ. ਟੈਕ. ਦੂਸਰੇ ਵਰ੍ਹੇ ਦੇ ਇਮਿਤਹਾਨ ਦੇਣ ਲਈ ਪਰਤਿਆ ਸੀ, ਜਿਸ ਦੀ ਵੀਰਵਾਰ ਰਾਤ ਨੂੰ ਹੋਸਟਲ ਦੇ ਵਾਰਡਨ ਵੱਲੋਂ ਹਾਜ਼ਰੀ ਵੀ ਦਰਜ ਕੀਤੀ ਗਈ ਤੇ ਵੀਰਵਾਰ ਰਾਤ ਕਰੀਬ 10 ਵਜੇ ਉਸ ਨੇ ਆਪਣੇ ਪਿਤਾ ਨਾਲ ਫੋਨ 'ਤੇ ਗੱਲਬਾਤ ਵੀ ਕੀਤੀ। ਸ਼ੁੱਕਰਵਾਰ ਸਵੇਰ ਜਦੋਂ ਪ੍ਰਿੰਸ ਕੁਮਾਰ ਨਾ ਨਾਸ਼ਤਾ ਕਰਨ ਲਈ ਹੋਸਟਲ ਦੇ ਕਮਰੇ 'ਚੋਂ ਬਾਹਰ ਨਿੱਕਲਿਆ ਤੇ ਨਾ ਹੀ ਦੁਪਹਿਰ ਦਾ ਖਾਣਾ ਖਾਣ ਲਈ ਤਾਂ ਉਸ ਦੇ ਨਾਲ ਦੇ ਸਾਥੀਆਂ ਨੇ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਾਇਆ ਜੋ ਨਹੀਂ ਖੁੱਲ੍ਹਿਆ।ਜਿਨ੍ਹਾਂ ਵੱਲੋਂ ਮਾਮਲੇ ਦੀ ਸੂਚਨਾ ਹੋਸਟਲ ਦੇ ਵਾਰਡਨ ਤੇ ਸਕਿਊਰਟੀ ਨੂੰ ਦਿੱਤੀ ਗਈ।ਹੋਸਟਲ ਸਟਾਫ ਨੇ ਜਦੋਂ ਉਕਤ ਕਮਰੇ ਦਾ ਦਰਵਾਜ਼ਾ ਤੋੜ ਕੇ ਦੇਖਿਆ ਤਾਂ ਪ੍ਰਿੰਸ ਕੁਮਾਰ ਮ੍ਰਿਤਕ ਅਵਸਥਾ 'ਚ ਬੈੱਡ 'ਤੇ ਲੇਟਿਆ ਹੋਇਆ ਸੀ ਤੇ ਚਾਰਜਿੰਗ 'ਤੇ ਲੱਗੇ ਉਸ ਦੇ ਮੋਬਾਈਲ ਫੋਨ 'ਤੇ ਗਾਣੇ ਚੱਲ ਰਹੇ ਸਨ।ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਾਮਲੇ ਦੀ ਸੂਚਨਾ ਦਿੱਤੇ ਜਾਣ 'ਤੇ ਮੌਕੇ 'ਤੇ ਪਹੁੰਚੀ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮ੍ਰਿਤਕ ਦੇ ਮਾਮੇ ਪ੍ਰੇਮ ਕੁਮਾਰ ਤੇ ਸੂਰਜ ਨੇ ਦੱਸਿਆ ਕਿ ਉਹ ਮੰਡੀ ਗੋਬਿੰਦਗੜ੍ਹ ਵਿਖੇ ਹੀ ਰਹਿੰਦੇ ਹਨ ਤੇ ਮ੍ਰਿਤਕ ਪ੍ਰਿੰਸ ਕੁਮਾਰ ਉਨ੍ਹਾਂ ਦਾ ਭਾਣਜਾ ਸੀ, ਜੋ ਕਿ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ।ਉਨ੍ਹਾਂ ਦੱਸਿਆ ਕਿ ਪ੍ਰਿੰਸ ਦੇ ਪਿਤਾ ਦਵਿੰਦਰ ਕੁਮਾਰ ਮਹਾਰਾਸ਼ਟਰ 'ਚ ਸਾਈਕਲ 'ਤੇ ਸਮੋਸੇ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ, ਜੋ ਕਿ ਆਪਣੇ ਬੱਚੇ ਦੇ ਉੱਜਵਲ ਭਵਿੱਖ ਲਈ ਕਰਜ਼ਾ ਚੁੱਕ ਕੇ ਉਸ ਨੂੰ ਬੀ. ਟੈੱਕ. ਦੀ ਪੜ੍ਹਾਈ ਕਰਵਾ ਰਹੇ ਸਨ, ਪਰ ਅਚਾਨਕ ਇਹ ਭਾਣਾ ਵਾਪਰ ਗਿਆ।

# 3 ਨੂੰ ਖਜ਼ਾਨਾ ਦਫਤਰ ਫਰੀਦਕੋਟ ਸਾਹਮਣੇ ਫੂਕਿਆ ਜਾਵੇਗਾ ਵਿੱਤ ਮੰਤਰੀ ਦਾ ਪੁਤਲਾ

**ਮਾਮਲਾ ਪੰਜਾਬ ਸਰਕਾਰ ਵੱਲੋਂ ਸੋਧੀ ਗਈ ਲੀਵ ਇਨਕੈਸ਼ਮੈਂਟ ਅਤੇ ਹੋਰ ਵੱਖ-ਵੱਖ ਏਰੀਅਰ ਬਿੱਲਾਂ ਦੀ ਅਦਾਇਗੀ ਨਾ ਕਰਨ ਦਾ**



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ) ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਜਨਰਲ ਸਕੱਤਰ ਇਕਬਾਲ ਸਿੰਘ ਮੰਘੇੜਾ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਗੁਰਚਰਨ ਸਿੰਘ ਮਾਨ ਤੇ ਤਰਸੇਮ ਨਰੂਲਾ ਨੇ ਦੱਸਿਆ ਕਿ ਸੂਬਾ ਕਮੇਟੀ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ 3 ਜੁਲਾਈ ਨੂੰ ਸਵੇਰੇ ਠੀਕ 10 ਵਜੇ ਖਜ਼ਾਨਾ ਦਫਤਰ ਫਰੀਦਕੋਟ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਪੁਤਲਾ ਫੂਕਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਵਿੱਤ ਵਿਭਾਗ ਪੰਜਾਬ ਸਰਕਾਰ ਨੇ 18 ਫਰਵਰੀ 2025 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ 1 ਜਨਵਰੀ 2016 ਤੋਂ 30 ਜੂਨ 2021 ਦਰਮਿਆਨ ਵੱਖ-ਵੱਖ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਣ ਵਾਲੇ ਪੈਨਸ਼ਨਰਾਂ ਨੂੰ ਸੋਧੀ ਹੋਈ ਲੀਵ ਇਨਕੈਸ਼ਮੈਂਟ ਦੇ ਬਣਦੇ ਚੌਥੇ ਹਿੱਸੇ ਦੀ ਮਹੀਨਾ ਅਪ੍ਰੈਲ 2025 ਵਿੱਚ ਅਦਾਇਗੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਸਨ।ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਬਿੱਲਾਂ ਦੀਆਂ ਅਦਾਇਗੀਆਂ ਕਰਨ ਤੇ ਅਣ-ਐਲਾਨੀਆਂ ਰੋਕਾਂ ਲਗਾਏ ਜਾਣ ਕਾਰਨ ਇਹ ਬਿੱਲ ਖਜ਼ਾਨਾ ਦਫਤਰਾਂ ਵਿੱਚ ਫਾਇਲਾਂ ਦੀ ਧੂੜ ਚੱਟ ਰਹੇ ਹਨ ਤੇ ਅਜੇ ਤੱਕ ਕਿਸੇ ਇੱਕ ਵੀ ਪੈਨਸ਼ਨਰ ਨੂੰ ਸੋਧੀ ਹੋਈ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਨਹੀਂ ਹੋਈ, ਜਿਸ ਕਾਰਨ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਦੇ ਪ੍ਰਤੀ ਭਾਰੀ ਰੋਸ ਤੇ ਗੁੱਸੇ ਪਾਇਆ ਜਾ ਰਿਹਾ ਹੈ।ਇਸ ਕਰਕੇ ਜਥੇਬੰਦੀ ਨੂੰ ਪੰਜਾਬ ਦੇ ਖਜ਼ਾਨਾ ਦਫਤਰਾਂ ਸਾਹਮਣੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕਣ ਦਾ ਫੈਸਲਾ ਲੈਣਾ ਪਿਆ ਹੈ।

ਇਸ ਮੌਕੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਕਾਰਜਕਾਰੀ ਸੂਬਾ ਜਨਰਲ ਸਕੱਤਰ ਜਿੰਦਰ ਪਾਇਲਟ ਤੇ ਜ਼ਿਲ੍ਹਾ ਫਰੀਦਕੋਟ ਦੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਸਹਿਦੇਵ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਚੇਅਰਮੈਨ ਨਛੱਤਰ ਸਿੰਘ ਭਾਣਾ, ਇਕਬਾਲ ਸਿੰਘ ਢੁੱਡੀ ਜ਼ਿਲ੍ਹਾ ਪ੍ਰਧਾਨ, ਬਲਕਾਰ ਸਿੰਘ ਸਹੋਤਾ ਜਨਰਲ ਸਕੱਤਰ, ਰਮੇਸ਼ ਢੈਪਈ ਤੇ ਇਕਬਾਲ ਸਿੰਘ ਰਣ ਸਿੰਘ ਵਾਲਾ ਨੇ ਦੱਸਿਆ ਕਿ ਇਸ ਐਕਸ਼ਨ ਵਿੱਚ ਅਧਿਆਪਕ ਤੇ ਮੁਲਾਜ਼ਮ ਵੀ ਸ਼ਮੂਲੀਅਤ ਕਰਨਗੇ।

## ਮਹਿਲ ਖੁਰਦ ਦੇ ਲੋਕ ਦੂਸ਼ਿਤ ਪਾਣੀ ਪੀਣ ਲਈ ਮਜਬੂਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਮਹਿਲ ਖੁਰਦ ਵਿਖੇ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਵੀ ਨਾ ਮਿਲਣ ਕਰਕੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮਿਲੀ ਜਾਣਕਾਰੀ ਅਨੁਸਾਰ ਕਈ ਮਹੀਨੇ ਤੋਂ ਪਿੰਡ ਦੇ ਵਾਟਰ ਵਰਕਸ ਦਾ ਪਾਣੀ ਪੀਣ ਯੋਗ ਨਹੀਂ ਰਿਹਾ, ਜੋ ਗੰਧਲਾ ਹੋ ਕੇ ਸਿਹਤ ਲਈ ਹਾਨੀਕਾਰਕ ਬਣ ਚੁੱਕਿਆ ਹੈ, ਪਰ ਵਾਰ ਵਾਰ ਧਿਆਨ ਦਿਵਾਉਣ ਦੇ ਬਾਵਜੂਦ ਸਬੰਧਤ ਮਹਿਕਮੇ ਵੱਲੋਂ ਪਿੰਡ ਵਾਸੀਆਂ ਦੀ ਇਸ ਗੰਭੀਰ ਮੁਸ਼ਕਲ ਪ੍ਰਤੀ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ।ਇਸ ਮੌਕੇ ਨੌਜਵਾਨ ਆਗੂ ਅੰਮ੍ਰਿਤਪਾਲ ਸਿੰਘ ਮਹਿਲ ਖੁਰਦ ਨੇ ਕਿਹਾ ਕਿ ਪਿੰਡ ਮਹਿਲ ਖੁਰਦ ਦੇ ਲੋਕਾਂ, ਖਾਸ ਕਰ ਆਰਥਿਕ ਤੌਰ ਤੇ ਪੱਛੜੇ ਪਰਿਵਾਰਾਂ ਨੂੰ ਪੀਣ ਵਾਲੇ ਸ਼ੁੱਧ ਪਾਣੀ ਦੀ ਸਹੂਲਤ ਨਾ ਮਿਲਣ ਕਰਕੇ ਲੋਕ ਗੰਧਲਾ ਪਾਣੀ ਪੀਣ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਗੰਧਲਾ ਪਾਣੀ ਪੀਣ ਨਾਲ ਲੋਕ ਦਿਨੋ ਦਿਨ ਲਾਇਲਾਜ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ।ਇਸ ਮੌਕੇ ਇਕੱਠੇ ਹੋਏ ਪੀੜਤ ਲੋਕਾਂ ਨੇ ਸੂਬਾ ਸਰਕਾਰ ਤੇ ਸਬੰਧਤ ਮਹਿਕਮੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਪੀੜਤ ਹਰਵਿੰਦਰ ਸਿੰਘ, ਕਰਮ ਸਿੰਘ, ਗੁਰਪ੍ਰੀਤ ਸਿੰਘ, ਗੁਰਬਖਸ਼ ਸਿੰਘ, ਹਰਮੇਸ਼ ਸਿੰਘ, ਮੰਗੂ ਸਿੰਘ, ਗੁਰਮੇਲ ਕੌਰ, ਬਿੰਦਰ ਕੌਰ, ਜਸਵੀਰ ਕੌਰ, ਸੁਖਵਿੰਦਰ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ, ਤਰਸੇਮ ਸਿੰਘ ਆਦਿ ਨੇ ਮੰਗ ਕੀਤੀ ਕਿ ਲੋਕਾਂ ਨੂੰ ਸ਼ੁੱਧ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਨਵੇਂ ਵਾਟਰ ਵਰਕਸ ਦੀ ਉਸਾਰੀ ਕਰਵਾਈ ਜਾਵੇ।

## ਤਾਂਬਾ ਚੋਰੀ ਕਰਕੇ ਵੇਚਣ ਦੇ ਦੋਸ਼ 'ਚ ਚਾਰ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਰਾਈਸ ਮਿੱਲ 'ਚੋਂ ਤਾਂਬਾ ਚੋਰੀ ਕਰਕੇ ਅੱਗੇ ਵੇਚੇ ਜਾਣ ਦੇ ਕਥਿਤ ਮਾਮਲੇ 'ਚ ਖਮਾਣੋਂ ਪੁਲਸ ਵੱਲੋਂ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਡੀ.ਐੱਸ.ਪੀ. ਖਮਾਣੋਂ ਰਮਿੰਦਰ ਸਿੰਘ ਕਾਹਲੋਂ ਨੇ ਦੱਸਿਆ ਕਿ ਖਮਾਣੋਂ ਨੇੜਲੀ ਲਕਸ਼ਮੀ ਰਾਈਸ ਮਿੱਲ, ਜੋ ਕਿ ਕਾਫੀ ਸਾਲਾਂ ਤੋਂ ਬੰਦ ਪਈ ਹੈ, ਦੇ ਲਿਕਿਊਡੇਟਰ ਮੋਹਿਤ ਚਾਵਲਾ ਨੇ ਬੀਤੀ ਫਰਵਰੀ ਮਹੀਨੇ ਪੁਲਸ ਨੂੰ ਸ਼ਿਕਾਇਤ ਦਿੰਦੇ ਹੋਏ ਦੱਸਿਆ ਸੀ ਕਿ ਉਨ੍ਹਾਂ ਦੀ ਬੰਦ ਪਈ ਮਿੱਲ 'ਚੋਂ ਭਾਰੀ ਮਾਤਰਾ 'ਚ ਤਾਂਬਾ ਚੋਰੀ ਹੋ ਰਿਹਾ ਹੈ, ਜਿਸ ਸਬੰਧੀ ਥਾਣਾ ਖਮਾਣੋਂ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਕਮਲੇਸ਼ ਕੁਮਾਰ ਨਾਮਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਕੁਝ ਕਬਾੜੀਏ ਵੀ ਚੋਰੀ ਦੇ ਇਸ ਧੰਦੇ 'ਚ ਉਨ੍ਹਾਂ ਨਾਲ ਮਿਲੇ ਹੋਏ ਹਨ, ਜੋ ਉਨ੍ਹਾਂ ਤੋਂ ਤਾਂਬਾ ਖਰੀਦ ਕੇ ਅੱਗੇ ਵੇਚਦੇ ਹਨ, ਜਿਸ ਦੀ ਨਿਸ਼ਾਨਦੇਹੀ 'ਤੇ ਉਕਤ ਵਿਅਕਤੀਆਂ ਨੂੰ ਕਾਬੂ ਕਰਨ ਲਈ ਸਬ-ਇੰਸਪੈਕਟਰ ਸਪਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਖਮਾਣੋਂ ਦੀ ਮਨਸੂਰਪਰ ਰੋਡ 'ਤੇ ਸਥਿਤ ਲੱਲਨ ਸ਼ਾਹ ਨਾਮਕ ਕਬਾੜੀਏ ਦੀ ਦੁਕਾਨ 'ਤੇ ਛਾਪੇਮਾਰੀ ਕੀਤੀ ਤਾਂ ਦੁਕਾਨ ਦੀ ਛੱਤ 'ਤੇ ਬੈਠੇ ਲੱਲਨ ਸ਼ਾਹ ਤੇ ਰਾਜ ਕੁਮਾਰ ਨੇ ਪੁਲਸ ਤੋਂ ਬਚਣ ਲਈ ਦੁਕਾਨ ਦੀ ਛੱਤ ਤੋਂ ਛਾਲਾਂ ਮਾਰ ਦਿੱਤੀਆਂ, ਜਿਸ ਕਾਰਨ ਦੋਵਾਂ ਦੇ ਪੈਰਾਂ 'ਤੇ ਸੱਟ ਲੱਗੀ, ਜਿਨ੍ਹਾਂ ਦਾ ਹਸਪਤਾਲ 'ਚ ਇਲਾਜ ਕਰਵਾਉਣ ਉਪਰੰਤ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।ਡੀ.ਐੱਸ.ਪੀ. ਨੇ ਦੱਸਿਆ ਕਿ ਉਕਤ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਕਮਲੇਸ਼ ਕੁਮਾਰ, ਜਗਜੀਤ ਸਿੰਘ, ਲੱਲਨ ਸ਼ਾਹ ਤੇ ਰਾਜ ਕੁਮਾਰ ਨੂੰ ਅਦਾਲਤ 'ਚ ਪੇਸ਼ ਕੀਤਾ ਜਾ ਰਿਹਾ ਹੈ, ਜਿੱਥੋਂ ਪੁਲਸ ਰਿਮਾਂਡ ਮਿਲਣ ਉਪਰੰਤ ਪੁੱਛਗਿੱਛ ਕਰਕੇ ਚੋਰੀਸ਼ੁਦਾ ਸਾਮਾਨ ਦੀ ਬਰਾਮਦਗੀ ਕਰਵਾਈ ਜਾਵੇਗੀ।

## ਡੀ ਈ ਓ ਦਫ਼ਤਰ ਦਾ ਕਲਰਕ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ) ਮਾਲੇਰਕੋਟਲਾ ਦੇ ਦਫ਼ਤਰ ਵਿਖੇ ਤਾਇਨਾਤ ਕਲਰਕ ਵਿਕਾਸ ਜਿੰਦਲ ਨੂੰ ਇੱਕ ਅਧਿਆਪਕ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਵਿਜੀਲੈਂਸ ਬਿਊਰੋ ਦੇ ਬੁਲਾਰੇ ਮੁਤਾਬਕ ਮੁਲਜ਼ਮ ਕਲਰਕ ਨੇ ਜ਼ਿਲ੍ਹਾ ਮਾਲੇਰਕੋਟਲਾ ਦੇ ਪਿੰਡ ਬਾਗੜੀਆਂ ਦੇ ਸ਼ਿਕਾਇਤਕਰਤਾ ਅਧਿਆਪਕ ਤੋਂ ਡੀ.ਈ.ਓ. ਦਫ਼ਤਰ ਵਿੱਚ ਉਸ ਦੇ ਬਕਾਇਆ ਭੱਤੇ ਜਾਰੀ ਕਰਨ ਬਦਲੇ 30,000 ਰੁਪਏ ਰਿਸ਼ਵਤ ਮੰਗੀ ਸੀ।ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਕਲਰਕ ਪਹਿਲਾਂ ਹੀ ਉਸ ਕੋਲੋਂ 10,000 ਰੁਪਏ ਰਿਸ਼ਵਤ ਲੈ ਚੁੱਕਾ ਹੈ ਤੇ ਬਾਕੀ ਦੀ ਰਕਮ ਮੰਗ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਉਕਤ ਕਲਰਕ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20000 ਰੁਪਏ ਲੈਂਦਿਆਂ ਕਾਬੂ ਕਰ ਲਿਆ ਤੇ ਰਿਸ਼ਵਤ ਵਾਲੀ ਰਕਮ ਦੇ ਰੰਗੇ ਹੋਏ ਨੋਟ ਮੌਕੇ 'ਤੇ ਹੀ ਬਰਾਮਦ ਕਰ ਲਏ।ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਕੂੜੇ ਦੀ ਸਮੱਸਿਆ : ਈ ਓ ਨੇ ਸੱਦੀ ਕੌਂਸਲਰਾਂ ਦੀ ਮੀਟਿੰਗ 'ਚ ਨਹੀਂ ਨਿਕਲਿਆ ਹੱਲ



**ਜਗਰਾਓਂ (ਅਮਿਤ ਖੰਨਾ)**

ਕੁਝ ਦਿਨਾਂ ਤੋਂ ਜਗਰਾਓਂ ਜਗ੍ਹਾ-ਜਗ੍ਹਾ ਲੱਗ ਰਹੇ ਕੂੜੇ ਦੇ ਢੇਰਾਂ ਕਾਰਨ ਕੂੜੇ ਦਾ ਡੰਪ ਬਣਦਾ ਜਾ ਰਿਹਾ ਹੈ, ਜਿਸ ਕਾਰਨ ਸ਼ਹਿਰ ਵਾਸੀਆਂ ਦਾ ਸ਼ਹਿਰ ਵਿੱਚੋਂ ਨਿਕਲਣਾ ਮੁਸ਼ਕਲ ਹੋਇਆ ਪਿਆ ਹੈ। ਸ਼ਹਿਰ ਦੇ ਜਿਸ ਪਾਸੇ ਵੀ ਝਾਤ ਮਾਰੀ ਜਾਵੇ, ਕੂੜੇ ਦੇ ਵੱਡੇ-ਵੱਡੇ ਡੰਪ ਸਾਫ ਦੇਖੇ ਜਾ ਸਕਦੇ ਹਨ ਅਤੇ ਇਨ੍ਹਾਂ ਡੰਪਾਂ ਦੇ ਨੇੜੇ-ਤੇੜੇ ਰਹਿਣ ਵਾਲੇ ਸ਼ਹਿਰ ਦੇ ਆਮ ਲੋਕ ਕਿੰਨੇ ਕੁ ਔਖੇ ਹਨ, ਇਸਦਾ ਅੰਦਾਜ਼ਾ ਲਾਉਣਾ ਤਾਂ ਕਾਫੀ ਮੁਸ਼ਕਲ ਹੈ, ਪਰ ਆਮ ਸ਼ਹਿਰ ਵਾਸੀਆਂ ਨੂੰ ਵੀ ਕੂੜੇ ਦੇ ਵੱਡੇ ਡੰਪਾਂ ਦੇ ਨੇੜਿਓਂ ਲੰਘਣ ਤੋਂ ਪਹਿਲਾਂ ਆਪਣੇ ਸਾਹ ਰੋਕਣੇ ਪੈਂਦੇ ਹਨ।ਬੀਤੇ ਬੁੱਧਵਾਰ ਕੌਂਸਲਰ ਸਤੀਸ਼ ਕੁਮਾਰ ਪੱਪੂ, ਕੰਵਰਪਾਲ ਸਿੰਘ, ਅਮਰਜੀਤ ਸਿੰਘ ਮਾਲਵਾ ਤੇ ਹੋਰ ਕੌਂਸਲਰਾਂ ਵੱਲੋਂ ਨਗਰ ਕੌਂਸਲ ਦੇ ਈ. ਓ. ਸੁਖਦੇਵ ਸਿੰਘ ਰੰਧਾਵਾ ਨੂੰ ਮਿਲ ਕੇ ਸਖਤ ਚਿਤਾਵਨੀ ਦਿੱਤੀ ਗਈ ਕਿ ਜੇਕਰ ਆਉਣ ਵਾਲੇ ਦਿਨਾਂ ਵਿਚ ਜਗ੍ਹਾ-ਜਗ੍ਹਾ ਲੱਗੇ ਕੂੜੇ ਦੇ ਢੇਰਾਂ ਦਾ ਹੱਲ ਨਾ ਕੀਤਾ ਗਿਆ ਤਾਂ ਕੌਂਸਲਰਾਂ ਵੱਲੋਂ ਸੋਮਵਾਰ ਤੋਂ ਨਗਰ ਕੌਂਸਲ ਦੇ ਗੇਟ ਮੂਹਰੇ ਧਰਨਾ ਲਾ ਦਿੱਤਾ ਜਾਵੇਗਾ, ਜਿਸ ਤੋਂ ਬਾਅਦ ਅੱਜ ਈ. ਓ. ਸੁਖਦੇਵ ਸਿੰਘ ਰੰਧਾਵਾ ਵਲੋਂ ਦੁਪਹਿਰ 3 ਵਜੇ ਨਗਰ ਕੌਂਸਲ ਦੇ ਟਾਊਨ ਹਾਲ ਵਿਖੇ ਸਾਰੇ ਕੌਂਸਲਰਾਂ ਦੀ ਇਕ ਮੀਟਿੰਗ ਸੱਦੀ ਗਈ।ਮੀਟਿੰਗ ਦੀ ਸ਼ੁਰੂਆਤ ਕਰਦਿਆਂ ਰੰਧਾਵਾ ਨੇ ਕਿਹਾ ਕਿ ਅੱਜ ਦੀ ਮੀਟਿੰਗ ਸ਼ਹਿਰ ਵਿਚ ਜਗ੍ਹਾ-ਜਗ੍ਹਾ ਲੱਗੇ ਕੂੜੇ ਦੇ ਢੇਰਾਂ ਦੀ ਸਮੱਸਿਆ ਦਾ ਹੱਲ ਕਰਨ ਲਈ ਸੱਦੀ ਗਈ ਹੈ ਅਤੇ ਉਹ ਸਾਰੇ ਹੀ ਕੌਂਸਲਰਾਂ ਤੋਂ ਸੁਝਾਅ ਮੰਗਦੇ ਹਨ ਕਿ ਸ਼ਹਿਰ ਨੂੰ ਕੂੜੇ ਦੀ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਕੀ ਕੀਤਾ ਜਾ ਸਕਦਾ ਹੈ।ਪਹਿਲਾਂ ਤਾਂ ਸਾਰੇ ਹੀ ਕੌਂਸਲਰਾਂ ਨੇ ਰੰਧਾਵਾ ਨੂੰ ਇਹ ਭਰੋਸਾ ਦਿੱਤਾ ਕਿ ਉਹ ਜੋ ਫੈਸਲਾ ਲੈਣਗੇ, ਸਾਰੇ ਕੌਂਸਲਰ ਉਸ ਦਾ ਸਮਰਥਨ ਕਰਨਗੇ ਪਰ ਜਦੋਂ ਰੰਧਾਵਾ ਵੱਲੋਂ ਸ਼ਹਿਰ ਵਿਚ ਜਗ੍ਹਾ-ਜਗ੍ਹਾ ਲੱਗੇ ਕੂੜੇ ਦੇ ਢੇਰਾਂ ਤੋਂ ਕੂੜਾ ਚੁੱਕ ਕੇ ਸੁੱਟਣ ਲਈ ਚਾਰ-ਪੰਜ ਥਾਵਾਂ ਦਾ ਸੁਝਾਅ ਦਿੱਤਾ ਗਿਆ ਤਾਂ ਸਾਰੇ ਹੀ ਕੌਂਸਲਰ ਆਪੋ-ਆਪਣੇ ਮਸ਼ਵਰੇ ਦੇਣ ਲੱਗੇ।ਜਦੋਂ ਅਖੀਰ ਅਗਵਾੜ ਪੋਨੇ ਦੇ ਨੇੜੇ ਬਣੇ ਛੱਪੜ ਨੇੜੇ ਕੂੜੇ ਨੂੰ ਸੁੱਟਣ ਦੀ ਸਹਿਮਤੀ ਬਣੀ ਤਾਂ ਉਸ ਵਾਰਡ ਦੇ ਕੌਂਸਲਰ ਜਰਨੈਲ ਸਿੰਘ ਲੋਹਟ ਨੇ ਆਪਣੇ ਵਾਰਡ ਵਿਚ ਕੂੜਾ ਸੁੱਟੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਚਾਹੇ ਕੁਝ ਵੀ ਹੋ ਜਾਏ, ਉਹ ਆਪਣੇ ਵਾਰਡ ਵਿਚ ਕੂੜਾ ਨਹੀਂ ਸੁੱਟਣ ਦੇਣਗੇ।ਦੋ ਧਿਰਾਂ ਵਿਚ ਵੰਡੇ ਕੌਂਸਲਰਾਂ ਵਿੱਚ ਡੇਢ ਘੰਟੇ ਤੋਂ ਵੀ ਵੱਧ ਸਮਾਂ ਚੱਲੀ ਮੀਟਿੰਗ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਸਹਿਮਤੀ ਬਣਦੀ ਨਜ਼ਰ ਨਹੀਂ ਆਈ।ਮੀਟਿੰਗ ਦੇ ਖਤਮ ਹੁੰਦਿਆਂ ਹੀ ਮੀਡੀਆ ਨਾਲ ਗੱਲਬਾਤ ਕਰਦਿਆਂ ਈ. ਓ. ਰੰਧਾਵਾ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਮੌਜੂਦ 95 ਫੀਸਦੀ ਕੌਂਸਲਰਾਂ ਨੇ ਉਨ੍ਹਾਂ ਵੱਲੋਂ ਦਿੱਤੇ ਗਏ ਸੁਝਾਅ 'ਤੇ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ।5 ਫੀਸਦੀ ਕੌਂਸਲਰ ਉਨ੍ਹਾਂ ਦੇ ਸੁਝਾਅ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਤਾਂ ਇਕ ਵਾਰ ਕੱਲ ਤੋਂ ਸ਼ਹਿਰ ਵਿੱਚ ਬਣੇ ਡੰਪਾਂ ਤੋਂ ਕੂੜਾ ਚੁੱਕ ਕੇ ਅਗਵਾੜ ਪੋਨੇ ਦੇ ਕੋਠੇ ਨੇੜੇ ਛੱਪੜ ਕੋਲ ਸੁੱਟਿਆ ਜਾਵੇਗਾ, ਜਿਸ ਦਾ ਆਉਣ ਵਾਲੇ ਦਿਨਾਂ ਵਿਚ ਪੱਕਾ ਹੱਲ ਵੀ ਲੱਭ ਲਿਆ ਜਾਵੇਗਾ।ਇਸ ਮੌਕੇ ਕੌਂਸਲਰ ਸਤੀਸ਼ ਕੁਮਾਰ ਪੱਪੂ, ਜਗਜੀਤ ਸਿੰਘ ਜੱਗੀ ਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਸ਼ਹਿਰ ਵਿਚ ਜਗ੍ਹਾ-ਜਗ੍ਹਾ ਲੱਗੇ ਕੂੜੇ ਦੇ ਢੇਰਾਂ ਦਾ ਜ਼ਿੰਮੇਵਾਰ ਨਗਰ ਕੌਂਸਲ ਪ੍ਰਧਾਨ ਤੇ ਈ. ਓ. ਹਨ। ਇਸ ਮੌਕੇ ਵਰਿੰਦਰ ਸਿੰਘ ਕਲੇਰ, ਸਤਿੰਦਰ ਤੱਤਲਾ, ਵਿਜੇ ਕਲਿਆਣ, ਰਾਜ ਭਾਰਦਵਾਜ, ਰਵਿੰਦਰ ਸੱਭਰਵਾਲ, ਅਮਨ ਕਪੂਰ ਬੌਬੀ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਸੱਪ ਦੇ ਡੰਗਣ ਨਾਲ 13 ਸਾਲਾ ਵਿਦਿਆਰਥਣ ਦੀ ਮੌਤ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)** : ਖੰਨਾ ਦੇ ਲਲਹੇੜੀ ਰੋਡ ਨੇੜੇ ਜੀਟੀਬੀ ਨਗਰ ਵਿਖੇ ਇੱਕ ਘਰ ਵਿੱਚ ਸੁੱਤੀ ਪਈ 13 ਸਾਲਾ ਨਿਕਿਤਾ ਨਾਮ ਦੀ ਲੜਕੀ ਨੂੰ ਸਵੇਰੇ ਸੱਪ ਨੇ ਪਿੱਠ 'ਤੇ ਡੰਗ ਮਾਰਿਆ, ਜਿਸ ਕਾਰਨ ਉਸ ਦੀ ਹਾਲਤ ਵਿਗੜ ਗਈ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਵਿਦਿਆਰਥਣ 6ਵੀਂ ਜਮਾਤ ਵਿੱਚ ਪੜ੍ਹਦੀ ਸੀ।ਪਰਿਵਾਰਕ ਮੈਂਬਰਾਂ ਅਨੁਸਾਰ, ਨਿਕਿਤਾ ਆਪਣੇ ਮਾਪਿਆਂ ਤੇ ਛੋਟੇ ਭਰਾ ਨਾਲ ਕਮਰੇ ਵਿੱਚ ਫਰਸ਼ 'ਤੇ ਵਿਛੇ ਬਿਸਤਰੇ 'ਤੇ ਸੁੱਤੀ ਪਈ ਸੀ।ਜਦੋਂ ਉਸ ਦੀ ਮਾਂ ਸ਼ਨੀਵਾਰ ਸਵੇਰੇ 4 ਵਜੇ ਦੇ ਕਰੀਬ ਬਾਥਰੂਮ ਲਈ ਉੱਠੀ ਤਾਂ ਉਸ ਨੇ ਵਿਹੜੇ ਵਿੱਚ ਇੱਕ ਸੱਪ ਨੂੰ ਰੀਂਗਦਾ ਦੇਖਿਆ।ਇਸ ਦੌਰਾਨ, ਨਿਕਿਤਾ ਦੀ ਸਿਹਤ ਅਚਾਨਕ ਵਿਗੜਨ ਲੱਗੀ।ਜਿਵੇਂ ਹੀ ਉਹ ਜਾਗੀ, ਉਸ ਨੇ ਪੇਟ ਦਰਦ ਤੇ ਉਲਟੀਆਂ ਦੀ ਸ਼ਿਕਾਇਤ ਕੀਤੀ।ਜਦੋਂ ਨਿਕਿਤਾ ਨੂੰ ਨਹਾਇਆ ਜਾ ਰਿਹਾ ਸੀ, ਤਾਂ ਉਸ ਦੀ ਪਿੱਠ 'ਤੇ ਸੱਪ ਦੇ ਡੰਗਣ ਦੇ ਨਿਸ਼ਾਨ ਦਿਖਾਈ ਦੇ ਰਹੇ ਸਨ।ਉਦੋਂ ਤੱਕ ਜ਼ਹਿਰ ਉਸ ਦੇ ਸਰੀਰ ਵਿੱਚ ਫੈਲ ਚੁੱਕਾ ਸੀ।ਪਰਿਵਾਰ ਤੁਰੰਤ ਉਸ ਨੂੰ ਸਿਵਲ ਹਸਪਤਾਲ ਲੈ ਗਿਆ, ਪਰ ਡਾਕਟਰਾਂ ਨੇ ਕਿਹਾ ਕਿ ਜ਼ਹਿਰ ਉਸ ਦੇ ਦਿਮਾਗ ਤੱਕ ਪਹੁੰਚ ਗਿਆ ਸੀ ਤੇ ਇਲਾਜ ਦੌਰਾਨ ਲੜਕੀ ਦੀ ਮੌਤ ਹੋ ਗਈ।

# ਜਥੇਬੰਦੀਆਂ ਵੱਲੋਂ ਬੀ ਡੀ ਪੀ ਓ ਦਫਤਰ ਵਿਖੇ ਧਰਨਾ 13ਵੇਂ ਦਿਨ 'ਚ

■ **ਭੀਖੀ ਬਲਾਕ ਨੂੰ ਤੋੜਨ ਦਾ ਫੈਸਲਾ ਤੁਰੰਤ ਵਾਪਸ ਲਵੇ ਸਰਕਾਰ : ਆਗੂ**



**ਭੀਖੀ (ਧਰਮਵੀਰ ਸ਼ਰਮਾ)**-ਬਲਾਕ ਭੀਖੀ ਨੂੰ ਤੋੜਨ ਦੇ ਵਿਰੋਧ 'ਚ ਵੱਖ ਵੱਖ ਜਥੇਬੰਦੀਆਂ ਵੱਲੋਂ ਸਥਾਨਕ ਬੀਡੀਪੀਓ ਦਫਤਰ ਵਿਖੇ ਦਿੱਤਾ ਜਾ ਰਿਹਾ ਧਰਨਾ 13ਵੇਂ ਦਿਨ ਵਿੱਚ ਦਾਖਲ ਹੋ ਗਿਆ। ਅੱਜ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਿਸਾਨ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸ਼ਰਮਾ ਖੀਵਾ, ਖੇਤ ਮਜ਼ਦੂਰ ਸਭਾ ਦੇ ਕੇਵਲ ਸਿੰਘ ਸਮਾਉਂ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਭੋਲਾ ਸਿੰਘ ਸਮਾਉਂ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲੋਂ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੁਖਦੇਵ ਸਿੰਘ ਸਮਾਉਂ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਆਗੂ ਦਿਨੇਸ਼ ਸੋਨੀ, ਧੰਨਾ ਸਿੰਘ ਖੀਵਾ ਖੁਰਦ ਸਾਬਕਾ ਸਰਪੰਚ, ਰਣ ਸਿੰਘ ਸਮਾਉਂ ਚੇਅਰਮੈਨ, ਸੁਖਵਿੰਦਰ ਸਿੰਘ ਅਤਲਾ ਖੁਰਦ, ਭੂਰਾ ਸਿੰਘ ਸਮਾਉਂ ਨੇ ਸੰਬੋਧਨ ਕਰਦਿਆਂ ਕਿ ਸਰਕਾਰ ਦਾ ਕੰਮ ਲੋਕਾਂ ਨੂੰ ਸਹੂਲਤਾਂ ਦੇਣਾ ਹੁੰਦਾ ਨਾ ਕਿ ਲੋਕਾਂ ਨੂੰ ਖੱਜਲ ਕਰਨਾ।

ਉਨ੍ਹਾਂ ਕਿਹਾ ਕਿ ਭੀਖੀ ਬਲਾਕ ਤੋੜਨ ਨਾਲ ਬਜ਼ੁਰਗਾਂ ਤੇ ਔਰਤਾਂ ਦੀ ਸਮੱਸਿਆ ਵੱਧ ਜਾਵੇਗੀ ਤੇ ਬਲਾਕ ਅਧੀਨ ਪੈਂਦੇ 33 ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਹਿੱਤ ਰੱਖਦੇ ਹੋਏ ਸਰਕਾਰ ਭੀਖੀ ਬਲਾਕ ਨੂੰ ਤੋੜਨ ਦਾ ਫੈਸਲਾ ਤੁਰੰਤ ਵਾਪਸ ਲਵੇ, ਜੇਕਰ ਇਹ ਫੈਸਲਾ ਵਾਪਸ ਨਾ ਲਿਆ ਗਿਆ ਤਾਂ ਉਨ੍ਹਾਂ ਨੂੰ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਾ ਪਵੇਗਾ।ਇਸ ਮੌਕੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਕਾਮਰੇਡ ਧਰਮਪਾਲ ਨੀਟਾ, ਮਹਿੰਦਰ ਸਿੰਘ ਅਤਲਾ ਖੁਰਦ, ਕਾਮਰੇਡ ਕੁਲਦੀਪ ਸਿੰਘ, ਬਿੰਦਰ ਬੋਘਕਾ, ਗੁਰਦੀਪ ਸਿੰਘ, ਅਜੈਬ ਸਿੰਘ, ਅਮੋਲਕ ਸਿੰਘ, ਗੁਰਚਰਨ ਸਿੰਘ, ਕੁੱਕੂ ਸ਼ਰਮਾਂ, ਗੁਲਜਾਰ ਸਿੰਘ, ਰੋਸ਼ੀ ਸਿੰਘ ਮੱਤੀ, ਰੇਹੜੀ ਫੜ੍ਹੀ ਯੂਨੀਅਨ ਦੇ ਰਘੁਬੀਰ ਸਿੰਘ, ਜਸਵੰਤ ਸਿੰਘ ਭੀਖੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।ਉਧਰ ਭੀਖੀ ਦੇ ਸਮਾਜ ਸੇਵੀ ਤੇ ਖੇਤੀਬਾੜੀ ਵਿਭਾਗ ਦੇ ਸੇਵਾ ਮੁਕਤ ਸਬ ਇੰਸਪੈਕਟਰ ਹਰਨੇਕ ਸਿੰਘ ਚਹਿਲ ਨੇ ਕਿਹਾ ਕਿ ਬਲਾਕ ਭੀਖੀ ਨੂੰ ਤੋੜਨ ਦੀ ਬਜਾਏ 11 ਪਿੰਡ ਖੀਵਾ ਮੀਹਾਂ ਸਿੰਘ ਵਾਲਾ, ਹੀਰੋਂ ਖੁਰਦ, ਗੁੜੱਦੀ, ਭਾਦੜਾ, ਆਲਮਪੁਰ ਬੋਦਲਾ, ਕਣਕਵਾਲ ਚਹਿਲਾਂ, ਬੋੜਾਵਾਲ, ਬੀਰੋਕੇ ਖੁਰਦ, ਬੀਰੋਕੇ ਕਲਾਂ, ਦੋਦੜਾ ਬੱਛੋਆਣਾ ਨੂੰ ਬੁਢਲਾਡਾ ਬਲਾਕ ਵਿੱਚੋਂ ਕੱਢ ਕੇ ਭੀਖੀ ਬਲਾਕ ਨਾਲ ਜੋੜਿਆ ਜਾਵੇ।ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਪਿੰਡਾਂ ਨੂੰ ਭੀਖੀ ਬਲਾਕ ਨਾਲ ਜੋੜਿਆ ਜਾਂਦਾ ਹੈ ਤਾਂ ਬੁਢਲਾਡਾ ਕੋਲ 73 ਪਿੰਡ ਰਹਿ ਜਾਣਗੇ, ਸਰਦੂਲਗੜ੍ਹ ਤੇ ਝੁਨੀਰ ਬਲਾਕ ਵਿੱਚ ਵੀ 73 ਪਿੰਡ ਹਨ, ਇਸ ਤੋਂ ਇਲਾਵਾ ਭੀਖੀ ਤੇ ਮਾਨਸਾ ਬਲਾਕ ਕੋਲ ਵੀ 73 ਪਿੰਡ ਹੋ ਜਾਣਗੇ।ਉਨ੍ਹਾਂ ਮੰਗ ਕੀਤੀ ਕਿ ਭੀਖੀ ਬਲਾਕ ਨੂੰ ਤੋੜਨ ਦੀ ਬਜਾਏ ਮਾਨਸਾ ਜ਼ਿਲ੍ਹੇ ਦੇ ਤਿੰਨਾਂ ਵਿਧਾਨ ਸਭਾ ਹਲਕਿਆਂ ਅੰਦਰ ਪੈਂਦੇ ਬਲਾਕਾਂ ਨੂੰ ਬਰਾਬਰ ਪਿੰਡਾਂ ਦੀ ਵੰਡ ਕਰਕੇ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।

# ਸਫ਼ਾਈ ਕਰਮਚਾਰੀ ਕਮਿਸ਼ਨ ਸਫਾਈ ਕਰਮਚਾਰੀਆਂ ਦੀ ਬਿਹਤਰੀ ਲਈ ਵਚਨਬੱਧ : ਚੰਦਨ ਗਰੇਵਾਲ

**ਜਲੰਧਰ (ਸ਼ੈਲੀ ਐਲਬਰਟ, ਉਸ਼ੀ)**- ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਫਾਈ ਕਰਮਚਾਰੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਉਨ੍ਹਾਂ ਦਾ ਢੁੱਕਵਾਂ ਅਤੇ ਸਮਾਂਬੱਧ ਢੰਗ ਨਾਲ ਹੱਲ ਕਰਨ ਦੀ ਹਦਾਇਤ ਕੀਤੀ। ਨਗਰ ਨਿਗਮ/ ਕੌਂਸਲਾਂ/ ਨਗਰ ਪੰਚਾਇਤਾਂ ਦੇ ਅਧਿਕਾਰੀਆਂ ਅਤੇ ਸਫ਼ਾਈ ਕਰਮਚਾਰੀਆਂ ਦੀ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਚੇਅਰਮੈਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਫ਼ਾਈ ਕਰਮਚਾਰੀਆਂ ਦੀ ਬਿਹਤਰੀ ਲਈ ਦ੍ਰਿੜ੍ਹ ਵਚਨਬੱਧ ਹੈ ਅਤੇ ਕਮਿਸ਼ਨ ਵੱਲੋਂ ਰਾਜ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਕੰਮ ਕਰਦੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਦੇ ਹਿੱਤਾਂ ਦਾ ਪੂਰਾ ਖਿਆਲ ਰੱਖਦੇ ਹੋਏ ਉਨ੍ਹਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਸਫਾਈ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹ,



ਲੋੜੀਂਦੇ ਸੁਰੱਖਿਆ ਉਪਕਰਣ ਅਤੇ ਸਮਰੱਥਾ ਵਿੱਚ ਵਾਧੇ ਲਈ ਟ੍ਰੇਨਿੰਗ ਦਿਵਾਉਣ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਕਮਿਸ਼ਨਰ ਨਗਰ ਨਿਗਮ ਜਲੰਧਰ ਰਾਕੇਸ਼ ਕੁਮਾਰ ਅਤੇ ਏ.ਸੀ.ਪੀ. (ਹੈੱਡ ਕੁਆਰਟਰ) ਮਨਮੋਹਨ ਸਿੰਘ ਵੀ ਮੌਜੂਦ ਸਨ।ਮੀਟਿੰਗ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਗਰੇਵਾਲ ਨੇ ਕਿਹਾ ਕਿ ਸਫਾਈ ਕਰਮਚਾਰੀ ਸਮਾਜ ਦਾ ਅਹਿਮ ਹਿੱਸਾ ਹਨ, ਜਿਨ੍ਹਾਂ ਦੀ ਭਲਾਈ ਲਈ ਕਮਿਸ਼ਨ ਲਗਾਤਾਰ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਸਫਾਈ ਕਰਮਚਾਰੀਆਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਦੀ ਸੁਣਵਾਈ ਕਰਕੇ ਅਧਿਕਾਰੀਆਂ ਨੂੰ ਇਨ੍ਹਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਕੁਝ ਮੰਗਾਂ ਜੋ ਸਰਕਾਰ ਦੇ ਪੱਧਰ ਦੀਆਂ ਹਨ, ਉਨ੍ਹਾਂ ਨੂੰ ਮੁੱਖ ਮੰਤਰੀ ਮਾਨ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਇਨ੍ਹਾਂ ਦਾ ਵੀ ਜਲਦ ਤੋਂ ਜਲਦ ਹੱਲ ਹੋ ਸਕੇ। ਇਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਰਿਕਾਰਡ ਭਰਤੀਆਂ ਕੀਤੀਆਂ ਹਨ ਅਤੇ ਕਮਿਸ਼ਨ ਵੱਲੋਂ ਸਫ਼ਾਈ ਕਰਮਚਾਰੀਆਂ ਦੀ ਬੈਗਲਾਗ ਨੂੰ ਵੀ ਪੱਕੀ ਭਰਤੀ ਰਾਹੀਂ ਪੂਰਾ ਕਰਨ ਦਾ ਮੁੱਦਾ ਪੰਜਾਬ ਸਰਕਾਰ ਅੱਗੇ ਪੁਰਜ਼ੋਰ ਢੰਗ ਨਾਲ ਉਠਾਇਆ ਜਾਵੇਗਾ। ਮੀਟਿੰਗ ਵਿੱਚ ਨਗਰ ਕੌਂਸਲ/ਨਗਰ ਪੰਚਾਇਤਾਂ ਦੇ ਕਾਰਜਕਾਰੀ ਅਫ਼ਸਰ, ਨਗਰ ਨਿਗਮ ਜਲੰਧਰ ਦੇ ਅਧਿਕਾਰੀ ਆਦਿ ਮੌਜੂਦ ਸਨ।

# ਬਜਾਜ ਫਿਨਸਰਵ ਏ ਐੱਮ ਸੀ ਵੱਲੋਂ ਸਮਾਲ ਕੈਪ ਫੰਡ ਲਾਂਚ

**ਜਲੰਧਰ :** ਬਜਾਜ ਫਿਨਸਰਵ ਏਐੱਮਸੀ ਨੇ ਬਜਾਜ ਫਿਨਸਰਵ ਸਮਾਲ ਕੈਪ ਫੰਡ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ, ਇੱਕ ਓਪਨ-ਐਂਡ ਇਕੁਇਟੀ ਸਕੀਮ ਜੋ ਮੁੱਖ ਤੌਰ 'ਤੇ ਸਮਾਲ ਕੈਪ ਸਟਾਕਾਂ ਵਿੱਚ ਨਿਵੇਸ਼ ਕਰਦੀ ਹੈ, ਜੋ ਗੁਣਵੱਤਾ, ਵਿਕਾਸ ਅਤੇ ਮੁੱਲ ਦੀ ਪੇਸ਼ਕਸ਼ ਕਰਦੀ ਹੈ।ਇਹ ਫੰਡ 27 ਜੂਨ ਤੋਂ ਸਬਸਕ੍ਰਿਪਸ਼ਨ ਲਈ ਖੁੱਲ੍ਹੇਗਾ ਅਤੇ 11 ਜੁਲਾਈ ਨੂੰ ਬੰਦ ਹੋਵੇਗਾ।ਛੋਟੇ ਕੈਪਸ ਵਿੱਚ ਹਾਲ ਹੀ ਵਿੱਚ ਕੀਤਾ ਗਿਆ ਸੁਧਾਰ ਲੰਬੇ ਸਮੇਂ ਦੇ ਨਿਵੇਸ਼ਕਾਂ ਲਈ ਇੱਕ ਆਕਰਸ਼ਕ ਪ੍ਰਵੇਸ਼ ਦਾ ਮੌਕਾ ਪ੍ਰਦਾਨ ਕਰਦਾ ਹੈ।ਹਾਲਾਂਕਿ 80 ਫ਼ੀਸਦ ਤੋਂ ਵੱਧ ਸਮਾਲ-ਕੈਪ ਕੰਪਨੀਆਂ ਨੇ 38 ਫ਼ੀਸਦੀ ਮਜ਼ਬੂਤ ਮੁਨਾਫ਼ਾ ਵਾਧਾ ਅਤੇ ਠੋਸ ਰਿਟਰਨ ਅਨੁਪਾਤ ਦੀ ਰਿਪੋਰਟ ਕੀਤੀ ਹੈ।ਲਾਂਚ 'ਤੇ ਟਿੱਪਣੀ ਕਰਦੇ ਹੋਏ ਬਜਾਜ ਫਿਨਸਰਵ ਏਐੱਮਸੀ ਦੇ ਮੈਨੇਜਿੰਗ ਡਾਇਰੈਕਟਰ ਗਣੇਸ਼ ਮੋਹਨ ਨੇ ਕਿਹਾ ਕਿ ਸਮਾਲ ਕੈਪ ਫੰਡ ਦੀ ਸ਼ੁਰੂਆਤ ਭਾਰਤ ਦੇ ਗਤੀਸ਼ੀਲ ਸਮਾਲ ਕੈਪ ਸਪੇਸ ਦੀ ਲੰਬੇ ਸਮੇਂ ਦੀ ਸੰਭਾਵਨਾ ਵਿੱਚ ਸਾਡੇ ਡੂੰਘੇ ਵਿਸ਼ਵਾਸ ਨੂੰ ਦਰਸਾਉਂਦੀ ਹੈ।

# ਮੁੰਡੀਆ ਦੀ ਕੋਠੀ ਦਾ 30 ਨੂੰ ਘਿਰਾਓ ਕੀਤਾ ਜਾਵੇਗਾ ਜਾਵੇਗਾ : ਵਰਿੰਦਰ ਮੋਮੀ

**ਨਕੋਦਰ (ਮਨਜੀਤ ਮਾਨ)**- ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਅਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ, ਸੂਬਾ ਜੁਆਇੰਟ ਪ੍ਰੈੱਸ ਸਕੱਤਰ ਜਸਵੀਰ ਸਿੰਘ ਸੀਰਾ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿੱਚ ਪਿਛਲੇ 15-20 ਸਾਲਾਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਿਤ ਮੁਲਾਜ਼ਮਾਂ ਨੂੰ ਵਿਭਾਗ ਵਿਚ ਤਜਰਬੇ ਦੇ ਅਧਾਰ 'ਤੇ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨਾ, ਵਿਭਾਗ ਦੀਆਂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ ਪੰਚਾਇਤੀਕਰਨ ਅਤੇ ਸਕਾਡਾ ਪ੍ਰਣਾਲੀ ਲਗਾਉਣ ਵਾਲੀਆਂ ਮਾਰੂ ਨੀਤੀਆਂ ਨੂੰ ਰੱਦ ਕਰਨ ਸਮੇਤ ਮੰਗ-ਪੱਤਰ ਵਿਚ ਦਰਜ ਤਮਾਮ ਮੰਗਾਂ ਨੂੰ ਲੈ ਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਕਰਵਾਉਣ ਦਾ ਸਮਾਂ ਤੈਅ ਕੀਤਾ ਗਿਆ। ਫਿਰ ਇਸ ਨੂੰ ਬਦਲ ਕੇ 26 ਜੂਨ ਨੂੰ ਪੰਜਾਬ



ਵੱਲੋਂ 15 ਜੂਨ ਨੂੰ ਵਿਭਾਗੀ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਕੇ ਦਿੱਤੇ ਗਏ ਸੂਬਾ ਪੱਧਰੀ ਧਰਨੇ ਦੇ ਦੌਰਾਨ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਵੱਲੋਂ ਜੱਥੇਬੰਦੀ ਦੀ ਲੀਡਰਸ਼ਿਪ ਨਾਲ ਮੀਟਿੰਗ ਕਰਨ ਉਪਰੰਤ ਮੰਗਾਂ ਦਾ ਹੱਲ ਕਰਵਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਪਹਿਲਾਂ 18 ਜੂਨ ਨੂੰ ਪੈਨਲ ਮੀਟਿੰਗ ਭਵਨ ਚੰਡੀਗੜ੍ਹ ਰੱਖੀ ਗਈ ਸੀ ਪਰ ਜਦੋਂ ਜਥੇਬੰਦੀ ਦੇ ਆਗੂ ਮੀਟਿੰਗ ਕਰਨ ਲਈ ਗਏ ਤਾਂ ਮੁੱਖ ਮੰਤਰੀ ਪੰਜਾਬ ਨਾਲ ਤੈਅ ਹੋਈ ਪੈਨਲ ਮੀਟਿੰਗ ਰੱਦ ਕਰ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਪੈਦਾ ਕੀਤੀ ਜਾਣ ਵਾਲੀ ਮਜਬੂਰੀ ਵੱਸ ਸੰਘਰਸ਼ ਨੂੰ ਪੂਰਅਮਨ ਢੰਗ ਨਾਲ ਜਾਰੀ ਰੱਖਦੇ ਹੋਏ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਵੱਲੋਂ 30 ਜੂਨ ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਲਈ ਸਾਡੀ ਜੱਥੇਬੰਦੀ ਦੀ ਪੁਰਜ਼ੋਰ ਮੰਗ ਹੈ ਕਿ ਕੈਬਨਿਟ ਮੰਤਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨਾਲ ਤੈਅ ਹੋਈ ਪੈਨਲ ਮੀਟਿੰਗ ਕਰਵਾ ਕੇ ਜਥੇਬੰਦੀ ਦੀਆਂ ਮੰਗਾਂ ਅਤੇ ਮਸਲਿਆਂ ਦਾ ਹੱਲ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ 'ਚ ਸਾਲਾਂਬੱਧੀ ਅਰਸੇ ਤੋਂ ਇਕ ਵਰਕਰ ਦੇ ਰੂਪ ਵਿਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਜਾਇਜ਼ ਮੰਗਾਂ ਜਿਵੇਂ ਕਿ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ ਵਿਚ ਮਰਜ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਪੋਜ਼ਲ ਨੂੰ ਲਾਗੂ ਕੀਤਾ ਜਾਵੇ, 58 ਸਾਲ ਦੀ ਉਮਰ ਤੱਕ ਪੱਕੇ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਵੇ।

# ਬੱਚਿਆਂ ਨੂੰ ਕਾਨੂੰਨੀ ਪ੍ਰਕਿਰਿਆ ਰਾਹੀਂ ਲਿਆ ਜਾਵੇ ਗੋਦ : ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਮਨੋਜ ਲਾਡੀ):** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਕਾਨੂੰਨੀ ਪ੍ਰਕਿਰਿਆ ਅਪਨਾਉਂਦੇ ਹੋਏ ਹੀ ਬੱਚਿਆਂ ਨੂੰ ਗੋਦ ਲੈਣਾ ਚਾਹੀਦਾ ਹੈ ਤਾਂ ਜੋ ਅਡਾਪਸ਼ਨ ਨਿਯਮਾਂ ਤਹਿਤ ਹੀ ਬੱਚਿਆਂ ਨੂੰ ਗੋਦ ਲੈਣ ਵਾਲਿਆਂ ਦੇ ਸਪੁਰਦ ਕੀਤਾ ਜਾਵੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੱਚਿਆਂ ਨੂੰ ਗੋਦ ਲੈਣ ਬਾਰੇ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਗੈਰ ਕਾਨੂੰਨੀ ਢੰਗ ਨਾਲ ਅਡਾਪਸ਼ਨ ਨਾ ਹੋ ਸਕੇ। ਉਨ੍ਹਾ ਕਿਹਾ ਕਿ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਕਈ ਮਾਪੇ ਬੱਚਿਆਂ ਨੂੰ ਆਪਣੇ ਕੋਲ ਰੱਖਣ ਵਿੱਚ ਅਸਮਰੱਥ ਹੋਣ 'ਤੇ ਬੱਚਿਆਂ ਨੂੰ ਸਪੁਰਦ ਕਰਨਾ ਜਾਂ ਗੋਦ ਦੇਣਾ ਚਾਹੁੰਦੇ ਹੁੰਦੇ ਹਨ ਜੋ ਸਭ ਤੋਂ ਪਹਿਲਾਂ ਹਸਪਤਾਲ, ਨਰਸਿੰਗ ਹੋਮ ਜਾਂ ਡਾਕਟਰ ਨਾਲ ਸੰਪਰਕ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਿਹੜੇ ਮਾਪੇ ਬੱਚਿਆਂ ਨੂੰ ਗੋਦ ਲੈਣਾ ਚਾਹੁੰਦੇ ਹਨ, ਉਹ ਵੀ ਇਨ੍ਹਾਂ ਸਿਹਤ ਸੰਸਥਾਵਾਂ ਨਾਲ ਰਾਬਤਾ ਕਰਦੇ ਹਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਕਿ ਸਿਹਤ ਸੰਸਥਾਵਾਂ, ਭਾਵੇਂ ਸਰਕਾਰੀ ਜਾਂ ਪ੍ਰਾਈਵੇਟ ਹੋਣ, ਵਿੱਚ ਡਾਕਟਰ ਕੰਮ ਕਰ ਰਹੇ ਹਨ, ਨੂੰ ਕਾਨੂੰਨ ਦੇ ਤਹਿਤ ਬੱਚਾ ਸਪੁਰਦ ਕਰਨ ਜਾਂ ਗੋਦ ਲੈਣ ਦੀ ਪ੍ਰਕਿਰਿਆ ਬਾਰੇ ਜਾਣੂ ਹੋਣਾ ਜ਼ਰੂਰੀ ਹੈ ਤਾਂ ਜੋ ਗੈਰ ਕਾਨੂੰਨੀ ਅਡਾਪਸ਼ਨਾਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਹਿੱਤਾਂ ਦੀ ਰਾਖੀ, ਉਨ੍ਹਾਂ ਨੂੰ ਟਰੈਫਿਕਿੰਗ ਜਾਂ ਸ਼ੋਸਣ ਦੇ ਜੋਖਮਾਂ ਤੋਂ ਬਚਾਉਣ ਲਈ ਅਡਾਪਸ਼ਨ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਲਾਜ਼ਮੀ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਕਿਸੇ ਵੀ ਪ੍ਰਾਈਵੇਟ ਜਾਂ ਸਰਕਾਰੀ ਹਸਪਤਾਲ ਵਿੱਚ ਬੱਚੇ ਦੇ ਗੋਦ ਲੈਣ ਦੇ ਸਬੰਧ ਵਿੱਚ ਅਜਿਹਾ ਕੇਸ ਆਉਂਦਾ ਹੈ ਤਾਂ ਉਹ ਅਡਾਪਸ਼ਨ ਰੈਗੂਲੇਸ਼ਨ 2022 ਦੀ ਧਾਰਾ 7(4 ) ਅਤੇ 9(4) ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਨੂੰ ਅਤੇ ਬਾਲ ਭਲਾਈ ਕਮੇਟੀ ਨੂੰ ਸੂਚਿਤ ਕਰਨਗੇ। ਜੇਕਰ ਕੋਈ ਵੀ ਮਾਤਾ-ਪਿਤਾ ਆਪਣੀ ਇੱਛਾ ਨਾਲ ਆਪਣੇ ਬੱਚੇ ਨੂੰ ਛੱਡਣਾ ਚਾਹੁੰਦੇ ਹਨ ਜਾਂ ਗੋਦ ਲੈਣਾ ਚਾਹੁੰਦੇ, ਉਹ ਇਸ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਚੰਡੀਗੜ੍ਹ ਰੋਡ ਤੀਜੀ ਮੰਜ਼ਿਲ, ਕਮਰਾ ਨੰ.416, ਫੋਨ ਨੰ. 01823-222322 ਸ਼ਹੀਦ ਭਗਤ ਸਿੰਘ ਨਗਰ ਨਾਲ ਸੰਪਰਕ ਕਰ ਸਕਦੇ ਹਨ। ਜੇਕਰ ਕੋਈ ਵੀ ਵਿਅਕਤੀ, ਸੰਸਥਾ ਗੈਰ ਕਾਨੂੰਨੀ ਤਰੀਕੇ ਨਾਲ ਬੱਚੇ ਨੂੰ ਗੋਦ ਲੈਂਦਾ ਜਾਂ ਦਿੰਦਾ ਪਾਇਆ ਜਾਂਦਾ ਹੈ ਤਾਂ ਜੁਵਨਾਇਲ ਜਸਟਿਸ ਐਕਟ ਅਨੁਸਾਰ ਅਜਿਹੇ ਵਿਅਕਤੀ ਜਾਂ ਸੰਸਥਾ ਨੂੰ 3 ਸਾਲ ਦੀ ਕੈਦ ਜਾਂ 1 ਲੱਖ ਰੁਪਏ ਜੁਰਮਾਨਾ ਜਾਂ ਦੋਨੋ ਹੋ ਸਕਦੇ ਹਨ। ਜੇਕਰ ਕੋਈ ਵਿਅਕਤੀ ਬੱਚੇ ਨੂੰ ਖਰੀਦਦਾ ਜਾਂ ਵੇਚਦਾ ਪਾਇਆਂ ਜਾਂਦਾ ਹੈ ਤਾਂ ਉਸ ਨੂੰ ਵੀ ਕਾਨੂੰਨ ਮੁਤਾਬਿਕ 5 ਸਾਲ ਦੀ ਸਜ਼ਾ ਅਤੇ 1 ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ।

# ਮਜੀਠੀਆ ਖ਼ਿਲਾਫ਼ ਦਰਜ ਕੀਤਾ ਝੂਠਾ ਪਰਚਾ ਕੋਝੀ ਸਿਆਸਤ ਤੋਂ ਪ੍ਰੇਰਿਤ : ਲੱਖੀ ਗਿਲਜੀਆਂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਤੋਂ ਮਹਾਰਾਜਾ ਜੱਸਾ ਸਿੰਘ ਚੌਂਕ ਤੱਕ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਦੀ ਅਗਵਾਈ ਵਿੱਚ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ ਤੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ। ਵੱਖ-ਵੱਖ ਅਕਾਲੀ ਆਗੂਆਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਬਿਕਰਮ ਸਿੰਘ ਮਜੀਠੀਆ ਬੇਬਾਕੀ ਨਾਲ ਪੰਜਾਬ ਸਰਕਾਰ ਦੀਆਂ ਕਰਤੂਤਾਂ ਨੂੰ ਜੱਗ ਜ਼ਾਹਰ ਕਰਦੇ ਹਨ ਸਰਕਾਰ ਦੇ ਕੈਬਨਿਟ ਮੰਤਰੀਆਂ ਦੀ ਕੋਈ ਨਾ ਕੋਈ ਵੀਡੀਓ ਵੀ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਜਾਰੀ ਕਰ ਦਿੰਦੇ ਸੀ। ਇਹੋ ਕਾਰਨ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ ਕਿ ਮਜੀਠੀਆ ਸਾਹਿਬ ਨੂੰ ਕਿਸੇ ਨਾ ਕਿਸੇ ਪਰਚੇ 'ਚ ਜੇਲ੍ਹ ਡੱਕਿਆ ਜਾਵੇ। ਆਮ ਆਦਮੀ ਪਾਰਟੀ ਦੀ ਸਰਕਾਰ ਅਕਾਲੀਆਂ ਦਾ ਇਤਿਹਾਸ ਪੜ੍ਹ ਲਵੇ ਇਹ ਝੂਠੇ ਕੇਸ ਸਾਨੂੰ ਡਰਾ ਨਹੀਂ ਸਕਦੇ। ਸ਼੍ਰੋਮਣੀ ਅਕਾਲੀ ਦਲ ਦਾ ਹਰ ਵਰਕਰ ਬਿਕਰਮ ਸਿੰਘ ਮਜੀਠੀਆ ਨਾਲ ਡਟ ਕੇ ਖੜ੍ਹੇਗਾ। ਸਰਕਾਰ ਨੂੰ ਇੱਕ ਦਿਨ ਝੁੱਕਣਾ ਹੀ ਪਵੇਗਾ। ਸ਼੍ਰੋਮਣੀ ਅਕਾਲੀ ਦਲ ਦਾ ਹਰ ਵਰਕਰ ਸਰਕਾਰੀ ਜਬਰ ਦਾ ਮੁਕਾਬਲਾ ਡਟ ਕੇ ਕਰੇਗਾ। ਇਸ ਮੌਕੇ ਜ਼ਿਲ੍ਹਾ ਜਥੇਦਾਰ ਲਖਵਿੰਦਰ ਸਿੰਘ ਲੱਖੀ, ਬਲਬੀਰ ਸਿੰਘ ਮਿਆਣੀ, ਜਤਿੰਦਰ ਸਿੰਘ ਲਾਲੀ ਬਾਜਵਾ, ਅਰਵਿੰਦਰ ਸਿੰਘ ਰਸੂਲਪੁਰ, ਦੇਸ ਰਾਜ ਧੁੱਗਾ, ਸੰਦੀਪ ਸਿੰਘ ਸੀਕਰੀ, ਪ੍ਰੇਮ ਸਿੰਘ ਪਿੱਪਲਾਂ ਵਾਲਾ, ਸੰਜੀਵ ਤਲਵਾਰ, ਈਸ਼ਰ ਸਿੰਘ ਮੰਝਪੁਰ, ਸਤਨਾਮ ਸਿੰਘ ਬੰਟੀ ਚੱਗਰਾ, ਸੋਹਣ ਸਿੰਘ ਠੰਡਲ, ਜਗਦੇਵ ਸਿੰਘ ਗੜ੍ਹੀ ਮਨਸਵਾਲ, ਹਰਦੇਵ ਸਿੰਘ ਨੰਗਲੀਆ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਤਵਾਜ, ਐਡਵੋਕੇਟ ਸੂਰਜ ਸਿੰਘ, ਪ੍ਰਿੰਸੀਪਲ ਹਰਜਿੰਦਰ ਸਿੰਘ, ਸਰਬਜੀਤ ਸਿੰਘ ਮੁਕੇਰੀਆਂ, ਹਰਪ੍ਰੀਤ ਸਿੰਘ, ਸੰਜੀਵ ਦੂਆ ਹਾਜ਼ਰ ਸਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਕਿਹਾ ਕਿ 2 ਜੁਲਾਈ ਨੂੰ ਸੈਂਕੜੇ ਵਰਕਰ ਮੋਹਾਲੀ ਮਜੀਠੀਆ ਦੇ ਹੱਕ ਵਿੱਚ ਖੜ੍ਹੇ ਹੋਣਗੇ।

# ਲਿੰਗ ਨਿਰਧਾਰਣ ਟੈਸਟ ਸੰਬੰਧੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ : ਸਿਵਲ ਸਰਜਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਸਿਹਤ ਅਧਿਕਾਰੀਆਂ ਨੂੰ ਜ਼ਿਲ੍ਹੇ 'ਚ ਲਿੰਗ ਅਨੁਪਾਤ ਵਿਚ ਹੋਰ ਸੁਧਾਰ ਲਿਆਉਣ ਅਤੇ ਭਰੂਣ ਹੱਤਿਆ ਤੇ ਗਰਭਵਤੀ ਔਰਤਾਂ ਦੀਆਂ ਮੌਤਾਂ ਦੇ ਮਾਮਲਿਆਂ ਦੀ ਰੋਕਥਾਮ ਲਈ ਪੀ.ਸੀ.ਪੀ. ਐਨ.ਡੀ.ਟੀ. ਅਤੇ ਐਮ.ਟੀ.ਪੀ. ਐਕਟ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ। ਉਹ ਜ਼ਿਲ੍ਹੇ ਦੇ ਬਲਾਕ ਐਕਸਟੈਂਸ਼ਨ ਐਜੂਕੇਟਰਾਂ ਅਤੇ ਐਲ.ਐਚ.ਵੀ. ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਗਤੀਵਿਧੀਆਂ ਕੀਤੀਆਂ ਜਾਣ। ਡਾ. ਜੈਨ ਨੇ ਆਖਿਆ ਕਿ ਜ਼ਿਲ੍ਹੇ ਵਿਚ ਕਿਤੇ ਵੀ ਕੋਈ ਅਨਰਜਿਸਟਰਡ ਐਮ.ਟੀ.ਪੀ. ਕੇਂਦਰ ਨਹੀਂ ਚੱਲਣਾ ਚਾਹੀਦਾ। ਜੇ ਅਜਿਹਾ ਕੇਂਦਰ ਕਿਤੇ ਚੱਲ ਰਿਹਾ ਹੈ ਤਾਂ ਉਸ ਵਿਰੁਧ ਤੁਰੰਤ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਆਖਿਆ ਕਿ ਜੇ ਕਿਸੇ ਬੀ.ਏ.ਐਮ.ਐਸ. ਡਾਕਟਰ ਨੇ ਐਮ.ਟੀ.ਪੀ. ਕਿੱਟਾਂ ਰੱਖੀਆਂ ਹਨ ਤਾਂ ਤੁਰੰਤ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ ਤਾਂ ਕਿ ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਗਰਭ ਅਵਸਥਾ ਦੌਰਾਨ ਲਿੰਗ ਨਿਰਧਾਰਣ ਜਾਂਚ ਕਰਨਾ ਤੇ ਕਰਵਾਉਣਾ ਕਾਨੂੰਨਨ ਅਪਰਾਧ ਹੈ ਅਤੇ ਸਿਹਤ ਵਿਭਾਗ ਭਰੂਣ ਹੱਤਿਆ ਵਰਗੀ ਸਮਾਜਕ ਲਾਹਨਤ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਗੰਭੀਰ ਹੈ। ਉਨ੍ਹਾਂ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਨੂੰ ਹਦਾਇਤ ਕੀਤੀ ਕਿ ਲਿੰਗ ਨਿਰਧਾਰਣ ਟੈਸਟ ਸਬੰਧੀ ਕਿਸੇ ਵੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ। ਮੀਟਿੰਗ ਦੌਰਾਨ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤਮੰਨਾ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਪੀ.ਸੀ. ਐਂਡ ਪੀ.ਐਨ.ਡੀ.ਟੀ. ਐਕਟ ਦੀ ਉਲੰਘਣਾ ਕਰਨ ਵਾਲੇ ਅਲਟਰਾਸਾਊਂਡ ਸਕੈਨਿੰਗ ਕੇਂਦਰਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਿੰਗ ਨਿਰਧਾਰਣ ਟੈਸਟ ਕਰਨ ਵਾਲੇ ਕੇਂਦਰਾਂ ਵਿਰੁੱਧ ਕਾਰਵਾਈ ਕਰਨ ਲਈ ਫਰਜ਼ੀ ਮਰੀਜ਼ ਨੂੰ 1 ਲੱਖ ਰੁਪਏ ਤੇ ਸੂਚਨਾ ਦੇਣ ਵਾਲੇ ਨੂੰ 50,000 ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਹੈ। ਲਿੰਗ ਨਿਰਧਾਰਣ ਟੈਸਟ ਕਰਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਇਨਾਮੀ ਰਾਸ਼ੀ ਦੇ ਐਲਾਨ ਉਪਰੰਤ ਅਲਟਰਾਸਾਊਂਡ ਸਕੈਨਿੰਗ ਕੇਂਦਰਾਂ ਦੀ ਕਾਰਗੁਜ਼ਾਰੀ ਵਿਚ ਕਾਫੀ ਹੱਦ ਤੱਕ ਸੁਧਾਰ ਹੋਇਆ ਹੈ।



# ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕਰਨ 'ਚ ਲੋੜੀਂਦੀ ਸਹਾਇਤਾ ਲਈ ਮੁੱਖ ਮੰਤਰੀ ਦਾ ਕੀਤਾ ਧੰਨਵਾਦ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਰਕਾਰੀ ਸਕੂਲਾਂ 'ਚ ਪੜ੍ਹਦੇ ਆਮ ਘਰ-ਪਰਵਾਰਾਂ ਨਾਲ ਸਬੰਧਤ ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕਰਨ ਵਾਸਤੇ ਉਨ੍ਹਾਂ ਨੂੰ ਲੋੜੀਂਦੀ ਲੌਜਿਸਟਿਕਲ ਅਤੇ ਬੁਨਿਆਦੀ ਸਹਾਇਤਾ ਪ੍ਰਦਾਨ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਭਰਪੂਰ ਦਾ ਧੰਨਵਾਦ ਕੀਤਾ।ਇੱਥੇ ਮਿਊਂਸਪਲ ਭਵਨ ਵਿਖੇ ਮੁੱਖ ਮੰਤਰੀ ਨਾਲ ਗੱਲਬਾਤ ਕਰਦਿਆਂ ਫਾਜ਼ਿਲਕਾ ਤੋਂ ਗੁਰਸ਼ਰਨ ਸੋਢੀ ਨੇ ਕਿਹਾ ਕਿ ਉਹ ਸੂਬਾ ਸਰਕਾਰ ਦੇ ਸਹਿਯੋਗ ਨਾਲ ਜੇ ਈ ਈ ਐਡਵਾਂਸਡ ਅਤੇ ਨੀਟ ਦੋਵੇਂ ਪ੍ਰੀਖਿਆਵਾਂ ਪਾਸ ਕਰਨ ਵਿੱਚ ਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਬਾਰੇ ਬਣੀਆਂ ਗਲਤ ਧਾਰਨਾਵਾਂ ਦਿਨੋ-ਦਿਨ ਬਦਲ ਰਹੀਆਂ ਹਨ ਕਿਉਂਕਿ ਸਰਕਾਰ ਨੇ ਇਨ੍ਹਾਂ ਸਕੂਲਾਂ ਨੂੰ ਅਤਿ ਆਧੁਨਿਕ ਸਹੂਲਤਾਂ ਲੈਸ ਕਰਕੇ ਸਿੱਖਿਆ ਦਾ ਮੁਹਾਂਦਰਾ ਬਦਲ ਦਿੱਤਾ ਹੈ।ਅੰਮ੍ਰਿਤਸਰ ਤੋਂ ਇੱਕ ਸੇਲਜ਼ਮੈਨ ਦੀ ਧੀ ਤਮਨਪ੍ਰੀਤ ਕੌਰ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਦਾ ਪਰਵਾਰ ਅੱਗੇ ਦੀ ਪੜ੍ਹਾਈ ਦਾ ਖਰਚਾ ਨਹੀਂ ਚੁੱਕ ਸਕਦਾ ਸੀ ਪਰ ਸਰਕਾਰੀ ਸਕੂਲਾਂ 'ਚ ਦਿੱਤੀ ਜਾ ਰਹੀ ਆਲ੍ਹਾ ਦਰਜੇ ਦੀ ਸਿੱਖਿਆ ਨੇ ਉਸ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਕੇ ਦਿਖਾਇਆ। ਤਮਨਪ੍ਰੀਤ ਕੌਰ ਨੇ ਕਿਹਾ ਕਿ ਉਸ ਨੇ ਬਿਨਾਂ ਕਿਸੇ ਕੋਚਿੰਗ ਤੋਂ ਇਹ ਪ੍ਰੀਖਿਆ ਪਾਸ ਕੀਤੀ ਹੈ।ਪਠਾਨਕੋਟ ਤੋਂ ਕਾਮਿਨੀ ਸ਼ਰਮਾ ਨੇ ਉਸ ਨੂੰ ਪ੍ਰੀਖਿਆ ਪਾਸ ਕਰਨ ਕਾਬਲ ਬਣਨ 'ਚ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਲੁਧਿਆਣਾ ਤੋਂ ਅਨੀਸ਼ਾ ਨੇ ਕਿਹਾ ਕਿ ਉਸ ਨੇ ਬਿਨਾਂ ਕਿਸੇ ਕੋਚਿੰਗ ਦੇ ਇਹ ਪ੍ਰੀਖਿਆ ਪਾਸ ਕੀਤੀ ਹੈ ਅਤੇ ਕਿਹਾ ਕਿ ਉਹ ਆਪਣੇ ਪਰਵਾਰ ਲਈ ਦੋ ਵਕਤ ਦੀ ਰੋਟੀ ਕਮਾਉਣ ਲਈ ਇੱਕ ਦੁਕਾਨ 'ਤੇ ਵੀ ਕੰਮ ਕਰ ਰਹੀ ਹੈ। ਅੰਮ੍ਰਿਤਸਰ ਤੋਂ ਜੈਨਾ ਪਾਹਵਾ ਨੇ ਮਿਆਰੀ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਸ ਨੇ ਸੂਬੇ ਵਿੱਚ ਐਮ ਬੀ ਬੀ ਐਸ ਦੀਆਂ ਸੀਟਾਂ ਵਧਾਉਣ ਲਈ ਮੁੱਖ ਮੰਤਰੀ ਦੇ ਦਖ਼ਲ ਦੀ ਮੰਗ ਕੀਤੀ।ਪੱਟੀ ਤੋਂ ਸਿਮਰਨਪ੍ਰੀਤ ਕੌਰ ਨੇ ਸੂਬੇ ਵਿੱਚ ਸਕੂਲ ਆਫ਼ ਐਮੀਨੈਂਸ ਖੋਲ੍ਹਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ । ਉਸ ਨੇ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਅਜਿਹਾ ਮੁੱਖ ਮੰਤਰੀ ਮਿਲਿਆ ਹੈ ਜੋ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਹਰ ਸੰਭਵ ਸਹਾਇਆ ਪ੍ਰਦਾਨ ਕਰ ਰਹੇ ਹਨ।



# ਡਿਪਟੀ ਕਮਿਸ਼ਨਰ ਨੇ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਬਿਆਸ ਦਰਿਆ ਦੇ ਕੰਢੇ ਵਸੇ ਪਿੰਡਾਂ ਦਾ ਕੀਤਾ ਦੌਰਾ

**ਹੁਸ਼ਿਆਰਪੁਰ/ਮੁਕੇਰੀਆਂ (ਬਲਵੀਰ ਸਿੰਘ ਸੈਣੀ)**- ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸੰਭਾਵੀ ਹੜ੍ਹਾਂ ਦੇ ਖ਼ਤਰੇ ਨੂੰ ਧਿਆਨ ਵਿਚ ਰੱਖਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਐਸ.ਡੀ.ਐਮ ਮੁਕੇਰੀਆਂ ਕਮਲਜੀਤ ਸਿੰਘ ਅਤੇ ਡਰੇਨੇਜ ਵਿਭਾਗ ਦੇ ਐਸ.ਡੀ.ਓ ਸੁਖਪ੍ਰੀਤ ਸਿੰਘ ਦੇ ਨਾਲ ਬਿਆਸ ਦਰਿਆ ਦੇ ਕੰਢੇ ਸਥਿਤ ਪਿੰਡਾਂ ਨੌਸ਼ਹਿਰਾ ਪੱਤਣ, ਹੁਸ਼ਿਆਰਪੁਰ ਕਲੋਤਾ ਅਤੇ ਮਹਿਤਾਬਪੁਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਸੰਭਾਵੀ ਹੜ੍ਹਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਅਤੇ ਗੰਭੀਰ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਹਿਲਾਂ ਆਏ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਪਹਿਲਾਂ ਹੀ 1.20 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ, ਜਿਸ ਵਿਚੋਂ ਬਿਆਸ ਦਰਿਆ ਦੇ ਕੰਢਿਆਂ 'ਤੇ ਸੁਰੱਖਿਆ ਲਈ ਸਟੱਡ (ਰੱਖਿਅਕ ਬੰਨ੍ਹ) ਬਣਾਏ ਗਏ ਹਨ ਅਤੇ ਸਬੰਧਤ ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਿੰਡ ਵਾਸੀਆਂ ਦੀ ਮੰਗ 'ਤੇ ਲੱਗਭਗ 1.5 ਕਰੋੜ ਰੁਪਏ ਦੀ ਵਾਧੂ ਰਾਸ਼ੀ ਵੀ ਜਲਦੀ ਜਾਰੀ ਕੀਤੀ ਜਾਵੇਗੀ ਤਾਂ ਜੋ ਬਾਕੀ ਇਲਾਕਿਆਂ ਵਿਚ ਵੀ ਸਟੱਡ ਨਿਰਮਾਣ ਸੰਭਵ ਹੋ ਸਕੇ ਅਤੇ ਪਿੰਡਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਨੂੰ ਹੜ੍ਹ ਦੇ ਪਾਣੀ ਤੋਂ ਬਚਾਇਆ ਜਾ ਸਕੇ।ਇਸ ਮੌਕੇ ਕਿਸਾਨਾਂ ਖਾਸ ਤੌਰ 'ਤੇ ਸਰਕਾਰ ਵੱਲੋਂ ਖੇਤਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਅਤੇ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਰਪੰਚ ਜਸਵਿੰਦਰ ਸਿੰਘ, ਨੰਬਰਦਾਰ ਬਲਜੀਤ ਸਿੰਘ, ਬਾਬਾ ਮਲਕੀਤ ਸਿੰਘ, ਨੰਬਰਦਾਰ ਅਵਤਾਰ ਸਿੰਘ, ਰਵਿੰਦਰ ਸਿੰਘ ਰੰਮੀ, ਕੁਲਜੀਤ ਸਿੰਘ, ਤਰਸੇਮ ਸਿੰਘ, ਕਿਸਾਨ ਆਗੂ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ।



# ਨਸ਼ੇ ਵਾਲੀਆਂ 130 ਗੋਲੀਆਂ ਤੇ ਡਰੱਗ ਮਨੀ ਸਮੇਤ 2 ਕਾਬੂ

**ਅਲਾਵਲਪੁਰ (ਮਦਨ ਬੰਗੜ)**- ਪੁਲਸ ਚੌਂਕੀ ਅਲਾਵਲਪੁਰ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਭਾਰੀ ਮਾਤਰਾ ਵਿਚ ਨਸ਼ੇ ਵਾਲੀਆਂ ਗੋਲੀਆਂ ਤੇ 1200 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਚੌਂਕੀ ਇੰਚਾਰਜ ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਇਲਾਕੇ ਦੀ ਗਸ਼ਤ ਦੌਰਾਨ ਪਸ਼ੂਆਂ ਦੇ ਹਸਪਤਾਲ ਅਲਾਵਲਪੁਰ ਵਿਖੇ ਮੌਜੂਦ ਸੀ ਤਾਂ ਨਿਰਮਲ ਕੁਟੀਆ ਵਾਲੀ ਸਾਇਡ ਤੋਂ ਮੋਟਰਸਾਈਕਲ ਨੰਬਰੀ ਪੀ. ਬੀ.08-ਬੀ.ਐੱਮ.-5970 ਮਾਰਕਾ ਬਜਾਜ ਪਲਟੀਨਾ 'ਤੇ ਬਿਸ਼ਨ ਦਾਸ ਉਰਫ ਢਿੱਲੋਂ ਪੁੱਤਰ ਸੋਹਣ ਲਾਲ ਵਾਸੀ ਮੁਹੱਲਾ ਰਿਸ਼ੀ ਨਗਰ ਅਲਾਵਲਪੁਰ ਥਾਣਾ ਆਦਮਪੁਰ ਜ਼ਿਲਾ ਜਲੰਧਰ ਤੇ ਵਿੱਕੀ ਪੁੱਤਰ ਦੇਸਰਾਜ ਵਾਸੀ ਪੱਤੀ ਉੱਪਲ ਬਿਆਸ ਪਿੰਡ ਥਾਣਾ ਆਦਮਪੁਰ ਜ਼ਿਲਾ ਜਲੰਧਰ ਆਏ ਤਾਂ, ਉਨ੍ਹਾਂ ਨੂੰ ਮੌਕੇ 'ਤੇ ਸ਼ੱਕ ਦੇ ਆਧਾਰ 'ਤੇ ਕਾਬੂ ਕਰ ਕੇ ਮੋਟਰਸਾਈਕਲ ਦੇ ਹੈਂਡਲ ਨਾਲ ਬੰਨ੍ਹੇ ਮੋਮੀ ਲਿਫਾਫੇ ਵਿਚ 130 ਨਸ਼ੇ ਵਾਲੀਆਂ ਗੋਲੀਆਂ ਅਤੇ 1200/- ਰੁਪਏ ਦੀ ਨਕਦ ਕਰੰਸੀ ਬਰਾਮਦ ਕੀਤੀ । ਬਾਅਦ ਵਿਚ ਪੁਲਸ ਨੇ ਮੁਕਦੱਮਾ ਨੰਬਰ 103 ਮਿਤੀ 26 ਜੂਨ 2025 ਧਾਰਾ 22/61/85 ਐੱਨ. ਡੀ. ਪੀ. ਐੱਸ. ਐਕਟ ਦੇ ਤਹਿਤ ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਦਿਹਾਤੀ ਦਰਜ ਕਰ ਕੇ ਬਿਸ਼ਨ ਦਾਸ ਉਰਫ ਢਿੱਲੋਂ ਅਤੇ ਵਿੱਕੀ ਨੂੰ ਗ੍ਰਿਫਤਾਰ ਕਰ ਲਿਆ ਹੈ।



# ਭੁੱਲਾਰਾਈ ਦੀ ਪੰਚਾਇਤ ਨੇ ਐਸ ਡੀ ਐਮ ਨੂੰ ਜ਼ਮੀਨ ਇਕੁਵਾਇਰ ਨਾ ਕਰਨ ਸੰਬੰਧੀ ਦਿੱਤਾ ਮੰਗ ਪੱਤਰ

**ਫਗਵਾੜਾ (ਡਾ. ਰਮਨ)**- ਪਿੰਡ ਭੁੱਲਾਰਾਈ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਦਾ ਇਕ ਵਫਦ ਸਰਪੰਚ ਰਜਤ ਭਨੋਟ ਰਾਜੂ ਦੀ ਅਗਵਾਈ ਹੇਠ ਐਸ.ਡੀ.ਐਮ. ਫਗਵਾੜਾ ਜਸ਼ਨਜੀਤ ਸਿੰਘ ਨੂੰ ਮਿਲਿਆ। ਇਸ ਦੌਰਾਨ ਵਫਦ ਵਲੋਂ ਐਸ.ਡੀ.ਐਮ. ਨੂੰ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿਚ ਮੰਗ ਕੀਤੀ ਗਈ ਕਿ ਜਲੰਧਰ ਵਿਕਾਸ ਅਥਾਰਟੀ ਵੱਲੋਂ ਫਗਵਾੜਾ ਦੇ ਭੁੱਲਾਰਾਈ ਇਲਾਕੇ ਵਿੱਚ ਨਿਊ ਅਰਬਨ ਅਸਟੇਟ ਪ੍ਰੋਜੈਕਟ ਤਹਿਤ ਦੋ ਸੌ ਏਕੜ ਜ਼ਮੀਨ ਐਕੁਆਇਰ ਕਰਨ ਦੀ ਯੋਜਨਾ ਨੂੰ ਰੱਦ ਕੀਤਾ ਜਾਵੇ। ਕਿਉਂਕਿ ਇਸ ਨਾਲ ਸਾਰੇ ਪਿੰਡ ਦੀ ਜ਼ਮੀਨ ਇਕੁਆਇਰ ਹੋ ਜਾਵੇਗੀ ਅਤੇ ਕਿਸਾਨੀ 'ਤੇ ਨਿਰਭਰ ਪਿੰਡ ਵਾਸੀ ਬੇਰੁਜ਼ਗਾਰ ਹੋ ਜਾਣਗੇ।ਉਹਨਾਂ ਦੱਸਿਆ ਕਿ ਪਿੰਡ ਵਾਸੀਆਂ ਦਾ ਮੁੱਖ ਕਿੱਤਾ ਖੇਤੀ-ਬਾੜੀ ਹੈ ਅਤੇ ਇਸ ਤੋਂ ਇਲਾਵਾ ਉਹਨਾਂ ਪਾਸ ਕੋਈ ਦੂਸਰਾ ਕੰਮਕਾਰ ਕਰਨ ਦਾ ਕੋਈ ਤਜ਼ਰਬਾ ਨਹੀਂ ਹੈ। ਨਿਊ ਅਰਬਨ ਅਸਟੇਟ ਪ੍ਰੋਜੈਕਟ ਨੂੰ ਲੈ ਕੇ ਪਿੰਡ ਵਾਸੀਆਂ ਵਿਚ ਡੂੰਘਾ ਰੋਸ ਹੈ। ਕਿਉਂਕਿ ਉਹਨਾਂ ਦੀ ਮਰਜ਼ੀ ਦੇ ਖਿਲਾਫ ਉਹਨਾਂ ਦੀਆਂ ਜਮੀਨਾਂ ਨੂੰ ਇਕੁਆਇਰ ਕਰਨ ਦੀ ਗੱਲ ਕਹੀ ਜਾ ਰਹੀ ਹੈ। ਮੰਗ ਪੱਤਰ ਦੇਣ ਉਪਰੰਤ ਗੱਲਬਾਤ ਕਰਦਿਆਂ ਸਰਪੰਚ ਰਜਤ ਭਨੋਟ ਅਤੇ ਪਿੰਡ ਵਾਸੀਆਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਹਨਾਂ ਦੇ ਪਰਿਵਾਰ ਜੱਦੀ ਤੌਰ ਤੇ ਖੇਤੀਬਾੜੀ ਦਾ ਕਿੱਤਾ ਕਰਦੇ ਆ ਰਹੇ ਹਨ। ਇਹਨਾਂ ਜਮੀਨਾਂ ਤੋਂ ਹੀ ਉਹਨਾਂ ਦੇ ਘਰ ਦੇ ਗੁਜ਼ਾਰੇ ਚੱਲਦੇ ਹਨ। ਉਹਨਾਂ ਇਹ ਵੀ ਕਿਹਾ ਕਿ ਪੇਂਡੂ ਖੇਤਰਾਂ ਦਾ ਇਸ ਤਰ੍ਹਾਂ ਸ਼ਹਿਰੀਕਰਨ ਨਾ ਸਿਰਫ਼ ਪੰਜਾਬ ਦੀ ਖੇਤੀਬਾੜੀ ਨੂੰ ਤਬਾਹ ਕਰ ਦੇਵੇਗਾ ਬਲਕਿ ਵਾਤਾਵਰਣ ਦੇ ਦ੍ਰਿਸ਼ਟੀਕੋਣ ਤੋਂ ਵੀ ਢੁਕਵਾਂ ਨਹੀਂ ਹੈ।ਇਸ ਯੋਜਨਾ ਤਹਿਤ ਹਜਾਰਾਂ ਦਰੱਖ਼ਤ ਵੀ ਸ਼ਹਿਰੀਕਰਨ ਦੀ ਭੇਟ ਚੜ੍ਹ ਜਾਣਗੇ ਅਤੇ ਪਿੰਡ ਦੀ ਸ਼ੁੱਧ ਹਵਾ ਅਤੇ ਸਾਫ਼ ਸੁਥਰਾ ਵਾਤਾਵਰਣ ਗੰਧਲਾ ਤੇ ਦੂਸ਼ਿਤ ਹੋ ਜਾਵੇਗਾ। ਇਸ ਮੌਕੇ ਪੰਚਾਇਤ ਮੈਂਬਰ ਓਮਨਦੀਪ, ਪਰਮਜੀਤ ਸਿੰਘ, ਰਾਜਵਿੰਦਰ ਕੌਰ, ਸੀਮਾ ਸ਼ਰਮਾ, ਵੰਦਨਾ ਸ਼ਰਮਾ, ਗੁਰਜੀਤ ਕੁਮਾਰ, ਹਰਜਿੰਦਰ ਸਿੰਘ ਪ੍ਰਧਾਨ ਕੋਆਪ੍ਰੇਟਿਵ ਸੁਸਾਇਟੀ, ਕੁਲਵੰਤ ਸਿੰਘ ਸਾਬਕਾ ਸਰਪੰਚ, ਇੰਦਰਪ੍ਰੀਤ ਸਿੰਘ ਪੰਚ, ਹੁਸ਼ਿਆਰ ਸਿੰਘ, ਕੁਲਦੀਪ ਸਿੰਘ ਸਾਬਕਾ ਪੰਚ, ਚਰਨ ਸਿੰਘ ਆਦਿ ਹਾਜ਼ਰ ਸਨ।



# ਪ੍ਰਾਇਮਰੀ ਅਧਿਆਪਕਾਂ ਦੇ ਭਖਵੇਂ ਮਸਲਿਆਂ ਨੂੰ ਲੈ ਕੇ ਸਿੱਖਿਆ ਸਕੱਤਰ ਨਾਲ ਹੋਈ ਮੀਟਿੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਿੱਖਿਆ ਸਕੱਤਰ ਪੰਜਾਬ ਅਨੰਦਿਤਾ ਮਿੱਤਰਾ ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਦੇ ਭਖਵੇਂ ਮਸਲਿਆਂ ਨੂੰ ਲੈ ਕੇ ਵੱਖ-ਵੱਖ ਅਧਿਆਪਕ ਜੱਥੇਬੰਦੀਆਂ ਨਾਲ ਕੀਤੀ ਮੀਟਿੰਗ ਵਿੱਚ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਵੱਲੋਂ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਦੀ ਅਗਵਾਈ ਹੇਠ ਸ਼ਮੂਲੀਅਤ ਕੀਤੀ ਗਈ, ਉਹਨਾਂ ਨਾਲ ਰਮਨਜੀਤ ਸੰਧੂ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਜੋਸ਼ੀਲ ਤਿਵਾੜੀ ਜ਼ਿਲ੍ਹਾ ਸਕੱਤਰ ਫਤਹਿਗੜ੍ਹ ਸਾਹਿਬ ਅਤੇ ਗਿਆਨ ਚੰਦ ਜ਼ਿਲ੍ਹਾ ਪ੍ਰਧਾਨ ਰੋਪੜ ਹਾਜ਼ਰ ਰਹੇ।ਡੀ ਟੀ ਐੱਫ ਵੱਲੋਂ ਆਪਣਾ ਪੱਖ ਰੱਖਦਿਆਂ ਮੰਗ ਕੀਤੀ ਗਈ ਕਿ ਈ.ਟੀ.ਟੀ. ਤੋਂ ਲੈ ਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਤੱਕ ਜ਼ਿਲ੍ਹਾ ਕਾਡਰ ਹੀ ਰੱਖਿਆ ਜਾਵੇ। ਇਸੇ ਤਰ੍ਹਾਂ ਈ.ਟੀ.ਟੀ. ਤੋਂ ਹੈੱਡ ਟੀਚਰ, ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਤੱਕ ਦੀਆਂ ਤਰੱਕੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਹੀ ਕਰਨ ਦੀ ਮੰਗ ਨੂੰ ਜ਼ੋਰਦਾਰ ਤਰੀਕੇ ਨਾਲ ਰੱਖਿਆ ਗਿਆ। ਹਰੇਕ ਪ੍ਰਾਇਮਰੀ ਸਕੂਲ ਵਿੱਚ ਪ੍ਰੀ-ਪ੍ਰਾਇਮਰੀ ਪੱਧਰ ਤੋਂ ਕੇ ਲੈ ਪੰਜਵੀਂ ਜਮਾਤ ਤੱਕ ਜਮਾਤ ਵਾਰ ਅਧਿਆਪਕ ਦਿੱਤੇ ਜਾਣ, ਹਰੇਕ ਪ੍ਰਾਇਮਰੀ ਸਕੂਲ ਵਿੱਚ ਲਾਜ਼ਮੀ ਤੌਰ 'ਤੇ ਸਫਾਈ ਸੇਵਕ ਦੇਣ ਅਤੇ ਪ੍ਰੀ ਪ੍ਰਾਇਮਰੀ ਪੱਧਰ ਦੇ ਬੱਚਿਆਂ ਦੀ ਦੇਖਭਾਲ ਕਰਨ ਲਈ ਹੈਲਪਰ ਦੀ ਪੋਸਟ ਦੇਣ ਦੀ ਮੰਗ ਰੱਖੀ ਗਈ। ਇਸ ਤੋਂ ਇਲਾਵਾ ਸੈਂਟਰ ਪੱਧਰ 'ਤੇ ਇੱਕ ਕਲਰਕ ਕਮ ਡਾਟਾ ਐਂਟਰੀ ਓਪਰੇਟਰ, ਇਕ ਕੰਪਿਊਟਰ ਅਧਿਆਪਕ ਅਤੇ ਪ੍ਰਾਇਮਰੀ ਪੱਧਰ 'ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪੀ ਟੀ ਆਈ ਅਧਿਆਪਕ ਰੱਖਣ ਦੀ ਮੰਗ ਕੀਤੀ ਗਈ। ਸਿੱਖਿਆ ਸਕੱਤਰ ਵੱਲੋਂ 5994 ਈ ਟੀ ਟੀ ਭਰਤੀ ਵਿੱਚੋਂ ਰਹਿੰਦੀਆਂ 2994 ਅਸਾਮੀਆਂ ਨੂੰ ਡੀ-ਰਿਜ਼ਰਵ ਕਰਕੇ ਜਲਦ ਭਰਨ ਸਮੇਤ ਬਾਕੀ ਮੰਗਾਂ ਨੂੰ ਜਾਇਜ਼ ਕਰਾਰ ਦਿੰਦਿਆਂ ਹਾਮੀ ਭਰੀ ਗਈ ਅਤੇ ਪ੍ਰਾਇਮਰੀ ਅਧਿਆਪਕਾਂ ਦੀ ਨੌਕਰੀ ਵਿੱਚ ਖੜ੍ਹੋਤ ਤੋੜਨ ਲਈ ਲਗਾਤਾਰ ਤਰੱਕੀਆਂ ਕਰਨ ਅਤੇ ਹੈੱਡ ਟੀਚਰ ਤੋਂ ਬੀ ਪੀ ਈ ਓ ਤੱਕ ਦੀਆਂ ਅਸਾਮੀਆਂ ਨੂੰ 90 ਪ੍ਰਤੀਸ਼ਤ ਪ੍ਰਮੋਸ਼ਨ ਰਾਹੀਂ ਭਰਨ ਲਈ ਸਹਿਮਤੀ ਦਿੱਤੀ ਗਈ।ਆਗੂਆਂ ਵੱਲੋਂ ਪ੍ਰਾਇਮਰੀ ਪੱਧਰ ਦੇ ਵੱਖ ਵੱਖ ਕਾਡਰਾਂ ਦੇ ਤਨਖਾਹ ਸਕੇਲਾਂ ਵਿੱਚ ਵਾਧੇ ਦੀ ਤਜਵੀਜ਼ ਰੱਖਦਿਆਂ ਮੰਗ ਕੀਤੀ ਕਿ ਬਲਾਕ ਸਿੱਖਿਆ ਅਫ਼ਸਰ ਦੇ ਕੋਲ ਸਕੂਲਾਂ ਦੀ ਗਿਣਤੀ ਵਧੇਰੇ ਹੋਣ ਕਾਰਨ ਜ਼ਿੰਮੇਦਾਰੀ ਵੱਧ ਹੋਣ ਕਰਕੇ ਬਲਾਕ ਸਿੱਖਿਆ ਅਫਸਰਾਂ ਦਾ ਸਕੇਲ ਹੈੱਡਮਾਸਟਰ ਦੇ ਸਕੇਲ ਦੇ ਬਰਾਬਰ ਹੋਣਾ ਚਾਹੀਦਾ ਹੈ, ਜਿਵੇਂ ਕਿ ਚੌਥੇ ਪੇਅ ਕਮਿਸ਼ਨ ਦੌਰਾਨ ਬਰਾਬਰ ਹੁੰਦਾ ਸੀ ਅਤੇ ਬੀ ਪੀ ਈ ਓ ਦੀ ਤਰੱਕੀ ਪ੍ਰਿੰਸੀਪਲ ਦੀ ਪੋਸਟ 'ਤੇ ਹੋਣੀ ਚਾਹੀਦੀ ਹੈ।



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਨਸ਼ਾ ਦੁਰਵਰਤੋਂ ਵਿਰੁੱਧ ਲਗਾਇਆ ਜਾਗਰੂਕਤਾ ਕੈਂਪ



**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਾਲਸਾ (ਡਰੱਗ ਜਾਗਰੂਕਤਾ ਅਤੇ ਵੈੱਲਨੈੱਸ ਨੈਵੀਗੇਸ਼ਨ-ਡਰੱਗ ਮੁਕਤ ਭਾਰਤ ਲਈ) ਯੋਜਨਾ 2025 ਦੇ ਤਹਿਤ ਅੰਤਰਰਾਸ਼ਟਰੀ ਨਸ਼ਾ ਦੁਰਵਰਤੋਂ ਅਤੇ ਗੈਰ ਕਾਨੂੰਨੀ ਤਸਕਰੀ ਵਿਰੁੱਧ ਦਿਵਸ ਦੇ ਮੌਕੇ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ।ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਦੇ ਪ੍ਰਾਪਤ ਦਿਸ਼ਾਂ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਵੱਲੋਂ ਪਿੰਡ ਕਿਸ਼ਨਪੁਰਾ ਵਿਖੇ ਨਾਲਸਾ ਯੋਜਨਾ 2025 ਦੇ ਤਹਿਤ ਅੰਤਰਰਾਸ਼ਟਰੀ ਨਸ਼ਾ ਦੁਰਵਰਤੋਂ ਅਤੇ ਗੈਰ ਕਾਨੂੰਨੀ ਤਸਕਰੀ ਵਿਰੁੱਧ ਦਿਵਸ ਦੇ ਮੌਕੇ ਇੱਕ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ ਕੀਤਾ। ਇਸੇ ਮੌਕੇ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,ਸ.ਭ.ਸ ਨਗਰ ਦੇ ਪੀ.ਐਲ.ਵੀ ਅਵਤਾਰ ਚੰਦ ਚੁੰਬਰ, ਸ੍ਰੀਮਤੀ ਜਸਵਿੰਦਰ ਕੌਰ ਰਾਣੀ, ਕੁਲਵੰਤ ਰਾਮ ਧੀਰ ਅਤੇ ਰਵਜੋਤ ਸਿੰਘ ਚੁੰਬਰ ਵੱਲੋਂ ਸਾਰੇ ਪਿੰਡ ਵਾਸੀਆਂ ਨੂੰ ਨਾਲਸਾ ਸਕੀਮ 2025, ਨਸ਼ੇ ਅਤੇ ਸ਼ਰਾਬ ਦੀ ਦੁਰਵਰਤੋਂ, ਰੋਕਥਾਮ ਅਤੇ ਨਸ਼ੇ ਤੋਂ ਜਾਨ ਬਚਾਉਣ ਬਾਰੇ ਜਾਗਰੂਕ ਕੀਤਾ ।

# ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ 'ਤੇ ਵਿਧਾਇਕ ਜਿੰਪਾ ਤੇ ਡਿਪਟੀ ਕਮਿਸ਼ਨਰ ਦੀ ਅਗਵਾਈ 'ਚ ਜਾਗਰੂਕਤਾ ਮਾਰਚ

**ਹੁਸ਼ਿਆਰਪੁਰ (ਓ ਪੀ ਰਾਣਾ)**- ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਮੌਕੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਇਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਦੀ ਅਗਵਾਈ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੀਤੀ। ਇਸ ਪ੍ਰੋਗਰਾਮ ਦਾ ਆਯੋਜਨ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤਾ ਗਿਆ ਜਿਸ ਵਿਚ ਨਸ਼ਾ ਮੁਕਤੀ ਮੋਰਚਾ ਟੀਮ ਦੀ ਮੋਹਰੀ ਭੂਮਿਕਾ ਰਹੀ।ਪ੍ਰੋਗਰਾਮ ਤਹਿਤ ਸ਼ਾਮ 7 ਵਜੇ ਤੋਂ ਸ਼ਹਿਰ ਦੇ ਘੰਟਾ ਘਰ ਚੌਕ ਤੋਂ ਮਹਾਰਿਸ਼ੀ ਵਾਲਮੀਕਿ ਚੌਕ (ਸਬਜ਼ੀ ਮੰਡੀ) ਤੱਕ ਇਕ ਮੋਮਬੱਤੀ ਜਾਗਰੂਕਤਾ ਮਾਰਚ ਕੱਢਿਆ ਗਿਆ। ਇਸ ਮੁਹਿੰਮ ਦਾ ਉਦੇਸ਼ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਸਮੂਹਿਕ ਸੰਕਲਪ ਲੈਣਾ ਸੀ।ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਸ਼ਾ ਸਮਾਜ ਦੇ ਵਿਕਾਸ ਵਿਚ ਸਭ ਤੋਂ ਵੱਡੀ ਰੁਕਾਵਟ ਹੈ ਅਤੇ ਇਸ ਨਾਲ ਨਜਿੱਠਣ ਲਈ ਕੇਵਲ ਕਾਨੂੰਨ ਹੀ ਨਹੀਂ, ਲੋਕਾਂ ਦੀ ਸ਼ਮੂਲੀਅਤ ਅਤੇ ਸਮਾਜਿਕ ਜਾਗਰੂਕਤਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਵਰਗ ਨੂੰ ਸਹੀ ਦਿਸ਼ਾ ਦੇਣਾ ਹੀ ਨਸ਼ਾ ਮੁਕਤੀ ਦੀ ਸਭ ਤੋਂ ਮਜ਼ਬੂਤ ਨੀਂਹ ਹੈ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ ਪਰੰਤੂ ਇਸ ਸਮਾਜਿਕ ਬੁਰਾਈ ਨੂੰ ਜੜ੍ਹ ਤੋਂ ਛੁਟਕਾਰਾ ਪਾਉਣ ਲਈ ਹਰ ਨਾਗਰਿਕ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਆਮ ਲੋਕਾਂ, ਖਾਸਕਰਕੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਤਰ੍ਹਾਂ ਦੇ ਜਾਗਰੂਕਤਾ ਅਭਿਆਨਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਨਸ਼ਾ ਮੁਕਤ ਪੰਜਾਬ ਦੇ ਨਿਰਮਾਣ ਵਿਚ ਆਪਣੀ ਮੋਹਰੀ ਭੂਮਿਕਾ ਨਿਭਾਉਣ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਪਹਿਲ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਇਹ ਆਯੋਜਨ ਨੌਜਵਾਨਾਂ ਅਤੇ ਸਮਾਜ ਨੂੰ ਜਾਗਰੂਕ ਕਰਨ ਦੀ ਦਿਸ਼ਾ ਵਿਚ ਇਕ ਪ੍ਰੇਰਣਾਦਾਇਕ ਕਦਮ ਹੈ।ਇਸ ਮੌਕੇ 'ਨਸ਼ਾ ਮੁਕਤੀ ਮੋਰਚਾ ਟੀਮ' ਦੇ ਜ਼ਿਲ੍ਹਾ ਕੋਆਰਡੀਨੇਟਰ ਸਤਵੰਤ ਸਿੰਘ ਸਿਆਣ ਅਤੇ ਕੰਚਨ ਦਿਓਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਦੋਵਾਂ ਨੇ ਨਸ਼ੇ ਦੀ ਸਮੱਸਿਆ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਮਾਜ ਦੇ ਹਰ ਵਰਗ ਨੂੰ ਇਸ ਲੜਾਈ ਵਿਚ ਅੱਗੇ ਆਉਣ ਦੀ ਅਪੀਲ ਕੀਤੀ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਓਏਸ਼ੀ ਮੰਡਲ, ਹੁਸ਼ਿਆਰਪੁਰ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਐਸ.ਪੀ ਮੇਜਰ ਸਿੰਘ, ਸੰਯੁਕਤ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਕੌਂਸਲਰ ਬਲਵਿੰਦਰ ਬਿੰਦੀ, ਪ੍ਰਦੀਪ ਬਿੱਟੂ, ਵਿਜੇ ਅਗਰਵਾਲ, ਮੋਹਿਤ ਸੈਣੀ, ਵਰਿੰਦਰ ਦੱਤ ਵੈਦ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।




# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਈ ਪੀ ਐੱਫ ਜਾਗਰੂਕਤਾ ਸੈਮੀਨਾਰ ਕਰਵਾਇਆ

**ਬੰਗਾ (ਅਵਤਾਰ ਕਲੇਰ)** ਭਾਰਤ ਸਰਕਾਰ ਦੇ ਈ.ਪੀ.ਐੱਫ.ਓ. ਵਿਭਾਗ (ਕਰਮਚਾਰੀ ਭਵਿੱਖ ਨਿਧੀ ਸੰਗਠਨ) ਦੇ ਜਲੰਧਰ ਜ਼ੋਨ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਕਰਮਚਾਰੀਆਂ ਲਈ ਈ.ਪੀ.ਐੱਫ. ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਜਿਸ ਵਿਚ ਭੁਪਿੰਦਰ ਕੁਮਾਰ ਸਿੰਘ ਇੰਨਫੋਰਸਮੈਂਟ ਅਫਸਰ ਨੇ ਈ.ਪੀ.ਐਫ. ਦੇ ਲਾਭਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਉਹਨਾਂ ਦੱਸਿਆ ਕਿ ਇਸ ਯੋਜਨਾ ਨਾਲ ਜੁੜੇ ਸਾਰੇ ਕਰਮਚਾਰੀਆਂ ਦੀ ਆਮਦਨ ਦਾ ਕੁਝ ਹਿੱਸਾ ਹਰ ਮਹੀਨੇ ਜਮ੍ਹਾਂ ਕਰਵਾਇਆ ਜਾਂਦਾ ਹੈ, ਜਿਸ ਨੂੰ ਸੇਵਾਮੁਕਤੀ ਤੋਂ ਬਾਅਦ ਕਢਵਾਇਆ ਜਾ ਸਕਦਾ ਹੈ। ਇਸ 'ਚ ਇਕ ਹਿੱਸਾ ਕਰਮਚਾਰੀ ਦਾ ਹੁੰਦਾ ਹੈ, ਜਦਕਿ ਦੂਜਾ ਹਿੱਸਾ ਕੰਮ ਕਰਵਾਉਣ ਵਾਲੀ ਸੰਸਥਾ/ਕੰਪਨੀ ਨੂੰ ਜਮ੍ਹਾ ਕਰਵਾਉਣਾ ਹੁੰਦਾ ਹੈ, ਜਿਸ 'ਤੇ ਸਰਕਾਰ ਵਲੋਂ ਤੈਅ ਸ਼ੁਦਾ ਵਿਆਜ ਦਿੱਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਕਿਸੇ ਐਮਰਜੈਂਸੀ ਵਿੱਚ ਈ.ਪੀ.ਐਫ. ਫੰਡ ਨੂੰ ਆਸਾਨੀ ਨਾਲ ਕਢਵਾਇਆ ਜਾ ਸਕਦਾ ਹੈ। ਸਰਕਾਰ ਦੁਆਰਾ ਚਲਾਈ ਜਾ ਰਹੀ ਸਕੀਮ ਵਿੱਚ ਵੀ ਈ.ਪੀ.ਐਫ. ਯੋਜਨਾ ਦੇ ਨਾਲ ਲੋਕਾਂ ਦੀ ਬੱਚਤ ਵਿੱਚ ਵਾਧਾ ਹੁੰਦਾ ਹੈ। ਹੁਣ ਈ.ਪੀ.ਐਫ. ਖਾਤਾ ਧਾਰਕ ਦੇ ਆਪਣੇ ਖਾਤਿਆਂ ਵਿੱਚ ਜਮ੍ਹਾਂ ਕੀਤੀ ਰਕਮ ਨੂੰ ਆਨਲਾਈਨ ਜਾਂ ਐਸ.ਐਮ.ਐਸ. ਰਾਹੀਂ ਵੀ ਚੈੱਕ ਕਰ ਸਕਦਾ ਹੈ। ਇਸ ਤੋਂ ਇਲਾਵਾ ਪੈਨਸ਼ਨ ਅਤੇ ਮੌਤ ਦੇ ਕੇਸਾਂ ਵਿਚ ਵੀ ਵਿਭਾਗ ਵੱਲੋਂ ਤਹਿ ਸਮੇਂ ਵਿਚ ਖਾਤਾ ਧਾਰਕਾਂ ਨੂੰ ਉਹਨਾਂ ਦੀ ਜਮ੍ਹਾਂ ਰਾਸ਼ੀ ਪ੍ਰਾਪਤ ਹੋ ਜਾਂਦੀ ਹੈ । ਇਸ ਮੌਕੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਈ.ਪੀ.ਐੱਫ.ਓ. ਦੇ ਵਿਸ਼ਾ ਮਾਹਿਰਾਂ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਸਨਮਾਨਿਤ ਕੀਤਾ। ਉਹਨਾਂ ਆਸ ਪ੍ਰਗਟਾਈ ਕਿ ਸੰਸਥਾ ਕਰਮਚਾਰੀਆਂ ਨੂੰ ਈ.ਪੀ.ਐੱਫ ਜਾਗਰੂਕਤਾ ਸੈਮੀਨਾਰ ਦਾ ਲਾਭ ਮਿਲੇਗਾ । ਇਸ ਮੌਕੇ ਮਹਿੰਦਰਪਾਲ ਸਿੰਘ ,ਕਮਲਜੀਤ ਸਿੰਘ ਈ.ਪੀ.ਐੱਫ. ਇੰਚਾਰਜ, ਸਕੇਤ ਕੁਮਾਰ ਸੀਨੀਅਰ ਸਹਾਇਕ, ਜਸਵੰਤ ਸਿੰਘ ਮੰਡੇਰ ਕੈਸ਼ੀਅਰ ਅਤੇ ਹਸਪਤਾਲ ਦੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀ ਵੀ ਹਾਜ਼ਰ ਸਨ।



# ਪ੍ਰਿੰ. ਡਾ. ਹਰਪ੍ਰੀਤ ਸਿੰਘ ਹੁੰਦਲ ਨੂੰ ਸਦਮਾ: ਜੀਜੇ ਵਿਧਾਇਕ ਡਾ. ਸੋਹਲ ਦਾ ਦਿਹਾਂਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਦੇ ਪ੍ਰਬੰਧ ਅਧੀਨ ਚੱਲ ਰਹੇ ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਪ੍ਰਿੰ. ਡਾ: ਹਰਪ੍ਰੀਤ ਸਿੰਘ ਹੁੰਦਲ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਿਆ ਜਦੋਂ ਅਚਾਨਕ ਬੀਤੇ ਕੱਲ੍ਹ ਉਨ੍ਹਾਂ ਦੇ ਜੀਜਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ (66 ਸਾਲ) ਦਾ ਦਿਹਾਂਤ ਹੋ ਗਿਆ। ਉਹ ਹਲਕਾ ਤਰਨ ਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸਨ। ਉਹ ਪ੍ਰਿੰ. ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਭੈਣ ਪ੍ਰੋ. ਨਵਜੋਤ ਕੌਰ ਹੁੰਦਲ ਦੇ ਪਤੀ, ਸਾਹਿਤ ਜਗਤ ਦੇ ਬਾਬਾ ਬੋਹੜ ਹਰਭਜਨ ਸਿੰਘ ਹੁੰਦਲ ਦੇ ਜਵਾਈ ਅਤੇ ਹੱਡੀਆਂ ਦੇ ਮਾਹਿਰ ਡਾ. ਨਵਪ੍ਰੀਤ ਸਿੰਘ ਤੇ ਡਾ. ਮਨਮੀਤ ਕੌਰ (ਐੱਮਬੀਬੀਐੱਸ) ਦੇ ਪਿਤਾ ਸਨ। ਇਸ ਦੁੱਖ ਦੀ ਘੜੀ ਵਿੱਚ ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਤੇ ਕਾਲਜ ਦੀ ਸਥਾਨਕ ਕਮੇਟੀ ਤੋਂ ਇਲਾਵਾ ਵੱਖ-ਵੱਖ ਲੇਖਕ ਸਭਾਵਾਂ, ਧਾਰਮਿਕ, ਸਮਾਜਸੇਵੀ ਤੇ ਅਧਿਆਪਕ ਜਥੇਬੰਦੀਆਂ, ਸਿਆਸੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਬੇਵਕਤ ਦਿਹਾਂਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਪ੍ਰਿੰ. ਡਾ: ਹਰਪ੍ਰੀਤ ਸਿੰਘ ਹੁੰਦਲ (ਲੇਖਕ) ਨਾਲ ਹਮਦਰਦੀ ਪ੍ਰਗਟ ਕੀਤੀ।



# ਅਣ-ਅਧਿਕਾਰਤ ਪਾਣੀ ਤੇ ਸੀਵਰੇਜ ਦੇ ਕੁਨੈਕਸ਼ਨਾਂ ਨੂੰ ਕੀਤਾ ਰੈਗੂਲਰ

### * ਬਿਨਾਂ ਵਿਆਜ ਜੁਰਮਾਨੇ ਦੇ ਭਰੀਆਂ ਗਈਆਂ ਪ੍ਰਾਪਰਟੀ ਟੈਕਸ ਦੀਆਂ ਰਿਟਰਨਾਂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ 23 ਤੋਂ 30 ਜੂਨ ਤੱਕ ਪੱਛਮੀ, ਦਖਣੀ, ਉੱਤਰੀ ਅਤੇ ਪੂਰਬੀ ਹਲਕਿਆਂ ਵਿੱਚ ਅਣ-ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨਾਂ ਨੂੰ ਰੈਗੂਲਰ ਕਰਵਾਉਣ ਅਤੇ ਬਿਨਾਂ ਵਿਆਜ ਜੁਰਮਾਨੇ ਦੇ ਪਿਛਲੇ ਸਾਲਾਂ ਦਾ ਪ੍ਰਾਪਰਟੀ ਟੈਕਸ ਭਰਨ ਲਈ ਕੈਂਪਾਂ ਦਾ ਆਯੋਜਨ ਕੀਤਾ ਗਿਆ ਸੀ । ਇਲਾਕਾ ਨਿਵਾਸੀਆਂ ਵੱਲੋਂ ਆਪਣੇ ਪਾਣੀ ਸੀਵਰੇਜ ਦੇ ਕੁਨੈਕਸ਼ਨ ਰੈਗੂਲਰ ਕਰਵਾਉਣ ਲਈ ਫਾਰਮ ਭਰੇ ਗਏ ਅਤੇ ਬਿਨਾਂ ਵਿਆਜ ਅਤੇ ਜੁਰਮਾਨੇ ਦੇ ਪ੍ਰਾਪਰਟੀ ਟੈਕਸ ਦੀ ਅਦਾਇਗੀ ਕੀਤੀ ਗਈ। ਇਨ੍ਹਾਂ ਕੈਂਪਾਂ ਦੇ ਨੋਡਲ ਅਫਸਰ ਸਹਾਇਕ ਕਮਿਸ਼ਨਰ ਦਲਜੀਤ ਸਿੰਘ ਦੀ ਰਿਪੋਰਟ ਅਨੁਸਾਰ ਤਕਰੀਬਨ 125 ਪਾਣੀ ਸੀਵਰੇਜ ਦੇ ਕੁਨੈਕਸ਼ਨ ਰੈਗੂਲਰ ਕੀਤੇ ਗਏ ਅਤੇ 1.75 ਲੱਖ ਰੁਪਏ ਰਿਕਵਰੀ ਕੀਤੀ ਗਈ ਇਸ ਤੋਂ ਇਲਾਵਾ 998 ਪ੍ਰਾਪਰਟੀ ਟੈਕਸ ਦੀਆਂ ਰਿਟਰਨਾਂ ਫਾਈਲ ਕੀਤੀਆਂ ਗਈਆਂ ਅਤੇ 10.00 ਲੱਖ ਰੁਪਏ ਤੋਂ ਜ਼ਿਆਦਾ ਦੀ ਰਿਕਵਰੀ ਹੋਈ ਹੈ । ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਦੀਆ ਬਾਹਰਲੀਆਂ ਆਬਾਦੀਆਂ ਵਿੱਚ ਜਾਇਕਾ, ਸਾਊਥ ਈਸਟ ਅਤੇ ਅਮਰੁਤ ਪ੍ਰਾਜੈਕਟ ਅਧੀਨ ਪਾਣੀ/ਸੀਵਰੇਜ ਦੀਆਂ ਪਾਈਪਾਂ ਵਿਛਾਈਆਂ ਗਈਆਂ ਸਨ ਤਾਂ ਜ਼ੋ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮਿਲ ਸਕੇ ਅਤੇ ਸੀਵਰੇਜ ਦੀ ਸਹੀ ਤਰੀਕੇ ਨਿਕਾਸੀ ਹੋ ਸਕੇ। ਜਿਸ ਵਾਸਤੇ ਲੋਕਾਂ ਵੱਲੋਂ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨ ਲਏ ਗਏ ਸਨ ਪਰ ਇਨ੍ਹਾਂ ਕੁਨੈਕਸ਼ਨਾਂ ਨੂੰ ਨਗਰ ਨਿਗਮ ਕੋਲ ਪਾਸ ਨਹੀਂ ਕਰਵਾਇਆ ਗਿਆ ਹੈ ਜਿਸ ਕਰਕੇ ਨਾ ਤਾਂ ਇਨਾਂ ਘਰਾਂ ਨੂੰ ਕੋਈ ਬਿੱਲ ਜਾ ਰਿਹਾ ਹੈ ਅਤੇ ਨਾ ਹੀ ਕੋਈ ਰਿਕਵਰੀ ਆ ਰਹੀ ਹੈ ਜਿਸ ਕਰਕੇ ਨਿਗਮ ਨੂੰ ਬੜਾ ਵਿੱਤੀ ਨੁਕਸਾਨ ਹੋ ਰਿਹਾ ਸੀ । ਇਨ੍ਹਾਂ ਨਜਾਇਜ਼ ਲੱਗੇ ਕੁਨੈਕਸ਼ਨਾਂ ਨੂੰ ਕੱਟਣ ਦੀ ਕਾਰਵਾਈ ਤੋਂ ਪਹਿਲਾ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਇਨ੍ਹਾਂ ਇਲਾਕਿਆਂ ਵਿੱਚ ਕੈਂਪ ਲਗਾਏ ਗਏ ਹਨ ਅਤੇ ਬਕਾਇਦਾ ਲੋਕਾਂ ਨੂੰ ਇਨ੍ਹਾਂ ਕੈਂਪਾਂ ਦਾ ਲਾਭ ਉਠਾਉਣ ਲਈ ਜਾਗਰੂਕ ਕੀਤਾ ਗਿਆ ਜਿਸ ਦਾ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ । ਇਸ ਤੋਂ ਇਲਾਵਾ ਸਰਕਾਰ ਦੀ ਵਨ-ਟਾਈਮ ਸੈਟਲਮੈਂਟ ਸਕੀਮ ਅਧੀਨ ਸਰਕਾਰ ਵੱਲੋਂ ਲੰਬਿਤ ਪਏ ਪ੍ਰਾਪਰਟੀ ਟੈਕਸ ਤੇ ਵਿਆਜ ਅਤੇ ਜੁਰਮਾਨੇ ਦੀ ਮੁਆਫੀ ਵੀ 31 ਜੁਲਾਈ 2025 ਦਾ ਹੈ ਜਿਸ ਦਾ ਇਨ੍ਹਾਂ ਕੈਂਪਾਂ ਵਿੱਚ ਸ਼ਾਮਲ ਹੋ ਕੇ ਭਰਪੂਰ ਲਾਭ ਉਠਾਇਆ ਜਾ ਰਿਹਾ ਹੈ । ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਨਗਰ ਨਿਗਮ ਵੱਲੋਂ ਇਹ ਕੈਂਪ ਜਾਰੀ ਰਹਿਣਗੇ ਅਤੇ ਸ਼ਹਿਰ ਦੇ ਵੱਖ - 2 ਇਲਾਕਿਆਂ ਵਿੱਚ ਕਰਮਚਾਰੀਆਂ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਲਈ ਕੈਂਪਾਂ ਦਾ ਭਰਪੂਰ ਲਾਭ ਉਠਾਉਣ।

# ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਦਾ ਅਹੁਦਾ ਸੰਭਾਲ ਸਮਾਰੋਹ ਅੱਜ

ਬਟਾਲਾ, (ਤਰਲੋਕ ਬੱਗਾ)-ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਰਾਜਵੀਰ ਸਿੰਘ ਘੁੰਮਣ ਇੰਚਾਰਜ ਮੀਡੀਆ ਮੁੱਖ ਮੰਤਰੀ ਪੰਜਾਬ, ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਵਿਧਾਇਕ ਸੰਜੀਵ ਅਰੋੜਾ ਦੀ ਮੌਜੂਦਗੀ ਵਿੱਚ 29 ਜੂਨ ਦਿਨ ਐਤਵਾਰ ਨੂੰ ਸ਼ੌਂਤ ਵਿਲ੍ਹਾ, ਨੇੜੇ ਖਤੀਬ ਬਾਈਪਾਸ ਬਟਾਲਾ ਵਿਖੇ ਸਵੇਰੇ 10 ਵਜੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਦਾ ਅਹੁਦਾ ਸੰਭਾਲ ਸਮਾਰੋਹ ਹੋਵੇਗਾ ਅਤੇ ਨਾਲ ਹੀ ਪਲੇਠੀ ਜ਼ਿਲ੍ਹਾ ਵਰਕਰ ਮੀਟਿੰਗ ਕੀਤੀ ਜਾਵੇਗੀ।ਇਹ ਜਾਣਕਾਰੀ ਸ਼ਥਪਾਲ ਚੌਹਾਨ ਚੇਅਰਮੈਨ ਇੰਪਰੂਵਮੈਂਟ ਟਰੱਸਟ ਬਟਾਲਾ ਤੇ ਬਟਾਲਾ ਹਲਕੇ ਦੇ ਨਵ-ਨਿਯੁਕਤ ਸੰਗਠਨ ਇੰਚਾਰਜ ਅਤੇ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਨੇ ਬਟਾਲਾ ਕਲੱਬ ਵਿਖੇ ਪੱਤਰਕਾਰਾਂ ਨਾਲ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ।ਇਸ ਮੌਕੇ ਚੇਅਰਮੈਨ ਬਲਜੀਤ ਸਿੰਘ, ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਅਰਜਨਦੀਪ ਸਿੰਘ, ਨਸ਼ਾ ਮੁਕਤੀ ਮੋਰਚਾ ਗੁਰਦਾਸਪੁਰ ਦੇ ਵਾਈਸ ਕੁਆਰਡੀਨੇਟਰ, ਮਹਿਤਾਬੀਰ ਸਿੰਘ ਯੂਥ ਆਗੂ ਅਤੇ ਪ੍ਰਧਾਨ ਸੋਨਾ ਭਾਜਵਾ ਵੀ ਮੌਜੂਦ ਸਨ।ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਅਮਨ ਅਰੋੜਾ, ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਸਮੇਤ ਸਮੁੱਚੀ ਹਾਈ ਕਮਾਂਡ ਵਲੋਂ ਪਾਰਟੀ ਦੇ ਵਲੰਟੀਅਰਾਂ ਦਾ ਪੂਰਾ ਮਾਣ ਸਤਿਕਾਰ ਕੀਤਾ ਜਾ ਰਿਹਾ ਹੈ ਅਤੇ ਆਪ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ।ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ



ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਵਲੰਟੀਅਰ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਲੇ ਵਲੰਟੀਅਰ ਦਾ ਪਾਰਟੀ ਵੱਲੋਂ ਪੂਰਾ ਮਾਣ ਸਤਿਕਾਰ ਕੀਤਾ ਜਾ ਰਿਹਾ ਹੈ।ਉਨ੍ਹਾਂ ਜ਼ਿਲ੍ਹੇ ਦੀ ਸਮੁੱਚੀ ਪਾਰਟੀ ਲੀਡਰਸ਼ਿਪ, ਪਿੰਡਾਂ ਦੇ ਪੰਚ-ਸਰਪੰਚਾਂ, ਵੱਖ-ਵੱਖ ਬਲਾਕ ਪ੍ਰਧਾਨਾਂ, ਯੂਥ ਵਿੰਗ ਦੇ ਅਹੁਦੇਦਾਰਾਂ, ਪਾਰਟੀ ਦੇ ਆਗੂ ਤੇ ਵਲੰਟੀਅਰਾਂ ਨੂੰ 29 ਜੂਨ ਨੂੰ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਤਰਨਤਾਰਨ ਹਲਕੇ ਤੋਂ ਪਾਰਟੀ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਅਚਨਚੇਤ ਹੋਈ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਸ਼ਰਧਾਂਜਲੀ ਭੇਟ ਕੀਤੀ।

## ਸਪੀਕਰ ਨੇ ਵਿਧਾਇਕ ਸੰਜੀਵ ਅਰੋੜਾ ਨੂੰ ਸਹੁੰ ਚੁਕਾਈ

ਚੰਡੀਗੜ੍ਹ ( ਗੁਰਜੀਤ ਬਿੱਲਾ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਕੁਲਵੰਤ ਸਿੰਘ ਦੀ ਮੌਜੂਦਗੀ ਵਿੱਚ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਨੂੰ ਸਹੁੰ ਚੁਕਾਈ। ਸਪੀਕਰ ਨੇ ਸੰਜੀਵ ਅਰੋੜਾ ਨੂੰ ਪੰਜਾਬ ਵਿਧਾਨ ਸਭਾ ਦਾ ਸਾਹਿਤ ਅਤੇ ਆਈ-ਪੈਡ ਭੇਟ ਕੀਤਾ।ਸੰਜੀਵ ਅਰੋੜਾ ਨੇ ਸਹੁੰ ਚੁੱਕੀ ਕਿ ਉਹ ਕਾਨੂੰਨ ਦੁਆਰਾ ਸਥਾਪਿਤ ਭਾਰਤ ਦੇ ਸੰਵਿਧਾਨ ਪ੍ਰਤੀ ਸੱਚੀ ਸ਼ਰਧਾ ਅਤੇ ਵਫ਼ਾਦਾਰੀ ਰੱਖਣਗੇ। ਉਹ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਕਾਇਮ ਰੱਖਣਗੇ ਅਤੇ ਉਨ੍ਹਾਂ ਨੂੰ ਸੌਂਪੇ ਗਏ ਫਰਜ਼ਾਂ ਨੂੰ ਵਫ਼ਾਦਾਰੀ ਨਾਲ ਨਿਭਾਉਣਗੇ। ਸੰਜੀਵ ਅਰੋੜਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੇ ਮਾਰਗਦਰਸ਼ਨ ਹੇਠ ਅਤੇ ਆਪਣੇ ਹਲਕੇ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ।ਸਪੀਕਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਡੀ ਸਰਕਾਰ ਨੇ ਸਦਨ ਦੀਆਂ ਸਾਰੀਆਂ ਕਾਰਵਾਈਆਂ ਦਾ ਸਿੱਧਾ ਪ੍ਰਸਾਰਣ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਸਦਨ ਵਿੱਚ ਪਾਰਦਰਸ਼ਤਾ ਬਣਾਈ ਰੱਖੀ ਜਾ ਸਕੇ। ਪਰ ਪਿਛਲੀਆਂ ਸਰਕਾਰਾਂ ਨੇ ਕਾਰਵਾਈ ਨੂੰ ਗੁਪਤ ਰੱਖਿਆ ਤਾਂ ਜੋ ਲੋਕ ਉਨ੍ਹਾਂ ਦੇ ਕੰਮ ਬਾਰੇ ਜਾਣੂ ਨਾ ਹੋ ਸਕਣ। ਸਪੀਕਰ ਨੇ ਵਿਧਾਇਕ ਸੰਜੀਵ ਅਰੋੜਾ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਹੁੰ ਚੁੱਕ ਸਮਾਗਮ ਵਿੱਚ ਆਏ ਸਾਰੇ ਵਿਅਕਤੀਆਂ ਦਾ ਧੰਨਵਾਦ ਕੀਤਾ।ਸਪੀਕਰ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੇ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਪਿਛੋਕੜ ਵਿੱਚ ਪੌਦੇ ਲਗਾਏ।

# ਆਮ ਬਦਲੀਆਂ ਕਰਨ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਦੀ ਮੰਗ

ਵੇਰਕਾ (ਰਾਣਾ)-ਸਿੱਖਿਆ ਵਿਭਾਗ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਸਰਕਾਰੀ ਸਕੂਲਾਂ ਅੰਦਰ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਆਉਂਦੀ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਅਧਿਆਪਕਾਂ ਦੀਆਂ ਬਦਲੀਆਂ ਕਰਨ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰੇ।ਇਸ ਸੰਬੰਧ ਵਿੱਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਆਗੂਆਂ ਨੇ ਪ੍ਰੈੱਸ ਨੂੰ ਇੱਕ ਸਾਂਝਾ ਬਿਆਨ ਜਾਰੀ ਕਰਦੇ ਹੋਏ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਅਤੇ ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:/ਐਲੀ:ਸਿ:) ਐੱਸਏਐੱਸ ਨਗਰ ਪਾਸੋਂ ਮੰਗ ਕੀਤੀ ਹੈ ਕਿ ਕਈ ਪੇਂਡੂ ਖੇਤਰ ਸਣੇ ਬਾਰਡਰ ਕੰਢੀ ਖੇਤਰ ਦੇ ਸਕੂਲ ਅਧਿਆਪਕ ਵਿਹੂਣੇ ਹਨ ਪਰ ਸ਼ਹਿਰ ਦੇ ਕਈ ਸਕੂਲਾਂ ਵਿੱਚ ਬੇਲੋੜੇ ਟੀਚਰ ਵੀ ਤੈਨਾਤ ਹਨ ਜਿਸ ਬਾਬਤ ਸਿੱਖਿਆ ਵਿਭਾਗ ਪੰਜਾਬ ਦੇ ਉੱਚ ਅਧਿਕਾਰੀ ਵੀ ਭਲੀਭਾਂਤ ਜਾਣੂ ਹਨ। ਪਰ ਕੋਈ ਕਾਰਵਾਈ ਕਰਨ ਦੀ ਬਜਾਏ ਮਹਿਜ਼ ਮੂਕ-ਦਰਸ਼ਕ ਬਣੇ ਹੋਏ ਹਨ ਜਿਸ ਕਾਰਨ ਸਕੂਲ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਨਿਰੰਤਰ ਪ੍ਰਭਾਵਿਤ ਹੁੰਦੀ ਹੈ।ਉਪਰੋਕਤ ਜਥੇਬੰਦਕ ਅਹੁਦੇਦਾਰਾਂ ਨੇ ਸਰਕਾਰ ਪਾਸੋਂ ਪ੍ਰਭਾਵਿਤ ਸਕੂਲਾਂ ਅੰਦਰ ਅਧਿਆਪਕ ਦੀ ਘਾਟ ਨੂੰ ਤੁਰੰਤ ਪ੍ਰਭਾਵ ਨਾਲ ਪੂਰਾ ਕਰਨ ਵਾਸਤੇ ਅਧਿਆਪਕ ਵਰਗ ਦੀਆਂ ਆਮ ਬਦਲੀਆਂ ਕਰਨ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਦੀ ਚਿਰੋਕਣੀ ਮੰਗ ਕੀਤੀ ਹੋਈ ਹੈ।ਇਸ ਮੌਕੇ ਉਪਰੋਕਤ ਗੁਹਾਰ ਲਗਾਉਣ ਵਾਲਿਆਂ 'ਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਪ੍ਰੈੱਸ ਸਕੱਤਰ ਹਰਵਿੰਦਰ ਸਿੰਘ ਰਾਣਾ (ਖ਼ੁਸ਼ੀਪੁਰ), ਸੂਬਾਈ ਸੀਨੀਅਰ ਮੀਤ ਪ੍ਰਧਾਨ ਤਜਿੰਦਰ ਸਿੰਘ ਸੋਹੀ, ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਕਸ਼ਮੀਰ ਸਿੰਘ ਸੋਹੀਆ ਆਦਿ ਆਗੂ ਸ਼ਾਮਿਲ ਸਨ।

# ਪੀਰ ਬਾਬਾ ਸਿੱਧ ਗੋਰੀਆ ਨਾਥ ਦਾ ਸਾਲਾਨਾ ਮੇਲਾ ਤੇ ਭੰਡਾਰਾ ਬੜੀ ਸ਼ਰਧਾ ਨਾਲ ਕਰਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਬਟਾਲਾ ਰੋਡ ਨਜ਼ਦੀਕ ਬਟਾਲਾ ਚੂੰਗੀ ਵਿਖੇ ਪੀਰ ਬਾਬਾ ਸਿੱਧ ਗੋਰੀਆ ਨਾਥ ਅਤੇ ਸ਼ਨੀਦੇਵ ਮੰਦਿਰ ਪੀਰ ਰਤਨ ਨਾਥ ਜੰਮੂ ਵਾਲੇ ਦੇ ਮੁੱਖ ਸੇਵਾਦਾਰ ਬਾਬਾ ਬਚਨ ਨਾਥ ਵੱਲੋਂ ਆਪਣੇ ਆਸ਼ਰਮ ਵਿੱਚ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਆਸ਼ਰਮ ਵਿਖੇ ਬਾਬਾ ਬਚਨ ਨਾਥ ਵੱਲੋਂ ਸੰਗਤਾਂ ਨੂੰ ਨਾਲ ਲੈ ਕੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ।ਉਪਰੰਤ ਸੰਗਤ ਨੂੰ ਪਕੌੜਿਆਂ ਅਤੇ ਚਾਹ ਦਾ ਲੰਗਰ ਛਕਾਇਆ ਗਿਆ । ਦੁਪਹਿਰ ਨੂੰ ਆਸ਼ਰਮ ਵਿਖੇ ਮਹਿਲਾ ਕੀਰਤਨ ਮੰਡਲੀ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਸਾਧੂ ਸੰਤਾਂ ਨੂੰ ਲੰਗਰ ਭੰਡਾਰਾ ਛਕਾਉਣ ਉਪਰੰਤ ਉਨ੍ਹਾਂ ਦਾ ਮਾਣ ਸਨਮਾਨ ਕਰਦਿਆਂ ਉਨ੍ਹਾਂ ਨੂੰ ਭੇਟਾ ਰਾਸ਼ੀ ਦਿੱਤੀ



ਗਈ।ਇਸ ਮੌਕੇ ਬਾਬਾ ਮੰਗਲ ਦਾਸ, ਸੁਨੀਲ ਕੁਮਾਰ, ਵਿਨੋਦ ਕੁਮਾਰ, ਹੀਰਾ ਲਾਲ, ਬਿੱਟੂ, ਡਾ. ਸੁਰਜੀਤ ਕੁਮਾਰ, ਸੈਕਟਰੀ ਮਲੂਕ ਸਿੰਘ, ਜਸਵੰਤ ਸਿੰਘ ਕਾਲਾ, ਮੰਜੂ ਬੇਦੀ, ਬਾਊ ਸਿੰਘ ਦਰਜੀ, ਮਹੰਤ ਪੱਥਰ ਨਾਥ ਸ਼ਿਕਾਰ ਮਾਛੀਆਂ, ਜੋਗਿੰਦਰ ਨਾਥ ਦਸੂਹਾ, ਅਜੇ ਨਾਥ ਖੰਡਾਲਾ ਹਿਮਾਚਲ, ਤਰਸੇਮ ਦਾਸ ਬਿਸ਼ਨ ਕੋਟ, ਬਾਬਾ ਮੇਜਰ ਦਾਸ, ਮਹੰਤ ਚੇਤਨ ਦਾਸ, ਮਹੰਤ ਸਰਬ ਦਾਸ ਅੰਮ੍ਰਿਤਸਰ, ਮਹੰਤ ਲਖਵਿੰਦਰ ਦਾਸ ਪੱਖੋਕੇ, ਮਹੰਤ ਕਰਨ ਦਾਸ ਪੱਖੋਕੇ, ਮਹੰਤ ਜਵਾਰੀ ਲਾਲ ਧਾਰੀਵਾਲ, ਮਹੰਤ ਕਾਕਾ ਨਾਥ ਕਾਹਨੂੰਵਾਨ, ਬਾਬਾ ਸੋਨ, ਮਹੰਤ ਪਰਿਆਗ ਨਾਥ ਕਾਹਨੂੰਵਾਨ, ਮਹੰਤ ਮੁਰਲੀ ਨਾਥ, ਬਾਬਾ ਹਰੀ ਨਾਥ ਨਾਗਮਣੀ, ਮਹੰਤ ਰਵੀ ਨਾਥ, ਪ੍ਰੀਤਮ ਨਾਥ ਫਤਿਹਗੜ੍ਹ ਚੂੜੀਆਂ, ਭਜਨ ਦਾਸ ਧਾਰੀਵਾਲ, ਜਸਵੰਤ ਦਾਸ ਬਟਾਲਾ, ਲਵ ਮੂਨੀ ਪਰਮਾਨੰਦ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਸਮਰ ਡਾਂਸ ਕੈਂਪ ਸਫਲਤਾਪੂਰਵਕ ਮੁਕੰਮਲ

**ਮੋਹਾਲੀ (ਗੁਰਜੀਤ ਬਿੱਲਾ)**- ਸਟੈਪ 2 ਸਟੈਪ ਡਾਂਸ ਸਟੂਡੀਓ, ਫੇਜ਼ 10, ਮੋਹਾਲੀ ਵੱਲੋਂ 26 ਮਈ ਤੋਂ 26 ਜੂਨ ਤੱਕ ਚਲਾਇਆ ਗਿਆ ਇੱਕ ਮਹੀਨੇ ਦਾ ਸਮਰ ਡਾਂਸ ਕੈਂਪ 2025 ਹਾਲ ਹੀ ਵਿੱਚ ਸਫਲਤਾਪੂਰਵਕ ਸਮਾਪਤ ਹੋਇਆ। ਇਸ ਕੈਂਪ ਵਿੱਚ 3 ਸਾਲ ਤੋਂ ਉਪਰ ਦੇ ਬੱਚਿਆਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ।ਕੈਂਪ ਦੌਰਾਨ ਹਰ ਰੋਜ਼ ਡਾਂਸ ਟ੍ਰੇਨਿੰਗ, ਫਿਟਨੈੱਸ ਸੈਸ਼ਨ, ਮਨੋਰੰਜਕ ਖੇਡਾਂ ਅਤੇ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਨੇ ਬੱਚਿਆਂ ਦਾ ਮਨੋਰੰਜਨ ਵੀ ਕੀਤਾ ਅਤੇ ਉਨ੍ਹਾਂ ਦੀ ਲੀਡਰਸ਼ਿਪ ਤੇ ਸੈਲਫ ਕਾਂਫੀਡੈਂਸ ਨੂੰ ਵੀ ਵਧਾਇਆ।ਬੱਚਿਆਂ ਦੇ ਪ੍ਰਦਰਸ਼ਨ ਨੂੰ ਕੈਦ ਕਰਨ ਲਈ ਵਿਸ਼ੇਸ਼ ਵੀਡੀਓ ਅਤੇ ਰੀਲ ਸ਼ੂਟ ਵੀ ਕੀਤੇ ਗਏ। ਦੋ ਖਾਸ ਸਮਾਗਮ - ਕਿਡਜ਼ ਪਜਾਮਾ ਪਾਰਟੀ ਅਤੇ ਆਉਟਡੋਰ ਸਮਰ ਬੂਟ ਕੈਂਪ 2025 ਨੇ ਕੈਂਪ ਦੀ ਰੌਣਕ ਹੋਰ ਵਧਾ ਦਿੱਤੀ। ਨਾਲ ਹੀ ਫੈਮਿਲੀ ਕਲੀਨਿਕ ਦੇ ਸਹਿਯੋਗ ਨਾਲ ਡਾ. ਜੋਤੀ ਅਰੋੜਾ (ਜਨਰਲ ਫਿਜੀਸ਼ੀਅਨ, ਕੰਸਲਟੈਂਟ ਤੇ ਗਾਇਨੇਕੋਲੋਜਿਸਟ) ਵੱਲੋਂ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ ਮਾਪਿਆਂ ਨੇ ਵੀ ਪੂਰੇ ਜੋਸ਼ ਨਾਲ ਹਿਸਾ ਲਿਆ।ਹਰੇਕ ਬੱਚੇ ਨੂੰ ਪਾਰਟੀਸੀਪੇਸ਼ਨ ਸਰਟੀਫਿਕੇਟ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਹ ਪੂਰਾ ਕੈਂਪ ਮਿਸ



ਆਸ਼ਾ ਰਾਜਕ ਅਤੇ ਮਿਸ ਸਹਜਪ੍ਰੀਤ ਕੌਰ ਵੱਲੋਂ ਸੁਚੱਜੀ ਤਰੀਕੇ ਨਾਲ ਸੰਚਾਲਿਤ ਕੀਤਾ ਗਿਆ, ਜਿਨ੍ਹਾਂ ਨੂੰ ਸਟੈਪ 2 ਸਟੈਪ ਡਾਂਸ ਸਟੂਡੀਓ ਦੇ ਡਾਇਰੈਕਟਰ ਮਿਸਟਰ ਯਤਿਨ ਗੁਪਤਾ ਦੀ ਰਹਿਨੁਮਾਈ ਮਿਲੀ। ਮਿਸਟਰ ਹੈਪੀ ਗਿੱਲ ਅਤੇ ਮਿਸਟਰ ਕੁਲਦੀਪ ਕੁਮਾਰ ਨੇ ਵੀ ਟੀਮ ਦੇ ਤੌਰ 'ਤੇ ਆਪਣਾ ਯੋਗਦਾਨ ਦਿੱਤਾ।ਸਟੈਪ 2 ਸਟੈਪ ਡਾਂਸ ਸਟੂਡੀਓ ਦੀ ਟੀਮ ਨੇ ਸਾਰੇ ਬੱਚਿਆਂ ਅਤੇ ਮਾਪਿਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਹੋਰ ਵੀ ਰੋਮਾਂਚਕ ਅਤੇ ਰਚਨਾਤਮਕ ਪ੍ਰੋਗਰਾਮ ਲਿਆਉਣ ਦਾ ਵਾਅਦਾ ਕੀਤਾ।


## PUBLIC NOTICE

It is to inform that we, Sumit Son of Sh. Roshan Lal and Tarun Son of Sh. Roshan Lal residents of F13/497, Nehru Colony, Gopal Nagar, Amritsar have lost the original Special Power of Attorney dated 27.06.1990 duly registered with the office of sub-registrar, Amritsar vide Document No.1860, Book No.14, Volume No.34 at Page 304 and the copy of the same has been pasted in additional Book No.1, Volume No.486 at Page 5 entered on 27.06.1990 in favour of Smt. Shashi Shrma wife of Sh. Rajesh Kumar, in respect of our property. The police report NO.048 Dated 17.06.2025 has been registered in this respect with Police Station E Division, Amritsar. No loan from any bank has been obtained against said original Special Power of Attorney nor has been deposited with any Bank as security.

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਨੰ:- 54, 59, 60-2025-26-ADEN-1-FZR & 55-2025-26-DEN-HQ-FZR ਮਿਤੀ: 27.06.2025

ਮੰਡਲ ਇੰਜੀਨੀਅਰ - ਹੈੱਡ., ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ **18.07.2025 & 21.07.2025** ਵਕਤ **15.00** ਵਜੇ ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੈਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ । ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਟੈਂਡਰ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| **ਟੈਂਡਰ ਅਪਲੋਡ ਕਰਨ ਦੀ ਮਿਤੀ** | **ਟੈਂਡਰ ਸ਼ੁਰੂ ਦੀ ਮਿਤੀ** | **ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ** |
| 25.06.2025 & 26.06.2025 | 04.07.2025 & 07.07.2025 | 18.07.2025 15:00 ਬਜੇ 21.07.2025 |

| ਲ. ਨੰ: | ਟੈਂਡਰ ਨੰਬਰ, ਮਿਤੀ | ਟੈਂਡਰ ਦਾ ਵੇਰਵਾ | | | |
|---|---|---|---|---|---|
| 1. | 54-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ/ਫ਼ਿਰੋਜ਼ਪੁਰ ਦੇ ਅਧੀਨ ਲੁਧਿਆਣਾ-ਮੁਲਲਾਪੁਰ ਦੇ ਵਿਚ ਦੋਹਰੀਕਰਣ ਦੇ ਸਬੰਧ ਵਿਚ ਗਿਟਟੀ ਕੰਮ ਦਾ ਬਾਕੀ ਕੰਮ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 1,67,34,703.50/- | 2,33,700.00/- | 60 ਦਿਨ | 06 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- "ਰੇਲਵੇ/ਰਾਜਮਾਰਗ/ਸੜਕਾਂ ਦੇ ਲਈ ਮਸ਼ੀਨ ਤੋਂ ਕੁਚਲੇ ਗਏ ਪੱਥਰ ਗਿਟਟੀ ਦੀ ਆਪੂਰਤੀ ।" | | | |
| 2. | 55-2025-26-DEN-HQ-FZR | ਮੰਡਲ ਇੰਜੀਨੀਅਰ-ਹੈਡਕੁਆਟਰ/ਫ਼ਿਰੋਜ਼ਪੁਰ ਦੇ ਅਧਿਕਾਰ ਖੇਤਰ ਦੇ ਅੰਤਰਗਤ ਸਹਾਇਕ ਮੰਡਲ ਇੰਜੀਨੀਅਰ-ਪਹਿਲੀ/ਫ਼ਿਰੋਜ਼ਪੁਰ ਅਤੇ ਸਹਾਇਕ ਮੰਡਲ ਇੰਜੀਨੀਅਰ-ਦੂਸਰੀ/ਫ਼ਿਰੋਜ਼ਪੁਰ ਦੇ ਅਨੁਭਾਗ ਵਿਚ 750 ਘਨ ਮੀਟੀ ਤੋਂ ਜ਼ਿਆਦਾ ਗਿਟਟੀ ਦੀ ਆਪੂਰਤੀ ਦਾ ਕੰਮ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 2,23,09,646.00/- | 2,61,600.00/- | 60 ਦਿਨ | 04 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- "ਰੇਲਵੇ/ਰਾਜਮਾਰਗ/ਸੜਕਾਂ ਦੇ ਲਈ ਮਸ਼ੀਨ ਤੋਂ ਕੁਚਲੇ ਗਏ ਪੱਥਰ ਗਿਟਟੀ ਦੀ ਆਪੂਰਤੀ ।" | | | |
| 3. | 59-2025-26-ADEN-1-FZR | ਫ਼ਿਰੋਜ਼ਪੁਰ ਕੈਂਟ ਵਿਚ ਸਹਾਇਕ ਮੰਡਲ ਇੰਜੀਨੀਅਰ-ਦੂਸਰੀ/ਫ਼ਿਰੋਜ਼ਪੁਰ ਦੇ ਅਧੀਨ ਸੀਨੀਅਰ ਅਨੁਭਾਗੀਯ ਇੰਜੀਨੀਅਰ/ਪੀ.ਵੇ/ਫ਼ਿਰੋਜ਼ਪੁਰ ਦੇ ਅਧੀਨ ਸਟਾਫ ਦੇ ਲਈ 03 ਨੰਬਰ ਟਾਇਪ-ਥਰਡ ਸਟਾਫ ਕਵਾਟਰਾਂ ਦਾ ਪ੍ਰਤੀਸਥਾਪਨ ਦਾ ਕੰਮ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 82,62,914.07/- | 1,65,300.00/- | 60 ਦਿਨ | 07 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- "ਭਵਨ/ਕਵਾਟਰ ਦਾ ਨਿਰਮਾਣ ।" | | | |
| 4. | 60-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ/ਫ਼ਿਰੋਜ਼ਪੁਰ ਦੇ ਅੰਤਰਗਤ ਫਰੀਦਕੋਟ (ਐਫਡੀਕੇ) ਗੁਡਸ ਸ਼ੇਡ ਦਾ ਉਨਨਯਨ/ਸੁਧਾਰ ਦਾ ਕੰਮ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 5,83,62,748.15/- | 4,41,800.00/- | 60 ਦਿਨ | 10 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ ।" | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ । 1956/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਭੰਡਾਰ ਦੀ ਸਪਲਾਈ ਲਈ ਮੰਗ ਨਿਵਿਦਾ ਇਲੈਕਟ੍ਰਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀ. ਮੰਡਲ ਸਮਗਰੀ ਪ੍ਰਬੰਧਕ/ਉਤਰ ਰੇਲਵੇ/ਭੰਡਾਰ ਬਰਾਂਚ/ਫਿਰੋਜਪੁਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1. | 94255453 | PROCUREMENT OF ARTHROSCOPY SYSTEM | 01 Set | 29.07.2025 |

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹਨ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣ ਅਤੇ ਪੰਜੀਕਰਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧੀਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ-III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੋਵੇ ਤਾਂ ਪ੍ਰਾਪਤ ਕਰਨਾ ਹੋਵੇਗਾ) ਹੱਥ ਨਾਲ ਲਿਖੀ ਨਿਵਿਦਾ ਸਵੀਕਾਰ ਨਹੀਂ ਕੀਤੀ ਜਾਵੇਗੀ।

**ਟੈਂਡਰ ਨੋਟਿਸ ਨੰ.**—: 02 / 2025—26 **ਤਾਰੀਕ** —: 26.06.2025 1932/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫ਼ਸਰ-ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਫਾਰ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ ।

ਕੇਸ ਨੰਬਰ 44-47/**DRO/FTC/NRI** ਤਰੀਕ ਦਾਇਰ 12/06/2025, ਕਿਸਮ ਮੁਕੱਦਮਾ ਤਕਸੀਮ, ਖੇਵਟ ਨੰਬਰ 463,575,694,699, ਖਤੌਨੀ ਨੰਬਰ 562, 715, 864-871,881-883 ਮੁਤਾਬਕ ਜਮਾਂਬੰਦੀ ਸਾਲ 2020-2021, ਵਾਕਿਆ ਅਰਾਜ਼ੀ ਪਿੰਡ ਸਿੱਧਵਾਂ ਦੋਨਾ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ।

1. ਲਖਬੀਰ ਸਿੰਘ ਪੁੱਤਰ ਹਜਾਰਾ ਸਿੰਘ ਪੁੱਤਰ ਦੇਵੀ ਦਿੱਤਾ **R/o 8 Emerald Grove, Totternham, Ontoria, Canada** ਹਾਲ ਵਾਸੀ ਪਿੰਡ ਸਿੱਧਵਾਂ ਦੋਨਾ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ।

2. ਤੀਰਥ ਸਿੰਘ ਪੁੱਤਰ ਲਖਬੀਰ ਸਿੰਘ ਪੁੱਤਰ ਹਜਾਰਾ ਸਿੰਘ ਪੁੱਤਰ ਦੇਵੀ ਦਿੱਤਾ **R/o 8 Emerald Grove, Totternham, Ontoria, Canada.** (ਧਿਰ ਅੱਵਲ)

ਬਨਾਮ

1. ਕੇਵਲ ਸਿੰਘ ਪੁੱਤਰ ਨਿਰਮਲ ਸਿੰਘ ਪੁੱਤਰ ਭਗਤ ਸਿੰਘ, 2. ਪੂਰਨ ਸਿੰਘ ਪੁੱਤਰ ਦੇਵੀ ਦਿੱਤਾ (ਮ੍ਰਿਤਕ) ਰਾਹੀਂ ਵਾਰਿਸ ਧਿਰ ਦੋਮ ਨੰਬਰ 3 ਵਾ 4, 3 ਸੋਹਨ ਸਿੰਘ ਪੁੱਤਰ ਪੂਰਨ ਸਿੰਘ ਪੁੱਤਰ ਦੇਵੀ ਦਿੱਤਾ, 4 ਰੇਸ਼ਮ ਸਿੰਘ ਪੁੱਤਰ ਪੂਰਨ ਸਿੰਘ ਪੁੱਤਰ ਦੇਵੀ ਦਿੱਤਾ 5. ਸਾਧੂ ਸਿੰਘ ਪੁੱਤਰ ਹਜਾਰਾ ਸਿੰਘ ਪੁੱਤਰ ਦੇਵੀ ਦਿੱਤਾ, 6 ਸੰਤੋਖ ਸਿੰਘ ਪੁੱਤਰ ਗੋਬਿੰਦ ਸਿੰਘ ਪੁੱਤਰ ਸੁੰਦਰ ਸਿੰਘ, 7 ਚੰਨੋ ਪੁੱਤਰੀ ਭਗਤ ਸਿੰਘ ਪੁੱਤਰ ਗੁਲਾਬ ਸਿੰਘ (ਮ੍ਰਿਤਕ) ਰਾਹੀਂ ਵਾਰਸ (ੳ) ਸਰਦੂਲ ਸਿੰਘ ਪੁੱਤਰ ਧੰਨਾ ਸਿੰਘ (ਅ) ਅਮਰੀਕ ਸਿੰਘ (ੲ) ਕੁਲਵੰਤ ਸਿੰਘ ਸਾਰੇ ਪੁੱਤਰਾਨ ਧੰਨਾ ਸਿੰਘ ਵਾਸੀਆਨ ਅਮਰੀਕਾ (ਸ) ਪਰਮਿੰਦਰ ਕੌਰ (ਹ) ਛਿੰਦੋ ਦੋਨੇ ਪੁੱਤਰੀਆਂ ਧੰਨਾ ਸਿੰਘ ਵਾਸੀਆਨ ਅਮਰੀਕਾ, 8 ਸਰਦੂਲ ਸਿੰਘ ਪੁੱਤਰ ਧੰਨਾ ਸਿੰਘ ਪੁੱਤਰ ਮੱਸਾ ਸਿੰਘ, 9 ਧਰਮ ਸਿੰਘ ਪੁੱਤਰ ਸੁਰੈਣ ਸਿੰਘ ਪੁੱਤਰ ਝਗੜ ਸਿੰਘ, 10 ਹਰਭਜਨ ਕੌਰ ਵਿਧਵਾ ਗੁਰਮੁੱਖ ਸਿੰਘ ਪੁੱਤਰ ਕਿਸ਼ਨ ਸਿੰਘ, 11 ਗੁਰਪ੍ਰੀਤ ਸਿੰਘ ਪੁੱਤਰ ਗੁਰਮੁੱਖ ਸਿੰਘ ਪੁੱਤਰ ਕਿਸ਼ਨ ਸਿੰਘ 12. ਹਰਪ੍ਰੀਤ ਸਿੰਘ ਪੁੱਤਰ ਗੁਰਮੁੱਖ ਸਿੰਘ ਪੁੱਤਰ ਕਿਸ਼ਨ ਸਿੰਘ, 13 ਚਰਨਜੀਤ ਸਿੰਘ ਪੁੱਤਰ ਸੀਤਲ ਸਿੰਘ ਪੁੱਤਰ ਹਰਨਾਮ ਸਿੰਘ, 14 ਜਸਵਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਹਰਨਾਮ ਸਿੰਘ, 15 ਜਸਬੀਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਹਰਨਾਮ ਸਿੰਘ, 16 ਅਮਰਜੀਤ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਹਰਨਾਮ ਸਿੰਘ, 17 ਮਹਿੰਦਰ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਪਾਲ ਸਿੰਘ, 18 ਜੋਗਿੰਦਰ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਪਾਲ ਸਿੰਘ, 19 ਗੁਰਦਾਵਰ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਪਾਲ ਸਿੰਘ, 20 ਸੰਤੋਖੀ ਕੌਰ ਵਿਧਵਾ ਮੋਹਨ ਸਿੰਘ ਪੁੱਤਰ ਚੰਨਣ ਸਿੰਘ, 21 ਭਜਨ ਕੌਰ ਵਿਧਵਾ ਦਰਸ਼ਨ ਸਿੰਘ ਪੁੱਤਰ ਲਾਭ ਸਿੰਘ, 22 ਬਲਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਲਾਭ ਸਿੰਘ, 23 ਕੁਲਵੰਤ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਲਾਭ ਸਿੰਘ 24. ਪਰਮਜੀਤ ਕੌਰ ਵਿਧਵਾ ਬਲਵੰਤ ਸਿੰਘ ਪੁੱਤਰ ਦਰਸ਼ਨ ਸਿੰਘ , 25 ਚਰਨਜੀਤ ਸਿੰਘ ਪੁੱਤਰ ਚੰਨਣ ਸਿੰਘ (ਮ੍ਰਿਤਕ) ਰਾਹੀਂ ਵਾਰਸ (ੳ) ਲਾਡੀ ਪੁੱਤਰੀ ਚਰਨਜੀਤ ਸਿੰਘ (ਅ) ਸੁਖਦੇਵ ਸਿੰਘ ਪੁੱਤਰ ਚਰਨਜੀਤ ਸਿੰਘ ਪੁੱਤਰ ਚੰਨਣ ਸਿੰਘ ਸਾਰੇ ਵਾਸੀਆਨ ਪਿੰਡ ਸਿੱਧਵਾਂ ਦੋਨਾ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ। (ਧਿਰ ਦੋਮ)

ਉਪਰੋਕਤ ਅਨੁਵਾਨ ਮੁਕੱਦਮੇ ਤਕਸੀਮ ਵਿੱਚ ਫਰੀਕ ਦੋਇਮ ਦੇ ਕੁਝ ਫਰੀਕ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ ਹਨ।ਇਸ ਕਰਕੇ ਫਰੀਕ ਦੋਇਮ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ। ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮਾਂ ਦੀ ਸਾਧਾਰਨ ਤਰੀਕੇ ਨਾਲ ਹੋਣੀ ਮੁਸ਼ਕਲ ਹੈ।ਉਕਤ ਅਨੁਵਾਨ ਕੇਸ ਵਿੱਚ ਅਗਲੀ ਤਾਰੀਖ ਪੇਸ਼ੀ ਮਿਤੀ 07/07/2025 ਨਿਸ਼ਚਿਤ ਕਰ ਕੇ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਰਧਾਰਤ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ। ਉਕਤ ਨਿਰਧਾਰਤ ਮਿਤੀ ਨੂੰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 19/06/2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਸਹੀ/- ਜ਼ਿਲ੍ਹਾ ਮਾਲ ਅਫ਼ਸਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਰ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

(ਨੰਬਰ 131/ਰੀਡਰ, ਮਿਤੀ 19/06/2025)

## ਜਨਤਕ ਨੋਟਿਸ

ਆਈ ਡੀ ਐੱਫ ਸੀ ਫਸਟ ਬੈਂਕ ਲਿਮਟਿਡ ਦੇ ਨਿਰਦੇਸ਼ਾਂ ਅਧੀਨ, ਮੈਂ ਆਮ ਜਨਤਾ ਨੂੰ ਸੂਚਿਤ ਕਰਦਾ ਹਾਂ ਕਿ ਸੰਜੀਵ ਕੁਮਾਰ ਪੁੱਤਰ ਸਤਪਾਲ ਪ੍ਰਾਪਰਟੀ ਪਲਾਟ ਪ੍ਰਾਈਵੇਟ ਨੰਬਰ 21 ਦਾ ਪੂਰਨ ਮਾਲਕ ਹਾਂ, ਜੋ ਪੂਰਬ ਵੱਲ 45 ਫੁੱਟ, ਪੱਛਮ ਵੱਲ 39.6 ਫੁੱਟ, ਉੱਤਰ 33 ਫੁੱਟ, ਦੱਖਣ 17 ਫੁੱਟ ਮਾਪਦਾ ਹੈ, ਕੁੱਲ 118.75 ਵਰਗ ਗਜ਼ ਖਸਰਾ ਨੰਬਰ 977/566 ਮਿੰਨ ਦੇ ਨਾਲ ਪੂਰਬ ਵੱਲ ਘਿਰਿਆ ਹੋਇਆ ਹੈ: ਸੜਕ 20 ਫੁੱਟ ਚੌੜੀ, ਪੱਛਮ: ਫੈਕਟਰੀ ਵਰਤਮਾਨ ਵਿੱਚ ਦੂਜਿਆਂ ਦੇ ਪਲਾਟ, ਉੱਤਰ: ਫੈਕਟਰੀ, ਦੱਖਣ: ਸੜਕ 16 ਫੁੱਟ ਚੌੜੀ, ਅੰਮ੍ਰਿਤਸਰ ਸਬ-ਅਰਬਨ ਅਬਾਦੀ ਸ਼ਿਵ ਨਗਰ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ। ਸਾਲ 2006-07 ਦੀ ਜਮ੍ਹਾਂਬੰਦੀ ਵਿੱਚ ਬ੍ਰਹਮ ਸਿੰਘ ਪੁੱਤਰ ਹਜ਼ੂਰਾ ਸਿੰਘ 9.5 ਮਰਲੇ ਜਾਇਦਾਦ ਦੇ ਮਾਲਕ ਹਨ। ਫਿਰ ਬ੍ਰਹਮ ਸਿੰਘ ਪੁੱਤਰ ਹਜ਼ੂਰਾ ਸਿੰਘ ਨੇ ਜਨਕ ਦੁਲਾਰੀ ਪਤਨੀ ਪਿਆਰੇ ਲਾਲ ਨੂੰ 4.5 ਮਰਲੇ ਜਾਇਦਾਦ ਵੇਚੀ, ਜਿਸ ਦਾ ਇੰਤਕਾਲ ਨੰ. 22242 ਮਾਲ ਅਧਿਕਾਰੀਆਂ ਦੁਆਰਾ ਮਨਜ਼ੂਰ ਕੀਤਾ ਗਿਆ ਹੈ ਅਤੇ ਸਾਲ 2011-12 ਦੀ ਜਮ੍ਹਾਂਬੰਦੀ ਵਿੱਚ ਬ੍ਰਹਮ ਸਿੰਘ ਪੁੱਤਰ ਹਜ਼ੂਰਾ ਸਿੰਘ ਨੂੰ 5 ਮਰਲੇ ਜਾਇਦਾਦ ਦੇ ਮਾਲਕ ਵਜੋਂ ਦਿਖਾਇਆ ਗਿਆ ਹੈ। ਫਿਰ ਬ੍ਰਹਮ ਸਿੰਘ ਪੁੱਤਰ ਹਜ਼ੂਰਾ ਸਿੰਘ ਨੇ ਹਰਬੰਸ ਸਿੰਘ ਪੁੱਤਰ ਗੁਰਮੁੱਖ ਸਿੰਘ ਨੂੰ 4.6 ਮਰਲੇ ਜਾਇਦਾਦ ਵੇਚੀ, ਜਿਸ ਦਾ ਇੰਤਕਾਲ ਨੰ. 25716 ਮਾਲ ਅਧਿਕਾਰੀਆਂ ਦੁਆਰਾ ਦਰਜ ਕੀਤਾ ਗਿਆ ਹੈ, ਪਰ ਇੰਤਕਾਲ ਹੁਕਮ ਅਨੁਸਾਰ ਇਸ ਨੂੰ ਮਨਜ਼ੂਰ ਕਰ ਲਿਆ ਗਿਆ ਹੈ। ਫਿਰ ਹਰਬੰਸ ਸਿੰਘ ਪੁੱਤਰ ਗੁਰਮੱਖ ਸਿੰਘ ਨੇ 11.02.1975 ਨੂੰ ਸੇਲ ਡੀਡ ਰਜਿਸਟਰਡ ਮਿਤੀ 11.02.1975 ਰਾਹੀਂ 118.75 ਵਰਗ ਗਜ਼ ਜਾਇਦਾਦ ਸਤਪਾਲ ਪੁੱਤਰ ਗੰਡਾ ਮੱਲ ਅਤੇ ਜਸਵੰਤ ਕੌਰ ਪਤਨੀ ਸਤਪਾਲ ਨੂੰ ਦਸਤਾਵੇਜ਼ ਨੰਬਰ 9326 ਦੇ ਰੂਪ ਵਿੱਚ ਵੇਚ ਦਿੱਤੀ, ਜਿਸ ਦਾ ਇੰਤਕਾਲ ਨੰਬਰ 25717 ਮਾਲ ਅਧਿਕਾਰੀਆਂ ਦੁਆਰਾ ਦਰਜ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਸਾਲ 2016-17 ਲਈ ਜਮ੍ਹਾਂਬੰਦੀ ਵਿੱਚ 4.66 ਮਰਲੇ ਦੇ ਮਾਲਕ ਵਜੋਂ ਦਰਸਾਇਆ ਗਿਆ ਹੈ। ਫਿਰ ਸਤਪਾਲ ਪੁੱਤਰ ਗੰਡਾ ਮੱਲ ਦੀ ਮੌਤ ਤੋਂ ਬਾਅਦ ਉਸ ਦੀ ਜਾਇਦਾਦ ਦਾ ਅੱਧਾ ਹਿੱਸਾ ਜਸਵੰਤ ਕੌਰ ਪਤਨੀ ਸਤਪਾਲ, ਸੰਜੀਵ ਕੁਮਾਰ, ਮੁਕੇਸ਼ ਕੁਮਾਰ ਪੁੱਤਰ ਸਤਪਾਲ, ਸੁਰੇਖਾ ਧਵਨ, ਪਿੰਕੀ ਦੁੱਗਲ ਪੁੱਤਰੀਆਂ ਸਤਪਾਲ ਨੂੰ ਵਿਰਾਸਤ ਵਿੱਚ ਮਿਲਿਆ, ਜਿਸ ਵਿੱਚੋਂ ਇੰਤਕਾਲ ਨੰਬਰ 25842 ਮਾਲ ਅਧਿਕਾਰੀਆਂ ਦੁਆਰਾ ਮਨਜ਼ੂਰ ਕੀਤਾ ਗਿਆ ਹੈ। ਫਿਰ ਜਸਵੰਤ ਕੌਰ ਪਤਨੀ ਸਤਪਾਲ (12/20 ਹਿੱਸਾ), ਮੁਕੇਸ਼ ਕੁਮਾਰ ਸਲਾਈਡ ਸਤਪਾਲ (2/20 ਹਿੱਸਾ), ਸੁਰੇਖਾ ਧਵਨ, ਪਿੰਕੀ ਦੁੱਗਲ, ਸਤਪਾਲ ਦੀਆਂ ਧੀਆਂ (4/20) ਨੇ ਆਪਣਾ 18/20 ਹਿੱਸਾ ਯਾਨੀ 106.87 ਵਰਗ ਗਜ਼ ਜਾਇਦਾਦ ਸੰਜੀਵ ਕੁਮਾਰ ਪੁੱਤਰ ਸਤਪਾਲ ਨੂੰ 24.07.2017 ਨੂੰ ਦਸਤਾਵੇਜ਼ ਨੰਬਰ 4913 ਦੇ ਰੂਪ ਵਿੱਚ ਤਬਦੀਲ ਕਰ ਦਿੱਤੀ, ਜਿਸ ਵਿੱਚੋਂ ਇੰਤਕਾਲ ਨੰਬਰ 25945 ਨੂੰ ਮਾਲ ਅਧਿਕਾਰੀਆਂ ਦੁਆਰਾ ਮਨਜ਼ੂਰੀ ਦੇ ਦਿੱਤੀ ਗਈ ਹੈ। ਹੁਣ ਸੰਜੀਵ ਕੁਮਾਰ ਪੁੱਤਰ ਸਤਪਾਲ ਨੂੰ ਇਕਲੌਤੀ ਜਾਇਦਾਦ ਦੇ ਮਾਲਕ ਵਜੋਂ ਦਰਸਾਇਆ ਗਿਆ ਹੈ ਯਾਨੀ ਵਿਰਾਸਤ ਦੇ ਰੂਪ ਵਿੱਚ 1/10 ਹਿੱਸਾ ਅਤੇ ਟ੍ਰਾਂਸਫਰ ਡੀਡ ਦੁਆਰਾ 9/10 ਹਿੱਸਾ। ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸਤਪਾਲ ਪੁੱਤਰ ਗੰਡਾ ਮੱਲ ਦੀ ਮੌਤ ਤੋਂ ਬਾਅਦ ਉਸ ਦੀ ਜਾਇਦਾਦ ਦਾ ਅੱਧਾ ਹਿੱਸਾ ਜਸਵੰਤ ਕੌਰ ਪਤਨੀ ਸਤਪਾਲ, ਸੰਜੀਵ ਕੁਮਾਰ, ਮੁਕੇਸ਼ ਕੁਮਾਰ ਪੁੱਤਰ ਸਤਪਾਲ, ਸੁਰੇਖਾ ਧਵਨ, ਪਿੰਕੀ ਦੁੱਗਲ ਪੁੱਤਰੀਆਂ ਸਤਪਾਲ ਨੂੰ ਵਿਰਾਸਤ ਵਿੱਚ ਮਿਲਿਆ ਸੀ, ਜਿਸ ਦਾ ਇੰਤਕਾਲ ਨੰ. 25842 ਮਾਲ ਅਧਿਕਾਰੀਆਂ ਦੁਆਰਾ ਮਨਜ਼ੂਰ ਕੀਤਾ ਗਿਆ ਹੈ ਅਤੇ ਉਨ੍ਹਾਂ ਤੋਂ ਇਲਾਵਾ ਕੋਈ ਹੋਰ ਕਾਨੂੰਨੀ ਵਾਰਸ ਨਹੀਂ ਹੈ। ਅਤੇ ਜਸਵੰਤ ਕੌਰ ਪਤਨੀ ਸਤਪਾਲ ਦੀ ਮੌਤ 22.2.2025 ਨੂੰ ਹੋਈ ਅਤੇ ਮੁਕੇਸ਼ ਕੁਮਾਰ ਪੁੱਤਰ ਸਤਪਾਲ, ਸੁਰੇਖਾ ਧਵਨ, ਪਿੰਕੀ ਦੁੱਗਲ ਪੁੱਤਰੀਆਂ ਸਤਪਾਲ ਨੇ ਆਈ ਡੀ ਐੱਫ ਸੀ ਫਸਟ ਬੈਂਕ ਲਿਮਟਿਡ ਕੋਲ ਜਾਇਦਾਦ ਦੇ ਗਿਰਵੀਨਾਮੇ ਸੰਬੰਧੀ ਆਈ ਡੀ ਐੱਫ ਸੀ ਫਸਟ ਬੈਂਕ ਲਿਮਟਿਡ ਨੂੰ ਐੱਨ ਓ ਸੀ ਦਿੱਤਾ ਹੈ। ਕੋਈ ਵੀ ਵਿਅਕਤੀ, ਜਿਸ ਕੋਲ ਇਸ ਜਾਇਦਾਦ ਵਿੱਚ ਕਿਸੇ ਵੀ ਤਰੀਕੇ ਨਾਲ ਪਹਿਲਾਂ ਤੋਂ ਕੋਈ ਅਧਿਕਾਰ ਜਾਂ ਹਿੱਤ ਹੈ ਜਾਂ ਕਿਸੇ ਵੀ ਵਿਅਕਤੀ/ਬੈਂਕ/ਕਾਰਪੋਰੇਸ਼ਨ/ਵਿੱਤੀ ਸੰਸਥਾ ਨੂੰ ਉਪਰੋਕਤ ਵਿਕਰੀ ਡੀਡ ਜਮ੍ਹਾਂ ਕਰਕੇ ਕਰਜ਼ਾ ਚੁੱਕਿਆ ਹੈ, ਉਹ ਹੇਠ ਹਸਤਾਖਰ ਕਰਨ ਵਾਲੇ ਕੋਲ ਪਹੁੰਚ ਕਰ ਸਕਦਾ ਹੈ ਅਤੇ ਇਸ ਜਨਤਕ ਨੋਟਿਸ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਇਤਰਾਜ਼ ਜਮ੍ਹਾਂ ਕਰਵਾ ਸਕਦਾ ਹੈ। ਇਸ ਨੋਟਿਸ ਦੀ ਮਿਆਦ ਖਤਮ ਹੋਣ ਤੋਂ ਬਾਅਦ, ਕਿਸੇ ਵੀ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਅਜਿਹੇ ਦਾਅਵੇ ਨੂੰ ਝੂਠਾ, ਜਾਲ੍ਹੀ, ਬੇਤੁਕਾ, ਧੋਖਾਧੜੀ ਅਤੇ ਬੇਬੁਨਿਆਦ ਦਾਅਵਾ ਮੰਨਿਆ ਜਾਵੇਗਾ ਅਤੇ ਕਾਨੂੰਨ ਦੀ ਨਜ਼ਰ ਵਿੱਚ ਇਸ ਦਾ ਕੋਈ ਮੁੱਲ ਨਹੀਂ ਹੋਵੇਗਾ। ਇਹ ਵੀ ਮੰਨਿਆ ਜਾਵੇਗਾ ਕਿ ਕਿਸੇ ਨੂੰ ਵੀ ਉਪਰੋਕਤ ਜਾਇਦਾਦ ਨੂੰ IDFC FIRST BANK LTD ਕੋਲ ਗਿਰਵੀ ਰੱਖਣ 'ਤੇ ਕੋਈ ਇਤਰਾਜ਼ ਨਹੀਂ ਹੈ। ਵਿਕਾਸ ਵਰਮਾ (ਐਡਵੋਕੇਟ)

ਫੋਨ ਨੰਬਰ : 0183-2563029, ਮੋਬਾਇਲ-9815156302 ਸ਼ਾਖਾ ਦਫ਼ਤਰ ਕਮ ਰਿਹਾਇਸ਼, 264 ਬਸੰਤ ਐਵੇਨਿਊ, ਅੰਮ੍ਰਿਤਸਰ

# ਕਲਾਸੀਫਾਈਡ ਇਸ਼ਤਿਹਾਰ

## Lost and Found

I, Amrik Singh S/o Late Gurmeet Singh R/o Mithapur, Alipur, Jalandhar declare that the original sale deed no.10612 dated 1-2-2007 in respect to property situatec at Village Mithapur still owned and possessed by Amrik Singh has been lost against which I have lodged lost information report on 27-06-2025. If anybody found the said property documents please contact us at said address.

## Public Notice

It is for general information that I, Jagdish Bhutta S/o Tirth Ram Bhutta R/o NB-365, Near Water Tank, Santokhpura, Jalandhar-144004 (PB), declare that names of minor son and my wife have been wrongly written as Kunal and Sheetal in my minor son's Kunal Bhutta, aged 17 years in his 10th class Educational Document. That actual name of minor son and my wife are Kunal Bhutta and Sheetal Bhutta respectively, which may be amended accordingly.

## ਬੇਦਖਲੀ ਨੋਟਿਸ

ਮੈਂ ਦੇਵ ਰਾਜ ਪੁੱਤਰ ਲੇਟ ਮਨੋਹਰ ਲਾਲ, ਵਾਸੀ ਮਕਾਨ ਨੰਬਰ 306/7, ਅਵਤਾਰ ਨਗਰ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਨੋਦ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ ਬੱਬੂ ਰਾਮ ਪੁੱਤਰ ਨਿਹਾਲ ਸਿੰਘ ਵਾਸੀ ਮਕਾਨ ਨੰਬਰ 67 ਬਸਤੀ ਝਾਵਲਾ ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਹਲਫ਼ੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਾਜਨ ਹੈ, ਜੋ ਕਿ ਬੁਰੀ ਸੰਗਤ ਵਿੱਚ ਪੈਣ ਕਾਰਨ ਮੇਰੇ ਕਹਿਣੇ ਤੋਂ ਬਾਹਰ ਹੈ।ਸੋ ਮੈ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ, ਬਲਵੀਰ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਪਾਖਰ ਸਿੰਘ ਵਾਸੀ ਪਿੰਡ ਨੂਰਪੁਰ ਹਕੀਮਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸ਼ਰਨਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਏ ਐੱਸ)

ਮੈਂ, ਜਗਬੀਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਗੱਜਰਪੁਰਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬ੍ਰਹਮਜੋਤ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪ੍ਰਦੀਪ ਕੁਮਾਰ ਪੁੱਤਰ ਬੁੜੂ ਰਾਮ ਵਾਸੀ ਪਿੰਡ ਭੂਨ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਾਹੁਲ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰੀਨਾ ਪਤਨੀ ਅਸ਼ਵਨੀ ਕੁਮਾਰ ਵਾਸੀ ਪਲਾਟ ਨੰ. 56, ਭੰਮੀਆਂ ਕਲਾਂ, ਲੁਧਿਆਣਾ, ਹਾਲ ਵਾਸੀ ਮਕਾਨ ਨੰ. 29, ਲੇਨ ਨੰ. 3/1, ਰੈਡੀਸਨ ਇਨਕਲੇਵ, ਫਰੈਂਡਜ਼ ਕਾਲੋਨੀ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਰੋਜ਼ੀ ਪਤਨੀ ਲੱਕੀ ਕੁਮਾਰ ਅਤੇ ਮੇਰਾ ਪੁੱਤਰ ਵੀਰਪ੍ਰਤਾਪ ਕੁਮਾਰ ਅਤੇ ਉਸ ਦੀ ਪਤਨੀ ਪ੍ਰਥਾ **(Pratha)** ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਤੋਂ ਵੱਖ ਰਹਿੰਦੇ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਕਾਰ ਸਿੰਘ ਪੁੱਤਰ ਰਾਮ ਸਿੰਘ ਵਾਸੀ ਮਕਾਨ ਨੰ. 12-ਏ, ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਮਨੂੰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਵਿਜੈ ਕੁਮਾਰ ਪੁੱਤਰ ਸ਼੍ਰੀ ਦਲੀਪ ਚੰਦ ਵਾ ਸ਼੍ਰੀਮਤੀ ਕ੍ਰਿਸ਼ਨਾ ਰਾਣੀ ਪਤਨੀ ਸ਼੍ਰੀ ਵਿਜੈ ਕੁਮਾਰ ਵਾਸੀਆਨ ਪਿੰਡ ਤੇ ਡਾਕਖਾਨਾ ਨੂਰਪੁਰ, ਟਾਂਡਾ ਰੋਡ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੀ ਪੁੱਤਰੀ ਡਾ. ਨੈਲਸੀ ਜੱਖੂ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕੁਲਵੰਤ ਕੌਰ ਪਤਨੀ ਅਮਰੀਕ ਸਿੰਘ ਵਾਸੀ ਮਕਾਨ ਨੰਬਰ 15/226, ਹਾਥੀ ਖਾਨਾ, ਕਪੂਰਥਲਾ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਨੂੰਹ ਪਲਵਿੰਦਰ ਕੌਰ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੰਤੋਸ਼ ਕੁਮਾਰ ਸਾਵਲ ਪੁੱਤਰ ਜਸਵੰਤ ਰਾਏ ਸਾਵਲ ਵਾਸੀ ਮਕਾਨ ਨੰ. ਡੀ-17/36, ਜੀ ਟੀ ਰੋਡ , ਓ ਸੀ ਐੱਮ ਮਿੱਲ ਦੇ ਨੇੜੇ, ਆਕਾਸ਼ ਐਵੀਨਿਊ, ਡਾਕ: ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੇਤਨ ਸਾਵਲ ਅਤੇ ਉਸ ਦੀ ਪਤਨੀ ਕੰਵਲਪ੍ਰੀਤ ਕੌਰ ਅਤੇ ਮੇਰੀ ਪਤਨੀ ਮੋਨਿਕਾ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਬਿੰਦਰ ਸਿੰਘ ਵਾਸੀ ਮਾਣੂੰਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਬਲਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Change of Name

I, Chander Muni Vasudeva S/o Vidya Sagar, R/o H.No. N.N 620, Gopal Nagar, Jalandhar have changed my name from Chander Muni to Chander Muni Vasudeva.

I, Meena Vasudeva W/o Chander Muni Vasudeva, R/o H.No. N.N 620, Gopal Nagar, Jalandhar have changed my name from Meena Kumari Sharma to Meena Vasudeva.

I, Ritu Sharma D/O Madan Lal Sharma W/O Shiv Kumar R/O 39,Adarsh Nagar,Ram Tirath Road,Amritsar, Punjab inform that Ritu Sharma and Neelu both names are mine and one and the same person and have equal value.

I, Gurjit Singh S/o Chanchal Singh R/o H No.49, Gali No.4, Palah Sahib Road, Back Side Deva Da Mandir, Friends Avenue A-Block, Ajnala Road, Amritsar, Punjab-143008 have changed my name from Gurjit Singh to Gurjit Singh Randhawa.

I, Monika Mishra w/o Rohit Mishra Mohalla - Mishran, DCM Chowk, Hariana Distt - Hoshiarpur (Punjab). 144208 have changed my name Monika Mishra to Monika for all future purposes. Monika Mishra and Monika both is same person.

I Lakhwinder Singh S/O Mahinder Singh R/O Near Gas Agency Godown Vpo Kalanaur , Tehsil Kalanaur District Gurdaspur, Punjab, India Pin Code 143512 Have Change My Name Lakwinder Singh To Lakhwinder Singh .

I, Vijay Kumar S/o Des Raj R/o H.No. 120-A, Adarsh Nagar, Jalandhar, Punjab have changed my name from Vijay Kumar to Vijay Kumar Gupta. All concerned please note.

I, Komalpreet Kaur D/o Nirmal Singh R/o Village Khalhera, PO Gehri Mandi Amritsar have declare that Komalpreet is my Given name and Kaur is my Surname

I, Divya Khurana W/o Mukesh Kumar R/o H.No. 15, Gali No. 7, Kishan Kot Niwi Abadi, Islamabad, Amritsar, Punjab have changed my name after marriage from Divya Khurana to Divya Chouhan.

I, Bikramjit Singh S/o Balwinder Singh R/o VPO. Dharar, Distt Amritsar have changed my name from Bikramjit Singh to Bikramjeet Singh

I, Gurjant Singh Dhillon S/o Lakha Singh R/o VPO Jastarwal Tehsil Ajnala District Amritsar have changed my name from Gurjant Singh Dhillon to Gurjant Singh

I, Deepak Masih S/o Raj Kumar R/o Ward No.1, Mohalla Gopal Nagar, Teh Ajnala have declare that Deepak is my Given name and Masih is my Surname

I, Harpreet Singh S/o Jaspal Singh R/o Ward No.5, Gali No.5, Adarsh Nagar, Teh Ajnala have declare that Harpreet is my Given name and Singh is my Surname

I, Veeru S/o Bahadar Singh R/o Chabba Amritsar have changed my name from Veeru to Veer Singh

I, Ranjit Singh S/o Darbara Singh R/o Amritsar Road Village Poohla Teh Patti Distt Tarn Taran have changed my name from Ranjit Singh to Ranjeet Singh

I, Amritpal Singh S/o Hardev Singh R/o House No.2562, Gali No.2, Haripura, Tehsil and District Amritsar Pin 143001 Punjab India have changed my name Singh is my Surname and Amritpal is my Given name

I, Amritpal Singh S/o Mukhtar Singh R/o Vill Mal Chak, PO Kang, Tehsil Khadur Sahib, Distt.Tarn Taran have changed my name Amritpal is my Given name and Singh is my Surname All Concerned Please Note

I, Dhyan Singh S/o Bahal Singh R/o Village Majjupura PO Chetanpura, Tehsil Ajnala District Amritsar have changed my name from Dhyan Singh to Dhian Singh

I, Stiphen Subhrai S/o Hari R/o 292, Christion Sansarpur Jalandhar, have changed my name from Stiphen Subhrai to Stephen. All concerned please note.

I, Kullar Singh Ramnik Jout D/o Hardial Singh R/130, Sansarpur Jalandhar, have changed my name from Kullar Singh Ramnik Jout to Ramnik Singh Ghatrora. Please note.


## ਏਕਟੂ ਨੇ 9 ਜੁਲਾਈ ਦੀ ਹੜਤਾਲ ਦੀਆਂ ਤਿਆਰੀਆਂ ਸੰਬੰਧੀ ਕੀਤੀ ਵਿਚਾਰ-ਚਰਚਾ

ਬਟਾਲਾ (ਤਰਲੋਕ ਬੱਗਾ)-ਫੈਜ਼ਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ ਮਜ਼ਦੂਰ ਮੁਕਤੀ ਮੋਰਚੇ ਅਤੇ ਆਲ ਇਡੀਆ ਸੈਂਟਰਲ ਕੌਂਸਲ ਆਫ ਟਰੇਡ ਯੂਨੀਅਨਜ਼ (ਏਕਟੂ) ਦੀ ਸਾਂਝੀ ਮੀਟਿੰਗ ਕਰਕੇ ਭਾਰਤ ਪੱਧਰ 'ਤੇ 9 ਜੁਲਾਈ ਦੀ ਹੋ ਰਹੀ ਹੜਤਾਲ ਦੀਆਂ ਤਿਆਰੀਆਂ ਸਬੰਧੀ ਚਰਚਾ ਕੀਤੀ ਗਈ। ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਮਜ਼ਦੂਰ ਆਗੂ ਵਿਜੇ ਸੋਹਲ ਅਤੇ ਗੁਰਮੀਤ ਸਿੰਘ ਬੱਖਤਪੁਰਾ ਨੇ ਦੱਸਿਆ ਕਿ ਬਟਾਲਾ ਅਤੇ ਗੁਰਦਾਸਪੁਰ ਵਿਖੇ ਹੜਤਾਲੀ ਮਜ਼ਦੂਰਾਂ ਦੀਆਂ ਵਡੀਆਂ ਰੈਲੀਆਂ ਕਰਕੇ ਪਰਦਰਸ਼ਨ ਕੀਤੇ ਜਾਣਗੇ ਜਿਸ ਸਬੰਧੀ ਸਾਰੀ ਵਿਉਂਤਬੰਦੀ ਉਲੀਕ ਲਈ ਗਈ ਹੈ। ਮਜ਼ਦੂਰ ਹੜਤਾਲ ਵਿਚ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਵੱਡੀ ਗਿਣਤੀ ਵਿਚ ਕਿਸਾਨ ਵੀ ਹਿੱਸਾ ਲੈਣਗੇ। ਆਗੂਆਂ ਕਿਹਾ ਕਿ ਇਹ ਹੜਤਾਲ ਮੋਦੀ ਸਰਕਾਰ ਦੁਆਰਾ 44 ਕਿਰਤ ਕਾਨੂੰਨਾਂ ਨੂੰ 4 ਕੋਡਾਂ ਵਿਚ ਬਦਲਣ, 8 ਘੰਟੇ ਦੀ ਦਿਹਾੜੀ ਦੀ ਥਾਂ 12 ਘੰਟੇ ਦੀ ਦਿਹਾੜੀ ਕਰਨ ਦਾ ਕਾਨੂੰਨ ਬਨਾਉਣ, ਘਟੋ-ਘੱਟ ਉਜਰਤ 700 ਰੁਪਏ ਪ੍ਰਤੀ ਦਿਨ ਅਤੇ ਮਨਰੇਗਾ ਦਾ ਕੰਮ 200 ਦਿਨ ਕਰਨ ਆਦਿ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੈ। ਮੀਟਿੰਗ ਵਿਚ 30 ਜੂਨ ਨੂੰ ਡੀਐੱਸਪੀ ਫਤਿਹਗੜ੍ਹ ਚੂੜੀਆਂ ਦੇ ਦਫਤਰ ਮੋਹਰੇ ਧਰਨਾ ਦੇਣ ਦਾ ਵੀ ਫੈਸਲਾ ਲਿਆ ਗਿਆ ਕਿਉਂਕਿ ਥਾਣਾ ਘਣੀਕੇ ਦੇ ਪਿੰਡ ਦੇ ਮਜ਼ਦੂਰ ਆਗੂ ਰਮਨਪਰੀਤ ਪਿੰਡੀਆ ਦੀ ਤਿੰਨ ਹਫਤੇ ਪਹਿਲਾਂ ਕੁੱਟਮਾਰ ਕਰਨ ਅਤੇ ਅਪਸ਼ਬਦ ਬੋਲਣ ਵਾਲੇ ਵਿਅਕਤੀਆਂ ਵਿਰੁੱਧ ਪੁਲਸ ਕੋਈ ਕਾਰਵਾਈ ਨਹੀਂ ਕਰ ਰਹੀ। ਮੀਟਿੰਗ ਵਿਚ ਗੁਲਜ਼ਾਰ ਸਿੰਘ ਭੁੰਬਲੀ, ਦਲਬੀਰ ਭੋਲਾ, ਪਰੇਮ ਮਸੀਹ ਸੋਨਾ, ਦਰਸ਼ਨ ਖਰੋਟਾ ਅਤੇ ਜੋਗਿੰਦਰ ਪਾਲ ਲੇਹਲ ਸ਼ਾਮਲ ਸਨ।



## ਦਿਲਜੀਤ ਦੁਸਾਂਝ ਦੀ ਫਿਲਮ 'ਸਰਦਾਰ ਜੀ 3' ਉੱਤੇ ਇਤਰਾਜ਼ ਬੇਲੋੜਾ: ਜੀ ਕੇ

ਨਵੀਂ ਦਿੱਲੀ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਅੰਤਰਰਾਸ਼ਟਰੀ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਦੀ ਡਰਾਉਣੀ ਕਾਮੇਡੀ ਪੰਜਾਬੀ ਫਿਲਮ 'ਸਰਦਾਰ ਜੀ 3' ਵਿਚ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਦੇ ਸ਼ਾਮਲ ਹੋਣ ਕਰਕੇ ਵਿਵਾਦ ਖੜ੍ਹਾ ਹੋ ਗਿਆ ਹੈ।ਹੁਣ ਇਸ ਮਾਮਲੇ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਦਾ ਪ੍ਰਤੀਕਰਮ ਸਾਹਮਣੇ ਆਇਆ ਹੈ। ਜੀ. ਕੇ. ਨੇ ਹਾਨੀਆ ਆਮਿਰ ਕਾਰਨ ਸੱਜੇ-ਪੱਖੀ ਵਿਚਾਰਧਾਰਾ ਵਾਲੇ ਲੋਕਾਂ ਵੱਲੋਂ ਫਿਲਮ ਦੇ ਵਿਰੋਧ 'ਤੇ ਇਤਰਾਜ਼ ਜਤਾਇਆ ਗਿਆ ਹੈ।ਜੀ. ਕੇ. ਨੇ ਕਿਹਾ ਕਿ ਇਸ ਫਿਲਮ ਦੀ ਸ਼ੂਟਿੰਗ ਫਰਵਰੀ 2025 ਵਿੱਚ ਖਤਮ ਹੋ ਗਈ ਸੀ ਜਦੋਂਕਿ ਪਹਿਲਗਾਮ ਹਮਲਾ ਬਾਅਦ ਵਿੱਚ ਹੋਇਆ ਸੀ।ਜੇਕਰ ਦੁਬਈ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਕ੍ਰਿਕਟ ਖੇਡਣ ਅਤੇ ਰਾਸ਼ਟਰੀ ਮੀਡੀਆ ਚੈਨਲਾਂ 'ਤੇ ਪਾਕਿਸਤਾਨੀ ਮੀਡੀਆ ਪੈਨਲਿਸਟਾਂ ਦੇ ਬੈਠਣ ਉਤੇ ਕੋਈ ਇਤਰਾਜ਼ ਨਹੀਂ ਹੈ, ਤਾਂ ਫਿਰ ਪਾਕਿਸਤਾਨੀ ਅਦਾਕਾਰਾ ਦੀ ਅਦਾਕਾਰੀ 'ਤੇ ਹੰਗਾਮਾ ਕਿਉਂ ਹੋ ਰਿਹਾ ਹੈ? ਜੀ. ਕੇ. ਨੇ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਵੱਖਰੀ-ਵੱਖਰੀ ਨਹੀਂ ਹੋ ਸਕਦੀ।ਜੇਕਰ ਸੈਂਸਰ ਬੋਰਡ ਦਿਲਜੀਤ ਦੀ ਫਿਲਮ 'ਪੰਜਾਬ 95' 'ਤੇ ਬੇਲੋੜੇ ਕੱਟ ਲਗਾ ਦਿੰਦਾ ਹੈ ਤਾਂ ਕੋਈ ਨਹੀਂ ਬੋਲਦਾ ਜਦੋਂ ਕਿ 'ਪੰਜਾਬ 95' ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਸੀ।ਹਾਲਾਂਕਿ, ਭਾਈ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਪੁਲਸ ਦੁਆਰਾ 25,000 ਸਿੱਖ ਨੌਜਵਾਨਾਂ ਦੇ ਗੈਰ-ਨਿਆਇਕ ਕਤਲਾਂ ਨੂੰ ਜਨਤਕ ਕੀਤਾ ਸੀ, ਜਿਸਦੀ ਕੀਮਤ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ ਸੀ।ਜੀ. ਕੇ. ਨੇ ਸਿੱਖ ਸੰਗਠਨਾਂ ਦੀ ਵਿਚਾਰਧਾਰਕ ਅਪੰਗਤਾ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਦਿੱਲੀ ਕਮੇਟੀ ਦਿਲਜੀਤ ਦੀਆਂ ਫਿਲਮਾਂ ਨਾਲ ਹੋ ਰਹੇ ਅਨਿਆਂ 'ਤੇ ਚੁੱਪ ਹੈ।ਜਿਵੇਂ ਕਿ ਇਹ ਕੰਗਨਾ ਰਣੌਤ ਦੀ ਫਿਲਮ ਐਮਰਜੈਂਸੀ ਵਿੱਚ ਸਿੱਖ ਕਿਰਦਾਰ ਦੇ ਘਟੀਆ ਚਿੱਤਰਣ 'ਤੇ ਚੁੱਪ ਸੀ।ਦਿੱਲੀ ਕਮੇਟੀ ਨੇ ਹਰਿਆਣਾ ਸਰਕਾਰ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਨੂੰ 'ਬੰਦਾ ਬੈਰਾਗੀ' ਕਹਿਣ ਵਾਲੇ ਜਾਰੀ ਇਸ਼ਤਿਹਾਰ 'ਤੇ ਵੀ ਆਪਣਾ ਮੂੰਹ ਬੰਦ ਰੱਖਿਆ ਹੋਇਆ ਹੈ ਜਦੋਂਕਿ ਇਹ ਸਰਕਾਰੀ ਪ੍ਰਭਾਵ ਦੇ ਸਾਹਮਣੇ ਵਿਚਾਰਧਾਰਾ ਦਾ ਸਮਰਪਣ ਹੈ। ਜੀ. ਕੇ. ਨੇ ਫਿਲਮ 'ਸਰਦਾਰ ਜੀ 3' 'ਤੇ ਪਾਬੰਦੀ ਨੂੰ ਬੇਲੋੜਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਵਿੱਚ ਰੁਕਾਵਟ ਦੱਸਿਆ।

# ਪੰਸਾਰੀ ਰਾਜਾ ਕਲਾਸ ਵਾਲਿਆਂ ਦਾ ਦੇਹਾਂਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਪਰਚੂਨ ਵਪਾਰੀ ਰਾਜ ਕੁਮਾਰ ਮਹਾਜਨ (75) ਦਾ ਹਾਰਟ ਅਟੈਕ ਨਾਲ ਦਿਹਾਂਤ ਹੋ ਗਿਆ।ਸਥਾਨਕ ਸ਼ਮਸ਼ਾਨਘਾਟ ਵਿੱਚ ਉਨ੍ਹਾਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਉਨ੍ਹਾਂ ਦੇ ਪੁੱਤਰ ਸੰਜੀਵ ਕੁਮਾਰ ਨੇ ਚਿਤ੍ਹਾ ਨੂੰ ਅਗਨੀ ਭੇਟ ਕੀਤੀ।ਇਸ ਮੌਕੇ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ, ਕਾਂਗਰਸ ਦੇ ਸੀਨੀਅਰ ਆਗੂ ਤਿਲਕ ਰਾਜ ਮਹਾਜਨ, ਭਾਜਪਾ ਆਗੂ ਅਤੇ ਸਾਬਕਾ ਮੰਡਲ ਪ੍ਰਧਾਨ ਵਰਿੰਦਰ ਕੁਮਾਰ ਖੋਸਲਾ, ਗੌਰਵ ਖੋਸਲਾ, ਰਾਜੂ ਜੁਲਕਾ, ਦਿਨੇਸ਼ ਅਬਰੋਲ, ਮਨਮੋਹਨ ਸਿੰਘ ਓਬਰਾਏ, ਵਰਿੰਦਰ ਉਰਫ਼ ਵੀਨੂੰ, ਚੌਧਰੀ ਮਨਸੂਰ ਘਨੋਕੇ, ਕਲੀਮ ਅਹਿਮਦ ਸਮੇਤ ਵੱਡੀ ਤਾਦਾਦ ਵਿੱਚ ਸ਼ਹਿਰ ਵਾਸੀ ਸ਼ਾਮਲ ਹੋਏ।




## ਆਮ ਸੂਚਨਾ

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 17/ਏ-1/722, 10 ਹਾਰਸ ਪਾਵਰ, ਜੋ ਕਿ ਹਰਭਜਨ ਸਿੰਘ ਪੁੱਤਰ ਬੁੱਧ ਸਿੰਘ ਵਾਸੀ ਪਿੰਡ ਸੁਰ ਸਿੰਘ ਤਰਨ ਤਾਰਨ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਜਸਕਰਨ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਪਿੰਡ ਸੁਰਸਿੰਘ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਨੇ ਆਪਣੇ ਨਾਂਅ 'ਤੇ ਕਰਨ ਦੀ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਅੰਦਰ ਉਪ ਮੰਡਲ ਸੁਰ ਸਿੰਘ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ। ਪੀ ਐੱਸ

## ਨਾਂਅ ਦੀ ਬਦਲੀ

ਮੈਂ ਸੁਖਮਨਵੀਰ ਸਿੰਘ ਪੰਨੂ ਪੁੱਤਰ ਸਵਰਗੀ ਲਖਵੀਰ ਸਿੰਘ, ਵਾਸੀ ਪਿੰਡ ਅਲੀ ਚੱਕ, ਡਾਕਖਾਨਾ ਬਸਤੀ ਗੁਜ਼ਾਂ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰੇ ਕੁਝ ਦਸਤਾਵੇਜ਼ਾਂ ਵਿੱਚ ਮੇਰੇ ਪਿਤਾ ਦਾ ਨਾਮ ਗਲਤੀ ਨਾਲ ਲਖਵੀਰ ਸਿੰਘ ਪੰਨੂ ਲਿਖਿਆ ਹੋਇਆ ਹੈ। ਉਹਨਾ ਦਾ ਸਹੀ ਨਾਮ ਲਖਵੀਰ ਸਿੰਘ ਹੈ। ਸਾਰੇ ਸਬੰਧਤ ਨੋਟ ਕਰਨ।

ਮੈ ਸੋਨੀਆ ਪਤਨੀ ਰਕੇਸ਼ ਕੁਮਾਰ, ਪਿੰਡ ਤੇ ਡਾਕਖਾਨਾ ਮਜਾਰਾ ਡਿਗਰੀਆਂ, ਤਹਿਸੀਲ ਗੜ੍ਹਸ਼ੰਕਰ , ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਨੇ ਆਪਣਾ ਨਾਂਅ ਸੋਨੀਆ ਤੋਂ ਬਦਲ ਕੇ ਸੋਨੀਆ ਰਾਣੀ ਰੱਖ ਲਿਆ ਹੈ ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਸ਼੍ਰੀਰਾਮ ਫਾਰਮ ਸਲਿਊਸ਼ਨਜ਼ ਵੱਲੋਂ ਤਿੰਨ ਨਵੇਂ ਸਪੈਸ਼ਲਿਟੀ ਪਲਾਂਟ ਨਿਊਟ੍ਰੀਸ਼ਨ ਉਤਪਾਦ ਲਾਂਚ

ਲੁਧਿਆਣਾ : ਡੀਸੀਐੱਮ ਸ਼੍ਰੀਰਾਮ ਲਿਮਟਿਡ ਦੇ ਇੱਕ ਡਵੀਜ਼ਨ, ਸ਼੍ਰੀਰਾਮ ਫਾਰਮ ਸਲਿਊਸ਼ਨਜ਼ ਨੇ ਆਪਣੇ ਨਵੇਂ ਸਪੈਸ਼ਲਿਟੀ ਪਲਾਂਟ ਪੋਸ਼ਣ ਉਤਪਾਦਾਂ ਦਾ ਉਦਘਾਟਨ ਕੀਤਾ।ਇਸ ਮੌਕੇ ਕੰਪਨੀ ਨੇ ਹਾਲ ਹੀ ਵਿੱਚ ਲਾਂਚ ਕੀਤੇ ਗਏ ਸ਼੍ਰੀਰਾਮ ਫਸਲ ਸੁਰੱਖਿਆ ਅਤੇ ਬੀਜ ਉਤਪਾਦਾਂ ਦੀ ਸਫਲਤਾ ਬਾਰੇ ਚਰਚਾ ਕੀਤੀ।ਇਸ ਸਮਾਗਮ ਵਿੱਚ ਖੇਤਰ ਦੇ ਚੈਨਲ ਭਾਈਵਾਲਾਂ ਅਤੇ 275 ਤੋਂ ਵੱਧ ਡਿਸਟਰੀਬਿਊਟਰਾਂ ਨੇ ਸ਼ਿਰਕਤ ਕੀਤੀ।ਕੰਪਨੀ ਦੁਆਰਾ ਪੇਸ਼ ਕੀਤੇ ਗਏ ਨਵੀਨਤਮ ਉਤਪਾਦਾਂ ਵਿੱਚ ਸ਼੍ਰੀਰਾਮ ਐਕਰੀਏਟਰ ਸ਼ਾਮਲ ਹੈ, ਜੋ ਮੱਕੀ ਅਤੇ ਗੰਨੇ ਵਿੱਚ ਨਦੀਨਾਂ ਦੇ ਨਿਯੰਤਰਣ ਲਈ ਤਿਆਰ ਕੀਤਾ ਗਿਆ ਹੈ।ਹਾਈਬ੍ਰਿਡ ਬੀਜਾਂ ਦੇ ਨਾਲ, ਸ਼੍ਰੀਰਾਮ 2372 ਟਮਾਟਰ ਅਤੇ ਸ਼੍ਰੀਰਾਮ 2112 ਭਿੰਡੀ ਨੂੰ ਵੀ ਸਬਜ਼ੀਆਂ ਦੀ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਕਿਸਾਨਾਂ ਲਈ ਲਾਭਦਾਇਕ ਸਾਬਤ ਹੋ ਰਹੇ ਹਨ। ਕਾਰਜਕਾਰੀ ਨਿਰਦੇਸ਼ਕ ਸੰਜੇ ਛਾਬੜਾ ਨੇ ਦੱਸਿਆ ਕਿ ਅਸੀਂ ਖੇਤੀਬਾੜੀ ਨਵੀਨਤਾ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਣ ਦੀ ਉਮੀਦ ਕਰਦੇ ਹਾਂ।

# ਪੱਤਰਕਾਰ ਅਵਤਾਰ ਕਲੇਰ ਵੱਲੋਂ ਰੌਜ਼ਾ ਸ਼ਰੀਫ ਮੰਢਾਲੀ ਮੇਲੇ 'ਤੇ ਵਿਸ਼ੇਸ਼ ਸਪਲੀਮੈਂਟ

## ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਜੀ ਕਾਦਰੀ ਵੱਲੋਂ ਸੱਯਦ ਉਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਜੀ ਕਾਦਰੀ ਦੇ ਮੇਲੇ ਦੀਆਂ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ


ਸਾਲਾਨਾ ਉਰਸ 29 ਜੂਨ ਤੋਂ 3 ਜੁਲਾਈ ਤੱਕ ਮਨਾਇਆ ਜਾ ਰਿਹਾ ਹੈ ਜੀ।
ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਜੀ ਕਾਦਰੀ

ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ
ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਸੰਤ ਕੁਲਵੰਤ ਰਾਮ ਜੀ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ
ਸੰਤ ਡਾ. ਲਛਮਣ ਦਾਸ ਜੀ ਭਰੋਮਜਾਰਾ

ਯੂਰੋਲੌਜੀ ਵਿਭਾਗ
ਗੁਰੂ ਨਾਨਕ ਮਿਸ਼ਨ ਹਸਪਤਾਲ
(ਢਾਹਾਂ ਕਲੇਰਾਂ, ਨੇੜੇ ਬੰਗਾ, ਜ਼ਿਲ੍ਹਾ ਸ.ਭ.ਸ. ਨਗਰ)
ਗੁਰਦਿਆਂ ਦੀਆਂ ਪੱਥਰੀਆਂ, ਗਦੂਦਾਂ ਦਾ ਅਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਜਾਂਚ ਕੈਂਪ
ਮੁਫਤ ਰਜਿਸਟਰੇਸ਼ਨ
ਮਿਤੀ : 01 ਜੁਲਾਈ ਤੋਂ 15 ਜੁਲਾਈ ਤੱਕ
ਸਮਾਂ : ਸਵੇਰੇ 9 ਵਜੇ ਤੋਂ 1 ਵਜੇ ਤੱਕ
ਇਲਾਜ ਤੇ ਅਪਰੇਸ਼ਨ ਸੇਵਾਵਾਂ
- ਗੁਰਦਿਆਂ ਦੀਆਂ ਪੱਥਰੀਆਂ ਦਾ ਇਲਾਜ ਤੇ ਅਪਰੇਸ਼ਨ
- ਗਦੂਦਾਂ ਦੀਆਂ ਬਿਮਾਰੀਆਂ ਦਾ ਇਲਾਜ ਤੇ ਅਪਰੇਸ਼ਨ
- ਪਿਸ਼ਾਬ ਦੀਆਂ ਬਿਮਾਰੀਆਂ ਦਾ ਇਲਾਜ
- ਮਰਦਾਨਾ ਕਮਜ਼ੋਰੀ ਦਾ ਇਲਾਜ
- ਪਿਸ਼ਾਬ ਦੀ ਥੈਲੀ (ਬਲੈਡਰ) ਦੇ ਕੈਂਸਰ
- ਗੁਰਦਿਆਂ ਦੀਆਂ ਬਿਮਾਰੀਆਂ ਦਾ ਇਲਾਜ
- ਪੇਟ ਦੇ ਹੇਠਲੇ ਹਿੱਸੇ ਜਾਂ ਵੱਖੀ ਵਿਚ ਦਰਦਾਂ ਦੀ ਬਿਮਾਰੀਆਂ ਦਾ ਇਲਾਜ
ਡਾ. ਅਮਿਤ ਸੰਧੂ M.S.,M.ch (Urology)
* ਕੈਂਪ ਮਰੀਜ਼ਾਂ ਲਈ ਅਲਟਰਾ ਸਾਊਂਡ ਸਕੈਨ 300/- ਰੁਪਏ ਵਿਚ
* ਲੈਬ ਟੈਸਟ PSA, RFT, CBC. Urine R/E 'ਤੇ 50% ਛੋਟ
ਹੈਲਪਲਾਈਨ ਨੰਬਰ : 91158-60260, ਐਮਰਜੈਂਸੀ: 99142-60260, ਐਂਬੂਲੈਂਸ: 96465-60560
ਸੰਗਤਾਂ ਦੇ ਦਾਸ : ਡਾ. ਕੁਲਵਿੰਦਰ ਸਿੰਘ ਢਾਹਾਂ (ਪ੍ਰਧਾਨ) ਅਤੇ ਸਮੂਹ ਮੈਂਬਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਚੌਧਰੀ ਤਰਲੋਚਨ ਸਿੰਘ ਸੂੰਢ
ਸਾਬਕਾ ਵਿਧਾਇਕ ਬੰਗਾ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਹਜ਼ਰਤ ਜਨਾਬ ਦਾਤਾ ਮੀਆਂ ਚਿਰਾਗ ਸ਼ਾਹ ਜੀ
ਪਿੰਡ ਸੁਨੇੜਾ ਰਾਜਪੂਤਾਂ (ਫਗਵਾੜਾ)
ਮੁੱਖ ਸੇਵਾਦਾਰ ਧਲਵਿੰਦਰ ਰਾਜ

ਡੇਰਾ ਬਾਬਾ ਬਸਾਉ ਦਾਸ ਜੀ
ਸੰਤ ਮੰਗਲ ਦਾਸ ਜੀ ਸੱਚਖੰਡ ਈਸਪੁਰ (ਹੁਸ਼ਿਆਰਪੁਰ)
ਗੱਦੀ ਨਸ਼ੀਨ ਸੰਤ ਹਰਵਿੰਦਰ ਦਾਸ ਜੀ
ਬ੍ਰਹਮਲੀਨ ਸੰਤ ਮੰਗਲ ਦਾਸ ਜੀ
ਸੰਤ ਹਰਵਿੰਦਰ ਦਾਸ ਈਸਪੁਰ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਸਤਵੀਰ ਸਿੰਘ ਪੱਲੀਝਿੱਕੀ
ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਹਰਜੋਤ ਕੌਰ ਲੋਹਟੀਆ
ਸੰਗਠਨ ਇੰਚਾਰਜ ਹਲਕਾ ਬੰਗਾ
ਸੂਬਾ ਸਕੱਤਰ
ਆਮ ਆਦਮੀ ਪਾਰਟੀ (ਮਹਿਲਾ ਵਿੰਗ)

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
Retd. Principal Janak Raj PES & Parmukh Sewadar Rattu Jathere Jhanderan.

ਕਮਲਜੀਤ ਬੰਗਾ
ਮੈਂਬਰ ਜ਼ਿਲ੍ਹਾ ਪ੍ਰੀਸ਼ਦ
ਪ੍ਰਧਾਨ ਕਿਸਾਨ ਕਾਂਗਰਸ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਡੇਰਾ ਬਾਬਾ ਦੁੱਧਾਧਾਰੀ
ਮਹੰਤ ਗੁਰਬਚਨ ਦਾਸ ਨਗਰ (ਫਰਾਲਾ)
ਗੱਦੀ ਨਸ਼ੀਨ ਸੰਤ ਪ੍ਰੇਮ ਦਾਸ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਵੱਲੋਂ : ਸੀ ਪੀ ਆਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਕਾਮਰੇਡ ਨਰੰਜਣ ਦਾਸ ਮੇਹਲੀ, ਜ਼ਿਲ੍ਹਾ ਸਕੱਤਰ ਸੀ ਪੀ ਆਈ (ਸ.ਭ.ਸ.ਨਗਰ)
ਕਾਮਰੇਡ ਜਸਵਿੰਦਰ ਸਿੰਘ ਭੰਗਲ, ਰਾਜਸੀ ਸਕੱਤਰ ਸੀ ਪੀ ਆਈ, ਨਵਾਂ ਸ਼ਹਿਰ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਧਰਮਿੰਦਰ ਸਿੰਘ, ਨੰਬਰਦਾਰ ਮੰਢਾਲੀ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
NEW KULTHAM JEWELLERS
Subash Nagar, Near Amar Fast Food, PHAGWARA
M: 98154-08034
ਕਸਤੂਰੀ ਲਾਲ ਕੁਲਥਮ

ਸਿਖਰਲੀਆਂ ਅਦਾਰਾ ਦੀ ਆਵਾਜ਼ 'ਨਵਾਂ ਜ਼ਮਾਨਾ' ਦੇ ਪ੍ਰਬੰਧਕਾਂ ਵਰਕਰਾਂ ਅਤੇ ਪੱਤਰਕਾਰ ਅਵਤਾਰ ਕਲੇਰ ਨੂੰ ਸ਼ੁਭ ਇੱਛਾਵਾਂ
ਜਿਲ੍ਹੇ. ਜਸਵੀਰ ਸਿੰਘ ਮੋਰੋਂ
ਹਰੀ ਕਿਸ਼ਨ ਰੋਹਿਤ, ਰਿਟਾ. ਕੋਚ
ਪਰਮਾਨੰਦ, ਰਿਟਾ. ਐਸ ਡੀ ਓ
ਸ਼ਿਵਰਾਜ ਰਾਮ, ਰਿਟਾ. ਫੋਰ ਟੈਕਰ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਅਮਰਜੀਤ ਮੇਹਲੀ ਬੀਬੀ ਸ਼ੀਲਾ ਰਾਣੀ ਮੇਹਲੀ
ਪੁੱਤਰ-ਨੂੰਹ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਲਜੀਤ ਸਿੰਘ
ਸਾਬਕਾ ਸਰਪੰਚ ਕੁਲਥਮ

ਰੌਜ਼ਾ ਸ਼ਰੀਫ ਮੰਢਾਲੀ ਮੇਲੇ 'ਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਜੀ ਆਇਆਂ
ਅਸ਼ੋਕ ਕੁਮਾਰ, ਸਾਬਕਾ ਸਰਪੰਚ, ਪਿੰਡ ਖੋਥੜਾਂ
ਇੰਜ. ਮਲਕੀਤ ਮੰਢਾਲੀ

ਅਵਤਾਰ ਕਲੇਰ ਪੱਤਰਕਾਰ
ਰਜਿੰਦਰ ਕੌਰ ਕਲੇਰ
ਇੰਜ. ਸੂਰਜ ਕਲੇਰ
ਅਕਾਸ਼ ਕਲੇਰ
ਮੋਬਾਇਲ-98721-16412, 99880-16412


## ਚੰਡੀਗੜ੍ਹ 'ਵਰਸਿਟੀ ਘੜੂੰਆਂ ਦੇ ਵਿਦਿਆਰਥੀਆਂ ਨੇ ਆਪਣਾ ਘਰ 'ਚ ਬਜ਼ੁਰਗਾਂ ਦੀ ਸੇਵਾ ਕਰਕੇ ਕੀਤਾ ਨਵਾਂ ਅਹਿਸਾਸ

**ਰੂਪਨਗਰ (ਨਵਾਂ ਜ਼ਮਾਨਾ ਸਰਵਿਸ)-** ਚੰਡੀਗੜ੍ਹ ਯੂਨੀਵਰਸਿਟੀ ਘੜੂੰਆ ਤੋਂ ਵਿਦਿਆਰਥੀ ਹਰ ਸਾਲ ਬਜ਼ੁਰਗਾ ਦੇ ਆਪਣਾ ਘਰ ਹਵੇਲੀ ਕਲਾਂ ਵਿਖੇ ਇਕ ਤੋਂ ਦੋ ਹਫਤੇ ਦੇ ਸੋਸ਼ਲ ਇੰਟਰਨਸ਼ਿਪ ਪ੍ਰੋਗਰਾਮ ਲਈ ਆਉਂਦੇ ਹਨ। ਜਿਸ ਦਾ ਮੁੱਖ ਉਦੇਸ਼ ਨੌਜਵਾਨ ਬੱਚਿਆਂ ਨੂੰ ਸਮਾਜ 'ਚ ਅਤੇ ਉਨ੍ਹਾਂ ਦੇ ਆਪਣੇ ਘਰਾਂ 'ਚ ਬਜ਼ੁਰਗਾਂ ਦੇ ਸਤਿਕਾਰ ਤੇ ਸੇਵਾ ਪ੍ਰਤੀ ਭਾਵਨਾਵਾਂ ਨੂੰ ਦ੍ਰਿੜ ਕੀਤਾ ਜਾ ਸਕੇ। ਇਸ ਸਾਲ ਵੀ ਇਸ ਯੂਨੀਵਰਸਿਟੀ ਦੇ 8 ਵਿਦਿਆਰਥੀ ਹਰਸਿਮਰਤ ਕੌਰ, ਨਵਜੋਤ ਕੌਰ, ਸਮਰਜੋਤ ਕੌਰ, ਮਾਨਿਸਕਾ, ਸੇਜ਼ਲ, ਮੋਰਵਿਕਾ, ਸਿਮਰਪ੍ਰੀਤ ਕੌਰ ਤੇ ਗੁਰਲੀਨ ਜੋ ਹੁਣ ਆਪਣੇ ਤੀਜੇ ਸਮੈਸਟਰ ਅਰੰਭ ਕਰਨ ਤੋਂ ਪਹਿਲੇ ਇੱਥੇ ਸੋਸ਼ਲ ਇੰਟਰਨਸ਼ਿਪ ਕਰਨ ਲਈ ਆਏ। ਇਸ ਦੌਰਾਨ ਇਨ੍ਹਾਂ ਵਿਦਿਆਰਥੀਆਂ ਨੂੰ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਅਤੇ ਮੈਨੇਜਰ ਕੇ. ਐਸ. ਭੋਗਲ ਵਲੋਂ ਆਪਣੇ ਘਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤੇ ਇਸ ਘਰ ਲੋੜਵੰਦ ਬਜ਼ੁਰਗਾਂ ਲਈ ਕੀਤੇ ਜਾਂਦੇ ਪ੍ਰਬੰਧਾਂ ਬਾਰੇ ਦੱਸਿਆ ਗਿਆ ਅਤੇ ਉਨ੍ਹਾਂ ਨੂੰ ਬਜ਼ੁਰਗਾਂ ਦੇ ਸਤਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ। ਆਪਣੇ ਸੋਸ਼ਲ ਇੰਟਰਨਸਿਪ ਪ੍ਰੋਗਰਾਮ ਦੌਰਾਨ ਇਨ੍ਹਾਂ ਵਿਦਿਆਰਥੀਆਂ ਨੇ ਹਰ ਰੋਜ਼ ਇਸ ਘਰ ਵਿੱਚ ਰਹਿ ਰਹੇ ਬਜ਼ੁਰਗਾਂ ਨਾਲ ਆਪਣੇ ਖੁਸ਼ੀ ਦੇ ਪਲ ਬਤੀਤ ਕਰਨ ਕੀਤੇ ਤੇ ਆਪਣਾ ਘਰ 'ਚ ਪੂਰੀ ਸਫਾਈ, ਝਾੜੂ ਪੋਚੇ, ਬਗੀਚੇ 'ਚ ਪਾਣੀ ਲਗਾਉਣ, ਰਸੋਈ ਦਾ ਸਾਰਾ ਕੰਮ ਚਾਹ, ਪਾਣੀ, ਰੋਟੀਆਂ ਪਕਾਉਣ, ਖਵਾਉਣ ਦੀ ਦਿਲ ਲਗਾ ਕੇ ਸੇਵਾ ਕੀਤੀ। ਉਨ੍ਹਾਂ ਬਜ਼ੁਰਗਾ ਦੇ ਨਿੱਜੀ ਜੀਵਨ ਤੇ ਤਜ਼ਰਬਿਆਂ ਬਾਰੇ ਜਾਣਕਾਰੀ ਵੀ ਹਾਸਿਲ ਕੀਤੀ। ਇਨ੍ਹਾਂ ਵਿਦਿਆਰਥੀਆ ਨੇ ਆਪਣੇ ਘਰਾਂ ਤੋਂ ਵੱਖ ਵੱਖ ਤਰ੍ਹਾਂ ਦੇ ਸਵਾਦਿਸ਼ਟ ਪਕਵਾਨ ਤਿਆਰ ਕਰਕੇ ਲਿਆਂਦੇ, ਜਿਸ ਦਾ ਸਭ ਨੇ ਇੱਕਠੇ ਬੈਠ ਕੇ ਅਨੰਦ ਮਾਨਿਆ। ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਬਜ਼ੁਰਗਾਂ ਲਈ ਸੇਵਾ ਭਾਵ ਨਾਲ ਕੰਮ ਕਰਨ ਲਈ ਵਧਾਈ ਦਿੱਤੀ ਅਤੇ ਸਮਾਜ ਦੇ ਬਜ਼ੁਰਗਾਂ ਦੇ ਅਸ਼ੀਰਵਾਦ ਨਾਲ ਜਿੰਦਗੀ ਵਿੱਚ ਚੰਗੇ ਨਾਗਰਿਕ ਬਣ ਕੇ ਤਰੱਕੀ ਪ੍ਰਾਪਤ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਨੇ ਕਿਹਾ ਕਿ ਉਨਾਂ ਨੂੰ ਇਸ ਘਰ ਵਿੱਚ ਆ ਕੇ ਸੇਵਾ ਕਰਨ ਦਾ ਅਹਿਸਾਸ ਹੋਇਆ ਹੈ। ਜੋ ਕੰਮ ਅਸੀ ਆਪਣੇ ਘਰਾਂ 'ਚ ਕਦੇ ਨਹੀਂ ਕੀਤਾ, ਸਾਨੂੰ ਇੱਥੇ ਆ ਕੇ ਉਹ ਕੰਮ ਕਰਕੇ ਨਵਾਂ ਉਤਸ਼ਾਹ ਮਿਲਿਆ ਹੈ। ਅਸੀਂ ਹੁਣ ਮਹਿਸੂਸ ਕਰ ਰਹੇ ਹਾਂ ਕਿ ਇਨਸਾਨ ਲਗਨ ਨਾਲ ਮੇਹਨਤ ਕਰਨ ਤੇ ਸੇਵਾ ਭਾਵ ਨਾਲ ਕੰਮ ਕਰਕੇ ਹਰ ਖੇਤਰ ਵਿੱਚ ਕਾਮਯਾਬ ਹੋ ਸਕਦਾ ਹੈ।ਇਸ ਮੌਕੇ 'ਤੇ ਟਰੱਸਟੀ ਬਲਬੀਰ ਸਿੰਘ ਸੈਣੀ, ਜਗਦੇਵ ਸਿੰਘ, ਬਜ਼ੁਰਗ ਤਰਸੇਮ ਸਿੰਘ, ਤਾਰਾ ਸਿੰਘ, ਹਰਮੇਸ਼ ਲਾਲ, ਕੇ. ਐਲ. ਕਪੂਰ, ਭੁਪਿੰਦਰ ਸਿੰਘ, ਸਤੀਸ਼ਵਰ ਖੰਨਾ, ਸੋਨੀਆ ਆਦਿ ਵੀ ਹਾਜ਼ਰ ਸਨ।



## ਫਰਾਲਾ 'ਚ ਸੰਤਾਂ ਦਾ ਬਰਸੀ ਸਮਾਗਮ 5 ਨੂੰ

**ਬੰਗਾ (ਅਵਤਾਰ ਕਲੇਰ)-** ਡੇਰਾ ਬਾਬਾ ਲਹਿਣਾ ਦਾਸ ਜੀ ਮਹੰਤ ਗੁਰਬਚਨ ਦਾਸ ਨਗਰ (ਫਰਾਲਾ) ਵਿਖੇ ਮਹੰਤ ਗੁਰਬਚਨ ਦਾਸ, ਮਹੰਤ ਪਿਰਥੀ ਦਾਸ ਅਤੇ ਮਹੰਤ ਧਿਆਨ ਦਾਸ ਦਾ ਸਲਾਨਾ ਬਰਸੀ ਸਮਾਗਮ 5 ਜੁਲਾਈ ਨੂੰ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੱਦੀਨਸ਼ੀਨ ਸੰਤ ਪ੍ਰੇਮ ਦਾਸ ਨੇ ਦੱਸਿਆ ਕਿ ਸੰਤਾਂ ਦਾ ਬਰਸੀ ਸਮਾਗਮ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ। ਕਥਾ ਦੇ ਭੋਗ ਪਾਏ ਜਾਣਗੇ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਪੰਜਾਬ ਦੇ ਮਸ਼ਹੂਰ ਕਲਾਕਾਰ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।



## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

## ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮ ਜਥੇਬੰਦੀਆਂ ਦੇ ਸਾਂਝੇ ਆਗੂ ਸਨ ਕਾਮਰੇਡ ਸੁਤੰਤਰ ਕੁਮਾਰ

ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ, ਬੀ ਐੱਸ ਐਨ ਐਲ ਜਥੇਬੰਦੀ ਦੇ ਸੂਬਾ ਆਗੂ, ਏਟਕ ਦੇ ਸੂਬਾਈ ਆਗੂ, ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮ ਜਥੇਬੰਦੀਆਂ ਦੇ ਸਾਂਝੇ ਆਗੂ ਅਤੇ ਸੀ ਪੀ ਆਈ ਦੇ ਲੰਬਾ ਸਮਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਕੱਤਰ ਰਹੇ ਕਾਮਰੇਡ ਸੁਤੰਤਰ ਕੁਮਾਰ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਉਹ ਜਲੰਧਰ ਦੇ ਵੱਡੇ ਹਸਪਤਾਲ ਵਿੱਚ ਦਾਖ਼ਲ ਸਨ। ਉਹਨਾਂ ਦੀ ਅਚਨਚੇਤ ਮੌਤ ਨਾਲ ਖੱਬੇ ਪੱਖੀ ਲਹਿਰ ਅਤੇ ਮੁਲਾਜ਼ਮ ਜਥੇਬੰਦੀਆਂ ਨੂੰ ਬਹੁਤ ਵੱਡਾ ਸਦਮਾ ਲੱਗਾ। ਅੱਜ 29 ਜੂਨ ਨੂੰ ਸਵੇਰੇ 11 ਵਜੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਕਾਸ ਨਗਰ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸ਼ਰਧਾਂਜਲੀ ਸਮਾਗਮ ਨੂੰ ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ ਤੋਂ ਇਲਾਵਾ ਖੱਬੇ ਪੱਖੀ ਪਾਰਟੀਆਂ ਦੇ ਆਗੂ, ਮੁਲਾਜ਼ਮ ਜਥੇਬੰਦੀਆਂ ਦੇ ਆਗੂ ਅਤੇ ਰਿਸ਼ਤੇਦਾਰ ਸ਼ਰਧਾਂਜਲੀਆਂ ਭੇਟ ਕਰਨਗੇ।ਕਾਮਰੇਡ ਸੁਤੰਤਰ ਕੁਮਾਰ 15 ਸਤੰਬਰ 1947 ਨੂੰ ਪੈਦਾ ਹੋਏ। ਐਮ.ਏ ਇੰਗਲਿਸ਼ ਤੱਕ ਦੀ ਪੜ੍ਹਾਈ ਕੀਤੀ ।12 ਫਰਵਰੀ 1972 ਨੂੰ ਟੈਲੀਫੂਨ ਆਪਰੇਟਰ ਦੀ ਸਰਵਿਸ ਲੁਧਿਆਣਾ ਵਿੱਚ ਜੁਆਇਨ ਕੀਤੀ। ਲੁਧਿਆਣੇ ਨੌਕਰੀ ਕਰਦਿਆਂ ਐਨ.ਐਫ.ਟੀ.ਈ. ਯੂਨੀਅਨ ਦਾ ਇਤਿਹਾਸ ਪੂਰੀ ਤਰ੍ਹਾਂ ਗ੍ਰਹਿਣ ਕੀਤਾ ਅਤੇ ਟਰੇਡ ਯੂਨੀਅਨ ਗਤੀਵਿਧੀਆਂ ਵਿੱਚ ਲਗਾਤਾਰ ਹਿੱਸਾ ਲੈਂਦੇ ਰਹੇ। 1976 ਨਵਾਂਸ਼ਹਿਰ ਆਉਣ ਉਪਰੰਤ 1976 ਤੋਂ ਲੈ ਕੇ ਲਗਾਤਾਰ ਬ੍ਰਾਂਚ ਸਕੱਤਰ, ਮਈ 2007 ਵਿੱਚ ਜ਼ਿਲ੍ਹਾ ਜਲੰਧਰ ਦੇ ਜ਼ਿਲ੍ਹਾ ਸਕੱਤਰ, 2017 ਵਿੱਚ ਸਹਾਇਕ ਸਰਕਲ ਸਕੱਤਰ (ਪੰਜਾਬ) ਰਹੇ। 1977 ਤੋਂ ਨਵਾਂਸ਼ਹਿਰ 'ਚ 30 ਜਥੇਬੰਦੀਆਂ (ਅਲੱਗ-ਅਲੱਗ ਅਦਾਰਿਆਂ ਮਹਿਕਮਿਆਂ) ਨੂੰ ਇਕੱਠਾ ਕਰਕੇ ਸ਼ਹੀਦ ਸਾਥੀ ਗਿਆਨ ਸਿੰਘ ਸੰਘਾ ਦੀ ਅਗਵਾਈ ਥੱਲੇ ਟਰੇਡ ਯੂਨੀਅਨ ਕੌਂਸਲ ਨਵਾਂਸ਼ਹਿਰ ਦਾ ਗਠਨ ਕੀਤਾ ਅਤੇ ਸਾਥੀ ਸੁਤੰਤਰ ਇਹਦੇ ਜਥੇਬੰਦਕ ਸਕੱਤਰ ਚੁਣੇ ਗਏ। ਇਸ ਟਰੇਡ ਯੂਨੀਅਨ ਕੌਂਸਲ ਨੇ ਬੈਂਕਾਂ, ਅਧਿਆਪਕਾਂ, ਸ਼ੂਗਰ ਮਿੱਲ, ਸਟੂਡੈਂਟ, ਐਲ.ਆਈ.ਸੀ. ਵੱਲੋਂ ਸ਼ੁਰੂ ਕੀਤੇ ਸੰਘਰਸ਼ਾਂ ਨੂੰ ਵੱਡਾ ਸਮਰਥਨ ਪ੍ਰਦਾਨ ਕੀਤਾ। ਉਸ ਵੇਲੇ ਸ਼ੁਰੂ ਕੀਤਾ ਮੁਲਾਜ਼ਮਾਂ ਵੱਲੋਂ ਕੋਈ ਵੀ ਸੰਘਰਸ਼ ਟਰੇਡ ਯੂਨੀਅਨ ਕੌਂਸਲ ਦੀ ਲੀਡਰਸ਼ਿਪ ਤੋਂ ਬਿਨਾਂ ਅਧੂਰਾ ਸਮਝਿਆ ਜਾਂਦਾ ਸੀ। ਸਾਥੀ ਸੰਘਾ ਦੇ ਕਿਰਤੀ ਕਿਸਾਨ ਯੂਨੀਅਨ ਵਿੱਚ ਜਾਣ ਤੋਂ ਬਾਅਦ ਟਰੇਡ ਯੂਨੀਅਨ ਕੌਂਸਲ ਦੇ ਸਕੱਤਰ ਸਾਥੀ ਸੁਤੰਤਰ ਕੁਮਾਰ ਹੀ ਚੁਣੇ ਗਏ। ਇਹ ਉਹ ਸਮਾਂ ਸੀ ਜਦੋਂ ਕਿ ਅੱਤਵਾਦ ਦਾ ਵਿਕਰਾਲ ਰੂਪ ਪੰਜਾਬ ਵਿੱਚ ਪੈਰ ਪਸਾਰ ਚੁੱਕਾ ਸੀ । ਮੁਲਾਜ਼ਮਾਂ ਨੂੰ ਇਸ ਦੌਰ ਵਿੱਚ ਦੇਸ਼ ਦੀ ਅਖੰਡਤਾ ਲਈ ਇੱਕਠਾ ਰੱਖਣ ਲਈ ਸਾਥੀ ਸੁਤੰਤਰ, ਸਾਥੀ ਪ੍ਰਸ਼ੋਤਮ ਰਾਣਾ, ਸਾਥੀ ਪਿਆਰਾ ਸਿੰਘ ਗਰਚਾ, ਭਾਈਆ ਗੁਰਦੇਵ ਸਿੰਘ, ਜਸਪਾਲ ਗਿੱਧਾ, ਹਰਮੇਸ਼ ਬੀਕਾ ਅਤੇ ਸਾਥੀ ਕੁਲਦੀਪ ਸਿੰਘ ਆਗੂਆਂ ਦੀ ਅਗਵਾਈ ਵਿੱਚ ਵੱਡੇ-ਵੱਡੇ ਸ਼ਾਂਤੀ ਜਲੂਸ ਸੰਪਰਦਾਇਕ ਏਕਤਾ ਰੱਖਣ ਲਈ ਕੱਢੇ ਗਏ। ਸਾਥੀ ਸੁਤੰਤਰ ਦੀ ਅਗਵਾਈ ਵਿੱਚ ਏਟਕ ਜਥੇਬੰਦੀ ਅੰਮ੍ਰਿਤਸਰ ਵਿਖੇ ਆਲ ਇੰਡਿਆ ਕਾਨਫਰੰਸ ਕਰਨ ਦੇ ਸਮੇਂ ਨਵਾਂਸ਼ਹਿਰ ਦੇ ਸਾਥੀਆਂ ਨੇ 25 ਹਜ਼ਾਰ ਰੁਪਏ ਇੱਕਠੇ ਕਰ ਕੇ ਦਿੱਤੇ ਅਤੇ 1977 ਤੋਂ ਲੈ ਕੇ ਹੁਣ ਤੱਕ ਪਹਿਲੀ ਮਈ ਦਾ ਦਿਨ ਟਰੇਡ ਯੂਨੀਅਨ ਲਹਿਰ ਵਿੱਚ ਮਤਭੇਦਾਂ ਦੇ ਬਾਵਜੂਦ ਬੜੇ ਜੋਸ਼ੋਖਰੋਸ਼ ਨਾਲ ਮਨਾਇਆ ਜਾਂਦਾ ਹੈ ਅਤੇ ਇਸ ਦੀ ਸ਼ੁਰੂ ਕਰਨ ਦੀ ਪਿਰਤ ਵੀ ਸਾਥੀ ਸੁਤੰਤਰ ਦੀ ਅਗਵਾਈ ਵਿੱਚ ਹੀ ਪਈ। ਸਾਥੀ ਸੁਤੰਤਰ ਹੁਸ਼ਿਆਰਪੁਰ ਟੈਲੀਕੋਮ ਕੋਅਪਰੇਟਿਵ ਥਰਿਪਟ ਐਂਡ ਕਰੈਡਿਟ ਸੁਸਾਇਟੀ ਦੇ 2004 ਤੋਂ 2014 ਤੱਕ ਲਗਾਤਾਰ ਡਾਇਰੈਕਟਰ ਰਹੇ ਅਤੇ ਸੁਸਾਇਟੀ ਨੂੰ ਸਿਖਰਾਂ ਤੱਕ ਲਿਜਾਉਣ ਲਈ ਆਪਣਾ ਯੋਗਦਾਨ ਪਾਉਂਦੇ ਰਹੇ। 8 ਫਰਵਰੀ 1976 ਨੂੰ ਸਾਥੀ ਸੁਤੰਤਰ ਸ੍ਰੀਮਤੀ ਸਰੋਜ ਬਾਲਾ ਨਾਲ ਬਿਨਾਂ ਦਾਜ ਦਹੇਜ ਤੋਂ ਵਿਆਹੇ ਗਏ। ਇਨ੍ਹਾਂ ਦੇ ਦੋਨੋ ਪੁੱਤਰ ਅਨੁਪਮ ਅਤੇ ਅਲੋਕ ਪ੍ਰਾਕਲ ਮਕੈਨੀਕਲ ਇੰਜਨੀਅਰ ਹਨ ਅਤੇ ਦੋਨੋਂ ਲੜਕਿਆਂ ਦੀ ਸ਼ਾਦੀ ਵੀ ਬਿਨਾਂ ਦਾਜ ਦਹੇਜ ਦੇ ਕੀਤੀ ਗਈ। ਦਿੱਲੀ ਕਿਸਾਨੀ ਅੰਦੋਲਨ 'ਚ ਕਾਮਰੇਡ ਸੁਤੰਤਰ ਜੀ ਨੇ ਵਧ ਚੜ੍ਹ ਹਿੱਸਾ ਪਾਇਆ। ਸੀ ਪੀ ਆਈ ਦੀ ਨੈਸ਼ਨਲ ਕਾਂਗਰਸ ਜੋ ਕਿ ਸਤੰਬਰ ਮਹੀਨੇ ਚੰਡੀਗੜ੍ਹ ਵਿਖੇ ਹੋ ਰਹੀ ਹੈ, ਕਾਮਰੇਡ ਸੁਤੰਤਰ ਨੇ ਬਿਮਾਰ ਹੋਣ ਦੇ ਬਾਵਜੂਦ ਸਾਢੇ ਪੰਜ ਲੱਖ ਰੁਪਏ ਇਕੱਠੇ ਕਰਕੇ ਪਾਰਟੀ ਨੂੰ ਦਿੱਤੇ।ਸ੍ਰੀਮਤੀ ਸਰੋਜ ਬਾਲਾ ਨੇ ਆਪਣੇ ਪਤੀ ਦੇ ਸ਼ਾਦੀ ਦੇ ਦਿਨ ਤੋਂ ਹੀ ਰੁਝੇਵਿਆਂ ਨੂੰ ਖਿੜੇ ਮੱਥੇ ਪਰਵਾਨ ਕਰਦਿਆਂ ਤਮਾਮ ਤੰਗੀਆਂ ਅਤੇ ਸਮਾਜਿਕ ਔਕੜਾਂ ਦੇ ਬਾਵਜੂਦ ਬੱਚਿਆਂ ਦੀ ਪ੍ਰਵਰਿਸ਼ ਅਤੇ ਪੜ੍ਹਾਈ ਵਿੱਚ ਕੋਈ ਕਸਰ ਨਹੀਂ ਛੱਡੀ। ਸਾਨੂੰ ਇਸ ਗੱਲ 'ਤੇ ਮਾਣ ਹੈ ਕਿ ਸ੍ਰੀਮਤੀ ਸਰੋਜ ਬਾਲਾ ਨੇ ਟਰੇਡ ਯੂਨੀਅਨ ਅਤੇ ਸੀ.ਪੀ.ਆਈ ਦੇ ਚੰਗੇ ਮਹੌਲ ਨੂੰ ਵੇਖਦਿਆਂ ਆਪਣੇ ਪਤੀ ਨੂੰ ਟਰੇਡ ਯੂਨੀਅਨ ਅਤੇ ਸੀ.ਪੀ.ਆਈ ਵਿੱਚ ਕੰਮ ਕਰਨ ਲਈ ਸਦਾ ਹੀ ਪ੍ਰੇਰਿਆ।ਸਾਥੀ ਸੁਤੰਤਰ ਨੂੰ ਪਾਰਟੀ ਵੱਲੋਂ ਕੋਈ ਵੀ ਕੰਮ ਜਦੋਂ ਐਮਰਜੈਂਸੀ ਕੰਡੀਸ਼ਨਾਂ ਵਿੱਚ ਵੀ ਦਿੱਤਾ ਗਿਆ ਉਹ ਉਸ ਨੂੰ ਨੇਪਰੇ ਚਾੜ੍ਹਨ ਲਈ ਸਦਾ ਹੀ ਤਤਪਰ ਰਹੇ। ਇਸੇ ਅਰਸੇ ਦੌਰਾਨ ਸਾਥੀ ਸੁਤੰਤਰ ਜੀ ਲੰਬੇ ਅਰਸੇ ਤੋਂ ਪੰਜਾਬ ਸੂਬਾ ਕੌਂਸਲ ਸੀ.ਪੀ.ਆਈ ਦੇ ਮੈਂਬਰ ਰਹੇ। ਮੌਜੂਦਾ ਸਮੇਂ ਦੌਰਾਨ ਉਹ ਸੂਬਾ ਕੰਟਰੋਲ ਕਮਿਸ਼ਨ ਦੇ ਮੈਂਬਰ ਸਨ ਅਤੇ 2021 ਤੋਂ ਸੀ.ਪੀ.ਆਈ ਜ਼ਿਲ੍ਹਾ ਨਵਾਂਸ਼ਹਿਰ ਦੇ ਜ਼ਿਲ੍ਹਾ ਸਕੱਤਰ ਸਨ।

**ਅਵਤਾਰ ਕਲੇਰ**




ਜਨਮ ਦਿਨ ਮੁਬਾਰਕ



ਅਵੀਰਾਜ ਸਿੰਘ ਬਿੰਦ
ਵਾਸੀ : ਪਟਿਆਲਾ



ਨਾਮ : ਤੇਜਸ
ਪਿਤਾ : ਵਿੱਕੀ
ਵਾਸੀ : ਘੱਗਾ

ਵਰ੍ਹੇਗੰਢ ਮੁਬਾਰਕ



ਜਸਵਿੰਦਰ ਸਿੰਘ ਅਤੇ ਮਨਜੀਤ ਕੌਰ ਪਿੰਡ ਕੋਠੀ ਅਵਗਾਨਾ ਨੂੰ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।


## ਆਪ ਆਗੂ ਸੱਜਣ ਸਿੰਘ ਚੀਮਾ ਨੂੰ ਵੱਡਾ ਸਦਮਾ, ਕਾਰ ਹਾਦਸੇ 'ਚ ਭਤੀਜੇ ਦੀ ਮੌਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-** ਆਮ ਆਦਮੀ ਪਾਰਟੀ ਦੇ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਅਰਜੁਨਾ ਐਵਾਰਡੀ ਸੱਜਣ ਸਿੰਘ ਚੀਮਾ ਅਤੇ ਉਨ੍ਹਾਂ ਦੇ ਪਰਵਾਰ ਨੂੰ ਉਸ ਵੇਲੇ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਭਤੀਜੇ ਕੋਚ ਤਰਨਦੀਪ ਸਿੰਘ ਚੀਮਾ ਦੀ ਇਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਇਹ ਮੰਦਭਾਗੀ ਖ਼ਬਰ ਨੂੰ ਸੁਣਦੇ ਹੀ ਸਮੁੱਚੇ ਇਲਾਕੇ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਲ੍ਹਾ ਕਪੂਰਥਲਾ ਦੇ ਨਜ਼ਦੀਕੀ ਪਿੰਡ ਭਵਾਨੀਪੁਰ ਵੇਈਂ ਨਦੀ ਦੇ ਪੁਲ ਨੇੜੇ ਕਾਰ ਅਤੇ ਟਰੱਕ ਦੀ ਟੱਕਰ ਹੋ ਗਈ, ਜਿਸ ਵਿਚ ਤਰਨਦੀਪ ਸਿੰਘ ਚੀਮਾ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਦਬੂਲੀਆਂ ਦੀ ਮੌਤ ਹੋ ਗਈ । ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਥਾਣਾ ਕੋਤਵਾਲੀ ਕਪੂਰਥਲਾ ਦੇ ਐੱਸ. ਐੱਚ. ਓ. ਕ੍ਰਿਪਾਲ ਸਿੰਘ ਨੇ ਦੱਸਿਆ ਕਿ ਦੇਰ ਰਾਤ ਪਿੰਡ ਭਵਾਨੀਪੁਰਫ ਪੁਲ ਨੇੜੇ ਸਵਿੱਫਟ ਕਾਰ ਅਤੇ ਮੱਕੀ ਨਾਲ ਭਰੇ ਟਰੱਕ ਦੀ ਟੱਕਰ ਹੋ ਗਈ। ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਕਪੂਰਥਲਾ ਵਿਖੇ ਪੋਸਟਮਾਰਟਮ ਕਰਵਾਉਣ ਲਈ ਲਿਆਂਦੀ ਗਈ ਅਤੇ ਪਰਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਟਰੱਕ ਚਾਲਕ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਹੋਣਹਾਰ ਖਿਡਾਰੀ ਤਰਨਜੀਤ ਸਿੰਘ ਚੀਮਾ ਦੀ ਬੇਵਕਤ ਮੌਤ 'ਤੇ ਵੱਖ-ਵੱਖ ਰਾਜਨੀਤਕ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।



## ਰੌਜ਼ਾ ਸ਼ਰੀ.ਫ ਮੰਢਾਲੀ ਵਿਖੇ ਸਾਲਾਨਾ ਮੇਲਾ ਅੱਜ ਤੋਂ ਸ਼ੁਰੂ

**ਬੰਗਾ (ਅਵਤਾਰ ਕਲੇਰ)** ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਰੌਜ਼ਾ ਸ਼ਰੀ.ਫ ਮੰਢਾਲੀ ਵਿਖੇ ਸਲਾਨਾ 29 ਜੂਨ ਤੋਂ 3 ਜੁਲਾਈ ਤੱਕ ਮਨਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ ਪੰਜ ਦਿਨਾ ਦਿਨ-ਰਾਤ ਚੱਲਣ ਵਾਲੇ ਇਸ ਮੇਲੇ ਦੌਰਾਨ ਪਹਿਲੇ ਦਿਨ 29 ਜੂਨ ਨੂੰ ਸ਼ਾਮ ਨੂੰ ਝੰਡੇ ਦੀ ਰਸਮ ਉਪਰੰਤ ਚਿਰਾਗਾਂ ਦੀ ਰਸਮ ਅਦਾ ਕੀਤੀ ਜਾਵੇਗੀ। 30 ਜੂਨ ਅਤੇ 1-2 ਜੁਲਾਈ ਨੂੰ ਪੰਜਾਬ ਦੇ ਮਸ਼ਹੂਰ ਕਲਾਕਾਰ ਹਾਜ਼ਰੀਆਂ ਭਰਨਗੇ। ਰੋਜ਼ਾਨਾ ਹੀ ਰਾਤ ਨੂੰ ਕਵਾਲੀਆਂ ਦੀ ਮਹਿਫ਼ਿਲ ਹੋਵੇਗੀ। 3 ਜੁਲਾਈ ਨੂੰ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਬੀਬੀ ਸੀਤਾ ਦੇਵੀ, ਮੁਹੰਮਦ ਆਸ਼ਿਕ ਨੀਲਾ, ਮੀਰਾਂ ਸ਼ਰਮਾ ਸਰਪੰਚ ਮੰਢਾਲੀ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਧਰਮਿੰਦਰ ਸਿੰਘ ਨੰਬਰਦਾਰ ਮੰਢਾਲੀ, ਬਲਜੀਤ ਸਿੰਘ ਸਾਬਕਾ ਸਰਪੰਚ ਕੁਲਥਮ, ਮਲਕੀਤ ਮੰਢਾਲੀ, ਹੁਸਨ ਲਾਲ ਜੱਬੋਵਾਲ, ਡਾ. ਸਤਨਾਮ ਪਰਸੋਵਾਲ, ਸੋਨੂੰ ਜੱਸੋਮਜਾਰਾ, ਗੋਰਾ ਚੱਕ ਪ੍ਰੇਮਾ, ਚਰਨਜੀਤ ਰਾਏ, ਡਾ. ਜਗਦੀਸ਼ ਮੁਹੰਮਦ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਅਮਰਜੀਤ ਜੀਤਾ, ਚੰਨੀ ਖੋਥੜਾਂ, ਨੂਰ ਮੁਹੰਮਦ, ਬੰਟੀ, ਜਗਜੀਤ ਪੀਟਾ, ਮਨੀ, ਗੱਗੀ, ਹਨੀ ਆਦਿ ਹਾਜ਼ਰ ਸਨ।



## ਬਲਾਚੌਰ ਕੰਗਣਾ ਪੁਲ ਦੇ ਨਜ਼ਦੀਕ ਮੋਟਰਸਾਈਕਲ ਤੇ ਕਾਰ ਹਾਦਸਾਗ੍ਰਸਤ

**ਬਲਾਚੌਰ (ਜਸਵਿੰਦਰ ਬੈਂਸ)-** ਬਲਾਚੌਰ ਬਾਈਪਾਸ ਕੰਗਣਾ ਪੁਲ ਦੇ ਨਜ਼ਦੀਕ ਇੱਕ ਮੋਟਰਸਾਈਕਲ ਅਤੇ ਕਾਰ ਵਿਚਕਾਰ ਹਾਦਸਾ ਹੋਣ ਦੀ ਖਬਰ ਹੈ। ਐਸ ਐਸ ਐਫ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਇੱਕ ਮੋਟਰਸਾਈਕਲ ਜਿਸ ਨੂੰ ਅਮਰੀਕ ਸਿੰਘ ਪੁੱਤਰ ਦੇਸ ਰਾਜ ਪਿੰਡ ਲਾਲਪੁਰ ਤਹਿਸੀਲ ਬਲਾਚੌਰ ਚਲਾ ਰਿਹਾ ਸੀ ਜੋ ਅਚਾਨਕ ਇੱਕ ਹੁੰਡਈ ਕੰਪਨੀ ਦੀ ਕਾਰ ਨਾਲ ਹਾਦਸਾਗ੍ਰਸਤ ਹੋ ਗਿਆ। ਜਿਸ ਦੇ ਫਲਸਰੂਪ ਅਮਰੀਕ ਸਿੰਘ ਜ਼ਖਮੀ ਹੋ ਗਿਆ। ਜਿਸ ਨੂੰ ਐਸ ਐਸ ਐਫ ਦੀ ਗੱਡੀ ਰਾਹੀਂ ਏ ਐਸ ਆਈ ਕੁਲਵੀਰ ਸਿੰਘ ਨਾਲ ਪੁਲਸ ਕਰਮਚਾਰੀਆਂ ਵੱਲੋਂ ਸਿਵਲ ਹਸਪਤਾਲ ਬਲਾਚੌਰ ਵਿਖੇ ਦਾਖਲ ਕਰਵਾਇਆ ਗਿਆ ਅਤੇ ਇਸ ਹਾਦਸੇ ਦੀ ਸੂਚਨਾ ਥਾਣਾ ਸਿਟੀ ਬਲਾਚੌਰ ਦੀ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।



## ਬਸਤੀ ਗੁਜ਼ਾਂ 'ਚ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਉਸਾਰੀ ਢਾਹੀ

**ਜਲੰਧਰ (ਸ਼ੈਲੀ ਐਲਬਰਟ)** ਨਸ਼ਿਆਂ ਖਿਲਾ.ਫ ਕਾਰਵਾਈ ਨੂੰ ਜਾਰੀ ਰੱਖਦਿਆਂ ਨਗਰ ਨਿਗਮ ਜਲੰਧਰ ਵੱਲੋਂ ਕਮਿਸ਼ਨਰੇਟ ਪੁਲਸ ਜਲੰਧਰ ਦੇ ਸਹਿਯੋਗ ਨਾਲ ਸ਼ਨੀਵਾਰ ਨੂੰ ਬਸਤੀ ਗੁਜਾਂ ਵਿੱਚ ਇੱਕ ਬਦਨਾਮ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਉਸਾਰੀ ਨੂੰ ਢਾਹ ਦਿੱਤਾ ਗਿਆ। 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਗੈਰ-ਕਾਨੂੰਨੀ ਕਬਜ਼ੇ ਢਾਹੁਣ ਦੀ ਚੱਲ ਰਹੀ ਮੁਹਿੰਮ ਤਹਿਤ ਅਧਿਕਾਰੀਆਂ ਵੱਲੋਂ ਉਸਾਰੇ ਗਏ ਕਬਜ਼ੇ ਵਾਲੇ ਢਾਂਚੇ ਨੂੰ ਢਾਹ ਦਿੱਤਾ ਗਿਆ। ਕਬਜ਼ਾ ਢਾਹੁਣ ਦੀ ਕਾਰਵਾਈ ਦੌਰਾਨ ਪੁਲਿਸ ਟੀਮਾਂ ਵੱਲੋਂ ਨਗਰ ਨਿਗਮ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਪੁਲਿਸ ਸਹਾਇਤਾ ਮੁਹੱਈਆ ਕਰਵਾਈ ਗਈ।ਪੁਲਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਗਰ ਨਿਗਮ ਨੂੰ ਬਦਨਾਮ ਨਸ਼ਾ ਤਸਕਰ ਵਿਸ਼ਾਲ ਉਰਫ਼ ਚੂਚਾ ਵੱਲੋਂ ਇੱਕ ਗੈਰ-ਕਾਨੂੰਨੀ ਉਸਾਰੀ ਬਾਰੇ ਸੂਚਨਾ ਮਿਲੀ ਸੀ। ਜਿਸ 'ਤੇ ਨਗਰ ਨਿਗਮ ਅਤੇ ਪੁਲਸ ਟੀਮਾਂ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਕਬਜ਼ੇ ਵਾਲੇ ਢਾਂਚੇ ਨੂੰ ਢਾਹ ਦਿੱਤਾ, ਜਿਸ ਨਾਲ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਸਖ਼ਤ ਸੰਦੇਸ਼ ਗਿਆ ਹੈ ਕਿ ਜਲੰਧਰ ਸ਼ਹਿਰ ਵਿੱਚ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਆਦਤਨ ਅਪਰਾਧੀ ਹੈ, ਜਿਸ ਦੇ ਖਿਲਾ.ਫ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੌਪਿਕ ਸਬਸਟਾਂਸਿਜ਼ (ਐਨ.ਡੀ.ਪੀ.ਐਸ.) ਐਕਟ ਤਹਿਤ ਕੁੱਲ ਚਾਰ ਮਾਮਲੇ ਦਰਜ ਹਨ। ਇਹ ਕਾਰਵਾਈ ਨਸ਼ਾ ਤਸਕਰਾਂ ਦੇ ਵਿੱਤੀ ਨੈੱਟਵਰਕ ਨੂੰ ਖ਼ਤਮ ਕਰਨ ਅਤੇ ਜਵਾਬਦੇਹੀ ਯਕੀਨੀ ਬਣਾਉਣ ਦੀ ਦਿਸ਼ਾ 'ਚ ਅਹਿਮ ਕਦਮ ਹੈ।'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਲਗਾਤਾਰ ਤੇਜ਼ੀ ਫੜਦੀ ਜਾ ਰਹੀ ਹੈ ਅਤੇ ਅਧਿਕਾਰੀਆਂ ਨੇ ਨਸ਼ਿਆਂ ਨਾਲ ਸਬੰਧਤ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਤਹੱਈਆ ਕੀਤਾ ਹੋਇਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਅਜਿਹੀਆਂ ਕਾਰਵਾਈਆਂ ਅਮਲ ਵਿੱਚ ਲਿਆਂਦੀਆਂ ਗਈਆਂ ਹਨ, ਜਿਨ੍ਹਾਂ ਵਿੱਚ ਫਿਲੌਰ ਖੇਤਰ, ਧਨਕੀਆ ਮੁਹੱਲਾ, ਰਾਮਾ ਮੰਡੀ, ਗੜ੍ਹਾ, ਭਾਰਗਵ ਨਗਰ ਅਤੇ ਲੋਹੀਆਂ ਵਿੱਚ ਨਸ਼ਾ ਤਸਕਰਾਂ ਨਾਲ ਸਬੰਧਤ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹੁਣਾ ਸ਼ਾਮਲ ਹੈ।ਕਮਿਸ਼ਨਰੇਟ ਪੁਲਸ ਨੇ ਸਮਾਜ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਦੀ ਆਪਣੀ ਵਚਨਬੱਧਤਾ ਦਹੁਰਾਉਂਦਿਆਂ ਨਾਗਰਿਕਾਂ ਨੂੰ ਜਲੰਧਰ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਸਰਗਰਮ ਸਹਿਯੋਗ ਦੇਣ ਦੀ ਵੀ ਅਪੀਲ ਕੀਤੀ।



## ਸੂਫੀ ਗਾਇਕਾ ਜਯੋਤੀ ਨੂਰਾਂ ਨੇ ਲਿਆਂਦੀ ਜਾਵਾ 42 ਐਫ ਜੇ

**ਜਲੰਧਰ (ਇਕਬਾਲ ਸਿੰਘ ਉਭੀ)-** ਦੋ ਪਹੀਆ ਵਾਹਨਾਂ ਵਿਚ ਆਪਣੀ ਵਿਲੱਖਣ ਪਛਾਣ ਬਨਾਉਣ ਵਾਲੀ ਕੰਪਨੀ ਦੇ ਮੋਟਰਸਾਈਕਲ ਜਾਵਾ ਦੀ ਲੋਕਪ੍ਰਿਅਤਾ ਨੂੰ ਦੇਖਦੇ ਹੋਏ ਪੰਜਾਬੀ ਗੀਤਾਂ ਦੀ ਸੂਫੀ ਗਾਇਕਾ ਜਯੋਤੀ ਨੂਰਾਂ ਆਪਣੀ ਪਹਿਲੀ ਪਸੰਦ ਦੀ ਬਾਈਕ, ਜਾਵਾ 42 ਐਫ ਜੇ ਘਰ ਲੈ ਕੇ ਆਈ ਹੈ। ਸਥਾਨਕ ਮਹਾਵੀਰ ਮਾਰਗ 'ਤੇ ਸਥਿਤ ਡੀ ਐਮ ਆਟੋ ਮੋ ਬਾਈਲਜ਼ ਜਲੰਧਰ ਵਿਖੇ ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ, ਜਯੋਤੀ ਨੂਰਾਂ ਨੇ ਕਿਹਾ ਕਿ ਜਾਵਾ ਸੋਹਾਨੇ ਸਫ਼ਰ ਲਈ ਇਕ ਬਾਈਕ ਹੀ ਨਹੀਂ ਹੈ ਸਗੋਂ ਇਹ ਅੱਗੇ ਦੇ ਰਸਤੇ ਲਈ ਇੱਕ ਚੰਗਾ ਸਾਥੀ ਵੀ ਹੈ। ਮੇਰੇ ਸੰਗੀਤ ਵਾਂਗ, ਜਾਵਾ 42 ਐਫ ਜੇ ਆਜ਼ਾਦੀ, ਆਤਮਾ ਅਤੇ ਕਾਲਹੀਣਤਾ ਦਾ ਪ੍ਰਤੀਕ ਹੈ। ਇਸ ਮੌਕੇ ਜਾਵਾ ਯੇਜ਼ਦੀ ਮੋਟਰਸਾਈਕਲ ਦੇ ਚੀਫ ਬਿਜਨਸ ਅਫਸਰ ਸ਼ਰਦ ਅਗਰਵਾਲ ਨੇ ਕਿਹਾ ਕਿ ਜਿਵੇਂ ਜਯੋਤੀ ਨੂਰਾਂ ਪ੍ਰਮਾਣਿਕਤਾ ਅਤੇ ਕਲਾਤਮਕ ਭਾਵਨਾ ਨੂੰ ਦਰਸਾਉਂਦੀ ਹੈ , ਉਵੇਂ ਹੀ ਜਾਵਾ 42 ਐਫ ਜੇ ਉਸ ਨੂੰ ਪੂਰੀ ਤਰ੍ਹਾਂ ਢੁੱਕਦੀ ਹੈ ।




ਕੰਚਨ ਮਹਿਤਾ ਦੀਆਂ ਨਵੀਂਆਂ ਕਵਿਤਾਵਾਂ
(ਆਖਰੀ ਤੋਂ ਪਹਿਲੇ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਮੇਰੇ ਉੱਤੇ ਏਨਾ ਹੀ ਅਹਿਸਾਨ ਕਰੇ।
ਵਕਤ ਅਜੇ ਨਾ ਰਿਸਦੇ ਸਾਰੇ ਜ਼ਖ਼ਮ ਭਰੇ।
ਮੇਰੇ ਅੰਦਰ ਮੈਂ ਹੀ ਰਹਿਣਾ ਚਾਹੁੰਦਾ ਹਾਂ,
ਇੱਥੇ ਦੂਜਾ ਕੋਈ ਵੀ ਨਾ ਪੈਰ ਧਰੇ।
- ਕਮਲਦੀਪ ਜਲੂਰ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 29 ਜੂਨ 2025 www.nawanzamana.in ਕੀਮਤ 5.00 ਰੁਪਏ


# ਅਨੁਭਵਾਂ ਦਾ ਵਸਤੂਕਰਨ ਬਨਾਮ ਗੂਗਲ ਦਾ ਗੂਗਲੀਕਰਨ


ਹਰਵਿੰਦਰ ਭੰਡਾਲ




'ਗੂਗਲ ਅੱਜ ਸਾਰੀਆਂ ਭਾਸ਼ਾਵਾਂ ਦਾ ਸ਼ਬਦ ਹੈ। ਅੱਜ ਜਿਸ ਦੇ ਵੀ ਹੱਥ ਵਿੱਚ ਮੋਬਾਈਲ ਫ਼ੋਨ ਹੈ, ਉਹ ਗੂਗਲ ਦੀ ਜ਼ੱਦ ਵਿੱਚ ਹੈ। ਗੂਗਲ ਦਾ ਵਰਤਾਰਾ ਏਨਾ ਵਿਆਪਕ ਹੈ ਕਿ ਗੂਗਲ ਨਾਉਂ ਹੀ ਕਿਰਿਆ ਹੋ ਗਿਆ ਹੈ। ਨਵੀਂ ਨਿਗਰਾਨ ਸਰਮਾਏਦਾਰੀ ਲਈ ਗੂਗਲ ਉਹੀ ਹੈ, ਜੋ ਵੱਡੇ ਪੈਮਾਨੇ ਉੱਤੇ ਪੈਦਾਵਾਰ ਦੀ ਸ਼ੁਰੂਆਤ ਕਰਨ ਵਾਲੀ ਸਰਮਾਏਦਾਰੀ ਲਈ ਫੋਰਡ ਮੋਟਰ ਕੰਪਨੀ ਜਾਂ ਜਨਰਲ ਮੋਟਰਜ਼ ਸੀ। ਸਾਡੇ ਸਮਿਆਂ ਵਿੱਚ ਨਿਗਰਾਨ ਸਰਮਾਏਦਾਰੀ ਦੀ ਕਾਢ ਕੱਢਣ ਵਾਲੀ ਸੰਸਥਾਪਕ, ਇਸ ਦਾ ਵਿਕਾਸ ਕਰਨ ਵਾਲੀ, ਇਸ ਦਾ ਰੋਲ ਮਾਡਲ ਗੂਗਲ ਕੰਪਨੀ ਹੀ ਹੈ। 20ਵੀਂ ਸਦੀ ਦੀ ਸਰਮਾਏਦਾਰੀ ਨੂੰ ਸਮਝਣ ਲਈ ਫੋਰਡ ਮੋਟਰ ਕੰਪਨੀ ਜਾਂ ਜਨਰਲ ਮੋਟਰਜ਼ ਦੇ ਅਮਲਾਂ ਉੱਤੇ ਬੇਹੱਦ ਖੋਜ ਹੋਈ ਹੈ। ਮਾਰਕਸਵਾਦੀ ਪਾਲ ਬਰਾਨ ਤੇ ਪਾਲ ਸਵੀਜ਼ੀ ਨੇ ਇਸ ਨਵੀਂ ਸਰਮਾਏਦਾਰੀ ਨੂੰ 'ਅਜਾਰੇਦਾਰ ਸਰਮਾਇਆ' ਆਖਿਆ, ਜੋ ਮੁਕਾਬਲੇਬਾਜ਼ੀ ਵਾਲੇ ਸਮਿਆਂ ਤੋਂ ਅਗਾਂਹ ਲੰਘ ਆਇਆ ਸੀ। ਹੈਰੀ ਬਰੇਵਰਮੈਨ ਨੇ ਸਪੱਸ਼ਟ ਕੀਤਾ ਕਿ ਇਸ ਨਵੇਂ ਮੈਨੇਜਮੈਂਟ ਕੇਂਦਰਤ ਵੱਡੇ ਪੈਮਾਨੇ ਦੀਆਂ ਪੈਦਾਵਾਰੀ ਤਕਨੀਕਾਂ ਨੇ ਕਿਰਤ ਦੀਆਂ ਪ੍ਰਕਿਰਿਆਵਾਂ ਨੂੰ ਕਿਸ ਤਰ੍ਹਾਂ ਬਦਲ ਦਿੱਤਾ ਸੀ। ਫਰੈਂਕਫਰਟ ਸਕੂਲ ਦੇ ਹਰਬਰਟ ਮਾਰਕਿਊਜ਼ ਨੇ ਅੱਗੇ ਇਹ ਦੱਸਿਆ ਕਿ ਕਿਵੇਂ ਵੱਡੇ ਪੈਮਾਨੇ ਦੀ ਪੈਦਾਵਾਰ ਅਤੇ ਖਪਤ ਨੇ ਸਮਾਜਿਕ ਨਿਯੰਤਰਣਾਂ ਦੇ ਨਵੇਂ ਰੂਪ ਘੜੇ ਸਨ। ਉਸ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਸ ਸਰਮਾਏਦਾਰੀ ਦੌਰ ਵਿੱਚ ਤਕਨੀਕ ਵੀ ਨਿਰਪੱਖ ਨਾ ਰਹਿ ਕੇ ਤਾਕਤੀ ਰਿਸ਼ਤਿਆਂ ਅਤੇ ਮੁੱਲਾਂ ਨਾਲ ਜੁੜ ਕੇ ਵੱਡੀ ਸਰਮਾਏਦਾਰੀ ਦੇ ਹੱਕ ਵਿੱਚ ਭੁਗਤਣ ਲਗਦੀ ਹੈ। ਖੁਦ ਹੈਨਰੀ ਫੋਰਡ ਜਿਹੇ ਸਰਮਾਏਦਾਰਾਂ ਨੇ ਆਪਣੇ ਸਰਮਾਏਦਾਰਾਨਾਂ ਦਾਅ-ਪੇਚਾਂ, ਖੋਜਾਂ ਅਤੇ ਅਮਲਾਂ ਬਾਰੇ ਆਪ ਲਿਖ ਕੇ ਵਿਆਖਿਆਵਾਂ ਕੀਤੀਆਂ, ਪ੍ਰੰਤੂ ਇਸ ਦੇ ਮੁਕਾਬਲੇ 21ਵੀਂ ਸਦੀ ਦੀ ਸਰਮਾਏਦਾਰੀ ਬਾਰੇ ਅਜੇ ਉਸ ਪੱਧਰ ਉੱਤੇ ਖੋਜਾਂ ਨਹੀਂ ਹੋ ਸਕੀਆਂ। ਇਸ ਦਾ ਕਾਰਨ ਗੂਗਲ, ਫੇਸਬੁੱਕ ਜਿਹੀਆਂ ਨਿਗਰਾਨ ਸਰਮਾਏਦਾਰ ਕੰਪਨੀਆਂ ਵੱਲੋਂ ਵਰਤੀਆਂ ਜਾਂਦੀਆਂ ਗੁਪਤ ਪ੍ਰਕਿਰਿਆਵਾਂ ਹਨ। ਇਹਨਾਂ ਬਾਰੇ ਜੋ ਵੀ ਬਾਹਰ ਆਉਂਦਾ ਹੈ, ਉਹ ਕਦੇ ਅੰਦਰਲੇ ਰਹੇ ਵਿਅਕਤੀਆਂ ਦੀਆਂ ਲਿਖਤਾਂ ਰਾਹੀਂ ਹੀ ਆਉਂਦਾ ਹੈ। ਗੂਗਲ ਦੇ ਲੰਬਾ ਸਮਾਂ ਆਰਥਿਕ ਮਾਹਿਰ ਰਹੇ ਹਾਲ ਵੇਰੀਅਨ ਨੇ ਇਸ ਦੇ ਅਮਲਾਂ ਅਤੇ ਉਦੇਸ਼ਾਂ ਬਾਰੇ ਵਿਦਵਤਾ ਭਰਪੂਰ ਲੇਖ ਲਿਖੇ ਹਨ। ਇਸੇ ਲਈ ਉਸ ਨੂੰ ਗੂਗਲ-ਸ਼ਾਸਤਰ ਦਾ ਐਡਮ ਸਮਿਥ ਵੀ ਕਿਹਾ ਜਾਂਦਾ ਹੈ। ਗੂਗਲ ਦੇ ਇਸ਼ਤਿਹਾਰੀ ਮਾਡਲ ਅਤੇ ਡੇਟਾ ਵਿਸ਼ਲੇਸ਼ਣ ਨਾਲ ਸੰਬੰਧਤ ਅਮਲ ਘੜਨ ਵਿੱਚ ਉਸ ਦੀ ਵੱਡੀ ਭੂਮਿਕਾ ਰਹੀ ਹੈ। ਉਸ ਨੇ "ਕੰਪਿਊਟਰ ਦੀ ਵਿਚੋਲਗੀ ਵਾਲੇ ਸੌਦਿਆਂ" ਅਤੇ ਇਸ ਦੇ ਸੰਸਾਰ ਅਰਥਚਾਰੇ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਲਿਖਿਆ ਹੈ। ਉਸ ਦੇ ਸ਼ਬਦਾਂ ਵਿੱਚ "ਹੁਣ ਕੰਪਿਊਟਰ ਹਰੇਕ ਸੌਦੇ ਦੇ ਦਰਮਿਆਨ ਮੌਜੂਦ ਹੈ। ਹੁਣ ਜਦੋਂ ਕਿ ਇਹ ਕੰਪਿਊਟਰ ਮੌਜੂਦ ਹਨ, ਇਹਨਾਂ ਤੋਂ ਕਈ ਹੋਰ ਕੰਮ ਲਏ ਜਾਂਦੇ ਹਨ।" ਉਹ ਚਾਰ ਹੋਰ ਕੰਮਾਂ ਦੀ ਨਿਸ਼ਾਨਦੇਹੀ ਕਰਦਾ ਹੈ, ਇਹ ਹਨ : "ਡੇਟਾ ਕੱਢਣਾ ਤੇ ਉਸ ਦਾ ਵਿਸ਼ਲੇਸ਼ਣ ਕਰਨਾ", "ਵਧੇਰੇ ਚੰਗੀ ਮੋਨੀਟਰਿੰਗ ਰਾਹੀਂ ਸਮਝੌਤਿਆਂ ਦੇ ਨਵੇਂ ਰੂਪ ਘੜਨਾ", "ਆਪਣੇ ਅਨੁਸਾਰ ਢਾਲਣਾ ਅਤੇ ਵਿਸ਼ੇਸ਼ ਲੋੜਾਂ ਅਨੁਸਾਰ ਬਣਾਉਣਾ" ਅਤੇ "ਨਿਰੰਤਰ ਖੋਜ"। ਇਹ ਉਹ ਨਵੀਆਂ ਪ੍ਰਕਿਰਿਆਵਾਂ ਹਨ, ਜੋ 21ਵੀਂ ਸਦੀ ਦੀ ਨਵੀਂ ਨਿਗਰਾਨ ਸਰਮਾਏਦਾਰੀ ਦੀਆਂ ਚਾਲਕ ਸ਼ਕਤੀਆਂ ਹਨ। ਇਹਨਾਂ ਨੂੰ ਸਮਝਣ ਲਈ ਗੂਗਲ ਦੀ ਉਦਾਹਰਣ ਹੀ ਸਭ ਤੋਂ ਲਾਹੇਵੰਦੀ ਹੈ।

ਗੂਗਲ ਦੀ ਕਹਾਣੀ : ਗੂਗਲ 1998 ਵਿੱਚ ਹੋਂਦ ਵਿੱਚ ਆਇਆ। ਉਦੋਂ ਅਜੇ 'ਮੋਜ਼ੇਕ ਬਰਾਊਜ਼ਰ' ਵੱਲੋਂ 'ਵਰਲਡ ਵਾਈਡ ਵੈੱਬ' ਜਾਂ ਇੰਟਰਨੈੱਟ ਨੂੰ ਆਮ ਲੋਕਾਂ ਲਈ ਖੋਹਲਣ ਨੂੰ ਦੋ ਵਰ੍ਹੇ ਹੀ ਹੋਏ ਸਨ। ਸਟੈਨਫਰਡ ਯੂਨੀਵਰਸਿਟੀ ਤੋਂ ਗਰੈਜੂਏਟ ਲੈਰੀ ਪੇਜ ਤੇ ਸਰਜੀ ਬਰਿਨ ਦੋਹਾਂ ਰਲ਼ ਕੇ ਇਹ ਸਰਚ ਇੰਜਣ ਬਣਾਇਆ ਸੀ। 2000 ਵਿੱਚ ਚੀਨ ਦਾ 'ਬਾਇਡੂ' ਹੋਂਦ ਵਿੱਚ ਆਇਆ, ਜਦਕਿ 2004 ਵਿੱਚ 'ਯਾਹੂ' ਦਾ ਸਰਚ ਇੰਜਣ ਬਣਿਆ। ਗੂਗਲ ਅਤੇ ਹੋਰ ਸਰਚ ਇੰਜਣਾਂ ਕਾਰਨ ਹੀ ਉਹ ਸੂਚਨਾ ਕ੍ਰਾਂਤੀ ਸੰਭਵ ਹੋ ਸਕੀ, ਜਿਸ ਨੇ ਸਾਡੀ ਅੱਜ ਦੀ ਦੁਨੀਆ ਨੂੰ ਘੜਿਆ ਹੈ ਅਤੇ ਘੜ ਰਹੀ ਹੈ। ਦੁਨੀਆ ਦੇ ਬਹੁਤ ਸਾਰੇ ਲੋਕ ਇਹਨਾਂ ਸਰਚ ਇੰਜਣਾਂ ਨੂੰ ਪੈਦਾਵਾਰ ਦੇ ਉਹਨਾਂ ਇਨਕਲਾਬੀ ਸਾਧਨਾਂ ਵਜੋਂ ਦੇਖ ਰਹੇ ਸਨ, ਜਿਹਨਾਂ ਨੇ ਨਵੇਂ 'ਗਿਆਨ-ਸੰਸਾਰ' ਅੰਦਰ ਬੰਦੇ ਨੂੰ ਮੁਕਤ ਕਰ ਦੇਣਾ ਸੀ; ਕਿਉਂਕਿ ਉਹਨਾਂ ਅਨੁਸਾਰ ਹੁਣ ਗਿਆਨ ਹੀ ਤਾਕਤ ਬਣ ਗਿਆ ਸੀ ਤੇ ਇਸ ਦਾ ਵਹਾਅ ਬੇਰੋਕ-ਟੋਕ ਵਾਲਾ ਹੋ ਗਿਆ ਸੀ। ਆਧੁਨਿਕਤਾ ਦੇ ਦੂਜੇ ਪੜਾਅ ਉੱਤੇ ਪਹੁੰਚੇ ਲੋਕ ਇਸ ਨੂੰ ਤੀਸਰੇ ਪੜਾਅ ਦੀ ਆਧੁਨਿਕਤਾ ਤੱਕ ਪਹੁੰਚਣ ਦਾ ਸਾਧਨ ਸਮਝਣ ਲੱਗੇ ਸਨ। ਆਪਣੇ ਇਸ ਮੁਢਲੇ ਪੜਾਅ ਉੱਤੇ ਗੂਗਲ ਦਾ ਆਪਣੇ ਵਰਤੋਂਕਾਰਾਂ ਨਾਲ ਸਮਾਨਤਾ ਦਾ ਰਿਸ਼ਤਾ ਸੀ। ਵਰਤੋਂਕਾਰ ਗ੍ਰਾਹਕ ਨਹੀਂ ਸਨ, ਕਿਉਂਕਿ ਉਹਨਾਂ ਦਰਮਿਆਨ ਕੋਈ ਵਿੱਤੀ ਲੈਣ-ਦੇਣ ਨਹੀਂ ਸੀ ਹੁੰਦਾ। ਨਾ ਕੋਈ ਕੁਝ ਖਰੀਦਦਾ ਸੀ ਤੇ ਨਾ ਕੋਈ ਕੁਝ ਵੇਚਦਾ ਸੀ। ਕਿਸੇ ਵੀ ਚੀਜ਼ ਦੀ ਕੋਈ ਕੀਮਤ ਨਹੀਂ ਸੀ ਤੇ ਨਾ ਹੀ ਕੋਈ ਮੁਨਾਫ਼ਾ ਸੀ। ਵਰਤੋਂਕਾਰ ਗੂਗਲ ਸਰਚ ਇੰਜਣ ਉੱਤੇ ਜਾ ਕੇ ਉਹ ਸ਼ਬਦ ਟਾਈਪ ਕਰਦੇ ਸਨ, ਜਿਹਨਾਂ ਨਾਲ ਸੰਬੰਧਤ ਸੂਚਨਾਵਾਂ ਦੀ ਉਹਨਾਂ ਨੂੰ ਲੋੜ ਹੁੰਦੀ ਸੀ ਤੇ ਗੂਗਲ ਉਹਨਾਂ ਨੂੰ ਸੰਬੰਧਤ ਵੈਬ ਸਫ਼ਿਆਂ ਦੇ ਲਿੰਕ ਮੁਹੱਈਆ ਕਰਵਾ ਦਿੰਦਾ ਸੀ। ਇਸ ਤਰ੍ਹਾਂ ਕੁਝ ਡੇਟਾ ਜਾਂ ਅੰਕੜੇ ਪੈਦਾ ਹੁੰਦੇ ਸਨ। ਇਹ ਅੰਕੜੇ ਸਰਚ ਦੇ ਸ਼ਬਦਾਂ, ਸਰਚ ਕੀਤੀਆਂ ਜਾ ਰਹੀਆਂ ਚੀਜ਼ਾਂ ਦੀ ਗਿਣਤੀ ਅਤੇ ਪੈਟਰਨ, ਕਿਸੇ ਸਵਾਲ ਨੂੰ ਕਿਵੇਂ ਪੁੱਛਿਆ ਜਾ ਰਿਹਾ ਹੈ, ਕਲਿੱਕਾਂ ਦੇ ਪੈਟਰਨ, ਸਥਾਨ ਅਤੇ ਵਿਸਮਿਕ ਚਿੰਨ੍ਹਾਂ ਆਦਿ ਨਾਲ ਸੰਬੰਧਤ ਹੁੰਦੇ ਹਨ। ਵਰਤੋਂਕਾਰ ਅਚੇਤ ਹੀ ਸੂਚਨਾਵਾਂ ਖੋਜਦਿਆਂ ਅੰਕੜੇ ਪੈਦਾ ਕਰਦੇ ਸਨ ਅਤੇ ਗੂਗਲ ਉਹਨਾਂ ਦੀ ਵਰਤੋਂ ਆਪਣੀ ਸਰਚ ਨੂੰ ਹੋਰ ਵਧੀਆ ਤੇ ਹੋਰ ਵਧੀਆ ਬਣਾਉਣ ਲਈ ਵਰਤਦਾ ਸੀ। ਸ਼ੁਰੂ ਵਿੱਚ ਵਰਤੋਂਕਾਰਾਂ ਦੇ ਵਿਵਹਾਰ ਸੰਬੰਧੀ ਪੈਦਾ ਹੋਏ ਵਾਧੂ ਅੰਕੜਿਆਂ ਨੂੰ ਬਿਨਾਂ ਕਿਸੇ ਪੈਟਰਨ ਵਿੱਚ ਬੰਨ੍ਹਿਆਂ ਸਟੋਰ ਕਰ ਲਿਆ ਜਾਂਦਾ ਸੀ। ਗੂਗਲ ਲਈ ਇਹ ਵਾਧੂ ਅੰਕੜੇ ਸਨ।

ਸਟੈਨਫੋਰਡ ਦੇ ਹੀ ਇੱਕ ਗਰੈਜੂਏਟ ਅਮਿਤ ਪਟੇਲ ਨੂੰ ਇਹ ਸਿਹਰਾ ਜਾਂਦਾ ਹੈ ਕਿ ਉਸ ਨੇ ਗੂਗਲ ਵੱਲੋਂ ਬਿਨਾਂ ਕਿਸੇ ਯਤਨ ਪ੍ਰਾਪਤ ਕੀਤੇ ਅੰਕੜਿਆਂ ਦੇ ਮਹੱਤਵ ਅਤੇ ਮੁੱਲ ਬਾਰੇ ਨਵੀਆਂ ਦ੍ਰਿਸ਼ਟੀਆਂ ਤੋਂ ਸੋਚਣਾ ਸ਼ੁਰੂ ਕੀਤਾ। ਉਸ ਨੇ ਉਹ ਢੰਗ ਖੋਜਣੇ ਸ਼ੁਰੂ ਕੀਤੇ, ਜਿਹਨਾਂ ਰਾਹੀਂ ਇਹਨਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਵਰਤੋਂਕਾਰਾਂ ਦੇ ਵਿਚਾਰਾਂ, ਭਾਵਨਾਵਾਂ ਅਤੇ ਰੁਚੀਆਂ ਦਾ ਪਤਾ ਲਾਇਆ ਜਾ ਸਕੇ। ਉਸ ਨੇ ਇਹਨਾਂ ਅੰਕੜਿਆਂ ਨੂੰ ਮਨੁੱਖੀ ਵਿਵਹਾਰ ਦੇ ਮੋਟੇ-ਠੁੱਲੇ ਸੈਂਸਰਾਂ ਵਜੋਂ ਦੇਖਦਿਆਂ ਲੈਰੀ ਪੇਜ ਦੇ, ਸਰਚ ਨੂੰ ਵਿਆਪਕ ਮਸਨੂਈ ਬੁੱਧੀ ਵਜੋਂ ਵਿਕਸਤ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਹਨਾਂ ਦੀ ਵਰਤੋਂ ਕਰਨ ਬਾਰੇ ਸੋਚਿਆ। ਗੂਗਲ ਦੇ ਇੰਜੀਨੀਅਰਾਂ ਨੇ ਛੇਤੀ ਹੀ ਇਹ ਸਮਝ ਲਿਆ ਕਿ ਕਿਵੇਂ ਇਸ ਮਨੁੱਖੀ ਵਿਵਹਾਰ ਨਾਲ ਸੰਬੰਧਤ ਡੇਟਾ ਨੂੰ ਵਰਤ ਕੇ ਸਰਚ ਇੰਜਣ ਦੀ ਸਵੈ- ਸਿੱਖਣ ਦੀ ਸ਼ਕਤੀ ਨੂੰ ਹੋਰ ਵਿਕਸਤ ਕੀਤਾ ਜਾ ਸਕਦਾ ਸੀ। ਇਸ ਮੁਢਲੇ ਪੜਾਅ ਉੱਤੇ ਵਿਵਹਾਰ ਨਾਲ ਸੰਬੰਧਤ ਅੰਕੜਿਆਂ ਨੂੰ ਵਰਤੋਂਕਾਰਾਂ ਦੇ ਅਨੁਭਵਾਂ ਨੂੰ ਹੀ ਹੋਰ ਵਧੇਰੇ ਬਿਹਤਰ ਬਣਾਉਣ ਲਈ ਵਰਤਿਆ ਜਾਂਦਾ ਸੀ। ਵਰਤੋਂਕਾਰ ਬਿਨਾਂ ਕੋਈ ਕੀਮਤ ਵਸੂਲ ਕੀਤਿਆਂ ਆਪਣੇ ਅੰਕੜੇ ਮੁਹੱਈਆ ਕਰਵਾ ਰਹੇ ਸਨ ਅਤੇ ਗੂਗਲ ਉਹਨਾਂ ਦੀ ਵਰਤੋਂ ਸਰਚ ਦੀ ਗਤੀ ਵਧਾਉਣ, ਨਤੀਜਿਆਂ ਨੂੰ ਸਟੀਕ ਅਤੇ ਪ੍ਰਸੰਗਕ ਬਣਾਉਣ ਤੋਂ ਲੈ ਕੇ ਭਾਸ਼ਾਵਾਂ ਦਾ ਅਨੁਵਾਦ ਕਰਨ ਵਾਲੇ ਟੂਲਜ਼ ਆਦਿ ਵਿਕਸਤ ਕਰਨ ਲਈ ਕਰ ਰਿਹਾ ਸੀ। ਇਸ ਤਰ੍ਹਾਂ ਨਾਲ ਵਿਵਹਾਰ ਨਾਲ ਸੰਬੰਧਤ ਅੰਕੜੇ ਇੱਕ ਵਾਰ ਫਿਰ ਵਰਤੋਂਕਾਰਾਂ ਨਾਲ ਜੁੜੇ ਚੱਕਰ ਵਿੱਚ ਹੀ ਨਿਵੇਸ਼ ਕੀਤੇ ਜਾ ਰਹੇ ਸਨ। ਇਹ ਚੱਕਰ ਇੱਕ ਤਰ੍ਹਾਂ ਨਾਲ ਗੂਗਲ ਦੇ ਐਲਾਨੇ ਗਏ "ਸੰਸਾਰ ਦੀ ਸੂਚਨਾ ਨੂੰ ਜਥੇਬੰਦ ਕਰਨ ਅਤੇ ਇਸ ਨੂੰ ਸਰਵਵਿਆਪਕ ਪਹੁੰਚ ਵਿੱਚ ਲਿਆਉਣ ਤੇ ਲਾਹੇਵੰਦ ਬਣਾਉਣ" ਦੇ ਐਲਾਨੀਆ ਮਿਸ਼ਨ ਨੂੰ ਸੱਚ ਕਰ ਰਹੇ ਸਨ।

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਕੰਪਿਊਟਰ ਦੀਆਂ ਸਾਰੀਆਂ ਸਮੱਰਥਾਵਾਂ ਦੇ ਬਾਵਜੂਦ ਅਜੇ ਗੂਗਲ ਜਿਹੀ ਕੰਪਨੀ ਨਿਵੇਸ਼ਕਾਂ ਦੇ ਪੈਸਿਆਂ ਨੂੰ ਮੁਨਾਫ਼ੇ ਖੱਟ ਕੇ ਨਹੀਂ ਸੀ ਦੇ ਰਹੀ। ਇਹਨਾਂ ਅਰਥਾਂ ਵਿੱਚ ਅਜੇ ਉਹ ਸਰਮਾਏਦਾਰੀ ਨਹੀਂ ਸੀ। ਅਜੇ ਉਸ ਕੋਲ ਅਜਿਹੀ ਕੋਈ 'ਜਿਣਸ' ਜਾਂ 'ਉਤਪਾਦ' ਨਹੀਂ ਸੀ, ਜਿਸ ਵਿੱਚੋਂ ਉਹ ਮੁਨਾਫਾ ਖੱਟ ਸਕੇ। 1998 ਵਿੱਚ ਸਰਜੀ ਤੇ ਲੈਰੀ ਨੇ ਆਪ ਆਪਣੇ ਪੇਪਰ ਵਿੱਚ ਖਦਸ਼ਾ ਜ਼ਾਹਿਰ ਕੀਤਾ ਸੀ ਕਿ 'ਇਸ਼ਤਿਹਾਰਬਾਜ਼ੀ ਦੇ ਪੈਸੇ 'ਤੇ ਚੱਲਣ ਵਾਲੇ ਕਿਸੇ ਵੀ ਸਰਚ ਇੰਜਣ ਦੇ ਖਪਤਕਾਰਾਂ ਦੀਆਂ ਜ਼ਰੂਰਤਾਂ ਤੋਂ ਦੂਰ ਇਸ਼ਤਿਹਾਰਬਾਜ਼ਾਂ ਦੇ ਹੱਕ ਵਿੱਚ ਝੁਕ ਜਾਣ ਦੀ ਹੀ ਆਸ ਕੀਤੀ ਜਾਂਦੀ ਹੈ। ਅਜੇ ਗੂਗਲ ਦੀ ਆਮਦਨ ਮਾਈਕਰੋਸੌਫਟ ਜਿਹੀਆਂ ਕੰਪਨੀਆਂ ਨੂੰ ਆਪਣੀਆਂ ਸੇਵਾਵਾਂ ਦੇਣ ਤੋਂ ਹੀ ਹੁੰਦੀ ਸੀ। ਇਸ ਤੋਂ ਇਲਾਵਾ ਖੋਜੇ ਜਾ ਰਹੇ ਸ਼ਬਦਾਂ ਨਾਲ ਸੰਬੰਧਤ ਕੁਝ ਇਸ਼ਤਿਹਾਰ ਉਸ ਦੀ ਆਮਦਨ ਦਾ ਸਾਧਨ ਬਣਦੇ ਸਨ। ਉਸ ਸਮੇਂ ਇਹੀ ਖਦਸ਼ੇ ਸਨ ਕਿ ਕੀ ਗੂਗਲ ਆਪਣੀ ਸ਼ਾਨਦਾਰ ਤਕਨੀਕ ਦੇ ਬਾਵਜੂਦ ਵੱਡੀ ਆਮਦਨ ਦੇ ਸਰੋਤ ਲੱਭ ਸਕਦਾ ਸੀ? ਕਰੀਬ ਅਪ੍ਰੈਲ 2000 ਵਿੱਚ ਪੂਰੀ ਦੀ ਪੂਰੀ ਡਾਟ ਕਾਮ ਇੰਡਸਟਰੀ ਹੀ ਸੰਕਟ ਵਿੱਚ ਦਿਸ ਰਹੀ ਸੀ, ਜਦੋਂ ਇੱਕ-ਇੱਕ ਕਰ ਨਵੇਂ 'ਸਟਾਰਟ ਅੱਪ' ਡਿੱਗ ਰਹੇ ਸਨ। ਕਿਹਾ ਜਾ ਰਿਹਾ ਸੀ ਕਿ 'ਡਾਟ ਕਾਮ ਬੱਬਲ' ਫਟ ਰਿਹਾ ਹੈ। ਗੂਗਲ ਉੱਤੇ ਵੀ ਕਿਸੇ




ਵੱਡੀ ਕੰਪਨੀ ਦੇ ਹੱਥ ਵਿਕ ਜਾਣ ਦਾ ਖਤਰਾ ਮੰਡਰਾ ਰਿਹਾ ਸੀ। ਅਜਿਹੇ ਵਿੱਚ ਕੰਪਨੀ ਨੇ ਆਪਣੀ ਪਹਿਲੀ ਪੁਜ਼ੀਸ਼ਨ ਛੱਡ ਕੇ ਇਸ਼ਤਿਹਾਰਬਾਜ਼ੀ ਤੋਂ ਆਮਦਨ ਵਧਾਉਣ ਦੇ ਯਤਨ ਸ਼ੁਰੂ ਕੀਤੇ। ਜੇਕਰ ਕੰਪਨੀ ਸਰਮਾਏਦਾਰੀ ਦੇ ਨਿਜ਼ਾਮ ਵਿੱਚ ਕੰਮ ਕਰ ਰਹੀ ਸੀ ਤਾਂ ਸਰਮਾਏਦਾਰੀ ਦੇ ਤਰਕਾਂ ਵੱਲੋਂ ਉਸ ਨੂੰ ਆਪਣੇ-ਆਪ ਵਿੱਚ ਸਮੋ ਲੈਣਾ ਬੇਹੱਦ ਕੁਦਰਤੀ ਗੱਲ ਸੀ। ਕੰਪਨੀ ਨੇ ਇਸ਼ਤਿਹਾਰਬਾਜ਼ਾਂ ਦਾ ਕੰਮ ਹੋਰ ਅਸਾਨ ਕਰਨ ਦਾ ਫੈਸਲਾ ਕੀਤਾ। ਪਹਿਲਾਂ ਇਸ਼ਤਿਹਾਰਬਾਜ਼ ਉਹਨਾਂ ਕੁੰਜੀਵਤ ਸ਼ਬਦਾਂ ਦੀ ਚੋਣ ਆਪ ਕਰਦੇ ਸਨ, ਜਿਹਨਾਂ ਨਾਲ ਉਹਨਾਂ ਦੇ ਇਸ਼ਤਿਹਾਰ ਨੂੰ ਦਿਖਾਇਆ ਜਾਣਾ ਹੁੰਦਾ ਸੀ, ਹੁਣ ਗੂਗਲ ਨੇ ਉਹ ਸ਼ਬਦ ਆਪ ਚੁਣਨ ਦਾ ਫੈਸਲਾ ਕੀਤਾ। ਸ਼ਬਦ ਨਹੀਂ, ਸਗੋਂ ਉਹਨਾਂ ਵਰਤੋਂਕਾਰਾਂ ਨੂੰ ਚੁਣਨ ਅਤੇ ਟਾਰਗਟ ਕਰਨ ਦਾ ਫੈਸਲਾ ਕੀਤਾ, ਜੋ ਸਭ ਤੋਂ ਵੱਧ ਸੰਭਾਵਤ ਖਰੀਦਦਾਰ ਹੋ ਸਕਦੇ ਸਨ। ਵਿਅਕਤੀਆਂ ਦੀ ਚੋਣ ਉਹਨਾਂ ਦੇ ਹਾਸਲ ਵਿਵਹਾਰ ਸੰਬੰਧੀ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਕੀਤੀ ਜਾਣੀ ਸੀ। ਇਸ ਤਰ੍ਹਾਂ ਅੰਕੜਿਆਂ ਦਾ ਉਹ ਕੱਚਾ ਮਾਲ ਜੋ ਹੁਣ ਤੱਕ ਵਰਤੋਂਕਾਰਾਂ ਲਈ ਸੇਵਾਵਾਂ ਦੀ ਬਿਹਤਰੀ ਲਈ ਹੀ ਵਰਤਿਆ ਜਾਂਦਾ ਸੀ, ਹੁਣ ਇਸ ਦਾ ਇੱਕ ਹਿੱਸਾ ਇਸ਼ਤਿਹਾਰਬਾਜ਼ੀ ਲਈ ਵਿਅਕਤੀਆਂ ਨੂੰ ਟਾਰਗਟ ਕਰਨ ਲਈ ਵੀ ਵਰਤਿਆ ਜਾਣਾ ਸੀ। ਸ਼ੋਸ਼ਾਨਾ ਜ਼ੂਬੌਫ ਆਪਣੀ ਕਿਤਾਬ (the age of surveillance capitalism) ਵਿੱਚ ਲਿਖਦੀ ਹੈ ਕਿ ਕਲਾਸਿਕ ਵਾਧੂ ਕਦਰ ਦੇ ਸਿਧਾਂਤ ਅਨੁਸਾਰ ਹੀ ਇਹ ਵਾਧੂ ਵਿਵਹਾਰਕ (Behavioural Surplus) ਡੇਟਾ ਸੀ, ਜੋ ਇਸ ਕੰਮ ਲਈ ਵਰਤਿਆ ਜਾਣਾ ਸੀ। ਇਸ ਵਾਧੂ ਵਿਵਹਾਰਕ ਡੇਟਾ ਨੂੰ ਪੈਦਾ ਕਰਨ ਵਾਲੇ ਗੂਗਲ ਦੇ ਵਰਤੋਂਕਾਰ ਸਨ, ਕੰਪਨੀ ਨਹੀਂ। ਕੰਪਨੀ ਸਰਮਾਏਦਾਰੀ ਪ੍ਰਕਿਰਿਆ ਅਨੁਸਾਰ ਇਸ ਵਰਤੋਂਕਾਰਾਂ ਵੱਲੋਂ ਪੈਦਾ ਕੀਤੇ ਵਾਧੂ ਵਿਵਹਾਰਕ ਡੇਟਾ ਦੇ ਕੱਚੇ ਮਾਲ ਨੂੰ ਵਰਤ ਕੇ ਕੰਪਨੀ ਚਲਦੇ ਰੱਖਣ ਲਈ ਲੋੜੀਂਦੇ ਮੁਨਾਫ਼ੇ ਕਮਾਉਣ ਦੇ ਰਾਹ ਖੋਜ ਰਹੀ ਸੀ। ਫਿਰ ਅਪ੍ਰੈਲ 2002 ਵਿੱਚ "ਕੈਰਲ ਬਰੈਡੀ ਪਲ" ਆਇਆ, ਜਿਸ ਨੇ ਨਿਗਰਾਨ ਸਰਮਾਏਦਾਰੀ ਦੀਆਂ ਜੜ੍ਹਾਂ ਪੱਕੀਆਂ ਕਰ ਦਿੱਤੀਆਂ। ਇੱਕ ਦਿਨ ਗੂਗਲ ਦੀ ਡੇਟਾ ਲੌਗਜ਼ ਟੀਮ ਨੇ ਨੋਟ ਕੀਤਾ ਕਿ ਵਰਤੋਂਕਾਰਾਂ ਵੱਲੋਂ 'ਕੈਰਲ ਬਰੈਡੀਜ਼ ਮੇਡਨ ਨੇਮ' (Carol Brady's maiden name) ਦੀ ਖੋਜ ਸਭ ਤੋਂ ਪਹਿਲੇ ਨੰਬਰ ਉੱਤੇ ਸੀ। ਅਚਾਨਕ ਏਨੇ ਲੋਕਾਂ ਦੀ 1970ਵਿਆਂ ਦੇ ਇੱਕ ਟੀ ਵੀ ਪਾਤਰ ਵਿੱਚ ਰੁਚੀ ਕਿਉਂ ਜਾਗੀ ਸੀ? ਅਮਿਤ ਪਟੇਲ ਨੇ ਬਾਅਦ ਵਿੱਚ 'ਨਿਊਯਾਰਕ ਟਾਈਮਜ਼' ਨਾਲ ਗੱਲਬਾਤ ਕਰਦਿਆਂ ਕਿਹਾ ਕਿ "ਤੁਸੀਂ ਇਹ ਜਾਣੇ ਬਿਨਾਂ ਕਿ ਸੰਸਾਰ ਵਿੱਚ ਕੀ ਵਾਪਰ ਰਿਹਾ ਹੈ, ਇਸ ਦੀ ਵਿਆਖਿਆ ਨਹੀਂ ਸੀ ਕਰ ਸਕਦੇ।" ਅਮਿਤ ਪਟੇਲ ਤੇ ਉਸ ਦੀ ਟੀਮ ਇਸ ਰਹੱਸ ਨੂੰ ਖੋਜਣ ਤੁਰੀ। ਪਹਿਲਾਂ ਉਹਨਾਂ ਇਹ ਲੱਭਿਆ ਕਿ ਇਹ 'ਸਰਚ' ਪੰਜ ਵਾਰ ਸਿਖਰ 'ਤੇ ਪਹੁੰਚੀ ਸੀ। ਹਰ ਵਾਰ ਇਹ ਨਵੇਂ ਘੰਟੇ ਦੇ ਚਾਲੀ ਮਿੰਟਾਂ ਬਾਅਦ ਪਹੁੰਚੀ ਸੀ। ਫਿਰ ਉਹਨਾਂ ਨੂੰ ਪਤਾ ਲੱਗਾ ਕਿ ਇਹ ਮਸ਼ਹੂਰ ਟੀ ਵੀ ਸ਼ੋਅ (Who Wants to be a millionaire) ਦੇ ਪ੍ਰਸਾਰਨ ਸਮੇਂ ਪਹੁੰਚੀ ਸੀ। ਦਰਅਸਲ ਪੰਜ ਸਿਖਰਾਂ ਵੱਖਰੇ-ਵੱਖਰੇ ਟਾਈਮ ਜ਼ੋਨਾਂ ਵਿੱਚ ਇਸ ਪ੍ਰੋਗਰਾਮ ਦੇ ਪ੍ਰਸਾਰਨ ਸਮੇਂ ਛੋਹੀਆਂ ਗਈਆਂ ਸਨ। ਹਰੇਕ ਟਾਈਮ ਜ਼ੋਨ ਵਿੱਚ ਜਿਉਂ ਹੀ ਸ਼ੋਅ ਦੇ ਹੋਸਟ ਵੱਲੋਂ ਕੈਰਲ ਬਰੈਡੀ ਦੇ 'ਮੇਡਨ' ਨਾਂਅ ਬਾਰੇ ਸਵਾਲ ਪੁੱਛਿਆ ਗਿਆ, ਗੂਗਲ ਦਾ ਸਰਵਰ ਇਸ ਖੋਜ ਨਾਲ ਭਰ ਗਿਆ। ਅਚਾਨਕ ਕੰਪਨੀ ਨੂੰ ਸਮਝ ਲੱਗ ਗਈ ਕਿ ਕਿਵੇਂ ਖੋਜ ਦੇ ਅੰਕੜਿਆਂ ਨਾਲ ਲੋਕਾਂ ਦੇ ਸੰਭਾਵਤ ਵਿਹਾਰ ਬਾਰੇ ਪੇਸ਼ੀਨਗੋਈ ਕੀਤੀ ਜਾ ਸਕਦੀ ਸੀ। ਇਸ ਪੇਸਸ਼ਨਗੋਈ ਦੇ ਅਧਾਰ ਉੱਤੇ ਉਹਨਾਂ ਨੂੰ ਵੰਨ-ਸੁਵੰਨੀਆਂ ਵਸਤਾਂ ਤੇ ਉਤਪਾਦ ਖਰੀਦਣ ਲਈ ਲੁਭਾਇਆ ਜਾ ਸਕਦਾ ਸੀ। ਕੰਪਨੀ ਹੱਥ ਕਾਰੂੰ ਦਾ ਖਜ਼ਾਨਾ ਲੱਗ ਗਿਆ ਸੀ। ਹੁਣ ਕੰਪਨੀ ਲੋਕਾਂ ਦੇ ਵੱਧ ਤੋਂ ਵੱਧ ਅੰਕੜੇ ਇਕੱਤਰ ਕਰਨ ਦੇ ਰਾਹ ਪੈ ਗਈ। ਵੱਧ ਤੋਂ ਵੱਧ ਅੰਕੜਿਆਂ ਦਾ ਮਤਲਬ ਸੀ ਵੱਧ ਤੋਂ ਵੱਧ ਸਟੀਕ ਪੇਸ਼ੀਨਗੋਈ। ਵੱਧ ਤੋਂ ਵੱਧ ਅੰਕੜਿਆਂ ਦਾ ਮਤਲਬ ਸੀ ਲੋਕਾਂ ਦੀ ਵੱਧ ਤੋਂ ਵੱਧ ਨਿਗਰਾਨੀ। ਲੋਕਾਂ ਦੇ ਪਲ-ਪਲ ਦੇ ਵਿਹਾਰ ਉੱਤੇ ਨਜ਼ਰ। ਕੰਪਨੀ ਨੇ ਇਸ ਸਮੇਂ ਇਸੇ ਦਿਸ਼ਾ ਵਿੱਚ ਆਪਣੀਆਂ ਕਈ ਨਵੀਆਂ ਕਾਢਾਂ ਕੱਢੀਆਂ। ਜਿਵੇਂ 2003 ਵਿੱਚ ਕੰਪਨੀ ਦੇ ਤਿੰਨ ਸਿਖਰ ਦੇ ਕੰਪਿਊਟਰ ਸਾਇੰਟਿਸਟਾਂ ਨੇ ਇੱਕ ਪੇਟੈਂਟ ਰਜਿਸਟਰ ਕਰਵਾਇਆ, ਜਿਸ ਦਾ ਸਿਰਲੇਖ ਸੀ, (Generating User Information for use in Targeted Advertising) (ਟਾਰਗਟ ਬਣਾ ਕੇ ਕੀਤੀ ਜਾਣ ਵਾਲੀ ਇਸ਼ਤਿਹਾਰਬਾਜ਼ੀ ਲਈ ਵਰਤੋਂਕਾਰ ਸੰਬੰਧੀ ਸੂਚਨਾ ਪੈਦਾ ਕਰਨਾ)। ਇਹ ਸੂਚਨਾ ਵਰਤੋਂਕਾਰ ਵੱਲੋਂ ਆਪ ਮੁਹੱਈਆ ਕਰਵਾਈ ਜਾ ਸਕਦੀ ਸੀ, ਕੋਈ ਤੀਜੀ ਧਿਰ ਵੀ ਇਹ ਸਾਂਝੀ ਕਰ ਸਕਦੀ ਸੀ ਜਾਂ ਖੁਦ ਕੰਪਨੀ ਵਰਤੋਂਕਾਰ ਦੇ ਆਨ-ਲਾਈਨ ਵਿਵਹਾਰ ਦੇ ਵਿਸ਼ਲੇਸ਼ਣ ਰਾਹੀਂ ਇਹ ਪ੍ਰਾਪਤ ਕਰ ਸਕਦੀ ਸੀ। ਵਰਤੋਂਕਾਰ ਸੰਬੰਧੀ ਸੂਚਨਾਵਾਂ ਦੇ ਅੰਕੜਿਆਂ ਨੇ ਹੀ ਇਸ਼ਤਿਹਾਰਬਾਜ਼ੀ ਨੂੰ ਸਟੀਕ ਬਣਾ ਦਿੱਤਾ। ਪ੍ਰਾਪਤ ਕੀਤੇ ਅੰਕੜਿਆਂ ਦੇ ਅਧਾਰ ਉੱਤੇ ਗੂਗਲ ਨੇ ਵਰਤੋਂਕਾਰਾਂ/ਗ੍ਰਾਹਕਾਂ ਦੇ ਵਿਵਹਾਰਾਂ ਦਾ ਸਟੀਕ ਅੰਦਾਜ਼ਾ ਲਾ ਕੇ ਗਣਿਤ ਜਿਹੀ ਨਿਸ਼ਚਿਤਤਾ ਨਾਲ ਉਹਨਾਂ ਦਾ ਸ਼ਿਕਾਰ ਕਰਨਾ ਸੰਭਵ ਕਰ ਲਿਆ। ਨਤੀਜਾ ਗੂਗਲ ਦੀ ਆਮਦਨ ਵਿੱਚ ਹੈਰਾਨੀਜਨਕ ਵਾਧੇ ਵਜੋਂ ਨਿਕਲਿਆ। 2000 ਤੋਂ 2001 ਵਿੱਚ ਹੀ ਕੰਪਨੀ ਦਾ ਨੈੱਟ ਰੈਵੇਨਿਊ 86 ਮਿਲੀਅਨ ਡਾਲਰ ਹੋ ਕੇ 400 ਪ੍ਰਤੀਸ਼ਤ ਵਧ ਗਿਆ ਤੇ ਕੰਪਨੀ ਨੇ ਪਹਿਲੀ ਵਾਰ ਮੁਨਾਫ਼ਾ ਕਮਾਇਆ। ਇਸ ਪਿੱਛੋਂ ਗੂਗਲ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਸਪੱਸ਼ਟ ਹੈ ਕਿ ਗੂਗਲ ਦੇ ਤੀਰ ਨਿਸ਼ਾਨੇ ਉੱਤੇ ਲੱਗ ਰਹੇ ਸਨ। ਕੰਪਨੀ ਦਾ ਰੈਵੇਨਿਊ 2002 ਵਿੱਚ 347 ਮਿਲੀਅਨ ਡਾਲਰ ਤੇ ਫਿਰ ਪਬਲਿਕ ਇਸ਼ੂ ਜਾਰੀ ਕਰਨ ਦੇ ਸਾਲ 2004 ਵਿੱਚ 3.2 ਬਿਲੀਅਨ ਡਾਲਰ ਤੱਕ ਪੁੱਜ ਗਿਆ। ਵਿਵਹਾਰਕ ਵਾਧੇ ਦੀ ਕਾਢ ਨੇ ਚਾਰ ਸਾਲਾਂ ਵਿੱਚ ਹੀ ਕੰਪਨੀ ਦੇ ਅੱਸਾਸੇ ਨੂੰ ਹੈਰਾਨੀਜਨਕ ਰੂਪ ਵਿੱਚ 3590 ਪ੍ਰਤੀਸ਼ਤ ਵਧਾ ਦਿੱਤਾ।




ਗੂਗਲ ਨੇ ਇਸ਼ਤਿਹਾਰਬਾਜ਼ੀ ਦੇ ਮੁੱਲ ਵੀ ਨਵੇਂ ਤਰੀਕਿਆਂ ਨਾਲ ਤੈਅ ਕਰਨੇ ਸ਼ੁਰੂ ਕਰ ਦਿੱਤੇ। ਇਹਨਾਂ ਵਿੱਚੋਂ ਇੱਕ ਹੈ : ਕਲਿੱਕ ਥਰੂ ਰੇਟ। ਇਸ ਵਿੱਚ ਇਸ਼ਤਿਹਾਰਬਾਜ਼ ਤੋਂ ਇਸ ਹਿਸਾਬ ਨਾਲ ਪੈਸੇ ਵਸੂਲੇ ਜਾਂਦੇ ਹਨ ਕਿ ਵਰਤੋਂਕਾਰ ਕਿੰਨੀ ਵਾਰ ਇਸ਼ਤਿਹਾਰ ਉੱਤੇ ਕਲਿੱਕ ਕਰਕੇ ਇਸ਼ਤਿਹਾਰਬਾਜ਼ ਦੀ ਵੈੱਬ ਸਾਈਟ ਵਿੱਚ ਦਾਖਲ ਹੋਇਆ ਹੈ। ਗੂਗਲ ਦਰਅਸਲ ਕਿੰਨੇ ਨਵੇਂ ਵਰਤਾਰਿਆਂ ਦਾ ਜੋੜ ਬਣ ਗਿਆ : ਵਾਧੂ ਵਿਵਹਾਰਕ ਅੰਕੜੇ, ਅੰਕੜਾ ਵਿਗਿਆਨ, ਕੰਪਿਊਟਰ ਸ਼ਕਤੀ, ਐਲਗੋਰਿਦਮਿਕ ਸਿਸਟਮ, ਸਵੈਚਾਲਤ ਪਲੈਟਫਾਰਮ। ਗੂਗਲ ਨੇ ਆਪਣੀ ਨਵੀਂ ਹੈਰਾਨੀਜਨਕ ਆਮਦਨ ਨੂੰ ਦੁਨੀਆ ਦੇ ਸਭ ਤੋਂ ਵਧੀਆ ਤਕਨੀਸ਼ੀਅਨਾਂ ਨੂੰ ਆਪਣੇ ਨਾਲ ਜੋੜਨ ਲਈ ਵਰਤਿਆ। ਮਸਨੂਈ ਬੁੱਧੀ, ਅੰਕੜਾ ਵਿਗਿਆਨ, ਮਸ਼ੀਨ ਸਿੱਖਿਆ ਸਭ ਮਨੁੱਖ ਦੇ ਵਿਵਹਾਰ ਨਾਲ ਸੰਬੰਧਤ ਪੇਸ਼ੀਨਗੋਈਆਂ ਕਰਨ ਰੁੱਝ ਗਏ। ਨਵੀਂ ਕਿਸਮ ਦੇ ਇਹ ਵਿਗਿਆਨਕ ਜੋਤਸ਼ੀ ਲੋਕਾਂ ਦੇ ਅੰਕੜਿਆਂ ਤੋਂ ਉਹਨਾਂ ਦਾ ਭਵਿੱਖ ਬੁੱਝਣ ਲੱਗੇ। ਇਸ ਤਰ੍ਹਾਂ ਗੂਗਲ ਦੇ ਰੂਪ ਵਿੱਚ ਸਰਮਾਏਦਾਰੀ ਦੇ ਇੱਕ ਨਵੇਂ ਰੂਪ ਨੇ ਅਵਤਾਰ ਧਾਰਿਆ, ਜਿਸ ਬਾਰੇ ਲੋਕਾਂ ਨੂੰ ਹੁਣੇ-ਹੁਣੇ ਸਮਝ ਲੱਗਣ ਲੱਗੀ ਹੈ। ਸੋ ਸਰਮਾਏਦਾਰੀ ਦਾ ਇਹ ਨਵਾਂ ਨਿਗਰਾਨ ਰੂਪ ਇੱਕ ਖਾਸ ਸਮੇਂ ਅਤੇ ਸਪੇਸ ਵਿੱਚ ਮਨੁੱਖਾਂ ਦੇ ਇੱਕ ਖਾਸ ਸਮੂਹ ਨੇ ਪੈਦਾ ਕੀਤਾ ਹੈ। ਇਹ ਡਿਜੀਟਲ ਤਕਨਾਲੋਜੀ ਦਾ ਕੋਈ ਨਾ ਟਾਲਿਆ ਜਾ ਸਕਣ ਵਾਲਾ ਨਤੀਜਾ ਨਹੀਂ ਅਤੇ ਨਾ ਇਹ ਸੂਚਨਾ ਸਰਮਾਏਦਾਰੀ ਦਾ ਲਾਜ਼ਮੀ ਪ੍ਰਗਟਾਵਾ ਹੈ। ਇਹ ਇਤਿਹਾਸ ਦੇ ਇੱਕ ਮੋੜ ਉੱਤੇ ਜਾਣ-ਬੁੱਝ ਕੇ ਘੜਿਆ ਗਿਆ ਹੈ, ਐਨ ਉਸੇ ਤਰ੍ਹਾਂ, ਜਿਵੇਂ ਪਿਛਲੀ ਸਦੀ ਦੇ ਸ਼ੁਰੂ ਵਿੱਚ ਫੋਰਡਵਾਦ ਘੜਿਆ ਗਿਆ ਸੀ। ਡੇਟਾ ਚੋਰੀ ਅਤੇ ਚਤੁਰਾਈ ਗੂਗਲ ਦੇ ਮੁਨਾਫ਼ੇ ਲਈ ਅਪਣਾਏ ਦਾਅ-ਪੇਚਾਂ ਨੇ ਵਿਅਕਤੀ ਦੀ ਉਸ ਨਿੱਜਤਾ ਦੇ ਅਧਿਕਾਰ ਉੱਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ, ਜਿਸ ਨੂੰ ਭਾਰਤੀ ਸੁਪਰੀਮ ਕੋਰਟ ਨੇ ਵੀ ਆਪਣੇ ਇੱਕ ਫੈਸਲੇ ਰਾਹੀਂ ਨਾਗਰਿਕਾਂ ਦਾ ਮੌਲਿਕ ਅਧਿਕਾਰ ਮੰਨਿਆ ਹੈ। ਅਮਰੀਕਾ ਦੀ ਸੁਪਰੀਮ ਕੋਰਟ ਦੇ ਇੱਕ ਜੱਜ ਨੇ 1967 ਵਿੱਚ ਨਿੱਜਤਾ ਨੂੰ ਪ੍ਰੀਭਾਸ਼ਤ ਕਰਦਿਆਂ ਕਿਹਾ ਸੀ ਕਿ ਨਿੱਜਤਾ ਵਿੱਚ ਮਨੁੱਖ ਜੋ ਸੋਚਦਾ ਹੈ, ਜੋ ਵਿਸ਼ਵਾਸ ਕਰਦਾ ਹੈ ਜਾਂ ਜੋ ਉਸ ਕੋਲ ਹੈ, ਉਸ ਨੂੰ ਲੁਕਾਉਣ ਜਾਂ ਜ਼ਾਹਰ ਕਰਨ ਦੀ ਮਰਜ਼ੀ ਸ਼ਾਮਲ ਹੁੰਦੀ ਹੈ, ਪ੍ਰੰਤੂ ਨਿਗਰਾਨ ਸਰਮਾਏਦਾਰੀ ਨੇ ਮਨੁੱਖ ਦੇ ਇਸ ਹੱਕ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਇਸੇ ਲਈ ਗੂਗਲ ਜਿਹੀਆਂ ਕਾਰਪੋਰੇਸ਼ਨਾਂ ਆਪਣੀਆਂ ਸਾਰੀਆਂ ਕਿਰਿਆਵਾਂ ਅਤੇ ਤੌਰ-ਤਰੀਕਿਆਂ ਉੱਤੇ ਰਹੱਸ ਦਾ ਪਰਦਾ ਤਾਣੀ ਰੱਖਦੀਆਂ ਹਨ। ਚੀਜ਼ਾਂ ਨੂੰ ਲੁਕਾ ਕੇ ਰੱਖਣਾ ਜ਼ਰੂਰੀ ਸੱਭਿਆਚਾਰ ਹੀ ਬਣ ਜਾਂਦਾ ਹੈ। ਨਸ਼ਰ ਹੋਣ ਉੱਤੇ ਨਾ ਸਿਰਫ਼ ਸਕੈਂਡਲ ਬਣਨ ਦਾ ਖ਼ਤਰਾ ਹੁੰਦਾ ਹੈ, ਨਾਲ ਹੀ ਮੁਕਾਬਲੇਬਾਜ਼ ਕੰਪਨੀਆਂ ਵੱਲੋਂ ਇਹਨਾਂ ਕਿਰਿਆਵਾਂ ਅਤੇ ਤੌਰ-ਤਰੀਕਿਆਂ ਦੀ ਨਕਲ ਕਰ ਲੈਣ ਦਾ ਵੀ ਖ਼ਦਸ਼ਾ ਹੁੰਦਾ ਹੈ। ਇਹਨਾਂ ਗੁਪਤ ਤੌਰ-ਤਰੀਕਿਆਂ ਦੇ ਓਹਲੇ ਹੀ ਗੂਗਲ ਨੇ ਦਰਅਸਲ ਵਰਤੋਂਕਾਰਾਂ ਦੇ ਨਿੱਜਤਾ ਦੇ ਹੱਕ ਨੂੰ ਹਥਿਆ ਲਿਆ ਹੈ। ਉਹ ਇਹ ਦਾਅਵਾ ਕਰਦਾ ਹੈ ਕਿ ਉਸ ਨੂੰ ਪ੍ਰਾਪਤ ਅੰਕੜਿਆਂ ਦੀ, ਵਰਤੋਂਕਾਰਾਂ ਦੀ ਸਹਿਮਤੀ ਤੋਂ ਬਿਨਾਂ ਵੀ ਵਰਤੋਂ ਕਰਨ ਦਾ ਪੂਰਾ ਹੱਕ ਹੈ। ਜਾਰਜ ਔਰਵਲ ਨੇ ਇੱਕ ਵਾਰ ਲਿਖਿਆ ਸੀ ਕਿ ਸਿਆਸਤ, ਜੰਗ ਅਤੇ ਕਾਰੋਬਾਰ ਵਿੱਚ ਸ਼ਬਦਾਂ ਦੀ ਵਰਤੋਂ ਇਸ ਤਰ੍ਹਾਂ ਹੁੰਦੀ ਹੈ ਕਿ "ਝੂਠ ਸੱਚ ਜਾਪਣ ਲਗਦੇ ਹਨ ਅਤੇ ਕਤਲ ਸਤਿਕਾਰਯੋਗ ਹੋ ਜਾਂਦੇ ਹਨ।" ਇਸੇ ਤਰ੍ਹਾਂ ਗੂਗਲ ਨੇ ਵੀ ਇਹਨਾਂ ਅੰਕੜਿਆਂ ਲਈ ਤਕਨੀਕੀ ਸ਼ਬਦਾਵਲੀ ਘੜੀ ਹੈ। ਦੋ ਟਰਮਾਂ ਪ੍ਰਚੱਲਤ ਕੀਤੀਆਂ ਗਈਆਂ ਹਨ: ਦਗਿਟਿਅਲ Digital exhaust (ਡਿਜੀਟਲ ਧੂੰਆਂ) ਅਤੇ Digital breadcrums (ਡਿਜੀਟਲ ਰਹਿੰਦ-ਖੂੰਹਦ)। ਇਹ ਸ਼ਬਦ ਵਰਤ ਕੇ ਪਹਿਲਾਂ ਵਰਤੋਂਕਾਰਾਂ ਦੇ ਨਿੱਜੀ ਅੰਕੜਿਆਂ ਨੂੰ ਵਾਧੂ ਖਾਧੂ ਤੇ ਬੇਕਾਰ ਸਿੱਧ ਕੀਤਾ ਜਾਂਦਾ ਹੈ, ਜਿਹਨਾਂ ਦਾ ਆਪਣੇ ਆਪ ਵਿੱਚ ਕੋਈ ਮਹੱਤਵ ਨਹੀਂ ਸੀ। ਫਿਰ ਇਹਨਾਂ 'ਕੂੜਾ-ਕਰਕਟ' ਹੋ ਜਾਣ ਵਾਲੇ ਅੰਕੜਿਆਂ ਦੀ ਵਰਤੋਂ ਉੱਤੇ ਆਪਣੇ ਅਧਿਕਾਰ ਨੂੰ ਆਪ ਹੀ ਮੰਨ ਲਿਆ ਜਾਂਦਾ ਹੈ। (ਅੰਕੜਿਆਂ ਦੇ ਲਾਜ਼ਮੀ ਇਕੱਤਰੀਕਰਨ ਦਾ ਤਰਕ ਗੂਗਲ ਤੋਂ ਬਾਅਦ ਫ਼ੇਸਬੁਕ ਨੇ ਵੀ ਤੇਜ਼ੀ ਨਾਲ ਅਪਣਾਇਆ। ਗੂਗਲ ਦੇ ਪਬਲਿਕ ਇਸ਼ੂ ਜਾਰੀ ਹੋਣ ਵਾਲੇ ਸਾਲ ਵਿੱਚ ਹੀ ਫੇਸਬੁੱਕ ਸ਼ੁਰੂ ਹੋਇਆ ਸੀ ਅਤੇ ਇਸ ਦੇ ਮਾਲਕ ਮਾਰਕ ਜ਼ੁਕਰਬਰਗ ਨੇ ਵਰਤੋਂਕਾਰਾਂ ਤੋਂ ਸੇਵਾਵਾਂ ਲਈ ਕੋਈ ਫੀਸ ਲੈਣ ਤੋਂ ਇਨਕਾਰ ਕੀਤਾ ਸੀ। ਮਾਰਚ 2008 ਵਿੱਚ ਉਸ ਨੇ ਗੂਗਲ ਦੀ ਇੱਕ ਪ੍ਰਬੰਧਕ ਸ਼ੈਰਿਲ ਸੈਂਡਬਰਗ ਨੂੰ ਆਪਣੀ ਕੰਪਨੀ ਵਿੱਚ ਭਰਤੀ ਕੀਤਾ, ਜਿਸ ਨੇ ਫੇਸਬੁਕ ਨੂੰ ਵੀ ਗੂਗਲ ਦੇ ਰਾਹਾਂ ਉੱਤੇ ਪਾਉਣ ਦਾ ਕੰਮ ਕੀਤਾ। ਸ਼ੈਰਿਲ ਦਾ ਕਹਿਣਾ ਸੀ ਕਿ "ਸਾਡੇ ਕੋਲ ਕਿਸੇ ਨਾਲੋਂ ਵੀ ਬਿਹਤਰ ਸੂਚਨਾ ਹੈ। ਅਸੀਂ ਵਰਤੋਂਕਾਰ ਦੇ ਲਿੰਗ, ਉਮਰ, ਲੋਕੇਸ਼ਨ ਬਾਰੇ ਜਾਣਦੇ ਹਾਂ, ਇਹ ਅਸਲ ਅੰਕੜੇ ਹਨ, ਜਦਕਿ ਇਸ ਦੇ ਉਲਟ ਦੂਸਰਿਆਂ ਨੂੰ ਇਸ ਸਭ ਬਾਰੇ ਅੰਦਾਜ਼ਾ ਲਾਉਣਾ ਪੈਂਦਾ ਹੈ।" ਫੇਸਬੁਕ ਨੂੰ ਗੂਗਲ ਵਾਂਗ ਅੰਕੜੇ ਬਣਾਉਣੇ ਨਹੀਂ ਪੈਂਦੇ; ਵਰਤੋਂਕਾਰ ਆਪਣੇ ਨਾਲ ਸੰਬੰਧਤ ਬਣੇ-ਬਣਾਏ ਅੰਕੜੇ ਆਪਣੇ ਅਕਾਊਂਟ ਵਿੱਚ ਮੁਹੱਈਆ ਕਰਵਾਉਂਦੇ ਰਹਿੰਦੇ ਹਨ। ਸ਼ੈਰਿਲ ਨੇ ਸਮਝ ਲਿਆ ਕਿ ਫੇਸਬੁਕ ਦੇ ਨੇੜਤਾ ਅਤੇ ਸਾਂਝ ਦੇ ਸੱਭਿਆਚਾਰ ਕਾਰਨ ਵਿਵਹਾਰ ਸੰਬੰਧੀ ਪ੍ਰਾਪਤ ਅੰਕੜਿਆਂ ਨੂੰ ਨਾ ਸਿਰਫ਼ ਮੰਗ ਦੀ ਪੂਰਤੀ ਲਈ ਵਰਤਿਆ ਜਾ ਸਕਦਾ ਹੈ, ਸਗੋਂ ਇਹਨਾਂ ਰਾਹੀਂ ਮੰਗ ਨੂੰ ਘੜਿਆ ਵੀ ਜਾ ਸਕਦਾ ਹੈ। ਇਸੇ ਲਈ ਉਸ ਨੇ ਕੁਝ ਹੀ ਸਮੇਂ ਵਿੱਚ ਫ਼ੇਸਬੁਕ ਨੂੰ ਸਮਾਜਿਕ ਪਲੇਟਫਾਰਮ ਨਾਲੋਂ ਵੱਧ ਇਸ਼ਤਿਹਾਰਬਾਜ਼ੀ ਦਾ ਅੱਡਾ ਬਣਾ ਦਿੱਤਾ।) ਮੁਨਾਫ਼ਾ ਮੁੱਢ ਤੋਂ ਹੀ ਸਰਮਾਏਦਾਰੀ ਦਾ ਇੱਕੋ-ਇੱਕ ਚਾਲਕ ਸ਼ਕਤੀ ਰਿਹਾ ਹੈ। ਨਿੱਜੀ ਸਰਮਾਏਦਾਰੀ ਦੇ ਉਦਯੋਗਿਕ ਦੌਰ ਤੋਂ ਬਾਅਦ ਸਰਮਾਏ ਦੇ ਕਾਰਪੋਰੇਟੀਕਰਨ ਨੇ ਸਰਮਾਏ ਦੀ ਗਤੀ ਸੰਬੰਧੀ ਫੈਸਲਿਆਂ ਨੂੰ ਨਿੱਜੀ ਦੀ ਬਜਾਏ ਸਮੂਹਕ ਬਣਾ ਦਿੱਤਾ ਸੀ। ਕਿਸੇ ਕਾਰਪੋਰੇਸ਼ਨ ਦੇ ਸ਼ੇਅਰਧਾਰਕਾਂ ਦੀ ਰਾਏ ਦੀ ਉਹਨਾਂ ਦੇ ਸ਼ੇਅਰਾਂ ਦੇ ਮੁੱਲ ਅਨੁਸਾਰ ਹੀ ਕਦਰ ਪੈਂਦੀ ਸੀ। ਇਸ ਕਾਰਨ ਫੈਸਲੇ ਕੋਈ ਇਕੱਲਾ-ਕਾਰਾ ਸਰਮਾਏਦਾਰ ਨਹੀਂ ਸੀ ਲੈ ਸਕਦਾ। ਪ੍ਰੰਤੂ ਗੂਗਲ ਦੇ ਮਾਲਕਾਂ ਨੇ ਇਸ ਕਾਰਪੋਰੇਸ਼ਨ ਦੀ ਬਣਤਰ ਵੀ ਨਵੀਂ ਤਰ੍ਹਾਂ ਦੀ ਘੜੀ ਹੈ। ਪੇਜ ਅਤੇ ਬਰਿਨ ਉਹ ਪਹਿਲੇ ਸਨ, ਜਿਹਨਾਂ ਨੇ 2004 ਵਿੱਚ ਗੂਗਲ ਦੀ ਦੂਹਰੀ ਕਲਾਸ ਵਾਲੇ ਸ਼ੇਅਰ-ਢਾਂਚੇ ਨੂੰ ਪੇਸ਼ ਕੀਤਾ। ਇਸ ਵਿੱਚ ਉਹਨਾਂ ਨੇ ਉਸ ਸੁਪਰ ਕਲਾਸ ਬੀ ਵਿਚਲੇ ਸ਼ੇਅਰ ਸਟਾਕ ਨੂੰ ਨਿਯੰਤਰਿਤ ਕਰਨਾ ਸੀ, ਜਿਸ ਵਿੱਚ ਹਰੇਕ ਸ਼ੇਅਰ ਦੀਆਂ 10 ਵੋਟਾਂ ਮੰਨੀਆਂ ਜਾਣੀਆਂ ਸਨ। ਇਸ ਦੇ ਮੁਕਾਬਲੇ ਸ਼ੇਅਰਾਂ ਦੀ ਏ ਕਲਾਸ ਸੀ ਜਿਸ ਵਿੱਚ ਹਰੇਕ ਸ਼ੇਅਰ ਦੀ ਇੱਕੋ ਵੋਟ ਸੀ। ਇਸ ਤਰ੍ਹਾਂ ਕੰਪਨੀ ਸੰਬੰਧੀ ਹਰੇਕ ਫੈਸਲਾ ਪੇਜ ਅਤੇ ਬਰਿਨ ਦੇ ਹੱਥ ਹੀ ਸੀ। ਗੂਗਲ ਦਾ ਇਤਿਹਾਸ ਇਹਨਾਂ ਦੀਆਂ ਮਨ-ਆਈਆਂ ਦਾ ਇਤਿਹਾਸ ਹੀ ਹੈ। ਜਨਤਾ ਨੂੰ ਸਿਰਫ਼ ਇਹਨਾਂ ਫਾਊਂਡਰਾਂ ਉੱਤੇ ਭਰੋਸਾ ਰੱਖਣ ਲਈ ਹੀ ਕਿਹਾ ਜਾਂਦਾ ਹੈ। ਗੂਗਲ ਤੋਂ ਬਾਅਦ ਫ਼ੇਸਬੁਕ ਇਸ ਮਾਮਲੇ ਵਿੱਚ ਵੀ ਗੂਗਲ ਦੇ ਰਾਹਾਂ ਦਾ ਹੀ ਪਾਂਧੀ ਬਣਿਆ। ਬਾਅਦ ਵਿੱਚ ਸ਼ੇਅਰਧਾਰਕਾਂ ਦੀ ਇੱਕ ਸੀ ਕਲਾਸ ਵੀ ਸ਼ਾਮਲ ਕੀਤੀ ਗਈ, ਜਿਸ ਕੋਲ ਵੋਟਿੰਗ ਦਾ ਕੋਈ ਹੱਕ ਨਹੀਂ ਸੀ।

ਮਾਲਕਾਂ ਦੇ ਮੁਕੰਮਲ ਨਿੱਜੀ ਨਿਯੰਤਰਣ ਕਾਰਨ ਹੀ ਨਿਗਰਾਨ ਸਰਮਾਏਦਾਰੀ ਦੀਆਂ ਇਹਨਾਂ ਕੰਪਨੀਆਂ ਨੇ ਹੁਣ ਤੱਕ ਨਾਗਰਿਕਾਂ ਨੂੰ ਮਿਲੇ ਹੱਕਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਮਾਲਕਾਂ ਦੀਆਂ ਨਿੱਜੀ ਲਾਲਸਾਵਾਂ, ਘੁਣਤਰਾਂ ਹੀ ਹਰੇਕ ਫੈਸਲਾ ਕਰਦੀਆਂ ਹਨ। ਗੂਗਲ ਤੋਂ ਬਾਅਦ ਫ਼ੇਸਬੁਕ ਅਤੇ ਟਵਿਟਰ (ਹੁਣ ਐਕਸ) ਵੀ ਤਕਨੀਕ- ਸਰਮਾਏਦਾਰੀ ਦੀ ਇਸੇ ਖਸਲਤ ਨੂੰ ਪੇਸ਼ ਕਰਦੀਆਂ ਹਨ। ਇਹਨਾਂ ਦੇ ਮਾਲਕ ਮਾਰਕ ਜ਼ੁਕਰਬਰਗ ਅਤੇ ਐਲਨ ਮਸਕ ਤਾਂ ਆਪਣੇ ਪਲੇਟਫਾਰਮਾਂ ਅਤੇ ਦੌਲਤ ਦੇ ਆਸਰੇ ਅਮਰੀਕਾ ਦੇ ਰਾਸ਼ਟਰਪਤੀ ਤੱਕ ਬਣਨ ਦੀਆਂ ਹਸਰਤਾਂ ਪਾਲ ਚੁੱਕੇ ਹਨ ਅਤੇ ਅਜੇ ਵੀ ਪਾਲ ਰਹੇ ਹਨ। ਇਸ ਤਰ੍ਹਾਂ ਦੀ ਚੋਰੀ ਅਤੇ ਚਤੁਰਾਈ ਦੌਰਾਨ ਇਸ ਨਿਗਰਾਨ ਸਰਮਾਏਦਾਰੀ ਨੇ ਨਾ ਸਿਰਫ਼ ਅਵਤਾਰ ਧਾਰਿਆ ਹੈ, ਸਗੋਂ ਅੱਜ ਇਹ ਸਰਮਾਏਦਾਰੀ ਦਾ ਭਾਰੂ ਰੂਪ ਬਣ ਗਈ ਹੈ। ਇਸ ਦੇ ਏਨੀ ਤੇਜ਼ੀ ਨਾਲ ਵਿਕਾਸ ਕਰਨ ਦੇ ਹੋਰ ਇਤਿਹਾਸਕ ਕਾਰਨ ਵੀ ਰਹੇ ਹਨ। ਸਭ ਤੋਂ ਵੱਡਾ ਇਤਿਹਾਸਕ ਕਾਰਨ ਹੈ: ਅਮਰੀਕਾ ਉੱਤੇ 11 ਸਤੰਬਰ ਦੇ ਹਮਲੇ ਪਿੱਛੋਂ ਦੇ ਨਵੇਂ ਹਾਲਾਤ। ਅਮਰੀਕਾ ਦੇ ਜੌੜੇ ਟਾਵਰਾਂ ਉੱਤੇ ਹਮਲੇ ਨੇ ਅਮਰੀਕੀ ਖੁਫ਼ੀਆ-ਤੰਤਰ ਦੀਆਂ ਸਮੱਰਥਾਵਾਂ ਉੱਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਸੀ। ਹੁਣ ਅਮਰੀਕਾ ਦੀ ਪੁਲਸ ਅਤੇ ਖ਼ੁਫ਼ੀਆ ਤੰਤਰ ਨੂੰ ਲੋਕਾਂ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਅਤੇ ਸੂਚਨਾਵਾਂ ਦੀ ਦਰਕਾਰ ਸੀ। 11 ਸਤੰਬਰ ਦੇ ਹਮਲੇ ਪਿੱਛੋਂ ਅਮਰੀਕੀ ਹਕੂਮਤ ਦੀ "ਅੱਤਵਾਦ ਵਿਰੁੱਧ ਜੰਗ" ਨੇ ਸਦਮੇ ਵਿੱਚ ਆਈ ਅਮਰੀਕਨ ਅਵਾਮ ਨੂੰ ਆਪਣੀ ਨਿੱਜਤਾ ਦੀ ਕੀਮਤ ਉੱਤੇ ਸੁਰੱਖਿਆ ਨਿਸ਼ਚਿਤ ਕਰਨ ਲਈ ਤਿਆਰ ਕਰ ਦਿੱਤਾ। ਦੁਨੀਆ ਭਰ ਅੰਦਰ ਜਿਹੜੀਆਂ ਹਕੂਮਤਾਂ ਇਹਨਾਂ ਨਿਗਰਾਨ ਸਰਮਾਏਦਾਰ ਕਾਰਪੋਰੇਸ਼ਨਾਂ ਨੂੰ ਰੈਗੂਲੇਟ ਕਰਨ ਬਾਰੇ ਸੋਚ ਰਹੀਆਂ ਸਨ, ਉਹ ਇਹਨਾਂ ਦਾ ਸਹਿਯੋਗ ਅਤੇ ਭਾਈਵਾਲੀ ਭਾਲਣ ਲੱਗੀਆਂ। ਆਪਣੀ ਅਵਾਮ ਦੀ ਨਿਗਰਾਨੀ ਲਈ ਹਕੂਮਤਾਂ ਸਾਹਮਣੇ ਕਈ ਸੰਸਥਾਵੀ ਰੁਕਾਵਟਾਂ ਹੁੰਦੀਆਂ ਹਨ, ਪ੍ਰੰਤੂ ਗੂਗਲ ਜਿਹੀਆਂ ਕੰਪਨੀਆਂ ਉੱਤੇ ਇਹ ਕਾਨੂੰਨੀ ਅਤੇ ਸੰਸਥਾਵੀ ਬੰਧੇਜ ਨਹੀਂ ਸਨ। ਇਸ ਲਈ ਉਦਾਹਰਣ ਵਜੋਂ ਅਮਰੀਕੀ ਹਕੂਮਤ ਨੇ ਹੀ ਗੂਗਲ ਦੀ ਤਕਨੀਕੀ ਸਹਾਇਤਾ ਵਰਤਣੀ ਸ਼ੁਰੂ ਕਰ ਦਿੱਤੀ। 2003 ਦੇ ਅਖੀਰ ਵਿੱਚ ਗੂਗਲ ਨੂੰ 2.07 ਮਿਲੀਅਨ ਡਾਲਰ ਦਾ ਸਰਕਾਰੀ ਕਾਨਟਰੈਕਟ ਇਸ ਤਕਨੀਕੀ ਸਹਾਇਤਾ ਲਈ ਮਿਲਿਆ ਜਿਸ ਨੂੰ ਗੂਗਲ ਨੇ ਬਿਨਾਂ ਕਿਸੇ ਹੋਰ ਪੈਸੇ ਤੋਂ ਵਧਾ ਕੇ ਅਪ੍ਰੈਲ 2004 ਤੱਕ ਕਰ ਦਿੱਤਾ। ਇਸੇ ਤਰ੍ਹਾਂ ਗੂਗਲ ਅਰਥ ਅਤੇ ਗੂਗਲ ਮੈਪਸ ਨੂੰ ਵਿਕਸਤ ਕਰਨ ਦੇ ਪ੍ਰੋਜੈਕਟ ਵਿੱਚ ਅਮਰੀਕੀ ਏਜੰਸੀ ਸੀ ਆਈ ਏ ਨਾਲ ਜੁੜੀ ਇੱਕ ਫ਼ਰਮ ਵੀ ਸ਼ਾਮਲ ਸੀ। ਅੰਕੜਿਆਂ ਦੀ ਚੋਰੀ-ਚਕਾਰੀ ਦਾ ਕੰਮ ਇਸੇ ਲਈ ਹੋਰ ਅਸਾਨ ਅਤੇ ਖੁੱਲ੍ਹਮ-ਖੁੱਲ੍ਹਾ ਹੋ ਗਿਆ। ਇੱਕ ਤਰ੍ਹਾਂ ਨਾਲ ਇਸ ਨੂੰ ਸਰਕਾਰੀ ਮਾਨਤਾ ਵੀ ਮਿਲ ਗਈ। ਸਰਮਾਏ ਦਾ ਵਹਾਅ ਵੀ ਖੁੱਲ੍ਹਾ ਹੋ ਗਿਆ। ਇਹ ਸਥਿਤੀ ਪਿਛਲੀ ਸਦੀ ਦੇ ਮੱਧ ਦੀ ਸਥਿਤੀ ਵਰਗੀ ਸੀ। ਇਸ ਸਮੇਂ ਆਟੋ, ਸਟੀਲ ਅਤੇ ਮਸ਼ੀਨ ਸੰਦਾਂ ਦੇ ਉਦਯੋਗ ਖੂਬ ਵਧੇ-ਫੁੱਲੇ। ਉਸ ਵੇਲੇ ਦੀ ਠੰਢੀ ਜੰਗ ਕਾਰਨ ਖ਼ਤਰਿਆਂ ਦੇ ਮੱਦੇ-ਨਜ਼ਰ ਮਿਲ ਰਹੇ ਫੌਜੀ ਆਰਡਰਾਂ ਕਾਰਨ ਇਹ ਸਾਰੇ ਕਾਰਖਾਨੇ ਹਰ ਵੇਲੇ ਪੂਰੀ ਸਮਰੱਥਾ ਨਾਲ ਚਲਦੇ ਰਹਿੰਦੇ ਸਨ। ਅੱਜ ਅਸੀਂ ਗੂਗਲ ਜਾਂ ਫ਼ੇਸਬੁਕ ਉੱਤੇ ਜੋ ਵੀ ਕਰਦੇ/ਖੋਜਦੇ ਹਾਂ, ਉਹ ਸਾਡੇ ਅਨੁਭਵਾਂ ਦਾ ਹਿੱਸਾ ਹੈ, ਪਰ ਸਰਮਾਏਦਾਰੀ ਦੇ ਨਵੇਂ ਤਰਕ ਨੇ ਮਨੁੱਖ ਦੇ ਅਨੁਭਵ ਨੂੰ ਨਿਗਰਾਨ ਸਰਮਾਏਦਾਰੀ ਦੀਆਂ ਮੰਡੀ ਪ੍ਰਕਿਰਿਆਵਾਂ ਦੇ ਅਧੀਨ ਕਰ ਦਿੱਤਾ ਹੈ। ਉਹ ਮਨੁੱਖ ਦੇ ਅਨੁਭਵਾਂ ਨੂੰ "ਵਿਵਹਾਰਾਂ" ਦੇ ਰੂਪ ਵਿੱਚ ਦੁਬਾਰਾ ਪੈਦਾ ਕਰਦੀਆਂ ਹਨ। ਇਹਨਾਂ ਵਿਵਹਾਰਾਂ ਨੂੰ ਅੰਕੜਿਆਂ ਵਿੱਚ ਬਦਲ ਦਿੱਤਾ ਜਾਂਦਾ ਹੈ, ਜਿਹਨਾਂ ਦੇ ਅਨੰਤ ਵਿਸ਼ਲੇਸ਼ਣਾਂ ਤੋਂ ਭਵਿੱਖ ਦੇ ਵਿਵਹਾਰਾਂ ਬਾਰੇ ਭਵਿੱਖਬਾਣੀਆਂ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਅਨੁਭਵਾਂ ਅਤੇ ਵਿਵਹਾਰਾਂ ਦੇ ਵਸਤੂਕਰਨ ਰਾਹੀਂ ਸਾਡੇ ਭਵਿੱਖੀ ਵਿਵਹਾਰਾਂ ਨੂੰ ਘੜਿਆ ਜਾ ਰਿਹਾ ਹੈ। ਪਿਛਲੀ ਸਦੀ ਵਿੱਚ ਸਰਮਾਏਦਾਰੀ ਨੇ ਮਨੁੱਖੀ ਜੀਵਨ ਦੇ ਹਰੇਕ ਪਹਿਲੂ ਦਾ ਵਸਤੂਕਰਨ ਕਰ ਲਿਆ ਸੀ। ਪ੍ਰੰਤੂ ਮਨੁੱਖੀ ਮਨ ਅਜੇ ਵੀ ਇੱਕੋ-ਇੱਕ ਚੀਜ਼ ਸੀ, ਜੋ ਸਰਮਾਏਦਾਰੀ ਦੀ ਪਹੁੰਚ ਤੋਂ ਦੂਰ ਮੰਨਿਆ ਜਾਂਦਾ ਸੀ। ਹੁਣ ਗੂਗਲ ਜਿਹੀਆਂ ਕੰਪਨੀਆਂ ਨੇ ਇਸ ਉੱਤੇ ਵੀ ਸਰਮਾਏਦਾਰੀ ਦਾ ਅਧਿਕਾਰ ਸੰਭਵ ਕਰ ਦਿੱਤਾ ਹੈ। ਵਿਅਕਤੀ ਦੇ ਅਨੁਭਵਾਂ ਅਤੇ ਵਿਵਹਾਰਾਂ ਦੇ ਵਿਸ਼ਲੇਸ਼ਣ ਰਾਹੀਂ ਉਸ ਦੇ ਭਵਿੱਖੀ ਵਿਵਹਾਰ ਉੱਤੇ ਕਬਜ਼ਾ ਕੀਤਾ ਜਾ ਰਿਹਾ ਹੈ। ਇਹ ਮਨੁੱਖੀ ਮਨ ਦੇ ਬਸਤੀਕਰਨ ਦੀ ਹੀ ਪ੍ਰਕਿਰਿਆ ਹੈ; ਮਨੁੱਖੀ ਮਨ ਨੂੰ ਮੰਡੀ ਦੀਆਂ ਜ਼ਰੂਰਤਾਂ ਦੇ ਅਨੁਕੂਲ ਕਰਨ ਦੀ ਪ੍ਰਕਿਰਿਆ। ਇਸ ਤੋਂ ਪਹਿਲਾਂ ਵੀ ਮਨੁੱਖੀ ਮਨ ਨੂੰ ਵੱਖ-ਵੱਖ ਸੱਭਿਆਚਾਰਕ ਘਾੜਤਾਂ ਰਾਹੀਂ ਕਾਬੂ ਵਿੱਚ ਰੱਖਣ ਦੀ ਕੋਸ਼ਿਸ਼ ਹੁੰਦੀ ਸੀ, ਪ੍ਰੰਤੂ ਨਿਗਰਾਨ ਸਰਮਾਏਦਾਰੀ ਨੇ ਇਸ ਨੂੰ ਮੁਕੰਮਲ ਵਿਗਿਆਨਕ ਅਨੁਸ਼ਾਸਨ ਬਣਾ ਦਿੱਤਾ ਹੈ। ਸਿਰਜਣਾਤਮਕਤਾ ਮਨੁੱਖੀ ਮਨ ਦੀ ਬੁਨਿਆਦੀ ਖ਼ਸਲਤ ਹੈ। ਕੀ ਸਰਮਾਇਆ ਇਸ ਖ਼ਸਲਤ ਤੋਂ ਵੀ ਸ਼ਕਤੀਸ਼ਾਲੀ ਸਿੱਧ ਹੋਵੇਗਾ? ਇਸ ਸਵਾਲ ਦਾ ਜਵਾਬ ਲੱਭਣ ਲਈ ਫਿਰ ਆਪੋ-ਆਪਣੀ ਸਿਰਜਣਾਤਮਕਤਾ ਨੂੰ ਹੀ ਹਿਲਾ-ਜੁਲਾ ਕੇ ਟਟੋਲਣ ਦੀ ਜ਼ਰੂਰਤ ਹੈ।




ਫ਼ੋਨ: 98550-36890

# ਕਿੱਧਰ ਨੂੰ ਜਾ ਸਕਦੇ ਹਨ ਪੰਜਾਬ, ਭਾਰਤ ਤੇ ਸੰਸਾਰ ਦੇ ਹਾਲਾਤ !

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਬੀਤੇ ਕੁਝ ਦਿਨ ਏਦਾਂ ਦੀਆਂ ਘਟਨਾਵਾਂ ਵਾਲੇ ਸਾਬਤ ਹੋਏ ਹਨ ਕਿ ਅੱਜ ਕਿਸੇ ਇੱਕੋ ਮੁੱਦੇ ਉੱਤੇ ਲਿਖਣਾ ਤੇ ਹੋਰ ਮੁੱਦਿਆਂ ਨੂੰ ਪਾਸੇ ਰੱਖਣਾ ਇੱਕ ਤਰ੍ਹਾਂ ਸੌਖਾ ਨਹੀਂ ਰਿਹਾ। ਇਸ ਲਈ ਅਸੀਂ ਇਸ ਇੱਕੋ ਲਿਖਤ ਵਿੱਚ ਅਜੋਕੀ ਦੁਨੀਆ ਦੇ ਹਾਲਾਤ, ਦੇਸ਼ ਦੇ ਹਾਲਾਤ ਤੇ ਜੋ ਕੁਝ ਸਾਡੇ ਪੰਜਾਬ ਵਿੱਚ ਵਾਪਰ ਰਿਹਾ ਹੈ, ਉਨ੍ਹਾਂ ਕੁਝ ਮੁੱਦਿਆਂ ਬਾਰੇ ਮੁਕੰਮਲ ਬੇਸ਼ੱਕ ਨਾ ਸਹੀ, ਕਿਸੇ ਨਾ ਕਿਸੇ ਹੱਦ ਤੱਕ ਕੁਝ ਖਾਸ ਨੁਕਤੇ ਪਾਠਕਾਂ ਨਾਲ ਸਾਂਝੇ ਕਰਨ ਦੀ ਲੋੜ ਸਮਝੀ ਹੈ।

ਪਹਿਲੀ ਗੱਲ ਸਾਡੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਅਤੇ ਇਸ ਨਾਲ ਇਸ ਰਾਜ ਦੀ ਰਾਜਨੀਤੀ ਉੱਤੇ ਪੈ ਸਕਦੇ ਅਸਰ ਦੀ ਹੈ। ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਦੀ ਗੱਲ ਬਾਅਦ ਵਿੱਚ, ਪਹਿਲੀ ਗੱਲ ਇਹ ਹੈ ਕਿ ਇਸ ਨੇ ਸਾਡੇ ਰਾਜ ਦੇ ਰਾਜਸੀ ਲੀਡਰਾਂ ਦੀ ਮੌਕਾਪ੍ਰਸਤੀ ਦਾ ਬੁਰਕਾ ਪਾੜ ਸੁੱਟਿਆ ਹੈ। ਪਿਛਲੇ ਡੇਢ ਦਹਾਕੇ ਤੋਂ ਜਿਹੜੇ ਲੀਡਰ ਇਹ ਕਹਿੰਦੇ ਰਹੇ ਸਨ ਕਿ ਸਾਡਾ ਰਾਜ ਆਇਆ ਤਾਂ ਮਜੀਠੀਆ ਨੂੰ ਸੰਗਲਾਂ ਨਾਲ ਜਕੜ ਕੇ ਥਾਣੇ ਲਿਜਾਣਾ ਅਤੇ ਫਿਰ ਜੇਲ੍ਹ ਵਿੱਚ ਤਾੜਨਾ ਹੈ, ਉਹ ਉਸ ਦੀ ਗ੍ਰਿਫਤਾਰੀ ਹੁੰਦੇ ਸਾਰ ਦੁਹਾਈ ਪਾਉਣ ਲੱਗ ਪਏ ਕਿ ਉਸ ਨਾਲ ਸਿਆਸੀ ਬਦਲਾਖੋਰੀ ਹੋ ਰਹੀ ਹੈ। ਜਿਸ ਸਾਬਕਾ ਮੁੱਖ ਮੰਤਰੀ ਨੇ ਆਪਣੇ ਥੋੜ੍ਹੇ ਜਿਹੇ ਦਿਨਾਂ ਵਾਲੇ ਰਾਜ ਵਿੱਚ ਵੀ ਮਜੀਠੀਏ ਨੂੰ ਮੁੱਦਾ ਬਣਾ ਰੱਖਿਆ ਸੀ ਤੇ ਉਸ ਦੇ ਖਿਲਾਫ ਪੰਜਾਬ ਵਿੱਚ ਪਹਿਲਾ ਪੁਲਸ ਕੇਸ ਖੁਦ ਦਰਜ ਕਰਾਇਆ ਸੀ, ਉਹ ਵੀ ਇਹ ਕਹਿਣ ਲੱਗ ਪਿਆ ਹੈ ਕਿ ਮਜੀਠੀਏ ਵਿਰੁੱਧ ਸਿਆਸੀ ਬਦਲਾਖੋਰੀ ਕੀਤੀ ਗਈ ਹੈ। ਹਕੀਕਤ ਇਹ ਹੈ ਕਿ ਬਿਕਰਮ ਸਿੰਘ ਮਜੀਠੀਏ ਦੇ ਕੇਸ ਵਿੱਚ ਕਾਰਵਾਈ ਦੀ ਸ਼ੁਰੂਆਤ ਬਾਦਲ ਰਾਜ ਵਿੱਚ ਹੀ ਹੋ ਗਈ ਸੀ, ਜਦੋਂ ਮੁੰਬਈ ਪੁਲਸ ਨੇ ਏਸ਼ੀਅਨ ਚੈਂਪੀਅਨ ਅਤੇ ਪੰਜਾਬ ਪੁਲਸ ਦੇ ਡੀ ਐੱਸ ਪੀ ਜਗਦੀਸ਼ ਭੋਲਾ ਨੂੰ ਫੜਿਆ ਸੀ। ਉਦੋਂ ਚਰਚਾ ਹੁੰਦੀ ਰਹੀ ਸੀ ਕਿ ਪੰਜਾਬ ਵਾਲੇ ਜਿਹੜਾ ਕੰਮ ਖੁਦ ਨਹੀਂ ਸਨ ਕਰਨਾ ਚਾਹੁੰਦੇ, ਉਹ ਮੁੰਬਈ ਪੁਲਸ ਨੂੰ ਸੂਚਨਾ ਦੇ ਕੇ ਏਥੋਂ ਦੀ ਸਰਕਾਰ ਦੇ ਇਸ਼ਾਰੇ ਉੱਤੇ ਓਥੋਂ ਕਰਾਇਆ ਗਿਆ ਸੀ, ਕਿਉਂਕਿ ਮਜੀਠੀਆ ਏਥੇ ਸਰਕਾਰ ਲਈ ਬੋਝ ਬਣਦਾ ਜਾਂਦਾ ਸੀ ਤੇ ਉਸ ਦੀ ਸਰਗਰਮੀ ਕਿਸੇ ਦਿਨ ਇਸ ਰਾਜ ਦੀ ਸਰਕਾਰ ਲਈ ਮੁਸੀਬਤ ਬਣ ਸਕਦੀ ਸੀ। ਉਨ੍ਹੀਂ ਦਿਨੀਂ ਅਕਾਲੀ ਦਲ ਦੇ ਇੱਕ ਵਿਧਾਇਕ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇੱਕ ਚਿੱਠੀ ਸਰਕਾਰੀ ਤੌਰ ਤਰੀਕੇ ਤੋਂ ਭੇਜੀ ਸੀ, ਜਿਸ ਵਿੱਚ ਇਸ ਮੁੱਦੇ ਬਾਰੇ ਸਾਰਾ ਕੁਝ ਲਿਖਿਆ ਪਿਆ ਸੀ। ਉਹ ਚਿੱਠੀ ਇਸ ਵੇਲੇ ਵੀ ਅਦਾਲਤੀ ਫਾਈਲਾਂ ਵਿੱਚ ਪਈ ਹੈ। ਕਿਹਾ ਜਾਂਦਾ ਸੀ ਕਿ ਇਹ ਚਿੱਠੀ ਲਿਖਣ ਵਾਲੇ ਨੇ ਲਿਖੀ ਨਹੀਂ, ਉਸ ਕੋਲੋਂ ਕਿਸੇ ਖਾਸ ਸੋਚ ਨਾਲ ਲਿਖਵਾਈ ਗਈ ਹੈ।

ਪੰਜਾਬ ਦੀ ਰਾਜਨੀਤੀ ਅਤੇ ਇਸ ਦੇ ਖੂੰਜਿਆਂ ਵਿਚਲੀ ਸਰਗਰਮੀ ਦੀ ਹਾਥ ਰੱਖਣ ਵਾਲੇ ਬਹੁਤ ਸਾਰੇ ਲੋਕ ਇਹ ਗੱਲ ਜਾਣਦੇ ਹਨ ਕਿ ਅਕਾਲੀ ਦਲ ਦੇ ਕਿਸੇ ਖਾਸ ਆਗੂ ਵੱਲੋਂ ਉਸ ਵੇਲੇ ਏਦਾਂ ਦੀ ਚਿੱਠੀ ਕਿਸੇ ਅਕਾਲੀ ਵਿਧਾਇਕ ਤੋਂ ਲਿਖਵਾਏ ਜਾਣ ਪਿੱਛੇ ਕਾਰਨ ਕਿਹੜੇ ਸਨ! ਉਸ ਵੇਲੇ ਇਹ ਚਿੱਠੀ ਲਿਖਵਾਉਣ ਦਾ ਮੰਤਵ ਮਜੀਠੀਏ ਵਿਰੁੱਧ ਕਾਰਵਾਈ ਕਰਨ ਨਾਲੋਂ ਵੱਧ ਇਹ ਗੱਲ ਭਵਿੱਖ ਦੀ ਵਰਤੋਂ ਲਈ ਰਿਕਾਰਡ ਉੱਤੇ ਰੱਖਣਾ ਸੀ। ਅੱਜਕੱਲ੍ਹ ਜਿਹੜੇ ਕੇਸ ਵਿੱਚ ਬਿਕਰਮ ਸਿੰਘ ਮਜੀਠੀਏ ਦੀ ਗ੍ਰਿਫਤਾਰੀ ਹੋਈ ਹੈ, ਉਸ ਦਾ ਮੂਲ ਆਧਾਰ ਇੱਕ ਸੌ ਗਿਆਰਾਂ ਦਿਨਾਂ ਦੀ ਕਾਂਗਰਸੀ ਸਰਕਾਰ ਦੌਰਾਨ ਦਰਜ ਕੀਤੇ ਕੇਸ ਗਏ ਕੇਸ ਵਿੱਚ ਲੁਕਿਆ ਹੈ। ਪਤਾ ਨਹੀਂ ਅੱਗੋਂ ਇਹ ਕਹਾਣੀ ਕਿੱਥੋਂ ਤੱਕ ਜਾਵੇਗੀ!

ਦੂਸਰਾ ਮੁੱਦਾ ਭਾਰਤ ਦੀ ਕਮਾਂਡ ਕਰ ਰਹੀ ਸਿਆਸੀ ਧਿਰ ਤੇ ਇਸ ਪਿੱਛੇ ਅਸਲੀ ਜਥੇਬੰਦਕ ਤਾਕਤ ਆਰ ਐੱਸ ਐੱਸ ਵੱਲੋਂ ਭਾਰਤ ਦਾ ਮੁਹਾਣ ਇੱਕ ਵੱਖਰੀ ਦਿਸ਼ਾ ਵੱਲ ਮੋੜਨ ਦਾ ਹੈ। ਇਸ ਮਕਸਦ ਲਈ ਉਹ ਹਰ ਕਿਸੇ ਸੰਵਿਧਾਨਕ ਅਦਾਰੇ ਉੱਤੇ ਆਪਣਾ ਛੱਪਾ ਮਜ਼ਬੂਤ ਕਰਨ ਲਈ ਹਰ ਹੱਦ ਟੱਪ ਰਹੇ ਦਿਸਦੇ ਹਨ। ਬੀਤੇ ਦਿਨੀਂ ਜਦੋਂ ਨਿਆਂ ਪਾਲਿਕਾ ਦੇ ਕੁਝ ਫੈਸਲੇ ਇਨ੍ਹਾਂ ਨੂੰ ਚੁੱਭਣ ਲੱਗੇ ਸਨ ਤਾਂ ਉਸ ਵਕਤ ਦੇ ਮੁੱਖ ਜੱਜ ਵਿਰੁੱਧ ਦੋਸ਼ ਲਾਏ ਗਏ ਅਤੇ ਜਾਂਚ ਕਰਨ ਦੇ ਨਾਂਅ ਉੱਤੇ ਫਿਰ ਉਸ ਨੂੰ ਏਨਾ ਪਰੇਸ਼ਾਨ ਕੀਤਾ ਗਿਆ ਕਿ ਉਸ ਦੇ ਫੈਸਲਿਆਂ ਦੀ ਸਾਰੀ ਤਾਨ ਬਦਲ ਗਈ। ਇਸ ਪਿੱਛੋਂ ਉਸ ਨਾਲ ਅੰਦਰਖਾਤੇ ਕੀ ਗੱਲ ਹੋਈ, ਪਤਾ ਨਹੀਂ, ਪਰ ਜਦੋਂ ਉਹ ਜੱਜ ਸੇਵਾਮੁਕਤ ਹੋਇਆ ਤਾਂ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਦੀ ਮੈਂਬਰੀ ਜਿਵੇਂ ਉਸ ਨੂੰ ਝਟਪਟ ਦਿੱਤੀ ਗਈ, ਉਸ ਤੋਂ ਸਾਫ ਹੋ ਗਿਆ ਕਿ ਆਖਰੀ ਦਿਨਾਂ ਵਿੱਚ ਉਸ ਵੱਲੋਂ ਫੈਸਲਿਆਂ ਦੀ ਤਾਨ ਬਦਲਣ ਪਿੱਛੇ ਰਾਜ਼ ਕੀ ਸੀ! ਉਸ ਪਿੱਛੋਂ ਜਿਸਮੁੱਖ ਜੱਜ ਨੂੰ ਦੇਸ਼ ਦੀ ਨਿਆਂ ਪਾਲਿਕਾ ਦੀ ਅਗਵਾਈ ਦਾ ਮੌਕਾ ਮਿਲਿਆ, ਉਸ ਦੀ ਇਮਾਨਦਾਰੀ ਤੇ ਕਾਨੂੰਨ ਵੱਲ ਵਚਨਬੱਧਤਾ ਦੇ ਚਰਚੇ ਚੱਲਦੇ ਸਨ, ਪਰ ਆਖਰੀ ਦਿਨਾਂ ਵਿੱਚ ਅਚਾਨਕ ਉਸ ਦੇ ਰੰਗ ਬਦਲ ਗਏ ਅਤੇ ਫਿਰ ਇੱਕ ਦਿਨ ਉਸ ਦੇ ਘਰ ਹੁੰਦੀ ਆਰਤੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾ ਪਹੁੰਚੇ ਸਨ। ਉਸ ਦਿਨ ਓਥੇ ਹੋਈ ਆਰਤੀ ਨੂੰ ਨਿੱਜੀ ਜਾਂ ਘਰੇਲੂ ਰੱਖਣ ਦੀ ਥਾਂ ਮੀਡੀਏ ਵਿੱਚ ਜਿੱਦਾਂ ਬਾਕਾਇਦਾ ਜਾਰੀ ਕੀਤਾ ਗਿਆ, ਉਸ ਨੇ ਦੱਸ ਦਿੱਤਾ ਸੀ ਕਿ ਅੰਦਰ ਕੀ ਚੱਲਦਾ ਹੈ! ਰਹੀ ਕਸਰ ਕੱਢ ਦੇਣ ਲਈ ਨਿਆਂ ਪਾਲਿਕਾ ਦੇ ਖਿਲਾਫ ਪਹਿਲਾਂ ਇੱਕ ਰਾਜ ਦੇ ਗਵਰਨਰ ਵੱਲੋਂ, ਫਿਰ ਭਾਰਤ ਦੇ ਉੱਪ ਰਾਸ਼ਟਰਪਤੀ ਵੱਲੋਂ ਅਤੇ ਅੰਤ ਵਿੱਚ ਭਾਜਪਾ ਦੇ ਇੱਕ ਬੇਹੂਦਾ ਬੋਲਣ ਵਾਲੇ ਪਾਰਲੀਮੈਂਟ ਮੈਂਬਰ ਵੱਲੋਂ ਜਿਹੜੀ ਭੱਦੀ ਟਿੱਪਣੀ ਦੀ ਖਬਰ ਆਈ, ਉਸ ਤੋਂ ਕੋਈ ਓਹਲਾ ਨਹੀਂ ਸੀ ਰਹਿ ਗਿਆ ਕਿ ਦੇਸ਼ ਕਿੱਧਰ ਨੂੰ ਲਿਜਾਇਆ ਜਾ ਸਕਦਾ ਹੈ! ਏਨੇ ਉੱਤੇ ਗੱਲ ਮੁੱਕ ਨਹੀਂ ਗਈ, ਇਸ ਝੁਕਾਅ ਦੇ ਮੋਹਰੀਆਂ ਨੇ ਦੇਸ਼ ਦੇ ਸੰਵਿਧਾਨ ਵਿੱਚੋਂ ਸਮਾਜਵਾਦੀ ਅਤੇ ਧਰਮ-ਨਿਰਪੱਖਤਾ ਦੇ ਸ਼ਬਦ ਕੱਟ ਦੇਣ ਦੀ ਮੁਹਿੰਮ ਆਰੰਭ ਕਰ ਦਿੱਤੀ ਹੈ। ਸਮਾਜਵਾਦੀ ਸ਼ਬਦ ਵਿਚਾਰਧਾਰਾ ਦੇ ਤੌਰ ਉੱਤੇ ਕੱਟਣਾ ਕਈ ਲੋਕਾਂ ਨੂੰ ਸ਼ਾਇਦ ਨਾ ਚੁੱਭੇ, ਪਰ ਧਰਮ-ਨਿਰਪੱਖਤਾ ਸ਼ਬਦ ਕੱਢਣ ਦੀ ਮੰਗ ਅਜੋਕੀ ਹਾਕਮ ਧਿਰ ਦੇ ਇਰਾਦੇ ਸਪੱਸ਼ਟ ਕਰ ਦੇਂਦੀ ਹੈ।

ਤੀਸਰਾ ਅਤੇ ਆਖਰੀ ਮੁੱਦਾ ਟਰੰਪਸ਼ਾਹੀ ਡਿਪਲੋਮੇਸੀ ਦੇ ਉਸ ਦੌਰ ਦਾ ਹੈ, ਜਿਸ ਦਾ ਅਸਰ ਇਸ ਸੰਸਾਰ ਮੂਹਰੇ ਇੱਕ ਹੋਰ ਸੰਸਾਰ ਜੰਗ ਦਾ ਭਾਂਬੜ ਮੱਚਣ ਦੇ ਸ਼ੱਕ ਵਜੋਂ ਦਿਖਾਈ ਦੇ ਸਕਦਾ ਹੈ। ਈਰਾਨ ਤੇ ਇਸਰਾਈਲ ਦੀ ਜੰਗ ਵਿੱਚ ਅਮਰੀਕਾ ਦਾ ਅਚਾਨਕ ਕੁੱਦਣਾ, ਈਰਾਨ ਦੇ ਐਟਮੀ ਅੱਡਿਆਂ ਉੱਤੇ ਜ਼ੋਰਦਾਰ ਹਮਲੇ ਕਰਨਾ ਤੇ ਫਿਰ ਨੇੜਲੇ ਦੇਸ਼ਾਂ ਵਿੱਚ ਅਮਰੀਕੀ ਅੱਡਿਆਂ ਉੱਤੇ ਈਰਾਨ ਦਾ ਹਮਲਾ ਹੋਣਾ ਅਣਕਿਆਸਿਆ ਘਟਨਾਕ੍ਰਮ ਸੀ। ਜਿੰਨੀ ਤੇਜ਼ੀ ਨਾਲ ਇਸ ਜੰਗ ਦੇ ਅਖਾੜੇ ਵਿੱਚ ਅਮਰੀਕਾ ਨੇ ਛਾਲ ਮਾਰੀ ਸੀ, ਓਦੋਂ ਵੱਧ ਕਾਹਲੀ ਨਾਲ ਅਮਰੀਕਾ ਨੇ ਇੱਕਤਰਫਾ ਤੌਰ ਉੱਤੇ ਜੰਗਬੰਦੀ ਦਾ ਐਲਾਨ ਕਰ ਕੇ ਇਹ ਦਾਅਵਾ ਕਰ ਦਿੱਤਾ ਕਿ ਈਰਾਨ ਨਾਲ ਬਥੇਰੀ ਹੋ ਗਈ ਹੈ। ਈਰਾਨ ਅੱਗੋਂ ਇਹ ਕਹੀ ਜਾਂਦਾ ਹੈ ਕਿ ਉਸ ਨਾਲ ਨਹੀਂ ਹੋਈ, ਅਮਰੀਕਾ ਨੂੰ ਸਬਕ ਦੇ ਦਿੱਤਾ ਹੈ ਕਿ ਉਸ ਦੇ ਫੌਜੀ ਅੱਡਿਆਂ ਨੂੰ ਨਿਸ਼ਾਨਾ ਬਣਾਉਣ ਵਾਲਾ ਵੀ ਕੋਈ ਹੈ ਅਤੇ ਇਸ ਹਮਲੇ ਪਿੱਛੋਂ ਉਸ ਦੇ ਅੱਡੇ ਵਾਲੇ ਏਸ਼ੀਅਨ ਦੇਸ਼ ਕਤਰ ਦੀ ਸਰਕਾਰ ਦੀ ਬਹੁੜੀ ਪਾਉਣ ਨੇ ਟਰੰਪ ਦੇ ਮੂੰਹੋਂ ਇੱਕਤਰਫਾ ਜੰਗਬੰਦੀ ਦੀ ਗੱਲ ਕੱਢਵਾਈ ਸੀ। ਇਸ ਦੇ ਬਾਵਜੂਦ ਡੋਨਾਲਡ ਟਰੰਪ ਨੇ ਆਪਣੀ ਮੁਹਾਰਨੀ ਬੰਦ ਕਦੇ ਨਹੀਂ ਕੀਤੀ, ਸਗੋਂ ਇਹ ਕਹਿਣ ਤੱਕ ਪਹੁੰਚ ਗਿਆ ਕਿ ਜਿਵੇਂ ਹੀਰੋਸ਼ੀਮਾ ਅਤੇ ਨਾਗਾਸਾਕੀ ਨੇ ਦੂਸਰੀ ਸੰਸਾਰ ਜੰਗ ਰੁਕਵਾਈ ਸੀ, ਓਦਾਂ ਹੀ ਇਸ ਵਾਰੀ ਉਸ ਵੱਲੋਂ ਚੁੱਕੇ ਕਦਮ ਨੇ ਈਰਾਨ-ਇਸਰਾਈਲ ਜੰਗ ਰੁਕਵਾ ਦਿੱਤੀ ਅਤੇ ਦੁਨੀਆ ਨੂੰ ਵੱਡੇ ਖਤਰੇ ਤੋਂ ਬਚਾ ਲਿਆ ਹੈ। ਬਾਕੀ ਦੁਨੀਆ ਉਸ ਦੀ ਇਸ ਗੱਲ ਨੂੰ ਹਜ਼ਮ ਕਰਨ ਲਈ ਤਿਆਰ ਨਹੀਂ।

ਓਦੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਅਗਲੇ ਦਿਨੀਂ ਜਦੋਂ ਅਮਰੀਕਾ ਦੀ ਪੱਕੀ ਧਿਰ ਮੰਨੇ ਜਾਂਦੇ ਨਾਟੋ ਗੱਠਜੋੜ ਦੀ ਮੀਟਿੰਗ ਹੋਈ ਤਾਂ ਉਸ ਦੌਰਾਨ ਡੋਨਾਲਡ ਟਰੰਪ ਨੇ ਯੂਰਪੀ ਦੇਸ਼ਾਂ ਨੂੰ ਇਹ ਗੱਲ ਕਹਿ ਦਿੱਤੀ ਕਿ ਉਹ ਨਾਟੋ ਦੇ ਖਰਚ ਦਾ ਬੋਝ ਚੁੱਕਣ ਲਈ ਆਪਣਾ ਹਿੱਸਾ ਹੋਰ ਵਧਾ ਦੇਣ। ਉਹ ਦੇਸ਼ ਇਸ ਗੱਲ ਤੋਂ ਭੜਕ ਪਏ। ਯੂਕਰੇਨ-ਰੂਸ ਜੰਗ ਬਾਰੇ ਉਨ੍ਹਾਂ ਅਤੇ ਟਰੰਪ ਦੇ ਮੱਤਭੇਦ ਪਹਿਲਾਂ ਉੱਭਰ ਚੁੱਕੇ ਹੋਣ ਕਾਰਨ ਇਹ ਗੱਲ ਚੱਲ ਪਈ ਕਿ ਜੇ ਤੀਸਰੀ ਜੰਗ ਦੇ ਹਾਲਾਤ ਬਣੇ ਤਾਂ ਯੂਰਪ ਵਾਲੇ ਦੇਸ਼ ਐਤਕੀਂ ਅਮਰੀਕਾ ਦੀ ਅਗਵਾਈ ਮੰਨਣ ਦੀ ਥਾਂ ਵਿਰੋਧੀ ਧਿਰ ਵੀ ਬਣ ਸਕਦੇ ਹਨ। ਇਸ ਤੋਂ ਪਹਿਲਾਂ ਕਦੇ ਏਦਾਂ ਦੇ ਹਾਲਾਤ ਨਹੀਂ ਸਨ ਬਣਦੇ ਵੇਖੇ ਕਿ ਨਾਟੋ ਦੇ ਮੈਂਬਰ ਦੇਸ਼ ਕਿਸੇ ਗੱਲ ਵਿੱਚ ਅਮਰੀਕੀ ਸਰਕਾਰ ਦੇ ਉਲਟ ਜਾਣ ਦਾ ਕੋਈ ਸੰਕੇਤ ਵੀ ਦੇ ਸਕਦੇ ਹੋਣ। ਬਹੁਤੇ ਲੋਕਾਂ ਨੂੰ ਯਾਦ ਨਹੀਂ ਕਿ ਦੂਸਰੀ ਜੰਗ ਤੋਂ ਪਹਿਲਾਂ ਦੁਨੀਆ ਦੀ ਅਗਵਾਈ ਅਮਰੀਕਾ ਕੋਲ ਨਹੀਂ, ਯੂਰਪ ਕੋਲ ਅਤੇ ਖਾਸ ਤੌਰ ਉੱਤੇ ਬ੍ਰਿਟੇਨ ਦੇ ਕੋਲ ਸੀ। ਸੰਸਾਰ ਜੰਗ ਵਿੱਚ ਅਮਰੀਕਾ ਦੂਰ ਹੋਣ ਕਾਰਨ ਬਹੁਤੇ ਨੁਕਸਾਨ ਤੋਂ ਬਚਿਆ ਰਿਹਾ ਤੇ ਬ੍ਰਿਟੇਨ ਸਮੇਤ ਸਾਰੇ ਯੂਰਪੀ ਦੇਸ਼ ਜੰਗ ਦੀ ਮਾਰ ਨਾਲ ਆਰਥਿਕ ਪੱਖੋਂ ਬਹੁਤੇ ਕਮਜ਼ੋਰ ਹੋ ਗਏ ਤਾਂ ਅਮਰੀਕਾ ਦੇ ਹੱਥ ਅਗਵਾਈ ਆਈ ਸੀ। ਤਾਜ਼ਾ ਹਾਲਾਤ ਬਹੁਤ ਦੇਰ ਬਾਅਦ ਏਦਾਂ ਦੇ ਸੰਕੇਤ ਦੇਂਦੇ ਮਹਿਸੂਸ ਕੀਤੇ ਜਾਣ ਲੱਗੇ ਹਨ ਕਿ ਸੰਸਾਰ ਦਾ ਨਕਸ਼ਾ ਬਦਲਣ ਦੇ ਡੋਨਾਲਡ ਟਰੰਪ ਦੇ ਯਤਨ, ਜਿੱਦਾਂ ਉਹ ਕੈਨੇਡਾ ਨੂੰ ਆਪਣਾ ਇਕਵੰਜਵਾਂ ਰਾਜ ਬਣਾਉਣ ਦੇ ਦਬਕੇ ਮਾਰੀ ਜਾਂਦਾ ਹੈ, ਦੇ ਕਾਰਨ ਅਮਰੀਕਾ ਲਈ ਇੱਕਦਮ ਉਲਟ ਸਥਿਤੀ ਪੇਸ਼ ਕਰਨ ਵਾਲੀ ਵੀ ਬਣ ਸਕਦੀ ਹੈ। ਜੇ ਇਸ ਤਰ੍ਹਾਂ ਹੋ ਗਿਆ ਤਾਂ ਦੁਨੀਆ ਭਰ ਦੇ ਦੇਸ਼ਾਂ ਅਤੇ ਸੰਸਾਰ ਪੱਧਰ ਦੇ ਸੰਗਠਨਾਂ ਆਦਿ ਦੀ ਹੈਸੀਅਤ ਵੀ ਨਵੇਂ ਸਿਰਿਉਂ ਤੈਅ ਹੁੰਦੀ ਦਿਖਾਈ ਦੇ ਸਕਦੀ ਹੈ।

ਹਾਲਾਤ ਪੈਰੋ-ਪੈਰ ਵਿਗੜਦੇ ਜਾਂਦੇ ਹਨ, ਪੰਜਾਬ ਦੇ ਵੀ, ਭਾਰਤ ਅਤੇ ਸਾਰੀ ਦੁਨੀਆ ਦੇ ਵੀ, ਪਰ ਇਸ ਦੇ ਬਾਰੇ ਜਿਹੜੇ ਸੋਚਵਾਨ ਲੋਕ ਜਾਂ ਜਿਹੜੇ ਸੰਗਠਨ ਦੁਨੀਆ ਪੱਧਰ ਦੀ ਹੈਸੀਅਤ ਰੱਖਣ ਦੇ ਬਾਵਜੂਦ ਅਜੇ ਤੱਕ ਬੋਲਣ ਨੂੰ ਠੀਕ ਨਹੀਂ ਸਮਝਦੇ, ਉਨ੍ਹਾਂ ਕੋਲੋਂ ਬਹੁਤਾ ਚਿਰ ਚੁੱਪ ਨਹੀਂ ਰਿਹਾ ਜਾ ਸਕਣਾ। ਕੋਈ ਚਾਹੇ ਜਾਂ ਨਾ ਚਾਹੇ, ਏਦਾਂ ਦੀ ਹਾਲਤ ਆਸ ਤੋਂ ਵੱਧ ਛੇਤੀ ਵੀ ਆ ਸਕਦੀ ਹੈ ਕਿ ਅਮਨ-ਅਮਨ ਦੀਆਂ ਕੂਕਾਂ ਸੁਣਨ ਲੱਗ ਪੈਣ। ਇਹ ਕਦੇ ਵੀ ਹੋ ਸਕਦਾ ਹੈ।

# ਨਵੀਆਂ ਪੈੜਾਂ ਦਾ ਸਿਰਜਕ

**ਵਰਤਾਰਾ**

**ਦਵਿੰਦਰ ਮੰਡ (ਮੰਡ)**

ਬਾਹਰ ਬੋਹੜ ਹੇਠਾਂ ਪੰਚਾਇਤ ਜੁੜੀ ਹੈ। ਪੰਚਾਇਤ ਵਿੱਚ ਸਰਪੰਚ ਦੀ 'ਜੀ ਹਜ਼ੂਰੀ' ਕਰਨ ਵਾਲੇ ਲੱਗਭੱਗ ਸਾਰੇ ਪੰਚਾਇਤ ਮੈਂਬਰ ਹਾਜ਼ਰ ਸਨ।

ਅਖੇ ਅੱਜ 'ਨਸਾਫ਼ ਹੋਵੇ' ਅਸੀਂ ਬੱਚੇ ਇਸ ਇਨਸਾਫ਼ ਨੂੰ ਵੇਖਣ ਲਈ ਗਲੀਆਂ ਵਿੱਚ ਨੱਠੇ-ਭੱਜੇ ਫਿਰਦੇ। ਸਰਪੰਚ ਨੂੰ ਆਪਣੀ ਮਨਮਾਨੀਆਂ ਕਰਨ ਦੀ ਆਦਤ ਸ਼ੁਰੂ ਤੋਂ ਸੀ। ਸਾਡੀ ਗਲੀ 'ਚ ਸਾਡੇ ਤੋਂ ਇਕ ਘਰ ਛੱਡ ਰਾਮ ਦਿਆਲ (ਬਦਲਿਆ ਨਾਂਅ) ਦਾ ਘਰ ਸੀ। ਸਭ ਨਾਲੋਂ ਅਲੱਗ ਤੁਰਨ ਵਾਲੇ ਜ਼ਿੱਦੀ। ਪਿੰਡ 'ਚ ਆਮ ਰੌਲ਼ਾ ਹੁੰਦਾ 'ਬਈ ਕੋਈ ਉਨ੍ਹਾਂ ਨੂੰ ਮਨਾ ਲਓ' ਬਸ ਫਿਰ ਗੱਲ ਬਣ ਜਾਣੀ। ਪਿੰਡ ਦੇ ਮੋਹਤਬਰ ਬੰਦੇ ਉਨ੍ਹਾਂ ਦੇ ਘਰ ਜਾਂਦੇ, ਪਰ ਰਾਮ ਦਿਆਲ ਦੀ ਅੜੀ ਬਰਕਰਾਰ ਰਹਿੰਦੀ। ਪਿੰਡ ਦੇ ਲੋਕਾਂ ਕੋਲੋਂ ਉਨ੍ਹਾਂ ਦੀ ਅੜੀ ਦੀਆਂ ਗੱਲਾਂ ਸਾਡੇ ਤੱਕ ਵੀ ਪਹੁੰਚਦੀਆਂ।

ਰਾਮ ਦਿਆਲ ਨੇ ਉਂਝ ਜ਼ਿੰਦਗੀ 'ਚ ਹਰ ਕੰਮ ਕੀਤਾ। ਖੱਡੀ ਬੁਣਨਾ, ਦੁਕਾਨਦਾਰੀ, ਲੱਕੜਾਂ ਵੇਚਣੀਆਂ, ਮੱਝਾਂ ਰੱਖਣੀਆਂ, ਗੱਲ ਕੀ ਕਿ ਹਰ ਨਿੱਕਾ-ਮੋਟਾ ਕੰਮ ਸ਼ੁਰੂ ਕੀਤਾ। ਜਦੋਂ ਚਾਅ ਲੱਥ ਜਾਂਦਾ, ਹੋਰ ਕੰਮ ਸ਼ੁਰੂ ਕਰ ਲੈਂਦਾ।

'ਅੱਜ ਦੇ ਇਨਸਾਫ਼' ਲਈ ਅਸੀਂ ਨਿਆਣੇ ਵੀ ਬੋਹੜ ਥੱਲੇ ਇਕੱਠੇ ਹੋ ਗਏ। ਰਾਮ ਦਿਆਲ ਦਾ ਪਰਵਾਰ 'ਦੋਸ਼ੀ' ਮੰਨਿਆ ਗਿਆ। ਅਸਲ 'ਚ ਗੱਲ ਕੋਈ ਬਹੁਤ ਵੱਡੀ ਨਹੀਂ ਸੀ, ਉਨ੍ਹਾਂ ਦੀ ਪਿੰਡ 'ਚ ਲੜਾਈ ਹੋ ਗਈ। ਰਾਮ ਦਿਆਲ ਦੇ ਵੱਡੇ ਮੁੰਡੇ ਦਾ ਵੀ ਸਿਰ ਪਾਟ ਗਿਆ ਅਤੇ ਰਾਮ ਦਿਆਲ ਹੁਰਾਂ ਉਨ੍ਹਾਂ ਦਾ ਵੀ ਨੁਕਸਾਨ ਕਰ ਦਿੱਤਾ। ਗੱਲ ਪੰਚਾਇਤ ਤੱਕ ਪਹੁੰਚੀ। ਸਰਪੰਚ ਨੂੰ ਹੋਰ ਕੀ ਚਾਹੀਦਾ ਸੀ, ਉਹਦੇ ਲਈ ਰਾਮ ਦਿਆਲ ਦੇ ਪਰਵਾਰ ਤੋਂ ਬਦਲਾ ਲੈਣ ਲਈ ਸੁਨਹਿਰੀ ਮੌਕਾ ਸੀ। ਬਸ ਫਿਰ ਕੀ ਸੀ, ਜੁੜੀ ਪੰਚਾਇਤ 'ਚ ਇਕ ਪੰਚਾਇਤ ਮੈਂਬਰ ਨੇ ਪਹਿਲਾਂ ਸਿਖਾਏ ਅਨੁਸਾਰ ਫ਼ੈਸਲਾ ਸੁਣਾ ਦਿੱਤਾ।

'ਰਾਮ ਦਿਆਲ ਦੇ ਮੁੰਡਿਆਂ ਦੇ ਭਰੀ ਪੰਚਾਇਤ ਵਿੱਚ ਵੀਹ-ਵੀਹ ਜੁੱਤੀਆਂ ਮਾਰੀਆਂ ਜਾਣ।' ਹਾਂ 'ਚ ਹਾਂ ਮਿਲਾਉਣ ਵਾਲਿਆਂ ਨੇ ਕੋਈ ਵਿਰੋਧ ਨਾ ਕੀਤਾ। ਫ਼ੈਸਲਾ ਲਾਗੂ ਹੋ ਗਿਆ।

ਪੰਚਾਇਤ 'ਚ ਤਿੰਨਾਂ ਭਰਾਵਾਂ ਨੂੰ ਹੇਠਾਂ ਬਿਠਾ ਲਿਆ। ਹੁਣ ਪੂਰਨ ਸ਼ਾਂਤੀ ਸੀ। ਚੁੱਪ-ਚਾਪ, ਕਿਤੇ ਬੋਹੜ ਉੱਤਲੇ ਜਨੌਰ ਵੀ ਇਹ ਮਾਜਰਾ ਵੇਖਣਾ ਚਾਹੁੰਦੇ ਹੋਣ। ਵਿਰੋਧੀ ਨੇ ਜੁੱਤੀ ਫੜ ਲਈ। ਠਾਹ-ਠਾਹ ਵਰ੍ਹਾਉਣ ਲੱਗਾ। ਛੋਟੇ ਮੁੰਡੇ ਨਾਲ ਵਿਰੋਧੀ ਜ਼ਿਆਦਾ ਲੱਗਦਾ ਸੀ, ਕਿਉਂਕਿ ਉਹਦੇ ਅੰਦਰ ਕੋਈ ਅੱਗ ਮਚਦੀ ਰਹਿੰਦੀ ਸੀ। ਵਿਰੋਧੀ ਨੇ ਪੂਰੇ ਜ਼ੋਰ ਨਾਲ ਜਦੋਂ ਪਹਿਲੀ ਜੁੱਤੀ ਉਹਦੇ ਮਾਰੀ ਤਾਂ ਬੋਹੜ ਉੱਪਰਲੀਆਂ ਗਿਰਝਾਂ ਵੀ ਸ਼ਮਸ਼ਾਨਘਾਟ ਵੱਲ ਨੂੰ ਉੱਡ ਗਈਆਂ। ਫਿਰ ਚੱਲ ਸੋ ਚੱਲ ਵਿਰੋਧੀਆਂ ਨੇ ਆਪਣਾ ਬਦਲਾ ਲੈ ਲਿਆ।

ਇਸ ਘਟਨਾ ਨੂੰ ਵਾਪਰਿਆਂ ਲੱਗਭੱਗ ਤਿੰਨ-ਚਾਰ ਦਹਾਕੇ ਹੋ ਗਏ ਹਨ। ਛੋਟਾ ਮੁੰਡਾ ਹੁਣ ਅੱਧਖੜ ਹੈ, ਚੁੱਪ-ਚਾਪ ਰਹਿੰਦਾ ਹੈ, ਪਰ ਉਦੋਂ ਤੋਂ ਉਹਦੇ ਅੰਦਰ ਜਵਾਲਾਮੁਖੀ ਫਟਦਾ, ਮੈਂ ਅਕਸਰ ਵੇਖਦਾ ਰਿਹਾ।

'ਯਾਰ ਪਿੰਡ 'ਚ ਕੋਈ ਵੀ ਨਾ ਬੋਲਿਆ' ਉਹਨੂੰ ਸਮੁੱਚੇ ਪਿੰਡ 'ਤੇ ਗਿਲਾ ਸੀ। 'ਜੁੱਤੀਆਂ ਦਾ ਦਰਦ' ਪੜ੍ਹਾਈ ਨਾਲ ਜਾਣਾ। ਉਹਨੇ ਅੰਦਰੋਂ ਅੰਦਰੀ ਤਹੱਈਆ ਕਰ ਲਿਆ ਸੀ। ਆਪਣੇ ਅਤੇ ਭਰਾਵਾਂ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਪ੍ਰਣ ਲੈ ਲਿਆ। ਬੱਚੇ ਵੀ ਉਹਦੇ ਪਿੱਛੇ ਲੱਗ ਤੁਰੇ। ਉਨ੍ਹਾਂ ਵੀ ਪੜ੍ਹਾਈ ਸਿਰਫ਼ ਆਪਣਾ ਮਕਸਦ ਮਿੱਥ ਲਿਆ। ਆਪ ਇਹ ਰੌਸ਼ਨ ਲਾਲ (ਬਦਲਿਆ ਨਾਂਅ) ਬਾਰਾਂ ਤੱਕ ਹੀ ਪੜ੍ਹ ਸਕਿਆ ਸੀ।

ਫਿਰ ਇਸ ਨੇ ਸਾਹਿਤ ਦੀਆਂ ਕਿਤਾਬਾਂ, ਮਹਾਂਪੁਰਸ਼ਾਂ ਦੀਆਂ ਜੀਵਨੀਆਂ ਨਾਲ ਆਪਣੀ ਸੋਚ ਨੂੰ ਹੋਰ ਉੱਚਾ ਚੁੱਕਣ ਲਈ ਦਾਰਸ਼ਨਿਕ ਪੁਸਤਕਾਂ ਨਿੱਠ ਕੇ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਮਨ ਨੂੰ ਵੀ ਆਪਣੇ ਨਾਂਅ ਵਾਂਗ ਰੌਸ਼ਨ ਕਰ ਲਿਆ। ਕੈਨੇਡਾ ਚਲਾ ਗਿਆ, ਡਟ ਕੇ ਕਮਾਈ ਕੀਤੀ। ਆਪਣੇ ਤੇ ਭਰਾਵਾਂ ਦੇ ਬੱਚੇ ਉਚੇਰੀ ਪੜ੍ਹਾਈ ਕਰਾ ਕਾਲਜ ਵਿੱਚ ਅਧਿਆਪਕ ਲੁਆ ਦਿੱਤੇ। ਸਦਾਚਾਰਕ ਗੁਣਾ ਨੂੰ ਅਪਣਾ, ਨਸ਼ਿਆਂ ਤੋਂ ਮੁਕਤ ਸਮਾਜ ਸੁਧਾਰ ਦਾ ਅਜਿਹਾ ਬੀੜਾ ਚੁੱਕਿਆ ਕਿ ਇਕ ਦਿਨ ਪਿੰਡ ਦਾ ਸਰਪੰਚ ਬਣ ਗਿਆ। ਉਸ ਨੇ ਆਪਣੇ ਦੌਰ 'ਚ ਅਜਿਹੇ ਫ਼ੈਸਲੇ ਲਏ ਜੋ ਗਰੀਬ ਵਰਗ ਲਈ ਉਦਾਹਰਣ ਸਾਬਤ ਹੋਏ। ਪੰਚਾਇਤੀ ਜ਼ਮੀਨਾਂ ਕਢਵਾ-ਕਢਵਾ ਰਹਿਬਰਾਂ, ਮਹਾਂਪੁਰਸ਼ਾਂ ਦੀਆਂ ਅਜਿਹੀਆਂ ਯਾਦਾਂ ਬਣਾਈਆਂ ਕਿ ਚੰਗੇ ਲੋਕ ਅਸ਼-ਅਸ਼ ਕਰ ਉੱਠੇ। ਪੜ੍ਹਾਈ ਨੇ ਰੌਸ਼ਨ ਲਾਲ ਨੂੰ ਅਜਿਹੇ ਤਰਕ ਸਿਖਾਏ ਕਿ ਵਿਰੋਧ ਕਰਨ ਵਾਲੇ ਅਮੀਰ ਸ਼ਾਹੂਕਾਰ, ਧੱਕੇਸ਼ਾਹੀ ਕਰਨ ਵਾਲੇ ਵੀ ਇਹਦੇ ਮੂਹਰੇ ਹਾਰ ਜਾਂਦੇ ਰਹੇ। ਗਲੀਆਂ-ਨਾਲੀਆਂ ਪੱਕੀਆਂ ਕਰਵਾ ਦਿੱਤੀਆਂ।

ਇਕ ਦਿਨ ਮੈਂ ਕਿਤਾਬਾਂ ਦਾ ਬੰਡਲ ਲੈ ਰੌਸ਼ਨ ਲਾਲ ਨੂੰ ਮਿਲਣ ਪਿੰਡ ਚਲਾ ਗਿਆ। ਇਹ ਪਿੰਡ 'ਚ ਬਣਾਈ ਮਹਾਂਪੁਰਸ਼ਾਂ ਦੀ ਯਾਦ 'ਚ ਲਾਇਬ੍ਰੇਰੀ 'ਚ ਖੜ੍ਹਾ ਸੀ। ਮੇਰੇ ਹੱਥ ਵਿਚਲੀਆਂ ਕਿਤਾਬਾਂ ਦੇਖ ਰੌਸ਼ਨ ਖੁਸ਼ ਹੋ ਗਿਆ।

'ਆਜੋ ਆਜੋ ਪ੍ਰੋਫ਼ੈਸਰ ਸਾਹਿਬ............... ਕਿਤੇ ਪਿੰਡ ਆਲੇ ਮੇਰਾ ਸਾਥ ਦਿੰਦੇ, ਮੈਂ ਕੁਝ ਦਾ ਕੁਝ ਬਣਾ ਦੇਣਾ ਸੀ ਪਿੰਡ................"

ਫਿਰ ਮੈਂ ਤੇ ਰੌਸ਼ਨ ਕਾਫ਼ੀ ਦੇਰ ਗੱਲਾਂ ਕਰਦੇ ਰਹੇ।

'ਹੁਣ ਦੇਖੋ ਪ੍ਰੋਫ਼ੈਸਰ ਸਾਹਿਬ ਮੈਂ ਆਹ ਪੰਚਾਇਤੀ ਜ਼ਮੀਨ ਕਢਵਾ ਇਸ ਰਹਿਬਰ ਦਾ ਬੁੱਤ ਲਗਾ ਦਿੱਤਾ। ਹੁਣ...... ਓਹੀ.....ਸਰਪੰਚ.... ਆਪਣੇ ਖੂਹ ਨੂੰ ... ਦੂਜੇ ਰਾਹ ਥਾਣੀਂ ਜਾਂਦਾ ਹੈ................

ਫਿਰ ਰੌਸ਼ਨ ਲਾਲ ਉੱਚੀ-ਉੱਚੀ ਹੱਸ ਪਿਆ।

ਮੈਨੂੰ ਬਚਪਨ ਦੀ ਪੰਚਾਇਤ ਦੀ ਪੁਰਾਣੀ ਵਧੀਕੀ ਵਾਲੀ ਘਟਨਾ ਯਾਦ ਆ ਗਈ। ਮੈਂ ਕਦੇ ਰਹਿਬਰ ਹੱਥ ਫੜੀ ਪੁਸਤਕ ਵੱਲ ਦੇਖ ਰਿਹਾ ਸਾਂ ਤੇ ਕਦੇ ਰੌਸ਼ਨ ਹੱਥ ਕਿਤਾਬਾਂ ਨੂੰ।

ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਇਨ੍ਹਾਂ ਪੁਸਤਕਾਂ ਨੇ ਬੋਹੜ ਉੱਪਰਲੀਆਂ ਗਿਰਝਾਂ ਅਤੇ ਪੁਰਾਣੀ ਪੰਚਾਇਤ ਨੂੰ ਸ਼ਮਸ਼ਾਨਘਾਟ ਵੱਲ ਤੋਰ ਦਿੱਤਾ ਹੋਵੇ।

*ਸੰਪਰਕ : 99145-65255*

# ਵੇ ਮੈਂ ਪਿਆਰ ਪਿਆਰ ਕੂਕਾਂ ਤੇ ਤੂੰ ਜੰਗ, ਜੰਗ, ਜੰਗ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-21**

**ਸੁਰਜੀਤ ਸੁਮਨ**


ਜੰਗ, ਯੁੱਧ, ਲੜਾਈ, ਫਸਾਦ, ਦੰਗੇ, ਗਾਲ੍ਹੀ-ਗਲ਼ੋਚ, ਮਨ-ਭੇਦ ਇਹ ਸਭ ਅਜਿਹੇ ਸ਼ਬਦ ਹਨ, ਜਿਹੜੇ ਆਮ ਬੰਦੇ ਨੂੰ ਅੰਦਰ ਤੱਕ ਹਿਲਾ ਕੇ ਰੱਖ ਦਿੰਦੇ ਹਨ। ਅਰਸ਼ ਤੋਂ ਫਰਸ਼ 'ਤੇ ਲਿਆ ਖੜ੍ਹਾ ਕਰਦੇ ਹਨ। ਜਿਊਣ ਜੋਗਾ ਨਹੀਂ ਛੱਡਦੇ। ਲਹਿਲਹਾਉਂਦੇ ਬਾਗਾਂ ਨੂੰ ਉਜਾੜ ਛੱਡਦੇ ਹਨ। ਅਸਮਾਨ ਛੂਹ ਰਹੀਆਂ ਇਮਾਰਤਾਂ ਖੰਡਰਾਂ ਵਿੱਚ ਵਟ ਜਾਂਦੀਆਂ ਹਨ। ਜਗਮਗ ਜਗਮਗ ਕਰਦੇ ਸ਼ਹਿਰ ਘੁੱਪ-ਹਨ੍ਹੇਰਾ ਹੋ ਜਾਂਦੇ ਹਨ। ਕਲ੍ਹਾ-ਕਲੰਦਰ ਵਸੇ ਤੇ ਘੜਿਉਂ ਪਾਣੀ ਨੱਸੇ। ਆਪਣੇ ਆਪ ਨੂੰ ਉੱਚਾ ਦਿਖਾਉਣ ਲਈ ਅਸੀਂ ਦੂਜਿਆਂ ਨੂੰ ਕਦੋਂ ਨੀਵਾਂ ਦਿਖਾਉਣਾ ਸ਼ੁਰੂ ਕਰ ਦਿੰਦੇ ਹਾਂ? ਪਤਾ ਹੀ ਨਹੀਂ ਚੱਲਦਾ। ਮੈਂ, ਮੈਂ, ਮੈਂ ਬੱਸ ਇਹ ਮੈਂ, ਮੈਂ ਹੀ ਮਾਰਦੀ ਹੈ, ਬੰਦੇ ਨੂੰ। ਉਂਝ ਕਹਿੰਦੇ ਨੇ ਮੈਂ, ਮੈਂ ਹੀ ਬੱਕਰੇ ਦਾ ਸਿਰ ਕਟਵਾ ਦਿੰਦੀ ਹੈ। ਅਜਿਹੀ ਅਟੱਲ ਸਚਾਈ ਦੇ ਸਨਮੁੱਖ ਕਰਦਿਆਂ ਗੁਰਬਾਣੀ ਸਹਿਜੇ ਹੀ ਬੰਦੇ ਨੂੰ ਇਸ ਭਰਮ ਤੋਂ ਮੁਕਤ ਕਰਨ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ, 'ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈਂ ਨਾਹੀ॥' ਫਿਰ ਵੀ ਹਾਊਮੈਂ ਨਾਲ਼ ਭਰਿਆ ਬੰਦਾ ਗਾਹੇ-ਬਗਾਹੇ ਇਨ੍ਹਾਂ ਸ਼ਬਦਾਂ ਨੂੰ ਆਪਣੀ ਜ਼ੁਬਾਨ 'ਤੇ ਲਿਆਉਣ ਤੋਂ ਗੁਰੇਜ਼ ਨਹੀਂ ਕਰਦਾ। ਦੂਜਿਆਂ ਨੂੰ ਨੀਵਾਂ ਦਿਖਾਉਣ ਵਾਲ਼ਾ ਬੰਦਾ ਪਤਾ ਨਹੀਂ ਕਦੋਂ ਜੰਗ ਛੇੜ ਦੇਵੇ, ਫਸਾਦ ਖੜ੍ਹਾ ਕਰ ਲਵੇ, ਗਾਲ੍ਹੀ-ਗਲ਼ੋਚ 'ਤੇ ਉਤਾਰੂ ਹੋ ਜਾਵੇ, ਕੁਝ ਪਤਾ ਨਹੀਂ। ਅਜਿਹਾ ਹੀ ਹੋ ਰਿਹਾ ਹੈ, ਸਾਡੇ ਇਨ੍ਹਾਂ ਸਮਿਆਂ ਵਿੱਚ। ਅੱਜ ਦਾ ਇਹ ਸਮਾਂ, ਅੱਜ ਦੇ ਮਨੁੱਖ ਵਾਂਗ ਬੇਹੱਦ ਬੇਇਤਬਾਰਾ ਹੁੰਦਾ ਚਲਾ ਜਾ ਰਿਹਾ ਹੈ। ਅਪਰੇਸ਼ਨ ਸਿੰਧੂਰ ਤੋਂ ਪਹਿਲਾਂ ਵਾਲ਼ੇ ਹਾਲਾਤ ਵੱਲ ਝਾਤੀ ਮਾਰੀਏ ਤਾਂ ਸਹਿਜੇ ਹੀ ਗਿਆਤ ਹੋ ਜਾਂਦਾ ਹੈ ਕਿ ਓਸ ਅੱਤਵਾਦੀ ਕਾਰੇ ਪਿੱਛੇ ਜੰਗ ਵਰਗੇ ਹਾਲਾਤਾਂ ਦੇ ਬੀਜ ਹੀ ਤਾਂ ਪਏ ਦਿਖਾਈ ਦਿੰਦੇ ਹਨ। ਪਰ ਉਸ ਵੇਲ਼ੇ ਦੀ ਇੱਕ ਹੋਰ ਤਸਵੀਰ ਉੱਭਰਦੀ ਹੈ। ਇਹ ਤਸਵੀਰ ਧਰਮ ਦੇ ਨਾਂਅ 'ਤੇ ਵੰਡੀਆਂ ਪਾਉਣ ਵਾਲ਼ੇ ਅਨਸਰਾਂ ਦੇ ਮੂੰਹ 'ਤੇ ਕਰਾਰਾ ਥੱਪੜ ਜੜ੍ਹਦੀ ਹੈ। ਇਸ ਤਸਵੀਰ ਵਿੱਚ ਅੱਲ੍ਹਾਹ ਨੂੰ ਮੰਨਣ ਵਾਲ਼ੇ ਮਿਹਨਤਕਸ਼ ਕਸ਼ਮੀਰੀਆਂ ਦੇ ਰੂਹਾਨੀ ਦਰਸ-ਦੀਦਾਰ ਹੁੰਦੇ ਹਨ। ਇਹ ਮਨ-ਭੇਦ ਪੈਦਾ ਕਰਨ ਵਾਲ਼ਿਆਂ ਲਈ ਸਬਕ ਹੈ, ਜੇ ਉਹ ਲੈਣ ਤਾਂ। ਅੱਜ ਇਰਾਨ-ਇਜ਼ਰਾਈਲ ਜੰਗ ਦੇ ਨਤੀਜੇ ਸਾਡੇ ਸਾਹਮਣੇ ਹਨ। ਰੂਸ-ਯੂਕਰੇਨ ਦੀ ਤਬਾਹੀ ਸਾਡੀਆਂ ਅੱਖਾਂ ਅੱਗੇ ਭੱਬੂ-ਤਾਰੇ ਨੱਚਣ ਲਾ ਦਿੰਦੀ ਹੈ। ਇਸ ਜੰਗ ਵਿੱਚ ਜਿਨ੍ਹਾਂ ਲੋਕਾਂ ਨੇ ਤਬਾਹੀ ਦੇਖੀ ਹੈ, ਇਸ ਨੂੰ ਉਹੀ ਬਿਆਨ ਕਰ ਸਕਦੇ ਹਨ। ਜਿਨ੍ਹਾਂ ਘਰਾਂ ਵਿੱਚ ਕੁਝ ਪਲ ਪਹਿਲਾਂ ਅੱਲੜ੍ਹ ਮੁਟਿਆਰਾਂ ਦੇ ਚਾਅ ਤੇ ਸੱਧਰਾਂ ਖਿੜ ਖਿੜ ਜਾਂਦੀਆਂ ਹੋਣਗੀਆਂ, ਜਿਨ੍ਹਾ ਘਰਾਂ ਵਿੱਚ ਛੋਟੇ ਛੋਟੇ ਬਾਲਾਂ ਦੀਆਂ ਕਿਲਕਾਰੀਆਂ ਗੂੰਜ ਰਹੀਆਂ ਹੋਣਗੀਆਂ, ਜਿਨ੍ਹਾਂ ਘਰਾਂ ਵਿੱਚ ਨਵ-ਜੰਮੇ ਬਾਲ, ਮਾਂ-ਪਿਓ ਦੇ ਨਕਸ਼ਾਂ ਦੀ ਪਛਾਣ ਲਈ ਤਾਂਘਦੇ ਹੋਣਗੇ, ਜਿਨ੍ਹਾਂ ਘਰਾਂ ਵਿੱਚ ਨਵ-ਵਿਆਹੇ ਜੋੜੇ ਤਲ਼ੀਆਂ 'ਤੇ ਮੁਹੱਬਤ ਦੇ ਦੀਵੇ ਬਾਲ਼ ਮਿਲਾਪ ਦੇ ਪਲਾਂ ਦਾ ਇੰਤਜ਼ਾਰ ਕਰ ਰਹੇ ਹੋਣਗੇ, ਜਿਨ੍ਹਾਂ ਘਰਾਂ ਵਿੱਚ ਠੁਰ-ਠੁਰ ਕਰਦੇ ਬੁੱਢੇ ਹੱਥ ਆਪਣੇ ਪਿਆਰਿਆਂ ਨੂੰ ਉਡੀਕਦੇ ਹੋਣਗੇ, ਉਨ੍ਹਾਂ ਸਭ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੇ ਘਰਾਂ ਨੂੰ ਇਹ ਬੇਰਹਿਮ ਮਿਜ਼ਾਈਲਾਂ ਖੰਡਰਾਂ ਵਿੱਚ ਤਬਦੀਲ ਕਰ ਦੇਣਗੀਆਂ। ਉਨ੍ਹਾਂ ਨੂੰ ਕੀ ਪਤਾ ਸੀ ਕਿ ਅਗਲੇ ਹੀ ਪਲ ਉਨ੍ਹਾਂ ਦੀਆਂ ਚੰਦਨ ਦੇਹੀਆਂ ਲਾਸ਼ਾਂ ਵਿੱਚ ਵਟ ਜਾਣਗੀਆਂ। ਉਹ ਨਹੀਂ ਜਾਣਦੇ ਸਨ ਕਿ ਉਹ ਕਿਸ ਦੀ ਹਾਉਮੈ ਦਾ ਸ਼ਿਕਾਰ ਹੋਣਗੇ। ਕਿਸ ਦੀ ਸਿਆਸਤ ਵਿੱਚ ਉਲਝ ਜਾਨਾਂ ਗੁਆ ਬੈਠਣਗੇ, ਮਲੀਆਮੇਟ ਹੋ ਜਾਣਗੇ। ਰੋਟੀ ਦੀ ਭੁੱਖ ਆਮ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ। ਇੰਝ ਹੀ ਹਾਉਮੈ, ਸ਼ੌਹਰਤ, ਸਿਆਸਤ, ਕੁਰਸੀ ਤੇ ਜਿਸਮਾਨੀ ਭੁੱਖ ਬੰਦੇ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਦੀ। ਕੁਰਸੀ ਤੇ ਸ਼ੌਹਰਤ ਦੀ ਭੁੱਖ ਨੇ ਤਤਕਾਲੀ ਪ੍ਰਧਾਨ ਮੰਤਰੀ ਦੇ ਮਨ ਵਿੱਚ ਐਮਰਜੈਂਸੀ ਦੇ ਯੁੱਗ ਵਿੱਚ ਧੌਂਸ ਦੇ ਅਜਿਹੇ ਬੀਜ ਬੀਜੇ, ਜਿਹੜੇ ਵੱਡੇ ਰੁੱਖ ਬਣ ਉਨ੍ਹਾਂ 'ਤੇ ਹੀ ਆ ਡਿੱਗੇ। ਦੂਜਿਆਂ ਦੇ ਚਾਵਾਂ ਨੂੰ ਕਤਲ ਕਰਨ ਵਾਲ਼ੇ ਭਲਾਂ ਇਹ ਕਦੋਂ ਜਾਣਦੇ ਹੁੰਦੇ ਹਨ ਕਿ ਕਤਲ ਹੋਣ ਵਾਲ਼ਿਆਂ ਦੀਆਂ ਬਦ-ਦੁਆਵਾਂ ਇੱਕ ਨਾ ਇੱਕ ਦਿਨ ਉਨ੍ਹਾਂ ਨੂੰ ਵੀ ਲੈ ਬੈਠਣਗੀਆਂ। ਇਹ ਅਖਾਣ 'ਤਪੋਂ ਰਾਜ ਰਾਜੋਂ ਨਰਕ' ਅਜਿਹੇ ਮਦਹੋਸ਼ ਲੋਕਾਂ ਦੀਆਂ ਅੱਖਾਂ ਖੋਲ੍ਹਣ ਵਾਲ਼ਾ ਹੀ ਤਾਂ ਹੈ, ਪਰ ਜਿਨ੍ਹਾਂ ਆਪਣੀਆਂ ਅੱਖਾਂ 'ਤੇ ਸਿਆਸੀ ਚਕਾਚੌਂਧ ਦੀ ਜ਼ਿਬਾਹ ਕਰਨ ਵਾਲ਼ੀ ਨਸ਼ਈ ਪੱਟੀ ਬੰਨ੍ਹ ਲਈ ਹੋਵੇ, ਉਨ੍ਹਾਂ ਨੂੰ ਅਜਿਹੇ ਅਖਾਣਾਂ ਵਿੱਚਲੀ ਲਿਸ਼ਕੋਰ ਕਦੋਂ ਨਜ਼ਰ ਆਉਂਦੀ ਹੈ? ਉਹ ਕਦੋਂ ਸਮਝਣ ਦਾ ਯਤਨ ਕਰਦੇ ਹਨ ਕਿ ਰਾਜ-ਭਾਗ ਬੜੀ ਤਪੱਸਿਆ ਨਾਲ਼ ਹਾਸਲ ਹੁੰਦੇ ਹਨ।ਉਹ ਨਹੀਂ ਜਾਣਦੇ ਹੁੰਦੇ, ਰਾਜ-ਭਾਗ ਨੂੰ ਚਲਾਉਣ ਵੇਲ਼ੇ ਕੀਤੀਆਂ ਗੁਸਤਾਖ਼ੀਆਂ ਉਨ੍ਹਾਂ ਲਈ ਨਰਕ ਦੇ ਦੁਆਰ ਖੋਲ੍ਹ ਅੱਗੇ ਬੈਠ ਜਾਂਦੀਆਂ ਹਨ।ਅਜਿਹੇ ਸਮਿਆਂ ਵਿੱਚ ਹੀ ਹੋਣੀ ਵਾਰਦ ਹੁੰਦੀ ਹੈ।ਅਜਿਹੇ ਮੌਕਿਆਂ 'ਤੇ ਹੋਣੀ ਰਾਹ ਵਿੱਚ ਤੰਬੂ ਤਾਣ, ਘਾਤ ਲਗਾ ਕੇ ਬੈਠ ਜਾਂਦੀ ਹੈ। ਜੰਗ ਦੀ ਸਿਆਸਤ ਕਰ ਰਹੇ ਇਨ੍ਹਾਂ ਆਗੂਆਂ ਦੀਆਂ ਬੇਹੱਦ ਘਿਨਾਉਣੀਆਂ ਰੂਹਾਂ ਦੇ ਦਰਸ਼ਨ ਹੋ ਰਹੇ ਹਨ।ਮੇਰੀਆਂ ਅੱਖਾਂ ਸਾਹਵੇਂ ਇੱਕ ਹੋਰ ਤਸਵੀਰ ਉੱਭਰਦੀ ਹੈ।ਇਜ਼ਰਾਈਲੀ ਫੌਜੀਆਂ ਵੱਲੋਂ ਭੋਜਨ ਸਮੱਗਰੀ ਵਾਲ਼ੇ ਟਰੱਕਾਂ ਦੀ ਉਡੀਕ ਕਰਦੇ 44 ਫਲਸਤੀਨੀਆਂ ਨੂੰ ਬੜੀ ਬੇਰਹਿਮੀ ਨਾਲ਼ ਗੋਲ਼ੀਆਂ ਨਾਲ਼ ਭੁੰਨ ਦਿੱਤਾ ਜਾਂਦਾ ਹੈ।ਫਿਰ ਵੀ ਭੁੱਖਣ-ਭਾਣੇ ਹੋਰ ਲੋਕ ਮੌਤ ਦੀ ਪ੍ਰਵਾਹ ਕੀਤੇ ਬਿਨਾਂ ਖੁਰਾਕ ਵੰਡ ਕੇਂਦਰਾਂ ਵੱਲ ਵਹੀਰਾਂ ਘੱਤ ਤੁਰਦੇ ਹਨ।ਉਹ ਇਹ ਵੀ ਜਾਣਦੇ ਹੁੰਦੇ ਹਨ, ਦੋਹਾਂ ਵਿੱਚੋਂ ਇੱਕ ਚੀਜ਼ ਤਾਂ ਮਿਲ਼ੇਗੀ ਹੀ, ਗੋਲ਼ੀ ਜਾਂ ਰੋਟੀ। ਸਿਤਮ ਉਦੋਂ ਵਾਰਦ ਹੁੰਦੈ ਜਦੋਂ ਉਹ ਰੋਟੀ ਹਾਸਲ ਤਾਂ ਕਰ ਲੈਂਦੇ ਹਨ ਪਰ ਹਥਿਆਰਬੰਦ ਵਿਅਕਤੀ ਇਹ ਰੋਟੀ ਉਨ੍ਹਾਂ ਦੇ ਹੱਥੋਂ ਖੋਹ ਕੇ ਲੈ ਜਾਂਦੇ ਹਨ। ਭੁੱਖ ਦਾ ਇਹ ਰੂਪ ਵੀ ਹੈ। ਬੜਾ ਘਿਨਾਉਣਾ ਹੈ ਇਹ ਰੂਪ। ਵਟਸਐਪ ਦੀ ਰਿੰਗਟੋਨ ਨੇ ਮੇਰਾ ਧਿਆਨ ਖਿੱਚਿਆ। ਪ੍ਰੇਮੀ ਜੀ ਦੀ ਵਟਸਐਪ ਕਾਲ਼ ਸੀ। ਬੜੇ ਜ਼ਿੰਦਾਦਿਲ ਇਨਸਾਨ ਨੇ ਬਈ ਇੰਦਰਜੀਤ ਪ੍ਰੇਮੀ। ਹਾਰ ਮੰਨਣ ਵਾਲ਼ੇ ਨਹੀਂ। ਆਸਟਰੇਲੀਆ ਤੋਂ ਵਾਪਸ ਪਰਤੇ ਤਾਂ ਉਨ੍ਹਾਂ ਨੂੰ ਇਨਫੈਕਸ਼ਨ ਨੇ ਘੇਰ ਲਿਆ। ਗਾਹੇ-ਬਗਾਹੇ ਫੋਨ ਕਰਦਾਂ, ਉਹ ਬਹੁਤਾ ਦੱਸਦੇ ਨਾ। ਇੱਕ ਦਿਨ ਮੈਂ ਚੁਪ-ਚਾਪ ਜਾ ਦਰਵਾਜ਼ਾ ਖੜਕਾਇਆ। ਚਿਹਰੇ 'ਤੇ ਡੂੰਘੀ ਉਦਾਸੀ ਦੇਖ ਮੇਰੀ ਧਾਅ ਜਿਹੀ ਨਿਕਲ਼ੀ। ਉਹ ਜ਼ਿਆਦਾ ਬੋਲੇ ਨਹੀਂ। ਕੰਧ ਵੱਲ ਮੂੰਹ ਕਰੀ ਪਏ ਰਹੇ। ਅੱਜ ਉਨ੍ਹਾਂ ਦੇ ਹੱਥ ਵਿੱਚ ਕਿਤਾਬ ਨਹੀਂ ਸੀ। ਮਨ ਉਦਾਸ ਹੋ ਗਿਆ। ਮਨ ਬੇਚੈਨ ਹੋ ਉੱਠਿਆ। ਮੈਥੋਂ ਜ਼ਿਆਦਾ ਬੈਠਿਆ ਨਾ ਗਿਆ। ਫਿਰ ਇਨ੍ਹੀਂ-ਦਿਨੀਂ ਕੈਂਸਰ ਨਾਲ਼ ਜੰਗ ਲੜ ਰਹੇ ਰਿਸ਼ਤੇਦਾਰ ਦੀ ਖਬਰਸਾਰ ਲਈ ਨਿਊ ਚੰਡੀਗੜ੍ਹ ਦੇ ਹੋਮੀ ਭਾਬਾ ਕੈਂਸਰ ਹਸਪਤਾਲ ਜਾਣਾ ਪੈਂਦਾ ਰਿਹਾ। ਜ਼ਿੰਦਗੀ ਲਈ ਜੂਝ ਰਹੇ ਕੈਂਸਰ ਪੀੜਤ ਚਿਹਰੇ ਹੁਣ ਮੇਰੀਆਂ ਅੱਖਾਂ ਅੱਗੇ ਘੁੰਮੀ ਜਾ ਰਹੇ ਹਨ। ਰਿਸ਼ਤੇਦਾਰਾਂ ਦਾ ਮਰੀਜ਼ਾਂ ਕੋਲ਼ ਜਾਣਾ ਵਰਜਿਤ ਹੈ, ਫਿਰ ਵੀ ਮੇਰੀ ਪਤਨੀ ਆਪਣੀ ਭੈਣ ਕੋਲ਼ ਚਲੀ ਗਈ। ਮੈਂ ਇੰਤਜ਼ਾਰ ਕਰਦਾ ਹਸਪਤਾਲ ਅੱਗੇ ਟਹਿਲਣ ਲੱਗਾ। ਹਸਪਤਾਲ ਦੀ ਛਿਪਦੀ ਗੁੱਠੇ ਅੰਬ ਦਾ ਭਾਰੀ ਭਰਕਮ ਰੁੱਖ ਮਹਿਕ ਰਿਹਾ ਹੈ। ਨਿੱਕੀਆਂ ਨਿੱਕੀਆਂ ਅੰਬੀਆਂ ਨਾਲ਼ ਭਰਿਆ ਹੋਇਆ। ਪੱਕੇ ਹੋਏ ਅੰਬ ਥੱਲੇ ਡਿੱਗ ਰਹੇ ਹਨ। ਇੱਕ ਅੰਬ ਚੁੱਕ ਮੈਂ ਨੇੜੇ ਲੱਗੀ ਪਾਣੀ ਦੀ ਟੂਟੀ ਤੋਂ ਧੋ ਕੇ ਖਾਣ ਲਗਦਾ ਹਾਂ। ਅੰਬ ਦੀ ਮਿਠਾਸ ਨੇ ਮੈਨੂੰ 'ਵਾਹ' ਕਹਿਣ ਲਈ ਮਜਬੂਰ ਕਰ ਦਿੱਤਾ। ਅੰਬ ਦੀ ਜੜ੍ਹ ਵਿੱਚ ਇੱਕ ਬਜ਼ੁਰਗ ਉਦਾਸ ਬੈਠਾ ਸੀ। ਢਹੀ ਜਿਹੀ ਪੱਗ, ਖਿਚੜੀ ਦਾਹੜੀ। ਮੈਂ ਸਤਿ ਸ੍ਰੀ ਅਕਾਲ ਬੁਲਾ ਕੇ ਹਾਲ-ਚਾਲ ਪੁੱਛਿਆ। ਬਜ਼ੁਰਗ ਬੋਲਿਆ, 'ਯੌਹ ਮਾਅਰੀ ਥੌੜ ਵੇਚਤੀ ਛੋਕਰਿਆਂ।ਇਬ ਨੀਂ ਜੀਣ ਕਾ ਹੱਜ-ਚੱਜ' ਆਖ ਅੱਖਾਂ ਪੂੰਝਦਾ ਬਜ਼ੁਰਗ ਅਗਾਂਹ ਨੂੰ ਤੁਰ ਗਿਆ। ਇਸ ਬਜ਼ੁਰਗ ਦੀ ਜੰਗ ਬਾਰੇ ਸੋਚ ਮਨ ਵਿਆਕੁਲ ਹੋ ਉੱਠਿਆ।ਮੇਰੀ ਸੁਤਾਅ ਇੰਦਰਜੀਤ ਪ੍ਰੇਮੀ ਦੀਆਂ ਗੱਲਾਂ ਵੱਲ ਚਲੀ ਗਈ।ਕਈ ਸਾਲ ਪਹਿਲਾਂ ਇਨ੍ਹਾਂ ਦੇ ਹੋਏ ਐਕਸੀਡੈਂਟ ਕਾਰਨ ਡਾਕਟਰਾਂ ਵੱਲੋਂ ਸੌ ਪ੍ਰਤੀਸ਼ਤ ਡਿਸਏਬਲ ਕਰਾਰ ਦੇਣ 'ਤੇ ਵੀ ਇਨ੍ਹਾਂ ਹਾਰ ਨਹੀਂ ਮੰਨੀ।ਉਹ ਆਖ ਰਹੇ ਸਨ, 'ਸੁਮਨ ਕੁਝ ਸਮੇਂ ਬਾਅਦ ਇਨਫੈਕਸ਼ਨ ਹੋ ਈ ਜਾਂਦੈ।ਡਾਕਟਰ ਨੂੰ ਮੈਂ ਘਰ ਈ ਬੁਲਾ ਲੈਂਦਾਂ।ਹੋਰ ਸੁਣ ਇੱਕ ਡਾਕਟਰ ਕਹਿੰਦਾ ਦਸ ਟੀਕੇ ਲੱਗਣਗੇ। ਇੱਕ ਟੀਕਾ ਅਠਾਰਾਂ ਸੌ ਰੁਪਏ ਦਾ ਆਏਗਾ।ਮੈਂ ਹੈਰਾਨ।ਮੈਂ ਚੌਵੀ ਵਾਲ਼ੇ ਜਿੰਦਲ ਨਾਲ਼ ਗੱਲ ਕੀਤੀ।ਉਨ੍ਹਾਂ ਦਾ ਹੋਲਸੇਲ ਦਾ ਕਾਰੋਬਾਰ ਐ।ਉਨ੍ਹਾਂ ਸੇਮ ਸਾਲਟ ਵਾਲ਼ੀ ਦਵਾਈ ਭੇਜੀ।ਪਤਾ ਕਿੰਨੇ ਦੀ? ਸਮੇਤ ਹੋਰ ਸਹਾਇਕ ਸਮੱਗਰੀ ਪੰਦਰਾਂ ਸੌ ਰੁਪਏ ਦੀ। ਇਹ ਨਿਰੀ ਲੁੱਟ ਐ ਯਾਰ। ਆਮ ਬੰਦਾ ਕੀ ਕਰ ਲਊ?' ਜ਼ਿੰਦਗੀ ਦੇਣ ਵਾਲ਼ੇ ਡਾਕਟਰ, ਮੌਤ ਦੇ ਵਪਾਰੀਆਂ ਨਾਲ਼ ਰਲ਼ ਬੈਠੇ ਹਨ। ਮਹਿੰਗਾ ਇਲਾਜ ਲੋਕਾਂ ਦਾ ਕਚੂੰਬਰ ਕੱਢ ਰਿਹੈ, ਇਨ੍ਹਾਂ ਦੇ ਹਸਪਤਾਲਾਂ ਦੀਆਂ ਇਮਾਰਤਾਂ ਵੱਡੀਆਂ ਹੋ ਰਹੀਆਂ ਹਨ। ਲੜਾਈਆਂ ਕਰਵਾਉਣ ਵਾਲ਼ੇ ਖ਼ੁਦ ਹੀ ਰੁਕਵਾ ਕੇ ਨੋਬਲ ਪੁਰਸਕਾਰ ਦੇ ਪਾਤਰ ਬਣ ਰਹੇ ਹਨ।ਕਿੰਨੇ ਬੇਰਹਿਮ, ਅੜਬ, ਲਾਲਚੀ, ਰੁੱਖੇ ਤੇ ਜ਼ਾਲਮ ਹਨ ਇਹ ਪਾਤਰ, ਜਿਨ੍ਹਾਂ ਨੂੰ ਚਿਤਵ, ਚੇਤੇ ਵਿੱਚ ਇੱਕ ਗੀਤ ਦਾ ਅੰਤਰਾ ਉੱਭਰਨ ਲਗਦਾ ਹੈ, 'ਤਾਰੇ ਐਵੇਂ ਤਾਂ ਨਹੀਂ ਟੁੱਟਦੇ ਆਕਾਸ਼ ਗੁੱਸੇ ਹੋਣਾ/ ਓਹਦਾ ਰੁੱਖ ਵੈਰੀਆ ਵੇ ਤੇਰੇ ਵਾਂਗ ਰੁੱਖਾ ਹੋਣਾ/ ਮੇਰੇ ਲੇਖਾਂ ਵਾਂਗ ਉਹ ਵੀ ਸੁੱਤਾ ਹੋਣੈ ਪੀ ਕੇ ਭੰਗ/ ਵੇ ਮੈਂ ਪਿਆਰ ਪਿਆਰ ਕੂਕਾਂ ਤੇ ਤੂੰ ਜੰਗ-ਜੰਗ ਜੰਗ।'

*ਸੰਪਰਕ : 98144 30874*

# ਕਾਮਰੇਡ ਸੁਤੰਤਰ ਆਖਰੀ ਸਾਹ ਤੱਕ ਪਾਰਟੀ ਲਈ ਫਿਕਰਮੰਦ ਰਹੇ

ਕਾਮਰੇਡ ਸੁਤੰਤਰ ਕੁਮਾਰ ਨੂੰ ਅਕਸਰ ਚੰਡੀਗੜ੍ਹ ਦਫਤਰ ਵਿੱਚ ਹੋਣ ਵਾਲੀਆਂ ਸੂਬਾ ਕੌਂਸਲ ਮੀਟਿੰਗਾਂ ਦੌਰਾਨ ਹੀ ਮਿਲੀ ਸੀ। ਹਰ ਇੱਕ ਨੂੰ ਆਪ ਬੁਲਾ ਲੈਣ ਦੀ ਆਦਤ ਅਨੁਸਾਰ ਹੀ ਉਹਨਾਂ ਨੂੰ ਬੁਲਾਇਆ ਤਾਂ ਇਕ ਵੱਖਰਾ ਜਿਹਾ ਪ੍ਰਭਾਵ ਕਬੂਲਿਆ। ਫਿਰ ਪਤਾ ਲੱਗਾ ਕਿ ਉਹ ਟੈਲੀਫੋਨ ਮਹਿਕਮੇ ਨਾਲ ਸੰਬੰਧਤ ਹਨ। ਸੀ ਪੀ ਆਈ ਨਵਾਂ ਸ਼ਹਿਰ ਦੇ ਜ਼ਿਲ੍ਹਾ ਸਕੱਤਰ ਅਤੇ ਏਟਕ ਦੇ ਪ੍ਰਮੁੱਖ ਆਗੂ ਹਨ। ਉਦੋਂ ਮੈਂ ਨੌਜਵਾਨ ਵਿਦਿਆਰਥੀਆਂ ਦੇ ਫਰੰਟ ਉਤੇ ਕੰਮ ਕਰਦੀ ਸੀ। ਉਹਨਾ ਜਦੋਂ ਮਿਲਣਾ ਤਾਂ ਕਹਿਣਾ ਨਵਾਂ ਸ਼ਹਿਰ ਵਿੱਚ ਨੌਜਵਾਨ ਸਭਾ ਨੂੰ ਮਜ਼ਬੂਤ ਕਰਨ ਲਈ ਯਤਨ ਕਰ ਰਹੇ ਹਾਂ। ਇਸ ਦਾ ਸਬੂਤ ਉਦੋਂ ਮਿਲਿਆ ਜਦੋਂ ਨੌਜਵਾਨ ਵਿਦਿਆਰਥੀਆਂ ਵੱਲੋਂ ਇੱਕ 'ਲੌਂਗ ਮਾਰਚ' ਕੰਨਿਆ ਕੁਮਾਰੀ ਤੋਂ ਹੁਸੈਨੀਵਾਲਾ ਲਈ ਚੱਲਿਆ ਸੀ। ਚੰਡੀਗੜ੍ਹ ਤੋਂ ਪੰਜਾਬ ਵਿੱਚ ਦਾਖਲ ਹੋਣ ਉਪਰੰਤ ਉਹ ਜਥਾ ਜਦੋਂ ਖਟਕੜ ਕਲਾਂ ਪਹੁੰਚਿਆ ਤਾਂ ਕਾਮਰੇਡ ਸੁਤੰਤਰ ਜੀ ਤੇ ਉਹਨਾਂ ਦੀ ਟੀਮ ਨੇ ਜੱਥੇ ਦਾ ਭਰਵਾਂ ਸਵਾਗਤ ਵੀ ਕੀਤਾ ਤੇ ਪ੍ਰਭਾਵਸ਼ਾਲੀ ਇਕੱਠ ਵੀ। ਜੋ ਸਾਡੇ ਲਈ ਅੱਜ ਵੀ ਯਾਦਗਾਰੀ ਪਲ ਹਨ।

ਜਦੋਂ ਕੇਂਦਰ ਸਰਕਾਰ ਵੱਲੋਂ ਕਿਸਾਨ ਮਾਰੂ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਗਏ ਤਾਂ ਉਹਨਾਂ ਕਾਨੂੰਨਾਂ ਬਾਰੇ ਹਰ ਕੋਈ ਸੌਖਿਆਂ ਜਾਣ ਸਕੇ, ਇਸ ਲਈ ਮੈਂ ਇਕ ਆਰਟੀਕਲ ਲਿਖਿਆ ਸੀ। ਇੱਕ ਮੀਟਿੰਗ ਦੌਰਾਨ ਕਾਮਰੇਡ ਜੀ ਮੈਨੂੰ ਕਹਿੰਦੇ ਤੁਹਾਡੀ ਲਿਖਤ ਰਾਹੀਂ ਕਾਲੇ ਕਾਨੂੰਨਾਂ ਨੂੰ ਸਮਝਣ ਲਈ ਸੌਖਾ ਹੋ ਗਿਆ ਤੇ ਮੈਂ ਇਹ ਲੇਖ ਸੰਭਾਲ ਕੇ ਰੱਖ ਲਿਆ ਹੈ। ਮੇਰੇ ਲਈ ਇਹ ਬਹੁਤ ਖੁਸ਼ੀ ਵਾਲੀ ਗੱਲ ਸੀ। ਇੱਕ ਸੀਨੀਅਰ ਸਾਥੀ ਦੀ ਹੱਲਾਸ਼ੇਰੀ ਬਹੁਤ ਹੌਸਲਾ ਵਧਾ ਦਿੰਦੀ ਹੈ। ਉਹ ਦਿੱਲੀ ਚੱਲੇ ਕਿਸਾਨ ਅੰਦੋਲਨ ਵਿੱਚ ਜੱਥੇ ਲੈਕੇ ਜਾਂਦੇ ਵੀ ਰਹੇ ਤੇ ਆਰਥਿਕ ਮਦਦ ਵੀ ਕਰਦੇ ਰਹੇ। ਜਦੋਂ ਮੈਂ ਪੰਜਾਬ ਇਸਤਰੀ ਸਭਾ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਹਨਾਂ ਇਸ ਜੱਥੇਬੰਦੀ ਨੂੰ ਵੀ 'ਨਵਾਂ ਸ਼ਹਿਰ' ਵਿੱਚ ਮਜ਼ਬੂਤ ਕਰਨ ਦਾ ਵਾਅਦਾ ਕੀਤਾ। ਇਸ ਤਹਿਤ ਹੀ ਕੌਮਾਂਤਰੀ ਮਹਿਲਾ ਦਿਵਸ ਮਨਾਉਣ ਲਈ ਉਚੇਚੇ ਯਤਨ ਕਰਕੇ ਸਾਰਾ ਹਾਲ ਔਰਤਾਂ ਨਾਲ ਭਰ ਦਿੱਤਾ। ਇਸ ਤੋਂ ਬਾਅਦ ਵੀ ਉਹਨਾਂ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਚੋਣ ਅਤੇ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਿਆ। ਪਾਰਟੀ ਦੀ ਵਰ੍ਹੇਗੰਢ ਮਨਾਉਣ ਲਈ ਵੀ ਸੱਦਾ ਦਿੰਦੇ ਰਹੇ। ਗੱਲ ਕੀ ਉਹ ਪਾਰਟੀ ਨੂੰ ਹਰ ਪੱਖ ਤੋਂ ਮਜ਼ਬੂਤ ਕਰਨ ਲਈ ਹਮੇਸ਼ਾ ਯਤਨਸ਼ੀਲ ਰਹੇ। ਉਹ ਜਾਣਦੇ ਸਨ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਜਨਤਕ ਜੱਥੇਬੰਦੀਆਂ ਦਾ ਮਜ਼ਬੂਤ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸੇ ਕਰਕੇ ਉਹ ਹਰ ਜੱਥੇਬੰਦੀ ਨੂੰ ਆਪਣੇ ਜ਼ਿਲ੍ਹੇ ਨਵਾਂ ਸ਼ਹਿਰ ਵਿੱਚ ਮਜ਼ਬੂਤ ਕਰਨ ਦੇ ਉਪਰਾਲੇ ਕਰਦੇ ਰਹੇ। ਜਦੋਂ ਵੀ ਮੈਂ ਜਾਣਾ, ਉਹ ਬੱਸ ਅੱਡੇ ਤੋਂ ਸਕੂਟਰ ਉਤੇ ਮੈਨੂੰ ਲੈਣ ਆਉਂਦੇ। ਲੰਮੇ ਸਫਰ ਕਾਰਨ ਚਾਹ-ਰੋਟੀ ਦਾ ਵੀ ਖਾਸ ਧਿਆਨ ਰੱਖਦੇ। ਅਖੀਰਲੀ ਵਾਰ ਜਦੋਂ ਔਰਤਾਂ ਦੀ ਮੀਟਿੰਗ ਲਈ ਨਵਾਂ ਸ਼ਹਿਰ ਗਈ ਤਾਂ ਠੀਕ ਨਾ ਹੋਣ ਕਾਰਨ ਉਹ ਲੈਣ ਨਹੀਂ ਆਏ, ਸਗੋਂ ਕਾਮਰੇਡ ਮੁਕੰਦ ਲੈਣ ਆਏ ਸਨ, ਉਹਨਾ ਨੇ ਹੀ ਕਾਮਰੇਡ ਜੀ ਦੀ ਸਿਹਤ ਠੀਕ ਨਾ ਹੋਣ ਬਾਰੇ ਦੱਸਿਆ।



ਫਿਰ ਭੈਣ ਗੁਰਬਖਸ਼ ਰਾਹੋਂ ਜੀ ਤੋਂ ਉਹਨਾਂ ਦੀ ਸਿਹਤ ਬਾਰੇ ਪਤਾ ਲੱਗਦਾ ਰਹਿੰਦਾ ਸੀ। ਇਕ ਵਾਰ ਉਹਨਾਂ ਦੀ ਸਿਹਤ ਬਾਰੇ ਜਾਨਣ ਲਈ ਫੋਨ ਕੀਤਾ ਤਾਂ ਉਹ ਪਾਰਟੀ ਤੇ ਜੱਥੇਬੰਦੀ ਬਾਰੇ ਹੀ ਗੱਲਬਾਤ ਕਰੀ ਗਏ ਕਿ ਪੰਜਾਬ ਇਸਤਰੀ ਸਭਾ ਲਈ ਫੰਡ ਗੁਰਬਖਸ਼ ਨੂੰ ਕਿਹਾ ਲੈ ਜਾਵੇ, ਮੈਂਬਰਸ਼ਿਪ ਦੀਆਂ ਕਾਪੀਆਂ ਵੰਡੀਆਂ ਹੋਈਆਂ ਜਲਦੀ ਕਰਵਾ ਕੇ ਜਮ੍ਹਾਂ ਕਰਾਉਂਦੇ ਵਗੈਰਾ-ਵਗੈਰਾ। ਅਖੀਰ ਮੈਂ ਕਿਹਾ, ਕਾਮਰੇਡ ਜੀ ਤੁਹਾਡੀ ਸਿਹਤ ਬਾਰੇ ਜਾਨਣ ਲਈ ਫੋਨ ਕੀਤਾ ਹੈ। ਉਹ ਹੱਸ ਕੇ ਕਹਿੰਦੇ, ਇਹ ਤਾਂ ਇੰਝ ਹੀ ਚੱਲੀ ਜਾਣੀ, ਡਾਕਟਰ ਨੇ ਘਰੋਂ ਬਾਹਰ ਜਾਣ ਤੋਂ ਮਨ੍ਹਾਂ ਕੀਤਾ ਹੈ। ਘਰੋਂ ਹੀ ਸਾਥੀਆਂ ਨੂੰ ਫੋਨ ਕਰਕੇ ਜ਼ੁੰਮੇਵਾਰੀ ਨਿਭਾਈ ਜਾਂਦਾ ਹਾਂ। ਉਹਨਾਂ ਦੇ ਬੋਲਣ ਦਾ ਸਲੀਕਾ ਏਨਾ ਵਧੀਆ ਸੀ ਕਿ ਆਪਣੇ ਤੋਂ ਛੋਟਿਆਂ ਨੂੰ ਵੀ 'ਕਾਮਰੇਡ ਜੀ' ਤੋਂ ਬਗੈਰ ਨਹੀਂ ਬੋਲਦੇ ਸਨ।

ਹੁਣ 15 ਜੂਨ ਨੂੰ ਕਾਮਰੇਡ ਗੁਰਮੀਤ ਸ਼ੁਗਲੀ ਜੀ ਦੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਣ ਜਲੰਧਰ ਗਈ ਸੀ। ਇਸ ਦੌਰਾਨ ਕਾਮਰੇਡ ਨਰੰਜਣ ਮੇਹਲੀ ਜੀ ਤੋਂ ਜਦੋਂ ਸੁਤੰਤਰ ਜੀ ਦੀ ਸਿਹਤ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਕਾਮਰੇਡ ਜੀ ਤਾਂ ਜਲੰਧਰ ਦੇ ਕੈਪੀਟਲ ਹਸਪਤਾਲ ਵਿੱਚ ਦਾਖਲ ਹਨ। ਮੈਂ ਕਾਮਰੇਡ ਅਰਸ਼ੀ ਜੀ ਨੂੰ ਦੱਸਿਆ ਤੇ ਕਾਮਰੇਡ ਸੁਤੰਤਰ ਜੀ ਨੂੰ ਮਿਲ ਕੇ ਜਾਣ ਬਾਰੇ ਗੱਲ ਕੀਤੀ (ਕਿਉਂਕਿ ਅਰਸ਼ੀ ਜੀ ਨਾਲ ਹੀ ਵਾਪਸ ਮੋਗੇ ਆਉਣਾ ਸੀ)। ਜਦੋਂ ਅਸੀ ਹਸਪਤਾਲ ਗਏ ਤਾਂ ਸਟਾਫ ਨੇ ਕਿਹਾ ਕਿ ਹੁਣ ਮਿਲਣ ਦਾ ਸਮਾਂ ਨਹੀਂ। ਕਾਮਰੇਡ ਅਰਸ਼ੀ ਜੀ ਨੇ ਦੂਰੋਂ ਆਏ ਹੋਣ ਦਾ ਦੱਸਦਿਆਂ ਮਿਲਣ ਦੇਣ ਦੀ ਬੇਨਤੀ ਕੀਤੀ। ਅਖੀਰ ਸਾਨੂੰ ਮਿਲਣ ਦੀ ਇਜਾਜ਼ਤ ਮਿਲ ਗਈ। ਜਦੋਂ ਆਈ ਸੀ ਯੂ ਵਿੱਚ ਗਏ ਤਾਂ ਸੁਤੰਤਰ ਜੀ ਸੁੱਤੇ ਪਏ ਸਨ। ਮੈਂ ਉਹਨਾਂ ਦੇ ਪੈਰਾਂ ਵੱਲ ਖੜ ਗਈ ਤੇ ਕਾਮਰੇਡ ਅਰਸ਼ੀ ਜੀ ਸਿਰ ਵੱਲ ਖੜ ਉਹਨਾਂ ਦੇ ਹੱਥ ਫੜ ਕੇ ਕਹਿਣ ਲੱਗੇ 'ਕਾਮਰੇਡ ਜੀ ਸੁੱਤੇ ਹੋ'। ਉਹ ਅੱਖਾਂ ਖੋਲ੍ਹੇ ਬਗੈਰ ਸਿਰ ਹਿਲਾ ਕੇ 'ਹਾਂ' ਕਹੀ ਜਾ ਰਹੇ ਸਨ। ਫਿਰ ਅੱਖਾਂ ਖੋਲ੍ਹੀਆਂ ਤਾਂ ਕਾਮਰੇਡ ਅਰਸ਼ੀ ਜੀ ਨੇ ਆਪਣੇ ਤੇ ਮੇਰੇ ਬਾਰੇ ਦੱਸਿਆ। ਉਹਨਾ ਮੈਨੂੰ ਪਹਿਚਾਣ ਲਿਆ, ਸਤਿਸ੍ਰੀ ਅਕਾਲ ਦਾ ਜਵਾਬ ਦਿੱਤਾ ਤੇ ਉਸ ਹਾਲਤ ਵਿੱਚ ਵੀ ਚਾਹ-ਪਾਣੀ ਪੁੱਛਣ ਲੱਗੇ। ਕੁੱਝ ਗੱਲਾਂ ਹੋਰ ਵੀ ਕੀਤੀਆਂ, ਜੋ ਚੰਗੀ ਤਰ੍ਹਾਂ ਸਮਝ ਨਹੀਂ ਆਈਆਂ। ਫਿਰ ਜਦੋਂ ਉਹਨਾਂ ਉਪਰ ਨੂੰ ਵੇਖਿਆ ਤਾਂ ਕਾਮਰੇਡ ਅਰਸ਼ੀ ਜੀ ਨੂੰ ਪਹਿਚਾਣਿਆ ਤਾਂ ਉਹਨਾਂ ਦੀਆਂ ਅੱਖਾਂ ਵਿੱਚ ਵੱਖਰੀ ਜਹੀ ਚਮਕ ਆ ਗਈ ਤੇ ਜੋਸ਼ ਨਾਲ ਬੋਲੇ 'ਕਾਮਰੇਡ ਅਰਸ਼ੀ' ਤੇ ਨਾਲ ਹੀ ਚੰਡੀਗੜ੍ਹ ਹੋਣ ਵਾਲੀ ਪਾਰਟੀ ਕਾਂਗਰਸ ਬਾਰੇ ਫਿਕਰ ਕਰਨ ਲੱਗੇ। ਸਾਨੂੰ ਹੈਰਾਨੀ ਹੋ ਰਹੀ ਸੀ ਕਿ 93" ਵਿੱਚ ਪਏ ਹੋਣ ਦੇ ਬਾਵਜੂਦ ਉਹਨਾਂ ਨੂੰ ਆਪਣਾ ਨਹੀਂ, ਪਾਰਟੀ ਦਾ ਫਿਕਰ ਹੋ ਰਿਹਾ ਸੀ।

ਜਦੋਂ ਮਿਲ ਕੇ ਅਸੀਂ ਥੱਲੇ ਆਏ ਤਾਂ ਕਾਮਰੇਡ ਮੇਹਲੀ ਹੁਰਾਂ ਨੇ ਸਾਨੂੰ ਉਹਨਾਂ ਦੇ ਪਰਵਾਰ ਨਾਲ ਮਿਲਾਇਆ। ਕਾਮਰੇਡ ਸੁਤੰਤਰ ਜੀ ਦੀ ਪਤਨੀ ਭੈਣ ਸਰੋਜ ਨੂੰ ਜਦੋਂ ਪਤਾ ਲੱਗਿਆ ਕਿ ਅਸੀਂ ਕਾਮਰੇਡ ਜੀ ਨੂੰ ਮਿਲ ਆਏ ਹਾਂ ਤਾਂ ਉਹ ਖੁਸ਼ ਹੋ ਕੇ ਕਹਿੰਦੇ, ਹੁਣ ਕਾਮਰੇਡ ਜੀ ਦਾ ਦਿਨ ਵਧੀਆ ਨਿਕਲ ਜਾਵੇਗਾ। ਉਹਨਾ ਦੱਸਿਆ ਕਿ ਜਦੋਂ ਵੀ ਪਾਰਟੀ ਦਾ ਕੋਈ ਸਾਥੀ ਆ ਕੇ ਮਿਲਦਾ ਤਾਂ ਕਾਮਰੇਡ ਜੀ ਤੰਦਰੁਸਤ ਲੱਗਣ ਲੱਗਦੇ ਹਨ। ਜਦੋਂ ਵੀ ਕਿਸੇ ਸਾਥੀ ਦਾ ਫੋਨ ਆਉਂਦਾ, ਕਾਮਰੇਡ ਜੀ ਨੂੰ ਦੱਸੀਏ ਤਾਂ ਬਹੁਤ ਖੁਸ਼ ਹੁੰਦੇ ਨੇ ਤੇ ਸਾਨੂੰ ਸਖਤ ਹਦਾਇਤ ਦਿੱਤੀ ਹੈ ਕਿ ਮੇਰਾ ਨੰਬਰ ਬੰਦ ਨਹੀਂ ਕਰਨਾ। ਮਤਲਬ ਉਹ ਆਖਰੀ ਸਾਹ ਤੱਕ ਵੀ ਪਾਰਟੀ ਸਾਥੀਆਂ ਦੇ ਸੰਪਰਕ ਵਿਚ ਰਹਿਣਾ ਚਾਹੁੰਦੇ ਸਨ। ਕਾਮਰੇਡ ਜੀ ਦੀ ਸਿਹਤ ਬਾਰੇ ਗੱਲ ਕਰਦਿਆਂ ਭੈਣ ਜੀ ਨੇ ਕਿਹਾ ਕਿ ਹੁਣ ਤਾਂ ਕਈ ਵਾਰ ਡਾਕਟਰ ਨੂੰ ਸੂਈ ਲਗਾਉਣ ਲਈ ਸਰੀਰ ਤੋਂ ਕੋਈ ਨਾੜ ਨਹੀਂ ਮਿਲਦੀ ਤਾਂ ਫਿਰ ਸਿਰ ਵਿੱਚ ਲਗਾਉਣੀ ਪੈ ਜਾਂਦੀ ਹੈ। ਏਨਾ ਕਹਿੰਦਿਆਂ ਉਹਨਾਂ ਦਾ ਗਲ ਭਰ ਆਇਆ ਕਿ ਕਾਮਰੇਡ ਜੀ ਦੀ ਤਕਲੀਫ ਬਰਦਾਸ਼ਤ ਕਰਨੀ ਸੌਖੀ ਨਹੀਂ। ਸੱਚਮੁੱਚ ਬਹੁਤ ਭਾਰੀ ਤਕਲੀਫ ਚਲਦਿਆਂ ਵੀ ਕਾਮਰੇਡ ਜੀ ਆਪਣਾ ਫਿਕਰ ਕਰਨ ਦੀ ਬਜਾਏ ਪਾਰਟੀ ਲਈ ਫਿਕਰਮੰਦ ਹੀ ਦਿਖਾਈ ਦਿੱਤੇ। 23 ਜੂਨ ਨੂੰ ਲੁਧਿਆਣਾ ਵਿਖੇ ਪਾਰਟੀ ਦੀ ਸੂਬਾ ਐਗਜ਼ੈਕਟਿਵ ਮੀਟਿੰਗ ਦੌਰਾਨ ਜਦੋਂ 'ਪਾਰਟੀ ਕਾਂਗਰਸ' ਬਾਰੇ ਫੰਡ ਦੀ ਗੱਲ ਹੋਈ ਤਾਂ ਇਕ ਵੱਡੀ ਰਕਮ ਕਾਮਰੇਡ ਸੁਤੰਤਰ ਜੀ ਵੱਲੋਂ ਜਮ੍ਹਾਂ ਕਰਵਾਈ ਦਾ ਪਤਾ ਲੱਗਾ। ਇਸ ਹਾਲਤ ਵਿੱਚ ਬੈੱਡ 'ਤੇ ਪਿਆਂ ਵੀ ਉਹਨਾਂ ਪਾਰਟੀ ਕਾਂਗਰਸ ਦੀ ਕਾਮਯਾਬੀ ਲਈ ਫੰਡ ਇਕੱਠਾ ਕਰਨ ਦੀ ਕੋਈ ਕਸਰ ਨਹੀਂ ਛੱਡੀ। ਇਸ ਤਰ੍ਹਾਂ ਮਹਿਸੂਸ ਹੁੰਦਾ, ਜਿਵੇਂ ਪਾਰਟੀ ਤਾਂ ਕਾਮਰੇਡ ਜੀ ਦੇ ਖ਼ੂਨ ਵਿੱਚ ਹੀ ਰਚੀ ਹੋਈ ਸੀ। ਬੇਸ਼ੱਕ ਹੁਣ ਸਰੀਰਕ ਤੌਰ 'ਤੇ ਉਹ ਸਾਡੇ ਦਰਮਿਆਨ ਨਹੀਂ ਰਹੇ, ਪਰ ਉਹਨਾਂ ਵੱਲੋਂ ਕੀਤੇ ਕੰਮ ਹਮੇਸ਼ਾ ਨਵਿਆਂ ਦਾ ਹੌਸਲਾ ਵਧਾਉਂਦੇ ਰਹਿਣਗੇ। ਪਾਰਟੀ ਨੂੰ ਪੂਰੀ ਤਰ੍ਹਾਂ ਸਮਰਪਿਤ ਰਹੇ ਤੇ ਮਹਾਨ ਸਿਰੜੀ ਯੋਧੇ ਨੂੰ ਸਾਡਾ ਇਨਕਲਾਬੀ ਸਲਾਮ।

**— ਨਰਿੰਦਰ ਸੋਹਲ**

ਮੋਬਾ. 94641-13255

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web : www.nawanzamana.in**

# ਨਾਸਤਕ ਦ੍ਰਿਸ਼ਟੀਕੋਣ ਤੋਂ ਰੱਬੀ ਸੰਕਲਪ ਦਾ ਵਿਸ਼ਲੇਸ਼ਣ






**ਫੋਕਸ**

**ਚਰਚਾ ਇਕ ਪੁਸਤਕ ਦੀ**

**ਵਿਜੈ ਬੰਬੇਲੀ**

ਭਗਤ ਸਿੰਘ ਦੇ ਲੇਖ

## 'ਮੈਂ ਨਾਸਤਕ ਕਿਉਂ ਹਾਂ'

**ਦੀ ਇਤਿਹਾਸਕਤਾ ਅਤੇ ਸਿਧਾਂਤ**
**ਹਰੀਸ਼ ਜੈਨ**
**ਸਫੇ :184, ਮੁੱਲ : 300**
**ਪਬਲੀਕੇਸ਼ਨ ਯੂਨੀਸਟਾਰ ਬੁੱਕਸ, ਚੰਡੀਗੜ੍ਹ**

'ਇਹ ਭਗਤ ਸਿੰਘ ਦੀ ਬੌਧਿਕ ਯੋਗਤਾ ਸੀ/ ਹੈ, ਜਿਹੜੀ ਉਸ ਨੂੰ ਸ਼ਹੀਦ-ਏ-ਆਜ਼ਮ ਬਣਾਉਂਦੀ ਹੈ।' ਉਸ ਦੀਆਂ ਉਦੇਸ਼-ਆਤਮਿਕ ਇਨਕਲਾਬੀ ਸਰਗਰਮੀਆਂ, ਉਸ ਦੇ ਖਤ ਤੇ ਡਾਇਰੀ ਅਤੇ ਸਿਆਸੀ ਤੇ ਅਦਾਲਤੀ ਬਿਆਨ, ਉਸ ਦੇ ਬੌਧਿਕ ਵਿਕਾਸ ਦੀਆਂ ਦੱਸ ਪਾਉਂਦੀਆਂ ਲਿਖਤਾਂ ਉਕਤ ਕਥਨ ਦੀ ਮੁਕੰਮਲ ਪ੍ਰੋੜ੍ਹਤਾ ਕਰਦੀਆਂ ਹਨ। ਭਗਤ ਸਿੰਘ ਦਾ ਪਰਵਾਰ ਬਹੁ-ਪਰਤੀ ਦੇਸ਼ ਭਗਤ ਪਰਵਾਰ ਸੀ, ਪਰ ਭਗਤ ਸਿੰਘ ਨੇ ਆਪਣਾ ਰਾਹ ਖੁਦ ਚੁਣਿਆ। ਮੁੱਢਲੇ ਦੌਰ ਵਿਚ ਉਹ ਅਹਿੰਸਕ ਜੱਦੋ-ਜਹਿਦ ਦਾ ਹਮਾਇਤੀ ਸੀ, ਮਗਰੋਂ ਹਾਲਾਤ ਅਤੇ ਸਵੈ-ਸਮਝ ਕਾਰਨ ਉਹ ਹਥਿਆਰਬੰਦ ਇਨਕਲਾਬ ਵੱਲ ਅਹੁਲਿਆ। ਮਗਰੋਂ ਉਹ ਬੇਜੋੜ ਪਾਠਕ, ਚਿੰਤਕ ਅਤੇ ਦਰਸ਼ਨਵੇਤਾ ਵੀ ਹੋ ਨਿੱਬੜਿਆ।

ਭਗਤ ਸਿੰਘ ਦੀਆਂ ਸਰਗਰਮੀਆਂ ਤਾਂ ਅਨਮਿਣਵੀਆਂ ਅਤੇ ਮਹੱਤਵਪੂਰਨ ਸਨ, ਪਰ ਉਸ ਦੀ ਲੇਖਣੀ ਵੀ ਸਮੇਂ ਦੀ ਹਾਣੀ, ਚਿਰ ਸਦੀਵੀ ਅਤੇ ਭਵਿੱਖ ਵਕਤੀ ਹੈ। ਦਰ-ਹਕੀਕਤ, ਉਸ ਦੀਆਂ ਲਿਖਤਾਂ ਨਿਰੀਆਂ ਦੇਸ਼ ਭਗਤੀ ਵਾਲੀਆਂ ਹੀ ਨਹੀਂ ਸਨ/ ਹਨ, ਸਗੋਂ ਉਹ ਸਾਮਰਾਜ ਵਿਰੋਧੀ ਅਤੇ ਦਾਰਸ਼ਨਿਕ ਵੀ ਹਨ, ਜਿਹਨਾਂ ਵਿਚੋਂ ਇੱਕ ਮਹੱਤਵਪੂਰਨ ਲਿਖਤ ਹੈ, 'ਮੈਂ ਨਾਸਤਿਕ ਕਿਉਂ ਹਾਂ।' ਨਿਰੋਲ ਇਸੇ ਲਿਖਤ ਬਾਰੇ ਅਤੇ ਇਸ ਨੂੰ ਆਧਾਰ ਬਣਾ ਕੇ ਬੜਾ ਕੁਝ ਲਿਖਿਆ ਗਿਆ ਅਤੇ ਲਿਖਿਆ ਜਾ ਰਿਹਾ ਹੈ। ਇਹਨਾਂ ਕਾਲਮਾਂ ਵਿਚ ਅਸੀਂ ਹਰੀਸ਼ ਜੈਨ ਵੱਲੋਂ ਲਿਖੀ ਕਿਤਾਬ, ਭਗਤ ਸਿੰਘ ਦੇ ਲੇਖ 'ਮੈਂ ਨਾਸਤਕ ਕਿਉਂ ਹਾਂ ਦੀ ਇਤਿਹਾਸਕਤਾ ਅਤੇ ਸਿਧਾਂਤ' ਬਾਰੇ ਗੱਲ ਕਰਾਂਗੇ।

ਜਿਉਂਦੇ ਜੀਅ ਭਗਤ ਸਿੰਘ ਦੀ ਕੀਰਤੀ ਚੁਫੇਰੇ ਫੈਲੀ, ਹੁਣ ਵੀ ਹੈ। ਸਿੱਟੇ ਵਜੋਂ ਸਾਰੀਆਂ ਜਨਤਕ ਧਿਰਾਂ ਨੇ ਉਸ ਨੂੰ ਆਪੋ-ਆਪਣੀ ਆਸਥਾ ਅਤੇ ਢੰਗ ਨਾਲ ਆਪਣਾ, ਆਪਣੀ ਲੀਹ ਅਤੇ ਆਪਣੀ ਧਿਰ ਨਾਲ ਸੰਬੰਧਤ ਸਿੱਧ ਕਰਨ ਜਾਂ ਨਰੜਨ ਦਾ ਅਚੇਤ-ਸੁਚੇਤ ਯਤਨ ਕੀਤਾ, ਜਿਹੜਾ ਲਗਾਤਾਰ ਜਾਂ ਗਾਹੇ-ਬਗਾਹੇ ਹੁਣ ਵੀ ਜਾਰੀ ਹੈ। ਪਰ ਉਸ ਦੇ ਧਨ-ਕੁਬੇਰਾਂ, ਜਾਤਾਂ-ਧਰਮਾਂ, ਰੱਬ ਬਾਰੇ ਅਰਥਾਤ ਖੱਬੇ ਪੱਖੀ ਸਮਾਜਵਾਦੀ ਅਤੇ ਨਾਸਤਕ ਵਿਚਾਰ ਸਭ ਨੂੰ ਰਾਸ ਨਹੀਂ ਆਉਂਦੇ। ਇਸੇ ਲਈ ਉਸ ਦੇ ਸਿੱਕੇਬੰਦ ਅਤੇ ਦੂਰ-ਅੰਦੇਸ਼ ਖਾਸ ਕਰ ਲੋਕ-ਪੱਖੀ ਦਾਰਸ਼ਨਿਕ ਵਿਚਾਰਾਂ ਅਤੇ ਲਿਖਤਾਂ ਦੁਆਲੇ ਧੁੰਦ ਦਾ ਪਸਾਰਾ ਕਰਨ ਦੇ ਯਤਨ ਕੀਤੇ ਗਏ ਤੇ ਕੀਤੇ ਜਾ ਰਹੇ ਹਨ। ਇਹ ਪੁਸਤਕ ਇਸ ਧੁੰਦ-ਗੁਬਾਰ ਨੂੰ ਖਾਸ ਕਰ ਉਸ ਦੇ ਵਿਗਿਆਨਕ ਅਤੇ ਨਾਸਤਕ ਵਿਚਾਰਾਂ ਬਾਰੇ ਭਰਮ ਸਿਰਜਣਾ ਨੂੰ ਦਲੀਲਾਂ ਨਾਲ ਵਗਾਹ ਮਾਰਨ ਦਾ ਯਤਨ ਹੈ, ਜਿਹੜੀ 'ਮੈਂ ਨਾਸਤਕ ਕਿਉਂ ਹਾਂ' ਦੀ ਸਿਧਾਂਤਕਤਾ ਅਤੇ ਇਤਿਹਾਸਕਤਾ ਦੋਵਾਂ ਨੂੰ ਦਲੀਲਾਂ ਨਾਲ ਸਪੱਸ਼ਟ ਕਰਦੀ ਹੈ।

ਪੰਜਾਬ ਵਿਚ ਨਾਸਤਕ ਵਿਚਾਰਾਂ ਬਾਰੇ ਕੋਈ ਖਾਸ ਪਰੰਪਰਾ ਨਹੀਂ ਸੀ। ਹੋ ਸਕਦਾ ਇਸ ਲੇਖ ਤੋਂ ਪਹਿਲਾਂ ਪੰਜਾਬ ਵਿਚ ਉਭਰਵੇਂ ਤੌਰ 'ਤੇ 'ਰੱਬ' ਬਾਰੇ ਸਵਾਲ, ਖਾਸ ਕਰਕੇ ਲਿਖਤ ਸੰਬੋਧਤ ਹੀ ਨਾ ਹੋਏ ਹੋਣ। ਪੰਜਾਬੀ ਇਤਿਹਾਸ ਨਹੀਂ ਸਾਂਭਦੇ। ਉਂਜ ਵੀ ਅਸੀਂ ਪੰਜਾਬੀ ਲਿਖਤਾਂ ਨਾਲੋਂ ਮੌਖਿਕ (ਕੰਨੋ-ਕੰਨੀ/ ਸੀਨਾ-ਬਸੀਨਾ) 'ਤੇ ਵਧੇਰੇ ਯਕੀਨ ਕਰਦੇ ਹਾਂ। ਇਹੀ ਉਂਗਲ ਜੰਗਿ-ਏ-ਅਜ਼ਾਦੀ ਦੀ ਤਵਾਰੀਖ 'ਤੇ ਧਰੀ ਜਾ ਸਕਦੀ ਹੈ। ਪੰਜਾਬ ਦੀਆਂ ਪੂਰਵਕਲੀਨ ਇਨਕਲਾਬੀ ਧਿਰਾਂ, ਖਾਸ ਕਰ ਗ਼ਦਰੀ ਬਾਬੇ ਧਰਮ ਨੂੰ ਨਿੱਜ ਸਮਝਦੇ ਸਨ, ਜਿਹੜੇ ਧਰਮ-ਜਾਤਾਂ ਦੇ ਵਖਰੇਵਿਆਂ ਤੋਂ ਕਿਤੇ ਉੱਪਰ ਸਨ, ਪਰ ਉਹ ਵੀ ਕਈ ਕਾਰਨਾਂ ਕਰਕੇ ਧਰਮ (ਰੱਬ) ਨੂੰ ਦਲੀਲਮਈ ਸੰਬੋਧਤ ਨਾ ਹੋਏ। ਭਗਤ ਸਿੰਘ ਦੇ ਨਾਸਤਕ ਵਿਚਾਰਾਂ ਦਾ ਵੀ ਨੇੜਲੇ ਘੇਰਿਆਂ ਨੂੰ ਹੀ ਪਤਾ ਸੀ ਅਤੇ ਉਹਨਾਂ ਸਭ ਮੂਹਰੇ ਵੀ ਮੁਲਕ ਦੀ ਅਜ਼ਾਦੀ ਹੀ ਮੁੱਖ ਮੁੱਦਾ ਸੀ। ਪ੍ਰੋੜ੍ਹਤਾ ਹਿੱਤ ਉਸ ਦੇ ਫੋਨਿੰਦਰ ਦਾਦਾ ਨਾਲ ਹੋਏ ਸਹਿਜ-ਸੰਵਾਦ ਅਤੇ ਸ਼ਿਵ ਵਰਮਾ ਦੀਆਂ ਯਾਦਾਂ ਨੂੰ ਫਰੋਲਿਆ ਜਾ ਸਕਦਾ ਹੈ।

ਇਸ ਮਾਮਲੇ ਵਿਚ ਸਭ ਤੋਂ ਵੱਧ ਘਚੋਲਾ ਧਾਰਮਕ ਆਗੂ ਅਤੇ ਦੇਸ਼ ਭਗਤ ਭਾਈ ਰਣਧੀਰ ਸਿੰਘ ਦੇ ਕਥਨਾਂ ਅਤੇ ਲਿਖਤਾਂ ਨੇ ਪਾਇਆ। ਖਰਾ ਹੋਇਆ ਭਗਤ ਸਿੰਘ ਨੂੰ ਜਿਓਂਦੇ-ਜੀਅ ਪਤਾ ਲੱਗ ਗਿਆ ਅਤੇ ਉਹਨੇ ਇਸ ਦੇ ਜਵਾਬ ਵਿਚ ਇੱਕ ਵੱਡਮੁੱਲਾ ਲੇਖ ਲਿਖਿਆ। ਨਾ ਪਤਾ ਲੱਗਦਾ ਤਾਂ ਸ਼ਾਇਦ 'ਰੱਬ' ਅਤੇ 'ਨਾਸਤਿਕਤਾ' ਬਾਰੇ ਭਗਤ ਸਿੰਘ ਦੇ ਦਾਰਸ਼ਨਿਕ ਵਿਚਾਰ ਉਸ ਦੇ ਨਾਲ ਹੀ ਦਫਨ ਹੋ ਜਾਂਦੇ। ਇਹ ਪੁਸਤਕ ਇਸ ਮਾਮਲੇ ਵਿਚ ਭਗਤ ਸਿੰਘ ਬਾਰੇ ਕੀਤੇ ਅਚੇਤ-ਸੁਚੇਤ ਗੈਰ-ਹਕੀਕਤ ਦਾਅਵਿਆਂ ਅਤੇ ਲਿਖਤਾਂ ਨਾਲ ਦਲੀਲਮਈ ਸੰਵਾਦ ਰਚਾਉਂਦਿਆ ਹਕੀਕਤ ਬਿਆਨਣ ਦਾ ਮੰਨਣਯੋਗ ਬਿਰਤਾਂਤ ਸਿਰਜਦੀ ਹੈ, ਸਮੇਤ ਭਾਈ ਰਣਧੀਰ ਸਿੰਘ ਨਾਲ ਮਿਲਣ ਦਾ ਸੰਯੋਗ, ਗੱਲਬਾਤ ਅਤੇ ਭਗਤ ਸਿੰਘ ਵੱਲੋਂ ਸੰਬੰਧਤ ਲੇਖ ਲਿਖੇ ਜਾਣ ਦੇ ਵੇਲੇ ਬਾਰੇ।

ਪੁਸਤਕ ਹਵਾਲਿਆਂ, ਦਲੀਲ਼ਾਂ ਅਤੇ ਤੱਥਾਂ ਨਾਲ ਲੇਖ ਲ਼ਿਖਣ ਦਾ ਕਾਰਨ, ਲੇਖ ਲਿਖਣ ਦਾ ਸਮਾਂ, ਇਸ ਲੇਖ ਦੇ ਪਹਿਲੀ ਵਾਰ ਕਿਤੇ ਛਪਣ, ਪਹਿਲੀ ਵਾਰ ਛਪਣ ਦੀ ਭਾਸ਼ਾ ਤੇ ਸਰੋਤ, ਸੀਮਤ ਲੋਕਾਂ ਸਾਹਮਣੇ ਆਉਣ ਤੇ ਮੁੜ ਛੁਪਣਛੋਤ ਹੋਣ ਅਤੇ ਮਗਰੋਂ ਢੇਰ ਸਮੇਂ ਬਾਅਦ ਲੋਕਾਂ ਸਾਹਮਣੇ ਖਾਸ ਕਰਕੇ ਪੰਜਾਬ ਵਿਚ ਵਾਹ-ਬੁਲੰਦ ਪ੍ਰਗਟ ਹੋਣ ਬਾਰੇ ਤੱਥਾਂ ਸਮੇਤ, ਕ੍ਰਮਵਾਰ ਅਤੇ ਇਤਿਹਾਸਕੀ ਲੈਅ ਵਿਚ ਮੰਨਣਯੋਗ ਅਤੇ ਸਹਿਜ-ਸੰਵਾਦ ਰਚਾਉਣ ਦਾ ਦਸਤਾਵੇਜ਼ ਹੈ।

ਭਗਤ ਸਿੰਘ ਦੀ ਸਮਾਜਵਾਦੀ ਖੱਬੇ-ਪੱਖੀ ਵਿਚਾਰਧਾਰਾ, ਹਥਿਆਰਬੰਦ ਘੋਲ ਵੀ ਕਿਉਂ, ਉਸ ਦੇ ਸਿਆਸੀ ਸੰਵਾਦਾਂ/ ਬਹਿਸਾਂ, ਵਤਨ-ਏ-ਆਜ਼ਾਦੀ ਅਤੇ ਸਾਮਰਾਜ ਬਾਰੇ ਜਾਂ ਅਸਲ ਨਿਜ਼ਾਮ ਕਿਹੋ ਜਿਹਾ ਹੋਵੇ, ਬਾਰੇ ਤਾਂ ਕਾਫੀ ਕੁਝ ਵੇਖਣ-ਸੁਣਨ ਅਤੇ ਪੜ੍ਹਨ ਲਈ ਉਪਲੱਬਧ ਸੀ/ ਹੈ, ਪਰ ਉਸ ਦੇ ਨਾਸਤਿਕਤਾ (ਵਿਗਿਆਨਕਤਾ) ਬਾਰੇ ਵਿਚਾਰ ਜਾਂ ਲਿਖਤਾਂ, ਕਈ ਕਾਰਨਾਂ ਕਰਕੇ ਨਾਦਾਰਦ ਸਨ, ਜਿਹਨਾਂ ਸਮਾਂ ਪਾ ਸਾਹਮਣੇ ਆ ਕੇ ਵਿਚਾਰਕ ਤਰਥੱਲੀ ਮਚਾ ਦਿੱਤੀ। ਸਿੱਟੇ ਵਜੋਂ ਖਾਸ ਕਰਕੇ ਪੰਜਾਬ ਵਿਚ ਨਾਸਤਕ ਪਰੰਪਰਾ ਅਤੇ ਇਸ ਦੀ ਲੋੜ ਬਾਰੇ ਬਹਿਸ ਅਤੇ ਸੰਵਾਦ ਤਿੱਖੇ ਰੂਪ 'ਚ ਆਰੰਭ ਹੋ ਗਏ। ਇਹ ਪੁਸਤਕ ਇਸ ਸਾਰੇ ਬਾਰੇ ਹਾਂਦਰੂ ਗੱਲ ਕਰਦੀ ਹੈ।

ਖਰੀ ਗੱਲ ਇਹ ਕਿ ਇਸ ਪੁਸਤਕ ਨੇ ਸਿਰਫ ਭਗਤ ਸਿੰਘ ਤੋਂ ਪੂਰਬਲੀ ਨਾਸਤਕ ਪਰੰਪਰਾ ਅਤੇ ਇਤਿਹਾਸ ਦੀ ਹੀ ਨਿਸ਼ਾਨਦੇਹੀ ਨਹੀਂ ਕੀਤੀ, ਸਗੋਂ ਉਸ ਤੋਂ ਬਾਅਦ ਵੀ ਨਾਸਤਕਤਾ ਬਾਰੇ ਦਲੀਲਮਈ ਲਿਖਤਾਂ, ਸੰਬੰਧਤ ਦਰਸ਼ਨ ਵੇਤਿਆਂ, ਲਿਖਾਰੀਆਂ, ਕਾਰਕੁਨਾਂ ਅਤੇ ਕਿਸੇ ਹੱਦ ਤੀਕ ਜਥੇਬੰਦੀਆਂ ਦੀ ਦੇਣ ਸਮੇਤ ਸਾਡੇ ਪੰਜਾਬ ਦੀ ਤਰਕਸ਼ੀਲ ਲਹਿਰ ਬਾਰੇ ਵੀ ਸਾਰਥਿਕ ਵਿਚਾਰ ਉਤੇਜਿਕ ਗੱਲ ਕੀਤੀ ਹੈ।

ਇਹ ਪੁਸਤਕ ਸਿੱਕੇਬੰਦ ਭੂਮਿਕਾ ਤੋਂ ਬਿਨਾਂ ਦੋ ਭਾਵਪੂਰਤ ਅੰਤਿਕਾਵਾਂ ਤੋਂ ਬਿਨਾਂ 24 ਪਾਠਾਂ/ ਉੱਪ ਪਾਠਾ ਵਿੱਚ ਸਮਬੰਧ ਕੀਤੀ ਗਈ ਹੈ। ਇਸ ਦੇ ਤਿੰਨ ਲੇਖ, ਸਫ਼ਾ 54-71 'ਚ ਤਿੰਨ ਪ੍ਰਸਿੱਧ ਦਾਰਸ਼ਨਿਕਾਂ ਦੇ ਕਹੇ-ਲਿਖੇ ਨੂੰ ਦਰਜ ਕੀਤਾ ਗਿਆ ਹੈ, ਜਿਹੜੇ ਕਿ ਇਸ ਪੁਸਤਕ ਨੂੰ ਹੋਰ ਸਿਫਤੀ ਬਣਾਉਂਦੇ ਹਨ, ਇਹੀ ਨਹੀਂ ਇਸ ਵਿੱਚ ਸ਼ਾਮਲ 7 ਦਰਸ਼ਨ/ ਫਿਲਾਸਫੀ ਦੇ ਪਾਠ, ਸਫਾ 72-111, ਇਸ ਪੁਸਤਕ ਦਾ ਅਨਮਿਣਵਾਂ ਹਾਸਿਲ ਹਨ, ਜਿਹਨਾਂ ਨੂੰ ਪੜ੍ਹਨਾ ਅਤੇ ਇਸ ਸੰਦਰਭ ਸਹਿਜ ਸੰਵਾਦ ਰਚਾਉਣਾ ਵੇਲੇ ਦੀ ਲੋੜ ਹੈ। ਉਕਤ ਸਾਰੇ ਲੇਖ ਨੇ 'ਮੈਂ ਨਾਸਤਕ ਕਿਉਂ ਹਾਂ' ਅਤੇ 'ਨਾਸਤਿਕਤਾ' ਅਤੇ 'ਮਨੁੱਖ ਹੋਣ ਦੇ ਮਾਇਨੇ' ਉਘਾੜਨ ਵਿੱਚ ਉੱਘਾ ਹਿੱਸਾ ਪਾਉਣ ਦੇ ਸਮਰੱਥ ਹਨ।

ਅੱਜ ਜਦੋਂ ਨਾਸਤਕਵਾਦ ਚੌਤਰਫੇ ਹੱਲੇ ਦਾ ਸ਼ਿਕਾਰ ਹੈ, ਤਦ 'ਭਗਤ ਸਿੰਘ ਦੀ ਨਾਸਤਕਤਾ ਅਤੇ ਭਾਰਤੀ ਸੰਦਰਭ' ਅਤੇ ਮਗਰਲੀਆਂ ਦੋਵੇਂ ਅੰਤਿਕਾਵਾਂ, ਜਿਹੜੀਆਂ ਪੂਰਵ ਵਿੱਚ ਪੈਂਦੇ ਹੋ ਰਹੇ ਅਜਿਹੇ ਹੱਲਿਆਂ ਅਤੇ ਸਵਾਲਾਂ ਨੂੰ ਸੰਬੋਧਤ ਹਨ, ਹੁਣ ਵੀ ਇਹਨਾਂ ਨਾਲ ਸਿੱਝਣ ਦੇ ਸਮਰੱਥ ਹਨ। ਭਾਈ ਰਣਧੀਰ ਸਿੰਘ ਦੀ ਆੜ ਵਿੱਚ ਭਗਤ ਸਿੰਘ ਦੀ ਨਾਸਤਕ ਵਿਚਾਰਧਾਰਾ ਨੂੰ ਖੁੰਢਾ ਕਰਨ ਦੀਆਂ ਚਾਲਾਂ ਅਤੇ ਅਚੇਤ-ਸੁਚੇਤ ਸਾਮਰਾਜਵਾਦ ਅਤੇ ਫਿਰਕਾਪ੍ਰਸਤਾਂ ਦੇ ਹੱਕ ਵਿੱਚ ਭੁਗਤਣ ਵਾਲਿਆਂ ਵਿਰੁੱਧ ਭਗਤ ਸਿੰਘ ਦੇ ਕਹੇ-ਲਿਖੇ ਨੂੰ ਵੀ ਮੁੜ ਉੱਚਾ ਕਰਨ ਦੀ ਲੋੜ ਹੈ। ਐਨ ਆਖਰੀ ਦਿਨਾਂ ਵਿੱਚ ਉਹ ਬੋਲਿਆ ਸੀ, 'ਹੋ ਸਕਦਾ ਮੇਰੀ ਜ਼ਿੰਦਗੀ ਚਾਰ ਦਿਨ ਦੀ ਹੋਵੇ, ਪ੍ਰੰਤੂ ਮੇਰੇ ਹੌਸਲੇ ਅਖੀਰਲੇ ਸਾਹ ਤੱਕ ਮੇਰੇ ਨਾਲ ਰਹਿਣਗੇ। ਜੇ ਕੱਲ੍ਹ ਨੂੰ ਮੈਂ ਨਾ ਰਿਹਾ ਤਾਂ ਮੇਰੇ ਹੌਸਲੇ ਦੇਸ਼ ਦੇ ਹੌਸਲੇ ਬਣ ਕੇ ਸਾਮਰਾਜਵਾਦੀ ਜੋਕਾਂ ਦਾ ਪਿੱਛਾ ਕਰਦੇ ਰਹਿਣਗੇ, ਮੈਨੂੰ ਆਪਣੇ ਦੇਸ਼ ਦੇ ਭਵਿੱਖ 'ਤੇ ਭਰੋਸਾ ਹੈ, ਮੈਨੂੰ ਮਨੁੱਖ ਦੇ ਬਾਹੂਬਲ 'ਤੇ ਯਕੀਨ ਹੈ, ਇਸੇ ਕਰਕੇ ਮੈਂ ਆਸ਼ਾਵਾਦੀ ਹਾਂ। ਤੁਸੀਂ ਹਰ ਗੱਲ ਲਈ ਭਗਵਾਨ ਤੋਂ ਆਸ ਤੱਕਦੇ ਹੋ, ਇਸ ਲਈ ਤੁਸੀਂ ਭਾਗਵਾਦੀ (ਕਿਸਮਤਵਾਦੀ) ਅਤੇ ਨਿਰਾਸ਼ਾਵਾਦੀ ਹੋ। ਭਾਗਵਾਦ ਕਰਨ (ਸੰਘਰਸ਼ ਕਰਨ) ਤੋਂ ਭੱਜਣ ਦਾ ਸੌਖਾ ਰਾਹ ਹੈ ਅਤੇ ਕਮਜ਼ੋਰ, ਕਾਇਰ ਅਤੇ ਮੌਕੇ ਤੋਂ ਭੱਜਣ ਵਾਲੇ ਲੋਕਾਂ ਦੀ ਆਖ਼ਰੀ ਪਨਾਹ ਹੈ।' ਇਹੀ ਨਹੀਂ, ਉਹ ਸਵਾਲ ਉਠਾਉਂਦਾ ਹੈ, '...ਜੇ ਈਸ਼ਵਰ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਕੁਲ ਜੀਵ-ਜੰਤ ਨੇ ਬਿਨਾਂ ਕਿਸੇ ਉਜਰ ਦੇ ਉਸ ਦੀ ਰਜ਼ਾ ਵਿੱਚ ਰਹਿਣਾ ਹੈ ਤਾਂ ਕਿਸੇ ਪੁੰਨ ਵਰਗੇ ਕਾਰਜਾਂ ਦੀ ਕੀ ਲੋੜ ਹੈ? ਚੰਗਾ ਜਾਂ ਮਾੜਾ ਕਰਮ ਇੱਕ ਬਰਾਬਰ ਹੈ, ਕਿਉਂਕਿ ਸਭ ਕੁਝ ਉਸ ਦੀ ਰਜ਼ਾ ਵਿੱਚ ਹੋ ਰਿਹਾ ਹੈ ਅਤੇ ਉਸ ਨੂੰ (ਤੇ ਇਹ ਧਾਰਨਾ ਮੰਨਣ ਵਾਲਿਆਂ ਨੂੰ ਵੀ) ਕਬੂਲ ਹੋਣਾ ਚਾਹੀਦਾ ਹੈ।'

ਉਹਨਾਂ ਵੇਲਿਆਂ ਵਿੱਚ ਵੀ, ਜਦੋਂ ਧਰਮਾਂ ਦਾ, ਸ਼ਾਇਦ ਅੱਜ ਵਰਗਾ ਜਥੇਬੰਦਕ ਅਤੇ ਉਸਾਰ ਢਾਂਚਾ ਹੋਂਦ ਵਿੱਚ ਨਹੀਂ ਸੀ, ਭਗਤ ਸਿੰਘ ਨੇ ਟਿੱਪਣੀ ਕੀਤੀ ਸੀ, 'ਧਰਮ ਨੂੰ ਵੱਡੇ ਪੱਧਰ 'ਤੇ ਕਾਰੋਬਾਰ ਬਣਾ ਲਿਆ ਗਿਆ ਹੈ। ਧਾਰਮਿਕ ਤਿਉਹਾਰਾਂ, ਜਲਸਿਆਂ ਤੇ ਜਲੂਸਾਂ ਅਤੇ ਹੋਰ ਸੰਸਥਾਮਕ ਕਾਰ-ਵਿਹਾਰ ਲਈ ਅਣ-ਸਮਾਜਿਕ ਤੱਤਾਂ ਅਤੇ ਸਿਆਸਤਦਾਨਾਂ ਦੀ ਵਰਤੋਂ ਆਮ ਕੀਤੀ ਜਾਂਦੀ ਹੈ।' ਅਪਟੋਨ ਸਿੰਕਲੇਅਰ 1917 ਵਿੱਚ ਲਿਖੀ ਆਪਣੀ ਪੁਸਤਕ 'ਪ੍ਰਾਫਿਟਸ ਆਫ਼ ਰੇਲੀਜਨ : ਐਨ ਐਸੇ ਇਨ ਇਕਨੋਮਿਕ ਇੰਟਰਪਰੈਟੇਸ਼ਨ' ਵਿੱਚ ਧਰਮ ਦੇ ਦੋ ਰੂਪਾਂ ਦਾ ਨਿਖੇੜਾ ਕਰਦਾ ਹੈ, (ੳ) ਨਿੱਜੀ ਧਰਮ (ਅ) ਸੰਸਥਾਤਮਕ ਧਰਮ। ਉਸ ਅਨੁਸਾਰ, 'ਅੱਜ ਦੁਨੀਆ 'ਤੇ ਧਰਮ ਦਾ ਦੂਜਾ ਰੂਪ ਭਾਰੂ ਹੈ (ਸਿੰਕਲੇਅਰ ਦੇ ਵੇਲਿਆ ਨਾਲੋਂ ਤਾਂ ਹੁਣ ਹਾਲਾਤ ਹੋਰ ਵੀ ਬਦਤਰ ਹਨ) ਅਤੇ ਇਹ ਧਰਮ ਨਾਲ ਜੁੜੀਆਂ ਜੋਕਾਂ ਲਈ ਆਮਦਨ ਦਾ ਵੱਡਾ ਜ਼ਰੀਆ ਹੈ। ਇਹ ਹਰ ਤਰ੍ਹਾਂ ਦੇ ਜਬਰ, ਜ਼ੁਲਮ ਅਤੇ ਸ਼ੋਸ਼ਣ ਦਾ ਹਾਮੀ ਹੈ ਅਤੇ 'ਧਰਮ' ਇਸ ਕਾਰੋਬਾਰ 'ਚ ਜ਼ਿਆਦਾਤਰ ਭਾਈਵਾਲ ਹੁੰਦਾ ਹੈ। ਹਾਲਾਤ ਹੁਣ ਵੀ ਉਹੋ, ਸਗੋਂ ਪਹਿਲਾਂ ਨਾਲੋਂ ਕਿਤੇ ਵੱਧ ਹਨ। ਇਸੇ ਕਰਕੇ ਉਸ ਵੇਲੇ ਦਾ ਭਗਤ ਸਿੰਘ, ਜਿਹੜਾ ਅੱਜ ਵੀ ਸਾਰਥਕ ਹੈ ਅਤੇ ਇਹਨਾਂ ਵੇਲਿਆ ਦੇ ਤਰਕਸ਼ੀਲ ਖਾਸ ਕਰਕੇ ਲੋਕ-ਪੱਖੀ ਦਾਰਸ਼ਨਿਕ ਉਲਟ ਤਾਕਤਾਂ ਨੂੰ ਨਹੀਂ ਸੁਖਾਉਂਦੇ।

ਦਰਅਸਲ ਭਗਤ ਸਿੰਘ ਅਤੇ ਸਾਡੇ ਵੇਲਿਆਂ ਦਾ ਤਰਕਸ਼ੀਲ ਦਭੋਲਕਰ ਵਰਗੇ ਦੋਵੇਂ ਧਰਮ ਦੀ ਅਜਿਹੀ ਅਤੇ ਸਟੇਟ ਰਾਹੀ ਕੀਤੀ ਜਾਂਦੀ ਵਰਤੋਂ ਦੇ ਵਿਰੁੱਧ ਸਨ/ ਹਨ। ਕਿਤਾਬ ਇਹ ਵੀ ਕੋਟ ਕਰਦੀ ਹੈ—ਟਾਲਸਟਾਇ ਨੇ ਇਸ ਬਾਰੇ ਕਿਹਾ ਸੀ, 'ਡਾਕੂ ਤਾਂ ਲੋੜ ਅਨੁਸਾਰ ਹੀ ਲੁੱਟ-ਖੋਹ ਕਰਦੇ ਹਨ, ਪਰੰਤੂ ਸਟੇਟ ਆਪਣੇ ਮੰਤਵ ਦੀ ਪ੍ਰਾਪਤੀ ਲਈ ਗਿਣ-ਮਿੱਥ ਕੇ ਪਰਜਾ ਦੀ ਦੁਰਵਰਤੋਂ ਕਰਦੀ ਹੈ। ਉਹ ਬਚਪਨ ਤੋਂ ਲੈ ਕੇ ਵੱਡਿਆਂ ਤੱਕ ਨੂੰ ਧਰਮ ਅਤੇ ਦੇਸ਼ ਭਗਤੀ (ਅਖੌਤੀ ਰਾਸ਼ਟਰਵਾਦ) ਦੇ ਨਾਂਅ ਦਾ ਸਬਕ ਦੇ ਕੇ ਪੂਰੀਆਂ ਪੀੜ੍ਹੀਆਂ ਤਬਾਹ ਕਰ ਦਿੰਦੀ ਹੈ।' ਇਸੇ ਬਿਰਤਾਂਤ ਨੂੰ ਸਮਝਣ ਅਤੇ ਇਸ ਦਾ ਬੌਧਿਕ ਟਾਕਰਾ ਕਰਨ ਲਈ ਇਸ ਪੁਸਤਕ ਨੂੰ ਅਤੇ ਇਸ ਵਿੱਚ ਅੰਕਿਤ ਦਸਤਾਵੇਜ਼ਾਂ ਅਤੇ ਪੁਸਤਕਾਂ ਨੂੰ ਪੜ੍ਹਨਾ ਵੀ ਬੇਹੱਦ ਜ਼ਰੂਰੀ ਹੈ।

ਇੱਕ ਗੱਲ ਹੋਰ 'ਧਰਮੀਏ' ਉਸ ਵਿਗਿਆਨ ਦਾ ਵੀ ਵਿਰੋਧ ਕਰਦੇ ਹਨ, ਜਿਸ ਤੋਂ ਬਿਨਾਂ ਉਹ ਹੁਣ ਇੱਕ ਪਲ ਵੀ ਨਹੀਂ ਰਹਿ ਸਕਦੇ ਅਤੇ ਜਿਸ ਦੀਆਂ ਸਹੂਲਤਾਂ ਮਾਨਣ ਲਈ ਬਹੁਤਿਆਂ ਕੋਲ ਆਮ ਲੋਕਾਂ ਦੀ ਬਜਾਏ ਆਮ ਲੋਕਾਂ ਤੋਂ ਹੀ ਭਰਮਾ ਕੇ ਹਥਿਆ ਲਈ ਜਾਂਦੀ ਦੌਲਤ ਦੇ ਅੰਬਾਰ ਹਨ। ਵਿਗਿਆਨ ਗਿਆਨ ਅਤੇ ਅਗਿਆਨ ਦੇ ਵਿਚਕਾਰ ਕਾਰਜ ਕਰਦਾ ਹੈ ਅਤੇ ਇਹ ਬੁਲੰਦ 'ਵਾਜ਼ ਕਹਿੰਦਾ ਹੈ , 'ਮੈਂ ਅੰਤਮ ਸੱਚ ਨਹੀਂ ਹਾਂ।' ਅਤੇ ਇਸ ਨੂੰ ਇਹ ਕਹਿਣ ਵਿੱਚ ਵੀ ਕੋਈ ਝਿਜਕ ਨਹੀਂ,

'ਮੈਨੂੰ ਨਹੀਂ ਪਤਾ।' ਜਦ ਕਿ ਧਰਮ ਅਗਿਆਨ ਦੇ ਪਾਰ ਦਾ ਕਾਰਜ ਕਰਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਉਸ ਕੋਲ ਹਰ ਸਵਾਲ ਦਾ ਜਵਾਬ ਅਤੇ ਹਰ ਉੱਕਤੀ ਦਾ ਹੱਲ ਹੈ। ਇਹ ਲਾਈਲੱਗ ਬੰਦੇ ਨੂੰ ਜੜ੍ਹ ਕਰਦਾ ਹੈ, ਜਦ ਕਿ ਵਿਗਿਆਨ ਉਡਾਰੀ ਮਾਰਨ ਅਤੇ ਸਵਾਲ ਕਰਨ ਲਈ ਉਤਸ਼ਾਹਤ ਕਰਦਾ ਹੈ।

ਉੱਕਤ ਬਾਰੇ ਇਹ ਪੁਸਤਕ ਭਗਤ ਸਿੰਘ ਨੂੰ ਇਵੇਂ ਕੋਟ ਕਰਦੀ ਹੈ, 'ਮੇਰੇ ਵਿਚਾਰ ਅਨੁਸਾਰ ਜਿਸ ਵਿਅਕਤੀ ਕੋਲ ਵੀ ਥੋੜ੍ਹੀ ਬਹੁਤ ਤਰਕ ਸ਼ਕਤੀ ਹੈ, ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਕਸਵੱਟੀ 'ਤੇ ਪਰਖਦਾ ਹੈ। ਜਿਥੇ ਸਿੱਧੇ ਸਬੂਤ ਨਹੀਂ ਮਿਲਦੇ, ਉਥੇ ਫਲਸਫ਼ੇ ਦਾ ਅਹਿਮ ਥਾਂ ਹੁੰਦਾ ਹੈ, ਜਦੋਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸ਼ਿਵ ਕੁਮਾਰ ਮਿਸ਼ਰ ਦੀ ਜੀਵਨੀ 'ਚੋਂ ਦਿਸਦਾ ਕਮਿਊਨਿਸਟ ਲਹਿਰ ਦਾ ਵਿਕਾਸ

**ਸਾਹਿਤ ਚਿੰਤਨ**

**ਡਾ. ਤੇਜਿੰਦਰ ਵਿਰਲੀ**

## ਕਾਕੋਰੀ ਤੋਂ ਨਕਸਲਬਾੜੀ

**ਸ਼ਿਵ ਕੁਮਾਰ ਮਿਸ਼ਰ**
**ਸੰਪਾਦਕ-ਸੁਰੇਸ਼ ਸਲਿਲ**
**ਅਨੁ.-ਬਲਬੀਰ ਚੰਦ ਲੌਂਗੋਵਾਲ**
**ਪੰਨੇ-255, ਮੁੱਲ-300 ਰੁਪਏ**
**ਵ੍ਹਾਈਟ ਕਰੋਅ ਪਬਲੀਸ਼ਰਜ਼, ਮਾਨਸਾ**

'ਕਾਕੋਰੀ ਤੋਂ ਨਕਸਲਬਾੜੀ' ਪੁਸਤਕ ਮੂਲ ਰੂਪ ਵਿੱਚ ਹਿੰਦੀ ਵਿੱਚ ਲਿਖੀ ਗਈ ਹੈ। ਜਿਸ ਦੇ ਲੇਖਕ ਪ੍ਰਸਿੱਧ ਕਮਿਊਨਿਸਟ ਕ੍ਰਾਂਤੀਕਾਰੀ ਸ਼ਿਵ ਕੁਮਾਰ ਮਿਸ਼ਰ ਹਨ। ਇਹ ਕਿਤਾਬ ਉਨ੍ਹਾਂ ਦੇ ਰਾਜਨੀਤਕ ਜੀਵਨ ਦਾ ਲੇਖਾ-ਜੋਖਾ ਹੈ। ਇਸ ਨੂੰ ਆਜ਼ਾਦੀ ਸੰਗਰਾਮ ਦੇ ਹਥਿਆਰਬੰਦ ਕ੍ਰਾਂਤੀਕਾਰੀ ਅਧਿਆਇ ਅਤੇ ਕਮਿਊਨਿਸਟ ਕ੍ਰਾਂਤੀਕਾਰੀ ਅੰਦੋਲਨ ਦੇ ਸੰਦਰਭ ਵਿਚ 1930 ਤੋਂ 1970 ਦੇ ਸਮੇਂ ਦੇ ਰਾਜਨੀਤਕ ਦਸਤਾਵੇਜ਼ ਦੀ ਤਰ੍ਹਾਂ ਵੀ ਪੜ੍ਹਿਆ-ਵਾਚਿਆ ਜਾ ਸਕਦਾ ਹੈ।

ਪ੍ਰਸਿੱਧ ਹਿੰਦੀ ਮੈਗਜ਼ੀਨ 'ਫ਼ਿਲਹਾਲ' (ਸੰਪਾਦਕ : ਪ੍ਰੀਤੀ ਸਿਨਹਾ) ਪਟਨਾ ਵੱਲੋਂ ਫ਼ਿਲਹਾਲ ਪੁਸਤਕ ਲੜੀ' ਅਧੀਨ ਛਾਪੀ ਇਸ ਕਿਤਾਬ ਦਾ ਸੰਪਾਦਨ ਸੁਰੇਸ਼ ਸਲਿਲ ਜੀ ਨੇ ਕੀਤਾ ਹੈ।

ਸ਼ਿਵ ਕੁਮਾਰ ਮਿਸ਼ਰ ਕਾਕੋਰੀ ਦੇ ਅਮਰ ਸ਼ਹੀਦਾਂ ਅਤੇ ਕ੍ਰਾਂਤੀਕਾਰੀਆਂ ਤੋਂ ਪ੍ਰੇਰਿਤ ਹੋ ਕੇ ਬਚਪਨ ਤੋਂ ਹੀ ਆਜ਼ਾਦੀ ਸੰਗਰਾਮ ਵਿਚ ਕੁੱਦ ਪਏ ਸਨ। 1931 ਵਿਚ ਉਹ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਕ੍ਰਾਂਤੀਕਾਰੀ ਜਥੇਬੰਦੀ 'ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ' ਦੇ ਮੈਂਬਰ ਬਣੇ। ਕਾਮਰੇਡ ਸ਼ਿਵ ਕੁਮਾਰ ਮਿਸ਼ਰ ਦਾ ਜਨਮ 1916 ਵਿੱਚ ਹੋਇਆ। ਉਨ੍ਹਾਂ ਦੀ ਜਵਾਨੀ ਬਸਤੀਵਾਦੀ ਸ਼ਾਸਨ ਤੋਂ ਆਜ਼ਾਦੀ ਦੇ ਸੰਘਰਸ਼ ਨਾਲ ਅਮਿੱਟ ਤੌਰ 'ਤੇ ਜੁੜੀ ਹੋਈ ਸੀ। ਉਹ ਆਪਣੀ ਕਿਸ਼ੋਰ ਅਵਸਥਾ ਦੌਰਾਨ ਅਤੇ ਸਕੂਲ ਵਿੱਚ ਪੜ੍ਹਦੇ ਸਮੇਂ ਇਨਕਲਾਬੀ ਪਾਰਟੀ ਵਿੱਚ ਕੰਮ ਕਰਨ ਲੱਗ ਪਏ। ਇਨਕਲਾਬੀ ਪਾਰਟੀ ਦੇ ਮੈਂਬਰ ਵਜੋਂ ਕਈ ਇਨਕਲਾਬੀ ਕਾਰਵਾਈਆਂ ਵਿੱਚ ਹਿੱਸਾ ਲਿਆ। ਦੂਜੇ ਇਨਕਲਾਬੀਆਂ ਵਾਂਗ, ਉਸ ਨੇ ਖੁਸ਼ੀ ਨਾਲ ਜੇਲ੍ਹ ਜਾਣ ਤੇ ਰੂਪੋਸ਼ ਰਹਿੰਦੇ ਹੋਏ ਕ੍ਰਾਂਤੀਕਾਰੀ ਕੰਮ ਕਰਨ ਦੇ ਰਸਤੇ ਨੂੰ ਚੁਣਿਆ। ਉਹਨਾਂ ਨੇ ਉਨਾਵ ਨੂੰ ਕੇਂਦਰ ਬਣਾ ਕੇ ਕਿਸਾਨ ਅੰਦੋਲਨ ਦਾ ਆਗਾਜ਼ ਕੀਤਾ।

ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਾਲ ਉਹਨਾਂ ਨੇ ਉਨਾਵ ਦੇ ਪੇਂਡੂ ਖੇਤਰਾਂ ਦਾ ਦੌਰਾ ਕੀਤਾ।

1938-39 ਵਿੱਚ ਸ਼ਿਵ ਕੁਮਾਰ ਮਿਸ਼ਰ ਕਮਿਊਨਿਜ਼ਮ ਦੇ ਆਦਰਸ਼ਾਂ ਤੋਂ ਆਕਰਸ਼ਿਤ ਹੋਏ ਅਤੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। ਬਸਤੀਵਾਦੀ ਸ਼ਾਸਨ ਦੌਰਾਨ ਅਤੇ ਬਾਅਦ ਵਿੱਚ, ਉਸ ਨੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਪਾਰਟੀ ਬਣਾਉਣ ਵਿੱਚ ਮੋਹਰੀ ਭੂਮਿਕਾ ਨਿਭਾਈ। ਉਨ੍ਹਾਂ ਨੇ ਉਨਾਓ ਵਿੱਚ ਕਿਸਾਨ ਅੰਦੋਲਨ ਵਿੱਚ ਬਹੁਤ ਯੋਗਦਾਨ ਪਾਇਆ।




ਅਨੇਕਾਂ ਵਾਰ ਜੇਲ੍ਹ ਗਏ ਅਤੇ ਰੂਪੋਸ਼ ਜੀਵਨ ਕੱਟਦਿਆਂ ਕ੍ਰਾਂਤੀਕਾਰੀ ਐਕਸ਼ਨ ਕੀਤੇ।

ਉਨਾਵ ਜ਼ਿਲ੍ਹੇ ਨੇ 1947 ਵਿੱਚ ਆਜ਼ਾਦੀ ਦੇ ਇਸ ਰੁੱਖ 'ਤੇ ਜ਼ਹਿਰ ਦੇ ਫੁੱਲ ਖਿੜਦੇ ਹੋਏ ਵੇਖੇ ਸਨ ਅਤੇ ਸਾਨੂੰ ਅਨੇਕਾਂ ਜ਼ਹਿਰੀਲੇ ਫਲ ਖਾਣੇ ਪਏ ਸਨ। ਉਹਨਾਂ ਦਿਨਾਂ ਵਿਚ ਆਜ਼ਾਦੀ ਦੇ ਸਮਰਥਨ ਦੇ ਨਾਂਅ 'ਤੇ ਪਾਰਟੀ ਨੇਤਾਵਾਂ ਵੱਲੋਂ ਕਾਂਗਰਸ ਦੇ ਪ੍ਰਮੁੱਖ ਨੇਤਾਵਾਂ ਦੀ ਜੋ ਪ੍ਰਸ਼ੰਸਾ ਦੇ ਗੀਤ ਗਾਏ ਜਾ ਰਹੇ ਸੀ, ਉਹ ਮੈਨੂੰ ਭੋਰਾ ਭਰ ਵੀ ਚੰਗੇ ਨਹੀਂ ਸਨ ਲਗਦੇ।

1957 ਤੋਂ ਬਾਅਦ ਦੇ ਸਾਲਾਂ ਵਿਚ ਸੋਵੀਅਤ ਯੂਨੀਅਨ ਅਤੇ ਚੀਨ ਦੀਆਂ ਕਮਿਊਨਿਸਟ ਪਾਰਟੀਆਂ ਦੇ ਵਿਚ ਮਾਰਕਸਵਾਦ-ਲੈਨਿਨਵਾਦ ਦੇ ਬੁਨਿਆਦੀ ਪ੍ਰਸ਼ਨਾਂ 'ਤੇ ਖੁੱਲ੍ਹਾ ਵਾਦ-ਵਿਵਾਦ ਸ਼ੁਰੂ ਹੋਇਆ।

ਅਨੇਕਾਂ ਸਾਥੀ ਖੁਰੁਸ਼ਚੇਵ ਦੀ ਭਾਰਤ ਆਮਦ ਦੇ ਬਾਅਦ ਤੋਂ ਹੀ ਸੋਵੀਅਤ ਨੀਤੀ ਨੂੰ ਲੈ ਕੇ ਖਫਾ ਹੋ ਰਹੇ ਸਨ। ਉਸ ਸਮੇਂ ਤੱਕ ਸਟਾਲਿਨ ਦੀ ਨਿੰਦਿਆ ਤੇ ਭਾਰਤੀ ਕਮਿਊਨਿਸਟ ਪਾਰਟੀ ਵਿਚ ਉੱਠੇ ਵਿਵਾਦ 'ਤੇ ਸ਼ਾਂਤੀਪੂਰਨ ਢੰਗਾਂ ਨਾਲ ਪਰਦਾ ਪਾ ਦਿੱਤਾ ਗਿਆ ਸੀ। ਖੁਰੁਸ਼ਚੇਵ 'ਮਹੋਦਯ' ਨੇ ਭਾਰਤ ਦੀ ਧਰਤੀ 'ਤੇ ਆ ਕੇ ਹੀ ਐਲਾਨ ਕੀਤਾ ਕਿ ਭਾਰਤ ਵਿਚ ਨਹਿਰੂ ਦੀ ਅਗਵਾਈ ਵਿਚ ਸਮਾਜਵਾਦ ਦਾ ਨਿਰਮਾਣ ਹੋ ਰਿਹਾ ਹੈ। ਉਸ ਦਾ ਇਹ ਬਿਆਨ ਆਂਧਰਾ ਪ੍ਰਦੇਸ਼ ਵਿਚ ਚੋਣਾਂ ਦੇ ਸਮੇਂ ਕਾਂਗਰਸ ਸਰਕਾਰ ਵੱਲੋਂ ਲੱਖਾਂ ਦੀ ਗਿਣਤੀ ਵਿਚ ਵੰਡਿਆ ਗਿਆ ਸੀ। ਖੁਰੁਸ਼ਚੇਵ ਦੀ ਇਹ ਗੱਲ ਮੈਨੂੰ ਅਤੇ ਮੇਰੇ ਵਰਗੇ ਹੋਰ ਕਾਮਰੇਡਾਂ ਨੂੰ ਖੁਰੁਸ਼ਚੇਵ ਵਿਰੋਧੀ ਹੀ ਬਣਾ ਸਕਦੀ ਸੀ। ਇੱਕ ਪਾਸੇ ਆਪਣੇ ਰਾਜ ਵਿਚ ਅਨੇਕਾਂ ਕਾਮਰੇਡਾਂ ਦਾ ਬਦਲਦਾ ਚਰਿੱਤਰ ਸੀ, ਦੂਜੇ ਪਾਸੇ ਕਮਿਊਨਿਸਟ ਪਾਰਟੀ ਦੀ ਹੁਣ ਤੱਕ ਚੱਲੀ ਆ ਰਹੀ ਸਮਝ ਦੇ ਵਿਰੁੱਧ ਅੰਤਰ-ਰਾਸ਼ਟਰੀ ਲੀਡਰਸ਼ਿਪ ਦਾ ਇਹ ਖੁੱਲ੍ਹਾ ਹਮਲਾ ਸੀ।

ਕੋਈ ਵੀ ਕ੍ਰਾਂਤੀਕਾਰੀ ਆਗੂ ਜੇਲ੍ਹ ਤੋਂ ਬਾਹਰ ਨਾ ਰਹੇ। ਇਹ ਸਾਰੀਆਂ ਗ੍ਰਿਫਤਾਰੀਆਂ ਉਦੋਂ ਹੋਈਆਂ ਸਨ, ਜਦ ਚੀਨੀ ਫੌਜਾਂ ਭਾਰਤ ਦੀ ਸਰਹੱਦ ਛੱਡ ਕੇ ਮੈਕਮੋਹਨ ਲਾਇਨ ਤੋਂ ਉਸ ਪਾਰ ਜਾ ਚੁੱਕੀਆਂ ਸਨ।

ਮੇਰੀ ਸਮਝ ਵਿਚ ਇਨ੍ਹਾਂ ਗ੍ਰਿਫਤਾਰੀਆਂ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਸਰਕਾਰ ਭਾਰਤ ਦੇ ਆਰਥਿਕ ਖੇਤਰ ਵਿਚ ਸਾਮਰਾਜਵਾਦੀ ਪੂੰਜੀ ਦੇ ਦਾਖਲੇ ਲਈ ਜ਼ਮੀਨ ਤਿਆਰ ਕਰ ਰਹੀ ਸੀ। ਉਸ ਨੇ ਵੇਖ ਲਿਆ ਸੀ ਕਿ ਸੋਵੀਅਤ ਸਰਕਾਰ ਵੀ ਲਾਲ ਝੰਡੇ ਨੂੰ ਪੈਰਾਂ ਥੱਲੇ ਲਤਾੜਦੀ ਹੋਈ ਸਾਮਰਾਜਵਾਦੀ ਦਿਸ਼ਾ ਵੱਲ ਭੇਜੀ ਜਾ ਰਹੀ ਹੈ। ਇਸ ਲਈ ਉਹ ਇੱਕ ਵੀ ਸੋਵੀਅਤ ਸੋਧਵਾਦ ਵਿਰੋਧੀ ਵਿਅਕਤੀਆਂ ਨੂੰ ਜੇਲ੍ਹ ਤੋਂ ਬਾਹਰ ਨਹੀਂ ਰਹਿਣ ਦੇਣਾ ਚਾਹੁੰਦੀ ਸੀ। ਉਹ ਸਾਮਰਾਜਵਾਦੀ ਪੂੰਜੀ ਦੇ ਦਾਖਲੇ ਲਈ ਭਾਰਤੀ ਬਾਜ਼ਾਰ ਦੇ ਬੂਹੇ ਖੋਲ੍ਹਣ ਲੱਗੀ ਹੋਈ ਸੀ। ਉਸ ਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਜੇ ਕਮਿਊਨਿਸਟ ਪਾਰਟੀ ਦੇ ਖੱਬੇ ਪੱਖ ਨੂੰ ਦਬਾਇਆ ਨਾ ਗਿਆ ਤਾਂ ਉਹ ਸਾਰੀ ਪਾਰਟੀ ਨੂੰ ਆਪਣੇ ਨਾਲ ਵਹਾ ਕੇ ਲੈ ਜਾਵੇਗਾ। ਸੋਵੀਅਤ ਸੋਧਵਾਦ ਵਿਰੋਧੀ ਸਾਡੀ ਲੜਾਈ ਭਾਰਤ ਸਰਕਾਰ ਅਤੇ ਕਾਂਗਰਸ ਸਮੇਤ ਸਾਰੀਆਂ ਦੱਖਣ ਪੱਖੀ ਪਾਰਟੀਆਂ ਦੇ ਖਿਲਾਫ਼ ਲੜਾਈ ਸੀ। ਇਸ ਲਈ ਪਾਰਟੀ ਦੇ ਖੱਬੇ ਪੱਖ 'ਤੇ ਇਹ ਹਮਲਾ ਕੇਂਦ੍ਰਿਤ ਹੋਇਆ ਸੀ। ਥੋੜ੍ਹੇ ਹੀ ਦਿਨਾਂ ਵਿੱਚ ਕੌਮੀ ਕੌਂਸਲ ਦੇ 32 ਮੈਂਬਰਾਂ ਦਾ ਵਾਕ ਆਉਟ ਹੋਇਆ ਅਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਦਾ ਗਠਨ ਹੋ ਗਿਆ।

ਸੋਧਵਾਦ ਦੇ ਵਿਰੁੱਧ ਨਾਲ ਹੀ ਇਕ ਖੱਬੇ ਪੱਖੀ ਵਿਚਾਰਾਂ ਵਾਲੀ ਪਾਰਟੀ ਸੀ ਪੀ ਆਈ ਐੱਮ ਦਾ ਉਦੈ ਹੁੰਦਾ ਹੈ । ਸ਼ਿਵ ਕੁਮਾਰ ਮਿਸ਼ਰ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਵਿੱਚ ਸ਼ਾਮਲ ਹੋ ਜਾਂਦੇ ਹਨ। ਆਜ਼ਾਦੀ ਦੇ ਬਾਅਦ ਕਮਿਊਨਿਸਟ ਕਾਰਕੁੰਨ ਦੇ ਰੂਪ ਵਿਚ ਕਿਸਾਨ ਵਿਦਰੋਹ ਦਾ ਬਿਗਲ ਵੱਜਣ ਤੱਕ ਉਹ ਸੀ.ਪੀ.ਆਈ. (ਐੱਮ) ਦੀ ਕੇਂਦਰੀ ਕਮੇਟੀ ਦੇ ਮੈਂਬਰ ਅਤੇ ਉੱਤਰ ਪ੍ਰਦੇਸ਼ ਰਾਜ ਕਮੇਟੀ ਦੇ ਸਕੱਤਰ ਸਨ।

ਸਾਰੀ ਉਮਰ ਸ਼ਿਵ ਕੁਮਾਰ ਮਿਸ਼ਰ ਕ੍ਰਾਂਤੀਕਾਰੀ ਘੋਲਾਂ ਵਿੱਚ ਵਿਸ਼ਵਾਸ ਰੱਖਦਾ ਰਿਹਾ। ਕਾਕੋਰੀ ਟਰੇਨ ਡਕੈਤੀ ਤੋਂ ਲੈ ਕੇ ਭਗਤ ਸਿੰਘ ਦੀ ਅਗਵਾਈ ਵਾਲੀ ਪਾਰਟੀ ਵਿੱਚ ਤੇ ਫਿਰ ਦੇਸ਼ ਦੀ ਆਜ਼ਾਦੀ ਲਈ ਭਾਰਤ ਦੀ ਕਮਿਊਨਿਸਟ ਪਾਰਟੀ ਵਿੱਚ ਵੀ ਉਹ ਇਸ ਮੱਤ ਦਾ ਮਦਈ ਸੀ ਕਿ ਪਾਰਟੀ ਨੂੰ ਗੁਪਤ ਦੱਸਦੇ ਰਾਹੀਂ ਕ੍ਰਾਂਤੀਕਾਰੀ ਅੰਦੋਲਨ ਦਾ ਲੜ ਨਹੀਂ ਛੱਡਣਾ ਚਾਹੀਦਾ ਫਿਰ ਜਦੋਂ ਸੀ ਪੀ ਆਈ ਸੋਧਵਾਦੀ ਪੈਂਤੜੇ 'ਤੇ ਚੱਲੀ ਤਾਂ ਕੁਝ ਸਮੇਂ ਲਈ ਉਹ ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਪਾਰਟੀ ਅੰਦਰ ਕੰਮ ਕਰਦਿਆਂ ਵੀ ਉਸ ਨੂੰ ਸਦਾ ਹੀ ਲੱਗਾ ਰਹਿੰਦਾ ਕਿ ਸੰਸਦੀਵਾਦ ਦਾ ਰਸਤਾ ਛੱਡ ਕੇ ਸਾਨੂੰ ਕ੍ਰਾਂਤੀਕਾਰੀ ਹਥਿਆਰਬੰਦ ਘੋਲ ਕਰਨਾ ਚਾਹੀਦਾ, ਫਿਰ ਜਦੋਂ ਚਾਰੂ ਮਾਜੂਮਦਾਰ ਦੀ ਅਗਵਾਈ ਵਿੱਚ ਨਕਸਲਬਾੜੀ ਮੂਵਮੈਂਟ ਉਦੈ ਹੋਈ ਤਾਂ ਉਸ ਨੂੰ ਜਾਪਿਆ ਕਿ ਇਹ ਗਰੁੱਪ ਕ੍ਰਾਂਤੀਕਾਰੀ ਘੋਲਾਂ 'ਤੇ ਟੇਕ ਰੱਖਦਾ ਹੋਇਆ ਹਿੰਦੁਸਤਾਨ ਵਿੱਚ ਕ੍ਰਾਂਤੀ ਕਰ ਸਕਦਾ ਹੈ, ਪਰ ਜਦੋਂ ਚਾਰੂ ਮਾਜੂਮਦਾਰ ਨੇ ਜਮਾਤੀ ਸਫਾਈ ਦੀ ਲਾਈਨ ਦਿੱਤੀ ਤਾਂ ਉਸ ਸਮੇਂ ਸ਼ਿਵ ਮਿਸ਼ਰ ਲਿਖਦੇ ਨੇ ਕਿ ਉਹਨਾਂ ਦੇ ਜ਼ਿਲ੍ਹੇ ਉਨਾਵ (ਉੱਤਰ ਪ੍ਰਦੇਸ਼) ਵਿੱਚ ਘੱਟੋ-ਘੱਟ ਅੱਠ ਅਜਿਹੇ ਡਾਕੂ ਪਾਰਟੀ ਵਿੱਚ ਸ਼ਾਮਲ ਹੋ ਗਏ, ਜਿਹੜੇ ਕਿਰਦਾਰ ਵਜੋਂ ਕਾਮਰੇਡ ਨਹੀਂ ਸਨ। ਉਹਨਾਂ ਨੇ ਲੁੱਟਾਂ, ਖੋਹਾਂ ਤੇ ਜਾਤੀ ਮਾਰਾਂ ਮਾਰੀਆਂ, ਜਿਸ ਨਾਲ ਪਾਰਟੀ ਨੂੰ ਬਦਨਾਮੀ ਹੋਈ। ਅਜਿਹਾ ਸਭ ਕੁਝ ਦੇਖ ਕੇ ਉਹਨਾਂ ਨੇ ਪਾਰਟੀ ਦੇ ਜਮਾਤੀ ਸਫਾਈ ਦੀ ਲਾਈਨ ਦਾ ਡਟ ਕੇ ਵਿਰੋਧ ਕੀਤਾ। ਇਸ ਸਮੇਂ ਦੌਰਾਨ ਉਹ ਉਦਾਸ ਹੋ ਕੇ ਘਰ ਬੈਠ ਗਏ। ਸਾਰੀ ਉਮਰ ਕ੍ਰਾਂਤੀਕਾਰੀ ਅੰਦੋਲਨ 'ਤੇ ਟੇਕ ਰੱਖਣ ਵਾਲਾ ਆਗੂ ਜਦੋਂ ਕ੍ਰਾਂਤੀਕਾਰੀ ਅੰਦੋਲਨ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਸ ਦੀਆਂ ਬੁਰਾਈਆਂ ਵੇਖ ਕੇ ਘਰ ਬੈਠ ਜਾਂਦਾ ਹੈ।ਇਸ ਸਮੇਂ ਉਹ ਲਿਖਣ-ਪੜ੍ਹਨ ਦੇ ਕੰਮ ਜੁੱਟ ਜਾਂਦਾ ਹੈ, ਉਸੇ ਲੜੀ ਦੀ ਪੈਦਾਇਸ਼ ਹੈ ਇਹ ਇਕ ਇਨਕਲਾਬੀ ਦੀ ਜੀਵਨੀ ਘੱਟ ਤੇ ਉਹਨਾਂ ਦੇ ਜੀਵਨ ਦਾ ਰਾਜਸੀ ਬਿਰਤਾਂਤ ਵੱਧ ਹੈ।

ਮੈਂ ਕੋਈ ਚੰਗਾ ਬੁਲਾਰਾ ਨਹੀਂ ਸੀ। ....

ਬਾਅਦ ਵਿਚ ਸੀ.ਪੀ.ਆਈ. (ਐੱਮ.ਐੱਲ.) ਵਿਚ ਉਹਨਾਂ ਨੂੰ ਕੇਂਦਰੀ ਕਮੇਟੀ ਦਾ ਮੈਂਬਰ ਅਤੇ ਉੱਤਰ-ਮੱਧ ਖਿੱਤੇ ਦਾ ਸਕੱਤਰ ਚੁਣਿਆ ਗਿਆ। ਜਦੋਂ ਸੀ ਪੀ ਆਈ ਐੱਮ ਐੱਲ ਅੱਗੋਂ ਧੜਿਆਂ ਵਿੱਚ ਵੰਡੀ ਗਈ ਤਾਂ ਸ਼ਿਵ ਕੁਮਾਰ ਮਿਸ਼ਰ ਪੋਲਿਟ ਬਿਊਰੋ ਮੈਂਬਰ ਸਨ। ਪਾਰਟੀ ਅੰਦਰ ਚੱਲੀ ਜਮਾਤੀ ਸਫਾਏ ਦੀ ਲਾਈਨ ਨੇ ਇਹਨਾਂ ਨੂੰ ਪਾਰਟੀ ਤੋਂ ਵੱਖ ਹੋਣ ਲਈ ਮਜਬੂਰ ਕਰ ਦਿੱਤਾ।

ਇਸ ਸਮੁੱਚੇ ਦੌਰ ਦਾ ਵਿਸਥਾਰਤ ਮੁਲਾਂਕਣ ਮਿਸ਼ਰ ਨੇ ਆਪਣੀ ਇਸ ਸਵੈ-ਜੀਵਨੀ ਵਿਚ ਕੀਤਾ ਹੈ। ਨਾਵਲ ਵਰਗੀ ਰੋਚਕ ਸ਼ੈਲੀ ਵਿਚ ਲਿਖੀ ਗਈ ਇਹ ਰਾਜਨੀਤਕ ਸਵੈ-ਜੀਵਨੀ ਬਹੁਤਿਆਂ ਨੂੰ ਕ੍ਰਾਂਤੀ ਦੇ ਰਾਹ 'ਤੇ ਤੋਰਨ ਅਤੇ ਕਮਿਊਨਿਜ਼ਮ ਦਾ ਵਿਗਿਆਨਕ ਆਧਾਰ ਪ੍ਰਦਾਨ ਕਰਦੀ ਹੈ ।

ਸੀਨੀਅਰ ਕਮਿਊਨਿਸਟ ਇਨਕਲਾਬੀ ਕਾਮਰੇਡ ਸ਼ਿਵ ਕੁਮਾਰ ਮਿਸ਼ਰ ਨੇ 12 ਦਸੰਬਰ, 2007 ਨੂੰ ਆਪਣੇ ਜੱਦੀ ਸ਼ਹਿਰ ਕਾਨਪੁਰ ਵਿੱਚ ਆਖਰੀ ਸਾਹ ਲਿਆ। ਉਨ੍ਹਾਂ ਦੇ ਦੇਹਾਂਤ ਨਾਲ ਭਾਰਤ ਦੀ ਕਮਿਊਨਿਸਟ ਲਹਿਰ ਨੇ ਇੱਕ ਅਣਥੱਕ ਯੋਧਾ ਗੁਆ ਦਿੱਤਾ ਹੈ, ਜਿਸ ਨੇ ਆਪਣਾ ਪੂਰਾ ਸਰਗਰਮ ਜੀਵਨ ਇਨਕਲਾਬ ਅਤੇ ਰਾਸ਼ਟਰੀ ਮੁਕਤੀ ਦੇ ਕਾਜ਼ ਲਈ ਸਮਰਪਿਤ ਕਰ ਦਿੱਤਾ।

*ਸੰਪਰਕ 94647-97400*

# ਪੁਸਤਕ ਰੀਵਿਊ

## ਇਕ ਖ਼ਤ ਤੇਰੇ ਨਾਂ

**(ਕਹਾਣੀ-ਸੰਗ੍ਰਹਿ)**
**ਰਾਜਬੀਰ ਰੰਧਾਵਾ**
**ਪੰਨੇ : 152, ਮੁੱਲ : 240 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਰਾਜਬੀਰ ਰੰਧਾਵਾ ਦੀਆਂ ਕਵਿਤਾਵਾਂ, ਕਹਾਣੀਆਂ, ਸਫਰਨਾਮੇ, ਸਵੈਜੀਵਨੀ ਅਤੇ ਨਾਵਲਾਂ ਦੀਆਂ ਪੁਸਤਕਾਂ ਦੀ ਗਿਣਤੀ ਤਿੰਨ ਦਰਜਨ ਤੱਕ ਪੁੱਜਣ ਵਾਲੀ ਹੈ। ਇਸ ਬਹੁਵਿਧਾਵੀ ਸਾਹਿਤਕਾਰਾ ਦੀ 33ਵੀਂ ਪੁਸਤਕ 'ਇੱਕ ਖ਼ਤ ਤੇਰੇ ਨਾਂ' ਅਜਿਹੀਆਂ ਕਹਾਣੀਆਂ 'ਤੇ ਅਧਾਰਿਤ ਪੁਸਤਕ ਹੈ, ਜੋ ਇੱਕ ਔਰਤ ਦੀ ਜ਼ਿੰਦਗੀ ਦੇ ਕਈ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ। ਇੱਕ ਔਰਤ ਦੀ ਸਧਾਰਨ ਪਰਵਾਰਕ ਜ਼ਿੰਦਗੀ ਵਿੱਚੋਂ ਅਨੁਭਵ ਅਰਜਿਤ ਕਰਕੇ ਇਹਨਾਂ ਕਹਾਣੀਆਂ ਦੇ ਕਥਾਨਕ ਨੂੰ ਆਕਾਰ ਦਿੱਤਾ ਗਿਆ ਹੈ। ਇਸ ਸਾਰੇ ਕਥਾਨਕ ਵਿੱਚ ਵਿਲੱਖਣ ਲੇਖਣ ਸ਼ੈਲੀ ਕਾਰਨ ਮੌਲਿਕਤਾ ਵੀ ਬਰਕਰਾਰ ਰਹਿੰਦੀ ਹੈ ਤੇ ਪਾਠਕ ਕਥਾਨਕ ਦੇ ਨਾਲ-ਨਾਲ ਤੁਰਦਿਆਂ ਇਹ ਵੀ ਭੁੱਲ ਜਾਂਦਾ ਹੈ ਕਿ ਉਹ ਗਲਪ ਰਚਨਾਵਾਂ ਦਾ ਪਾਠ ਕਰ ਰਿਹਾ ਹੈ ਜਾਂ ਵਾਰਤਕ ਰਚਨਾਵਾਂ ਦਾ। ਇਸ ਪੁਸਤਕ ਦੀ ਪਹਿਲੀ ਰਚਨਾ ਵਿੱਚ ਕਹਾਣੀਕਾਰਾ ਮੁੱਖ ਬੰਦ ਲਿਖਣ ਨੂੰ ਲੈ ਕੇ ਜੋ ਛੋਟੇ-ਛੋਟੇ ਕਥਾਨਕ ਸਿਰਜਦੀ ਹੈ, ਉਸ ਵਿੱਚ ਪਾਠਕ ਇਹ ਨਿਰਣਾ ਲੈਣ 'ਚ ਅਸਮਰੱਥ ਲੱਗਦਾ ਹੈ ਕਿ ਉਹ ਮੁੱਖਬੰਦ ਪੜ੍ਹ ਰਿਹਾ ਹੈ ਜਾਂ ਇਸ ਪੁਸਤਕ ਦੇ ਰਚੇ ਜਾਣ ਦਾ ਪ੍ਰਯੋਜਨ ਜਾਂ ਫਿਰ ਮੁੱਖ ਬੰਦ ਲਿਖਣ ਦੇ ਅਹਿਸਾਸ ਨੂੰ ਲੈ ਕੇ ਇਕ ਕਹਾਣੀ ਹੀ ਰਚੀ ਗਈ ਹੈ। ਇੱਥੇ ਇਹ ਵੀ ਸੰਭਵ ਹੈ ਕਿ ਕਹਾਣੀਕਾਰਾ ਨੇ ਇਸ ਰਚਨਾ ਦੀ ਸਿਰਜਣਾ ਹੀ ਇਸ ਗੱਲ ਨੂੰ ਜ਼ਿਹਨ ਵਿੱਚ ਰੱਖ ਕੇ ਕੀਤੀ ਹੋਵੇ ਅਤੇ ਇਹ ਨਿਰਣਾ ਪਾਠਕਾਂ ਦੀ ਚੇਤਨਤਾ 'ਤੇ ਹੀ ਛੱਡਿਆ ਹੋਵੇ। 'ਯਾਰ ਕੀ? ਤੇ ਹਿਸਾਬ ਕੀ?' ਇਕ ਖ਼ੂਬਸੂਰਤ ਕਹਾਣੀ ਹੈ, ਜਿਸ ਵਿੱਚ ਕਹਾਣੀਕਾਰਾ ਨੇ ਇੱਕੋ ਉਮਰ ਅਤੇ ਇੱਕੋ ਜਿਹੇ ਹਾਲਾਤ ਵਿੱਚ ਵਿਚਰ ਰਹੇ ਕੁਝ ਵਿਅਕਤੀਆਂ ਦੇ ਸਮੂਹ ਨੂੰ ਕਹਾਣੀ ਦਾ ਕੇਂਦਰ ਨਿਰਧਾਰਤ ਕੀਤਾ ਹੈ ਅਤੇ ਰਿਟਾਇਰਮੈਂਟ ਤੋਂ ਬਾਅਦ ਦੀ ਜ਼ਿੰਦਗੀ ਤੇ ਔਲਾਦ ਦੇ ਵਿਹਾਰ ਨੂੰ ਵਿਸ਼ਾ ਬਣਾਇਆ ਹੈ। 'ਤੂੰ ਹੀ ਤੂੰ' ਰੱਬ ਦੀ ਰਜ਼ਾ ਨੂੰ ਸਮਝਣ ਵਾਲਾ ਸ਼ਾਨਦਾਰ ਬਿਰਤਾਂਤਕ ਵੇਰਵਾ ਹੈ, ਜਿਸ ਵਿੱਚ ਸਬਰ ਤੇ ਮਿਹਨਤ ਦੇ ਮਿੱਠੇ ਫਲ ਨੂੰ ਵਿਸ਼ਾ ਬਣਾਇਆ ਗਿਆ ਹੈ। 'ਇੰਜ ਨਹੀਂ ਹੋਣ ਲੱਗਾ' ਸਾਡੇ ਸਮਾਜ ਤੇ ਸੱਭਿਆਚਾਰ ਦੇ ਉਸ ਵਰਤਾਰੇ ਨੂੰ ਵਿਸਥਾਰ ਦਿੰਦੀ ਕਹਾਣੀ ਹੈ, ਜਿਸ ਵਿੱਚ ਆਪਣੇ ਰਿਜ਼ਕ ਵਿੱਚੋਂ ਆਪਣੇ ਨਾਲ ਰਹਿੰਦੇ ਪਾਲਤੂ ਜਾਨਵਰਾਂ ਦਾ ਹਿੱਸਾ ਕੱਢਣਾ ਹਮੇਸ਼ਾ ਧਰਮ ਵਾਲੀ ਗੱਲ ਮੰਨੀ ਗਈ ਹੈ। ਇਸ ਕਹਾਣੀ ਦੀ ਮੁੱਖ ਪਾਤਰ ਸੁਰਜੀਤ ਰਾਹੀਂ ਕਹਾਣੀਕਾਰਾ ਨੇ ਇੱਕ ਔਰਤ ਦੇ ਕੋਮਲ ਅਤੇ ਦਾਨੀ ਮਨ ਦੇ ਦਰਸ਼ਨ ਕਰਵਾਏ ਹਨ। 'ਇੱਕ ਖਤ ਤੇਰੇ ਨਾਂ' ਉਸ ਰੱਬ, ਉਸ ਮਹਿਬੂਬ ਨੂੰ ਲਿਖਿਆ ਖ਼ਤ ਹੈ, ਜਿਸ ਵਿੱਚ ਕਹਾਣੀਕਾਰਾ ਨੇ 1947 ਦੇ ਦੰਗਿਆਂ ਤੋਂ ਗੱਲ ਸ਼ੁਰੂ ਕਰਕੇ ਇਸ ਜੱਗ-ਇਸ ਦੇਸ਼ ਵਿੱਚ ਹੋਏ ਹਰ ਵਰਤਾਰੇ ਦਾ ਹਿਸਾਬ ਉਸ ਰੱਬ ਤੋਂ ਪੁੱਛਿਆ ਹੈ। 'ਬਾਰੀ ਬਾਰੀ ਬਰਸੀ' ਕਹਾਣੀ ਵਿੱਚ ਕਹਾਣੀਕਾਰਾਂ ਨੇ ਸੱਭਿਆਚਾਰਕ ਮੋਟਿਫ਼ ਨੂੰ ਆਧੁਨਿਕ ਸਮਾਜ ਦੇ ਰਿਸ਼ਤਿਆਂ ਵਿਚਲੇ ਧੋਖਿਆਂ ਨੂੰ ਚਿਤਰਤ ਕਰਨ ਲਈ ਪ੍ਰਤੀਕ ਵਜੋਂ ਵਰਤਿਆ ਹੈ। 'ਟੁੱਟੇ ਰਿਸ਼ਤਿਆਂ ਦੀ ਗਾਥਾ' ਵੀ ਇੱਕ ਅਜਿਹੀ ਔਰਤ ਦੀ ਕਹਾਣੀ ਹੈ, ਜਿਸ ਦਾ ਆਪਣੇ ਦਾਨੀ ਸੁਭਾਅ ਕਾਰਨ ਆਰਥਿਕ ਸ਼ੋਸ਼ਣ ਹੁੰਦਾ ਹੈ ਤੇ ਕਈ ਵਾਰ ਕੁਝ ਵਿਅਕਤੀ ਗ਼ਰੀਬੀ ਦੇ ਨਾਂਅ 'ਤੇ ਆਰਥਿਕ ਮਦਦ ਲੈਣ ਤੋਂ ਬਾਅਦ ਆਪਣੀ ਜ਼ਿੰਮੇਵਾਰੀ ਵੀ ਭੁੱਲ ਜਾਂਦੇ ਹਨ। 'ਪਲਕ ਝਲਕ ਦਾ ਮੇਲਾ' ਮਾਂ ਦੇ ਲਗਾਅ, ਪਿਤਾ ਦੀਆਂ ਸ਼ਿਕਾਇਤਾਂ ਤੇ ਪੁੱਤ ਦੇ ਭਵਿੱਖ ਦੀ ਚਿੰਤਾ ਦੀ ਕਹਾਣੀ ਹੈ। 'ਖੁਸ਼ੀਆਂ ਦੇ ਪਲ', 'ਸ਼ੁੱਭ ਦਿਵਾਲੀ' ਤੇ 'ਲੌਕਡਾਊਨ' ਕਹਾਣੀਆਂ ਇੱਕ ਦਕਿਆਨੂਸੀ ਮਰਦ ਪ੍ਰਧਾਨ ਸਮਾਜ ਵੱਲ ਇਸ਼ਾਰਾ ਕਰਦੀਆਂ ਕਹਾਣੀਆਂ ਹਨ, ਜਿਸ ਵਿੱਚ ਇੱਕ ਔਰਤ ਖੁੱਲ੍ਹ ਕੇ ਸਾਹ ਵੀ ਨਹੀਂ ਲੈ ਸਕਦੀ। ਇਸ ਢੰਗ ਨਾਲ ਔਰਤ ਦੀਆਂ ਇਹਨਾਂ ਕਥਾਵਾਂ ਨੂੰ ਕਹਾਣੀਕਾਰਾ ਸਾਦੀ ਤੇ ਸਪੱਸ਼ਟ ਭਾਸ਼ਾ ਵਿੱਚ ਪੇਸ਼ ਕਰਦੀ ਹੈ। ਕਹਾਣੀਕਾਰਾ ਦੀ ਲਿਖਣ ਸ਼ੈਲੀ ਵਿੱਚ ਨਵੀਨਤਾ ਤੇ ਵਿਲੱਖਣਤਾ ਹੈ, ਜਿਸ ਕਾਰਨ ਆਸ ਕੀਤੀ ਜਾਂਦੀ ਹੈ ਕਿ ਪਿਛਲੀਆਂ ਪੁਸਤਕਾਂ ਵਾਂਗ ਪਾਠਕ ਇਸ ਪੁਸਤਕ ਨੂੰ ਵੀ ਪਸੰਦ ਕਰਨਗੇ।




**— ਡਾ. ਸੰਦੀਪ ਰਾਣਾ**

## ਜੰਗ ਅਜੇ ਵੀ ਜਾਰੀ ਹੈ (ਭਾਗ-2)

**(ਵਾਰਤਕ)**
**ਇੰਦਰਜੀਤ ਕੌਰ ਸਿੱਧੂ**
**ਸਫ਼ੇ : 108, ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਜੰਗ ਅਜੇ ਵੀ ਜਾਰੀ ਹੈ' (ਭਾਗ-2) ਲੇਖਿਕਾ ਇੰਦਰਜੀਤ ਕੌਰ ਸਿੱਧੂ ਦੀ ਤੀਸਰੀ ਵਾਰਤਕ ਦੀ ਪੁਸਤਕ ਹੈ। ਇਸ ਤੋਂ ਪਹਿਲਾਂ ਲੇਖਿਕਾ ਦਾ ਇੱਕ ਕਾਵਿ ਸੰਗ੍ਰਹਿ ਇਸੇ ਹੀ ਸਿਰਲੇਖ ਹੇਠ ਛਪ ਚੁੱਕਾ ਹੈ। ਉਹਨਾਂ ਦੀਆਂ ਪੁਸਤਕਾਂ ਵਿਚ ਛੇ ਕਹਾਣੀ ਸੰਗ੍ਰਹਿ ਤੇ 10 ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਵਿਚ ਵਾਧਾ ਕਰ ਚੁੱਕੇ ਹਨ। ਲੇਖਿਕਾ ਨੇ ਆਪਣੀ ਇਸ ਪੁਸਤਕ ਵਿੱਚ 23 ਲੇਖਾਂ ਨੂੰ ਸ਼ਾਮਲ ਕੀਤਾ ਹੈ। ਇਹ ਸਾਰੇ ਲੇਖ 'ਪੰਜਾਬ', 'ਪੰਜਾਬੀਅਤ', 'ਸਿਆਸਤ' ਤੇ 'ਸਿੱਖਵਾਦ' ਨੂੰ ਕੇਂਦਰ ਵਿਚ ਰੱਖਦੇ ਹਨ। ਪੰਜਾਬ ਦੀ ਜੋ ਅਜੋਕੀ ਹਾਲਤ ਹੈ, ਇਹ ਹਾਲਤ ਸਿਰਫ ਪੰਜਾਬ ਉੱਪਰ ਮਾੜੀ ਅੱਖ ਰੱਖਣ ਵਾਲਿਆਂ ਕਾਰਨ ਹੀ ਨਹੀਂ, ਸਗੋਂ ਅਸੀਂ ਖ਼ੁਦ ਪੰਜਾਬੀ ਵੀ ਇਸ ਮਾੜੀ ਹਾਲਤ ਲਈ ਜ਼ਿੰਮੇਵਾਰ ਹਾਂ। ਸਾਡੇ ਵਿਚਲੀ ਏਕਤਾ ਦੀ ਕਮੀ ਕਾਰਨ ਅਸੀਂ ਸੱਤਾ ਸ਼ਕਤੀ ਦੇ ਲਾਲਚੀਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਧਰਮ ਦੇ ਨਾਂਅ 'ਤੇ ਬਿਨਾਂ ਸੋਚੇ-ਸਮਝੇ ਭਾਵੁਕਤਾ ਹਿੱਤ ਇੰਨੇ ਗਲਤ ਕਦਮ ਚੁੱਕ ਰਹੇ ਹਾਂ ਕਿ ਸਿੱਟੇ ਵਜੋਂ ਪੰਜਾਬ ਵਿੱਚ ਸਿੱਖਵਾਦ ਤੇ ਧਾਰਮਿਕ ਕੱਟੜਤਾ ਸਿਰ ਚੁੱਕ ਰਹੀ ਹੈ, ਜਿਸ ਨਾਲ ਅੱਜ ਪੰਜਾਬੀਅਤ ਤੇ ਸਿੱਖੀ ਦਾ ਆਪਣਾ ਪਹਿਲਾਂ ਵਾਲਾ ਮਾਣ-ਸਨਮਾਨ ਤੇ ਰੁਤਬਾ ਗੁਆਚ ਰਿਹਾ ਹੈ। ਅਸੀਂ ਸਿੱਖ ਦਰਸ਼ਨ ਤੋਂ ਬਹੁਤ ਦੂਰ ਵਿੱਥ 'ਤੇ ਖਲੋਤੇ ਨਜ਼ਰ ਆ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਂਝੀਵਾਲਤਾ ਦੇ ਉਪਦੇਸ਼ ਤੋਂ ਕਿਨਾਰਾਕਸ਼ੀ ਕਰਕੇ ਸਿੱਖੀ ਦੇ ਠੇਕੇਦਾਰ ਬਾਕੀ ਧਰਮਾਂ ਦੇ ਲੋਕਾਂ ਵੱਲ ਕੌੜਾ-ਕੌੜਾ ਝਾਕ ਕੇ ਓਪਰੇਪਣ ਦਾ ਅਹਿਸਾਸ ਕਰਾਉਂਦੇ ਹਨ। ਸੰਤ ਸਿਪਾਹੀ ਵੱਲੋਂ ਚੁੱਕੀ ਤੇਗ਼ ਮਜ਼ਲੂਮਾਂ ਦੀ ਜ਼ੁਲਮ ਤੋਂ ਰਾਖੀ ਕਰਦੀ ਰਹੀ, ਪਰ ਅੱਜ ਇਹਨਾਂ ਠੇਕੇਦਾਰਾਂ ਨੇ ਇਸ ਦਾ ਫ਼ਾਇਦਾ ਮਜ਼ਲੂਮਾਂ ਨੂੰ ਡਰਾਉਣ ਲਈ ਲੈ ਲਿਆ ਹੈ।ਹਿੰਦੂ ਆਪਣੇ-ਆਪ ਨੂੰ ਪੰਜਾਬ ਤੇ ਪੰਜਾਬੀ ਦਾ ਜਾਇਆ ਨਹੀਂ ਸਮਝਦਾ। ਸੋ ਇਸ ਸਭ ਦੇ ਪਰਿਣਾਮ ਵਜੋਂ ਜੋ ਸਮੱਸਿਆਵਾਂ ਅਜੋਕੇ ਸਮਾਜ ਨੂੰ ਦਰਪੇਸ਼ ਆ ਰਹੀਆਂ ਹਨ, ਲੇਖਿਕਾ ਨੇ ਇਸ ਪੁਸਤਕ ਰਾਹੀਂ ਉਹਨਾਂ ਸਮੱਸਿਆਵਾਂ ਤੋਂ ਪਾਠਕਾਂ ਦੀ ਬੌਧਿਕਤਾ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਹੈ। ਤੀਜਾ ਘੱਲੂਕਾਰਾ ਨਾਲ ਸੰਬੰਧਤ ਲੇਖ ਪਾਠਕਾਂ ਨੂੰ ਇਸ ਦੇ ਅਸਲ ਜ਼ਿੰਮੇਵਾਰ ਕਾਰਨਾਂ ਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰਦੇ ਹਨ। ਧਰਮ, ਸਿੱਖੀ ਤੇ ਦਸਤਾਰ ਦੇ ਮਾਣ-ਸਨਮਾਨ ਵਿੱਚ ਆਈ ਕਮੀ ਤੇ ਸਿੱਖਾਂ ਨੂੰ ਗੱਦਾਰ ਗਰਦਾਨੇ ਜਾਣ ਦੇ ਕਾਰਨਾਂ, ਵਿਦੇਸ਼ੀ ਧਰਤੀ 'ਤੇ ਨਵੀਂ ਤੇ ਪੁਰਾਣੀ ਪੀੜ੍ਹੀ ਵਿੱਚ ਵਧ ਰਿਹਾ ਖੱਪਾ, ਨਵੀਂ ਪੀੜ੍ਹੀ ਨੂੰ ਪਰੰਪਰਕ ਪੰਜਾਬੀ ਸੱਭਿਆਚਾਰ ਤੇ ਨੈਤਿਕਤਾ ਨਾਲ ਜੋੜਨ ਤੋਂ ਅਸਮਰੱਥ ਪੁਰਾਣੀ ਪੀੜ੍ਹੀ, ਨਵੀਂ ਪੀੜ੍ਹੀ ਵਿੱਚ ਵਿਆਹ ਤੇ ਧਰਮ ਦੇ ਸਿਧਾਂਤ ਤੇ ਬੇਗਾਨਗੀ, ਸਵੈ ਨਿਰਭਰ ਔਰਤ ਵਿੱਚੋਂ ਮਨਫ਼ੀ ਹੋ ਰਹੀ ਸਮਝੌਤਾ ਕਰਨ ਦੀ ਨੈਤਿਕਤਾ, ਸਾਹਿਤਕਾਰਾਂ ਦੀ ਮਰਦ ਸੱਤਾ ਵਿੱਚ ਔਰਤ ਲੇਖਿਕਾਵਾਂ ਦੀ ਹਾਸ਼ੀਆਗਤਤਾ, ਵਿਦੇਸ਼ੀ ਧਰਤੀ 'ਤੇ ਪੰਜਾਬੀ ਵਿਦਿਆਰਥੀਆਂ ਨੂੰ ਆਪਣੇ ਹੀ ਲੋਕਾਂ ਹੱਥੋਂ ਦਰਪੇਸ਼ ਚੁਣੌਤੀਆਂ, ਪੰਜਾਬੀ ਮਾਤ ਭਾਸ਼ਾ ਨੂੰ ਆਪਣੇ ਹੀ ਪੁੱਤਾਂ ਹੱਥੋਂ ਮਤਰੇਈ ਬਣਾਉਣ ਅਤੇ ਸਾਹਿਤਕਾਰਾਂ ਲਈ ਘੋਸ਼ਿਤ ਕੀਤੇ ਜਾਣ ਵਾਲੇ ਇਨਾਮਾਂ ਵਿੱਚ ਵੀ ਭ੍ਰਿਸ਼ਟਾਚਾਰ ਦੇ ਫੈਲਾਅ ਨਾਲ ਲੇਖਿਕਾ ਸਮਾਜ ਵਿੱਚ ਮਾਨਵਤਾ ਦੀ ਹੋਂਦ ਦੀ ਜੰਗ ਅਜੇ ਜਾਰੀ ਦੱਸਦੀ ਹੈ। ਇਹਨਾਂ ਮੁੱਦਿਆਂ ਨਾਲ ਪਾਠਕ ਪੰਜਾਬ, ਪੰਜਾਬੀ ਤੇ ਪੰਜਾਬੀ ਭਾਸ਼ਾ ਲਈ ਸ਼ੁਰੂ ਤੋਂ ਸੋਚਣ ਲਈ ਮਜਬੂਰ ਹੋ ਸਕਦੇ ਹਨ। ਲੇਖਿਕਾ ਨੇ ਆਪਣੀ ਵਾਰਤਕ ਰਚਨਾ ਵਿੱਚ ਸਿੱਧ ਪੱਧਰੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਕੈਨੇਡਾ ਵਾਸੀ ਹੋਣ ਕਾਰਨ ਅੰਗਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ। 23 ਲੇਖਾਂ ਵਿੱਚੋਂ ਪੰਜ ਛੇ ਲੇਖ ਤੀਜੇ ਘੱਲੂਘਾਰੇ ਨਾਲ ਸੰਬੰਧਤ ਹਨ ਤੇ ਚਾਰ ਪੰਜ ਲੇਖ ਖਾਲਿਸਤਾਨ ਦੀ ਮੰਗ ਦੇ ਮਾਹੌਲ ਨਾਲ ਸੰਬੰਧਤ ਹਨ। ਸਾਰੀ ਪੁਸਤਕ ਵਿੱਚ ਇੱਕਾ-ਦੁੱਕਾ ਲੇਖਾਂ ਨੂੰ ਛੱਡ ਕੇ ਵਿਦੇਸ਼ੀ ਧਰਤੀ 'ਤੇ ਖਾਲਿਸਤਾਨ ਦੀ ਮੰਗ ਵਜੋਂ ਲਾਏ ਨਾਅਰਿਆਂ ਦਾ ਵਿਰੋਧ, ਪੰਜਾਬ ਦੇ ਅਕਾਲੀ ਲੀਡਰਾਂ ਤੇ ਕਾਂਗਰਸੀ ਲੀਡਰਾਂ ਦੀ ਕੀਤੀ ਗਈ ਭੰਡੀ ਤੇ ਤੀਜੇ ਘੱਲੂਘਾਰੇ ਦੇ ਰਿਸਦੇ ਜ਼ਖ਼ਮਾਂ ਨੂੰ ਛੇੜਿਆ ਗਿਆ ਹੈ। ਇਸ ਨਾਲ ਸੰਬੰਧਤ ਇਕੋ ਜਿਹੇ ਕਥਨ ਪੁਸਤਕ ਵਿਚ ਵਾਰ-ਵਾਰ ਦੁਹਰਾਏ ਗਏ ਹਨ, ਜਿਸ ਕਾਰਨ ਲੇਖਾਂ ਵਿੱਚ ਵੰਨ-ਸੁਵੰਨਤਾ ਦੀ ਕਮੀ ਆ ਜਾਂਦੀ ਹੈ ਤੇ ਪਾਠਕ ਉਕਾਊਪਣ ਮਹਿਸੂਸ ਕਰ ਸਕਦਾ ਹੈ। ਆਸ ਹੈ ਪਾਠਕ ਇਹਨਾਂ ਕਮੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਇਸ ਪੁਸਤਕ ਦਾ ਸੁਆਗਤ ਕਰਨਗੇ।





**— ਡਾ. ਸੰਦੀਪ ਕੌਰ ਨੂਰਦੀ**

## ਸਮਾਜਿਕ ਕ੍ਰਾਂਤੀ ਦੇ ਆਗੂ ਜੋਤੀ ਰਾਇ ਫੂਲੇ

**ਐੱਮ ਡੀ ਜਗਤਾਪ, ਡਾ. ਐੱਮ ਐੱਲ ਪਰਿਹਾਰ**
**ਅਨੁ.-ਡਾ. ਬਲਦੇਵ ਸਿੰਘ ਬੱਦਨ**
**ਸਫ਼ੇ-208, ਮੁੱਲ-350 ਰੁਪਏ**
**ਨਵਰੰਗ ਪਬਲੀਕੇਸ਼ਨ, ਸਮਾਣਾ**

ਪਰਮ ਪੁਰਸ਼ ਮਹਾਤਮਾ ਜੋਤੀ ਰਾਓ ਫੂਲੇ (1827-1890) ਮਹਾਰਾਸ਼ਟਰ ਵਿੱਚ ਪੈਦਾ ਹੋਏ ਦਲਿਤਾਂ ਦੇ ਮਸੀਹਾ, ਇਸਤਰੀ ਸਿੱਖਿਆ ਦੇ ਅਗਰਦੂਤ, ਕਿਸਾਨਾਂ ਦੇ ਪੱਕੇ ਹਿਤੈਸ਼ੀ ਅਤੇ ਸਮਾਜ ਨੂੰ ਧਾਰਮਿਕ, ਸਮਾਜਿਕ, ਆਰਥਿਕ ਖੇਤਰਾਂ ਵਿੱਚ ਗੁਲਾਮੀ ਦੀਆਂ ਜੰਜ਼ੀਰਾਂ ਕੱਟ ਕੇ ਆਜ਼ਾਦ ਜੀਵਨ ਜਿਉਣ ਦਾ ਨਾਅਰਾ ਅਮਲੀ ਰੂਪ ਵਿੱਚ ਕਾਰਜ ਕਰਕੇ ਆਪਣੀ ਜ਼ਿੰਦਗੀ ਇਸ ਪਵਿੱਤਰ ਕਾਜ਼ ਵਿੱਚ ਲਾਉਣ ਵਾਲ਼ੇ ਆਪਣੇ ਸਮੇਂ ਦੇ ਕ੍ਰਾਂਤੀਕਾਰੀ ਦੂਤ ਸਨ। ਉਹਨਾਂ ਦੇ ਜਾਣ ਤੋਂ ਇੱਕ ਸਾਲ ਪਿੱਛੋਂ ਬਾਬਾ ਸਾਹਿਬ ਅੰਬੇਦਕਰ ਨੇ ਜਨਮ ਲਿਆ। ਮਹਾਤਮਾ ਫੂਲੇ ਦੀ ਪਤਨੀ ਸਵਿੱਤਰੀ ਬਾਈ ਫੂਲੇ ਭਾਰਤ ਦੀ ਪਹਿਲੀ ਇਸਤਰੀ ਅਧਿਆਪਕਾ ਬਣੀ, ਜਿਸ ਨੇ ਇਸਤਰੀ ਸਿੱਖਿਆ ਦਾ ਆਰੰਭ ਕੀਤਾ ਤੇ ਸਦੀਆਂ ਤੋਂ ਗੁਲਾਮ ਔਰਤਾਂ ਦੀ ਦਸ਼ਾ ਸੁਧਾਰਨ ਵਿੱਚ ਪਹਿਲ ਕੀਤੀ।

ਮਹਾਤਮਾ ਜੋਤੀ ਰਾਓ ਫੂਲੇ ਨੇ ਬੇਲੋੜੇ ਮੂਰਤੀ ਪੂਜਾ ਵਰਗੇ ਦਿਖਾਵੇ ਤੋਂ ਬਚਣ ਲਈ ਅੰਦੋਲਨ ਸ਼ੁਰੂ ਕੀਤਾ। ਸ਼ੂਦਰਾਂ ਨੂੰ ਮੁਕਤੀ ਦਾ ਮਾਰਗ ਦੱਸਿਆ, ਜਿਨ੍ਹਾਂ ਨੂੰ ਪੰਡਤਾਂ ਦੇ ਤਲਾਬ ਤੋਂ ਪਾਣੀ ਭਰਨ ਦੀ ਆਗਿਆ ਨਹੀਂ ਸੀ। ਉਹਨਾਂ ਨੂੰ ਆਪਣਾ ਖੂਹ ਪਾਣੀ ਲਈ ਵਰਤਣ ਦਿੱਤਾ। ਵਿਧਵਾ ਵਿਆਹ, ਵਿਧਵਾਵਾਂ ਦੇ ਬੱਚਿਆਂ ਦੀ ਦੇਖਭਾਲ ਤੇ ਕੰਨਿਆ ਸਕੂਲ ਖੋਲ੍ਹੇ। ਮਰਾਠੀ ਵਿੱਚ ਸਹਿਜ ਮੰਤਰ ਬਣਾਏ। ਸ਼ਿਵਾ ਜੀ ਦੀ ਮਹੱਤਤਾ ਉਜਾਗਰ ਕੀਤੀ। ਕਿਸਾਨਾਂ ਤੇ ਮਜ਼ਦੂਰਾਂ ਦੇ ਸੰਗਠਨ ਬਣਾ ਕੇ ਉਹਨਾਂ ਨੂੰ ਜਾਗ੍ਰਿਤ ਕਰਨ ਦਾ ਕਾਰਜ ਕੀਤਾ। ਲੱਗਭੱਗ ਦਸ ਪੁਸਤਕਾਂ ਦੀ ਰਚਨਾ ਕੀਤੀ, ਜੋ ਸਮਾਜ ਸੁਧਾਰ ਲਈ ਸਹਾਇਕ ਬਣੀਆਂ।




ਮਹਾਤਮਾ ਜੀ ਨੇ ਦੇਵ ਦਾਸੀ ਪ੍ਰਥਾ ਦੇ ਖ਼ਿਲਾਫ਼ ਜੰਗ ਲੜੀ। ਉਹਨਾਂ ਨੇ 'ਸਤਯਸ਼ੋਧਕ ਸਮਾਜ' ਸੰਸਥਾ ਦੀ 1873 ਈ. ਵਿੱਚ ਸਮਾਜ ਸੁਧਾਰ ਲਈ ਨੀਂਹ ਰੱਖੀ ਅਤੇ ਇਸ ਖੇਤਰ ਵਿੱਚ ਬਣਦਾ ਯੋਗਦਾਨ ਪਾਇਆ।

ਅਜਿਹੇ ਮਹਾਨ ਕ੍ਰਾਂਤੀਕਾਰ ਪਰਮ ਪੁਰਸ਼ ਦੀ ਜੀਵਨੀ ਐੱਮ.ਡੀ. ਜਗਤਾਪ ਅਤੇ ਡਾ. ਐੱਮ.ਐੱਲ. ਪਰਿਹਾਰ ਨੇ ਲਿਖੀ। ਸਮਾਜਿਕ, ਧਾਰਮਿਕ ਤੇ ਆਰਥਿਕ ਸੁਧਾਰਾਂ ਦੇ ਇਸ ਦੂਤ ਦੀ ਜੀਵਨੀ ਦੀ ਅੱਜ ਵੀ ਪੂਰੇ ਭਾਰਤ ਦੀਆਂ ਭਾਸ਼ਾਵਾਂ ਵਿੱਚ ਛਾਪਣ ਅਤੇ ਜਨਸਾਧਾਰਨ ਤੱਕ ਪਹੁੰਚਾਉਣ ਦੀ ਜ਼ਰੂਰਤ ਹੈ, ਕਿਉਂਕਿ ਅੱਜ ਵੀ ਜਾਤਪਾਤੀ ਵਿਤਕਰਾ ਕਾਇਮ ਹੈ। ਇਸਤਰੀ ਦੀ ਦਸ਼ਾ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਪਰੰਤੂ ਮਹਾਤਮਾ ਫੂਲੇ ਜੀ ਨੂੰ ਮੰਨਣ ਦੇ ਦਾਅਵੇ ਕਰਨ ਵਾਲ਼ੇ ਖ਼ੁਦ ਉਹਨਾਂ ਦੀ ਸਿੱਖਿਆ ਤੋਂ ਉਲਟ ਪ੍ਰਚਾਰ ਕਰ ਰਹੇ ਹਨ। ਭਾਵੇਂ ਸਵਿੱਤਰੀ ਬਾਈ ਫੂਲੇ ਬਾਰੇ ਕੁੱਝ ਕੁ ਜਾਣਕਾਰੀ ਪੰਜਾਬੀ ਵਿੱਚ ਅੱਪੜੀ ਹੈ, ਪਰ ਮਹਾਤਮਾ ਫੂਲੇ ਜੀ ਦਾ ਤਾਂ ਨਾ-ਮਾਤਰ ਸੰਖੇਪ ਜ਼ਿਕਰ ਹੀ ਕਿਧਰੇ-ਕਿਧਰੇ ਹੋਇਆ ਹੈ। ਡਾ. ਬੱਦਨ ਨੂੰ ਇਸ ਇਤਿਹਾਸਕ ਕਾਰਜ ਲਈ ਹਾਰਦਿਕ ਮੁਬਾਰਕ!

**— ਤੇਜਾ ਸਿੰਘ ਤਿਲਕ**

# ਲੇਖਕਾਂ ਨੂੰ ਸਚਾਈ ਤੇ ਨਿਡਰਤਾ ਨਾਲ ਫ਼ਰਜ਼ ਨਿਭਾਉਣਾ ਚਾਹੀਦੈ

**ਕੈਲਗਰੀ** : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੂਨ ਮਹੀਨੇ ਦੀ ਇਕੱਤਰਤਾ 22 ਜੂਨ, ਕੋਸੋ ਹਾਲ ਵਿੱਚ ਭਾਰਤ ਤੋਂ ਆਏ ਸਿਰਮੌਰ ਲੇਖਕ, ਅਲੋਚਕ ਅਤੇ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਪ੍ਰੋ. ਸੁਖਦੇਵ ਸਿੰਘ ਸਿਰਸਾ, ਸੁਰਿੰਦਰ ਗੀਤ ਅਤੇ ਡਾ. ਰਾਜਵੰਤ ਕੌਰ ਮਾਨ ਦੀ ਪ੍ਰਧਾਨਗੀ ਵਿਚ ਹੋਈ।



ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪ੍ਰੋ. ਸਿਰਸਾ ਦੇ ਜੀਵਨ, ਕਾਰਜਾਂ, ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ, ਪ੍ਰਾਪਤੀਆਂ ਅਤੇ ਸਨਮਾਨਾਂ ਦਾ ਵਿਸਥਾਰ-ਪੂਰਵਕ ਵੇਰਵਾ ਦਿੱਤਾ। ਇਸ ਦੇ ਨਾਲ ਹੀ ਉਹਨਾਂ ਕੈਲਗਰੀ ਦੀਆਂ ਸਾਹਿਤਕ ਸਭਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਇਸ ਤੋਂ ਉਪਰੰਤ ਮਨਮੋਹਨ ਸਿੰਘ ਬਾਠ, ਡਾ. ਜੋਗਾ ਸਿੰਘ ਸਹੋਤਾ ਨੇ ਸੁਰਜੀਤ ਪਾਤਰ ਦੀਆਂ ਬਹੁਤ ਪ੍ਰਸਿੱਧ ਗ਼ਜ਼ਲਾਂ ਦਾ ਗਾਇਨ ਕੀਤਾ। ਸੁਖਮੰਦਰ ਗਿੱਲ ਨੇ ਆਪਣੀ ਮੌਲਿਕ ਰਚਨਾ ਦਾ ਗਾਇਨ ਕਰਕੇ ਮਨੋਰੰਜਨ ਦਾ ਮਾਹੌਲ ਸਿਰਜਿਆ। ਡਾ. ਰਾਜਵੰਤ ਕੌਰ ਮਾਨ ਨੇ ਡਾ. ਸੁਖਦੇਵ ਸਿੰਘ ਸਿਰਸਾ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਪ੍ਰਗਤੀਸ਼ੀਲ ਲਹਿਰ ਦੇ ਸੰਚਾਲਕ ਅਤੇ ਝੰਡਾਬਰਦਾਰ ਹਨ। ਉਨ੍ਹਾਂ ਨੇ ਪ੍ਰਗਤੀਸ਼ੀਲ ਲਹਿਰ, ਅਮਨ ਲਹਿਰ ਅਤੇ ਇਪਟਾ ਦੇ ਇਤਿਹਾਸ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਡਾ. ਸਿਰਸਾ ਨੇ ਪ੍ਰਗਤੀਸ਼ੀਲ ਲਹਿਰ ਦੇ ਪਿਛੋਕੜ ਅਤੇ ਇਤਿਹਾਸ ਬਾਰੇ ਵਿਸਥਾਰ ਵਿਚ ਦੱਸਿਆ। ਇਸ ਲਹਿਰ ਅਤੇ ਇਪਟਾ ਵਿਚ ਸ਼ਾਮਲ ਰਹੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਰੰਗਕਰਮੀਆਂ, ਪੱਤਰਕਾਰਾਂ ਆਦਿ ਦੇ ਯੋਗਦਾਨ ਬਾਰੇ ਭਰਪੂਰ ਜਾਣਕਾਰੀ ਦਿੱਤੀ। ਡਾ. ਸੁਖਦੇਵ ਸਿੰਘ ਸਿਰਸਾ ਨੇ ਕੈਲਗਰੀ ਦੇ ਮਰਹੂਮ ਸਾਹਿਤਕਾਰ ਕੇਸਰ ਸਿੰਘ ਨੀਰ ਅਤੇ ਇਕਬਾਲ ਅਰਪਨ ਅਤੇ ਇਕਬਾਲ ਖ਼ਾਨ ਨੂੰ ਵੀ ਯਾਦ ਕੀਤਾ।ਉਨ੍ਹਾਂ ਦੇ ਕਵਿਤਰੀ ਸੁਰਿੰਦਰ ਗੀਤ ਨੂੰ ਚੋਟੀ ਦੀਆਂ ਚਾਰ-ਪੰਜ ਪਰਵਾਸੀ ਕਵਿਤਰੀਆਂ ਵਿਚ ਸ਼ਾਮਲ ਕੀਤਾ।ਜਸਵੀਰ ਸਿੰਘ ਸਹੋਤਾ, ਜ਼ੀਰ ਸਿੰਘ ਬਰਾੜ ਅਤੇ ਜਰਨੈਲ ਸਿੰਘ ਤੱਗੜ ਅਤੇ ਸੁਰਿੰਦਰ ਢਿੱਲੋਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਸਰਦੂਲ ਸਿੰਘ ਲੱਖਾ ਨੇ ਆਪਣੀ ਡੂੰਘੇ ਭਾਵਾਂ ਨਾਲ ਲਬਰੇਜ਼ ਕਵਿਤਾ ਪੇਸ਼ ਕੀਤੀ। ਆਖਰ ਵਿਚ ਸੁਰਿੰਦਰ ਗੀਤ ਨੇ ਭਾਵਪੂਰਤ ਸ਼ਬਦਾਂ ਰਾਹੀਂ ਡਾ. ਸੁਖਦੇਵ ਸਿੰਘ ਸਿਰਸਾ ਦਾ ਉਚੇਚਾ ਧੰਨਵਾਦ ਕੀਤਾ ਅਤੇ ਆਪਣੀਆਂ ਕੁਝ ਪੁਸਤਕਾਂ ਭੇਟ ਕੀਤੀਆਂ।ਵੱਡੀ ਗਿਣਤੀ ਵਿਚ ਆਏ ਸਾਹਿਤ-ਪ੍ਰੇਮੀਆਂ ਦਾ ਸ਼ੁਕਰੀਆਂ ਅਦਾ ਕਰਦਿਆਂ ਸੁਰਿੰਦਰ ਗੀਤ ਨੇ ਅੱਗੇ ਤੋਂ ਵੀ ਅਜਿਹੇ ਸਹਿਯੋਗ ਦੀ ਆਸ ਪ੍ਰਗਟਾਈ।ਮੰਚ ਸੰਚਾਲਨ ਦਾ ਕੰਮ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਖ਼ੂਬਸੂਰਤ ਤਰੀਕੇ ਨਾਲ ਉਲੀਕੇ ਪ੍ਰੋਗਰਾਮ ਰਾਹੀਂ ਨਿਭਾਇਆ।

**—ਸੁਰਿੰਦਰ ਗੀਤ**

# 'ਮਿੰਦਰ' 'ਤੇ ਹੋਈ ਵਿਚਾਰ-ਚਰਚਾ



**ਚੰਡੀਗੜ੍ਹ**—ਸਵਪਨ ਫਾਊਂਡੇਸ਼ਨ ਪਟਿਆਲਾ ਵੱਲੋਂ ਪ੍ਰੈੱਸ ਕਲੱਬ ਸੈਕਟਰ 27-ਚੰਡੀਗੜ੍ਹ ਵਿਖੇ ਉੱਘੇ ਸ਼ਾਇਰ ਮਿੰਦਰ ਦੀ ਕਾਵਿ-ਕਿਤਾਬ 'ਮਿੰਦਰ' 'ਤੇ ਵਿਚਾਰ-ਚਰਚਾ ਕਰਵਾਈ ਗਈ। ਨੌਜਵਾਨ ਆਲੋਚਕ ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਇਹ ਕਵਿਤਾ ਬੱਝਵੇਂ ਬਿਰਤਾਂਤ ਦੀ ਕਵਿਤਾ ਨਹੀਂ, ਪਾਠਕ ਨੂੰ ਇਸ 'ਤੇ ਮਿਹਨਤ ਕਰਨੀ ਪਵੇਗੀ। ਇਸ ਤੋਂ ਬਾਅਦ ਉੱਘੇ ਸ਼ਾਇਰ ਗੁਰਦੇਵ ਚੌਹਾਨ ਨੇ ਕਿਹਾ ਕਿ ਕੋਈ-ਕੋਈ ਸਤਰ ਹੀ ਪੂਰੀ ਕਵਿਤਾ ਦਾ ਸੰਚਾਰ ਕਰਦੀ ਹੈ। ਉਹਨਾ ਕੁਝ ਕਵਿਤਾਵਾਂ ਦਾ ਪਾਠ ਵੀ ਕੀਤਾ। ਚਰਚਾ ਜਾਰੀ ਰੱਖਦੇ ਹੋਏ ਉੱਘੇ ਆਲੋਚਕ ਡਾ. ਪ੍ਰਵੀਨ ਕੁਮਾਰ ਨੇ ਕਿਹਾ ਕਿ ਇਹਨਾਂ ਕਵਿਤਾਵਾਂ ਵਿਚ ਵੀ ਬਿਰਤਾਂਤ ਹੈ, ਭਾਵੇ ਇਸ ਨੂੰ ਪੜ੍ਹਨ ਵਾਲ਼ੀ ਨਜ਼ਰ ਦੀ ਜ਼ਰੂਰਤ ਹੈ। ਉਹਨਾ ਕਿਹਾ ਕਿ ਇਸ ਤਰ੍ਹਾਂ ਦੀ ਕਵਿਤਾ ਦਾ ਭਵਿੱਖ ਹੈ।

ਸਮਾਗਮ ਦੇ ਅਗਲੇ ਦੌਰ ਵਿਚ ਪੰਜਾਬ ਯੂਨੀਵਰਸਿਟੀ ਤੋਂ ਉੱਘੇ ਆਲੋਚਕ ਡਾ. ਯੋਗਰਾਜ ਅੰਗਰਿਸ਼ ਨੇ ਕਿਹਾ ਕਿ ਇਹ ਸ਼ੁੱਧ ਕਵਿਤਾ ਹੈ ਅਤੇ ਸਮਕਾਲੀ, ਸਰਬਕਾਲੀ ਦਾ ਰੌਲ਼ਾ ਮੁਕਾਉਂਦੀ ਹੈ। ਉਹਨਾ ਕਿਹਾ ਕਿ ਇਸ ਕਿਤਾਬ ਦੀ ਕਵਿਤਾ ਅਰਥਾਂ ਦੀ ਤਾਨਾਸ਼ਾਹੀ ਖ਼ਤਮ ਕਰਦੀ ਹੈ। ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਤੇ ਉੱਘੇ ਕਵੀ, ਚਿੱਤਰਕਾਰ ਸਵਰਨਜੀਤ ਸਵੀ ਨੇ ਕਿਹਾ ਕਿ ਇਸ ਕਿਤਾਬ ਦਾ ਆਉਣਾ ਸ਼ੁਭ ਸ਼ਗਨ ਹੈ। ਕਵਿਤਾ ਕਈ ਮਿੱਥਾਂ ਤੋੜਦੀ ਹੈ।ਸਮਾਗਮ ਦੇ ਸਿਖਰ 'ਤੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਉੱਘੇ ਕਵੀ, ਆਲੋਚਕ ਤੇ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਚੇਅਰਮੈਨ ਡਾ. ਮਨਮੋਹਨ ਨੇ ਕਿਹਾ ਕਿ ਇਹ ਕਵਿਤਾ ਸੈੱਟ ਪੈਟਰਨਾਂ ਨੂੰ ਤੋੜਦੀ ਹੈ, ਸਾਨੂੰ ਇਸ ਕਵਿਤਾ ਨੂੰ ਸਮਝਣ ਲਈ ਆਪਣੀ ਪੁਰਾਣੀ ਸਮਝ ਤਿਆਗਣੀ ਪਵੇਗੀ। ਉਹਨਾ ਕੁਝ ਉਦਾਹਰਨਾਂ ਵੀ ਦਿੱਤੀਆਂ। ਸਮਾਗਮ ਦਾ ਸੰਚਾਲਨ ਸ਼ਾਇਰ, ਵਾਰਤਕਕਾਰ ਤੇ ਸਵਪਨ ਫਾਊਂਡੇਸ਼ਨ ਦੇ ਜਨਰਲ ਸਕੱਤਰ ਜਗਦੀਪ ਸਿੱਧੂ ਨੇ ਬਾਖ਼ੂਬੀ ਕੀਤਾ।ਸਮਾਰੋਹ ਵਿਚ ਕਹਾਣੀਕਾਰ ਗੁਲ ਚੌਹਾਨ, ਬਲੀਜੀਤ, ਗੁਰਦੀਪ ਸਿੰਘ, ਬਲਜੀਤ ਕੌਰ, ਹਰਦੇਵ ਚੌਹਾਨ, ਅਵਤਾਰ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ।

# ਜਸਵਿੰਦਰ, ਬਲਬੀਰ ਪਰਵਾਨਾ, ਡਾ. ਮਨਜਿੰਦਰ ਸਿੰਘ ਅਤੇ ਕਰਮ ਸਿੰਘ ਵਕੀਲ ਨੂੰ ਕੇਂਦਰੀ ਸਭਾ ਵੱਲੋਂ ਪੁਰਸਕਾਰ ਦੇਣ ਦਾ ਐਲਾਨ

**ਅੰਮ੍ਰਿਤਸਰ**-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਡੇਢ ਸਾਲਾ ਇਜਲਾਸ ਦੌਰਾਨ ਦਿੱਤੇ ਜਾਣ ਵਾਲੇ ਬਹੁ ਵੱਕਾਰੀ ਪੁਰਸਕਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਕੇਂਦਰੀ ਸਭਾ ਦੇ ਦਫਤਰ ਤੋਂ ਜਾਰੀ ਬਿਆਨ ਵਿਚ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਸਭਾ ਵੱਲੋਂ ਦਿੱਤੇ ਜਾਣ ਵਾਲੇ ਗਿਆਨੀ ਹੀਰਾ ਸਿੰਘ ਯਾਦਗਾਰੀ ਜਥੇਬੰਦਕ ਪੁਰਸਕਾਰ ਲਈ ਕਰਮ ਸਿੰਘ ਵਕੀਲ, ਡਾ. ਰਵਿੰਦਰ ਰਵੀ ਆਲੋਚਨਾ ਪੁਰਸਕਾਰ ਲਈ ਡਾ. ਮਨਜਿੰਦਰ ਸਿੰਘ, ਡਾ. ਐਸ ਤਰਸੇਮ ਸਾਹਿਤ ਸਾਧਨਾ ਪੁਰਸਕਾਰ ਲਈ ਬਲਬੀਰ ਪਰਵਾਨਾ ਅਤੇ ਹਰਭਜਨ ਸਿੰਘ ਹੁੰਦਲ ਕਾਵਿ ਪੁਰਸਕਾਰ ਲਈ ਗ਼ਜ਼ਲਗੋ ਜਸਵਿੰਦਰ ਦੇ ਨਾਵਾਂ 'ਤੇ ਸਹਿਮਤੀ ਬਣੀ ਹੈ। ਇਹ ਪੁਰਸਕਾਰ 20 ਜੁਲਾਈ ਨੂੰ ਅੰਮ੍ਰਿਤਸਰ ਵਿਖੇ ਹੋਣ ਵਾਲੇ ਇਜਲਾਸ ਮੌਕੇ ਕੇਂਦਰੀ ਸਭਾ ਦੇ ਅਹੁਦੇਦਾਰ, ਮੈਂਬਰ ਕਾਰਜਕਾਰਨੀ, ਪੰਜਾਬ ਅਤੇ ਪੰਜਾਬੋਂ ਬਾਹਰਲੀਆਂ ਸਾਹਿਤ ਸਭਾਵਾਂ ਅਤੇ ਸਾਹਿਤਕਾਰਾਂ ਦੀ ਭਰਵੀਂ ਹਾਜ਼ਰੀ ਵਿਚ ਦਿੱਤੇ ਜਾਣਗੇ।

# ਧਰਮੀ ਤੁੰਗਾਂ ਲੋਕ ਗਾਇਕ ਲਾਲ ਚੰਦ ਯਮਲਾ ਜੱਟ ਐਵਾਰਡ ਨਾਲ ਸਨਮਾਨਤ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਡਾ. ਨਰਵਿੰਦਰ ਸਿੰਘ ਕੌਸ਼ਲ ਸਾਬਕਾ ਡੀਨ ਕੁਰੁਕਸ਼ੇਤਰ ਯੂਨੀਵਰਸਿਟੀ ਕੁਰੁਕਸ਼ੇਤਰ ਦੀ ਪ੍ਰਧਾਨਗੀ ਵਿੱਚ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਭਾ ਦਾ ਗਿਆਰ੍ਹਵਾਂ ਸਥਾਪਨਾ ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਵਿੱਚ ਮਿੱਤਰ ਸੈਨ ਮੀਤ ਨੇ ਜ਼ਿਲ੍ਹਾ ਸੰਗਰੂਰ ਦੇ ਸਾਹਿਤਕਾਰਾਂ ਦੇ ਭਰਵੇਂ ਇਕੱਠ ਵਿੱਚ ਲੇਖਕ ਭਵਨ ਦੀ ਲਾਇਬਰੇਰੀ ਦਾ ਉਦਘਾਟਨ ਕੀਤਾ। ਲਾਇਬਰੇਰੀ ਦੇ ਉਦਘਾਟਨ ਦੀ ਰਸਮ ਤੋਂ ਬਾਅਦ ਮਿੱਤਰ ਸੈਨ ਮੀਤ ਨੇ 'ਪੰਜਾਬੀ ਸਾਹਿਤ ਨੂੰ ਸਾਹਿਤ ਸਭਾਵਾਂ ਦੀ ਦੇਣ' ਵਿਸ਼ੇ 'ਤੇ ਬੜੇ ਵਿਸਥਾਰ ਅਤੇ ਗੰਭੀਰਤਾ ਨਾਲ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਨਰੋਏ ਅਤੇ ਕਲਿਆਣਕਾਰੀ ਸਾਹਿਤ ਦੀ ਸਿਰਜਣਾ ਲਈ ਸਾਹਿਤ ਸਭਾਵਾਂ ਦੀ ਭੂਮਿਕਾ ਬੜੀ ਅਹਿਮ ਹੈ। ਸਭਾ ਦੇ ਸਰਪ੍ਰਸਤ ਡਾ. ਮੀਤ ਖਟੜਾ ਨੇ ਵਿਚਾਰ-ਚਰਚਾ ਦਾ ਆਰੰਭ ਕਰਦਿਆਂ ਕਿਹਾ ਕਿ ਸਭਾਵਾਂ ਦੀ ਟਕਸਾਲ ਵਿੱਚੋਂ ਨਿਕਲ ਕੇ ਕੋਈ ਲੇਖਕ ਸਹੀ ਅਰਥਾਂ ਵਿੱਚ ਸਾਹਿਤਕ ਹੋ ਸਕਦਾ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਕਿਹਾ ਕਿ ਸਾਹਿਤ ਸਭਾਵਾਂ ਹੀ ਦੱਸਦੀਆਂ ਹਨ ਕਿ ਲੇਖਕ ਨੇ ਕੀ ਲਿਖਣਾ ਹੈ। ਇਸ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਕਰਮ ਸਿੰਘ ਜ਼ਖ਼ਮੀ, ਮਿੱਤਰ ਸੈਨ ਮੀਤ, ਡਾ: ਨਰਵਿੰਦਰ ਸਿੰਘ ਕੌਸ਼ਲ, ਡਾ. ਮੀਤ ਖਟੜਾ, ਰਾਜਿੰਦਰ ਸਿੰਘ ਰਾਜਨ, ਜੰਗੀਰ ਸਿੰਘ ਰਤਨ, ਮੂਲ ਚੰਦ ਸ਼ਰਮਾ, ਸੁਖਵਿੰਦਰ ਸਿੰਘ ਲੋਟੇ, ਜਗਜੀਤ ਸਿੰਘ ਲੱਡਾ, ਪਵਨ ਕੁਮਾਰ ਹੋਸ਼ੀ, ਬਹਾਦਰ ਸਿੰਘ ਧੌਲਾ, ਧਰਮੀ ਤੁੰਗਾਂ, ਭੋਲਾ ਸਿੰਘ ਸੰਗਰਾਮੀ, ਸੁਰਿੰਦਰਪਾਲ ਸਿੰਘ ਸਿੱਦਕੀ, ਰਣਜੀਤ ਆਜ਼ਾਦ ਕਾਂਝਲਾ, ਗੁਰਮੁੱਖ ਸਿੰਘ ਦਿਲਬਰ, ਗੁਰਮੀਤ ਸਿੰਘ ਸੋਹੀ, ਬਲਜਿੰਦਰ ਬਾਲੀ ਰੇਤਗੜ੍ਹ, ਸ਼ਸ਼ੀ ਬਾਲਾ, ਕਾਜਲ ਮਹਿਰਾ, ਮਨਜੀਤ ਕੌਰ ਸੰਧੂ, ਗੁਰੀ ਚੰਦੜ, ਸ਼ਿਵ ਕੁਮਾਰ ਅੰਬਾਲਵੀ, ਬਲਜਿੰਦਰ ਬੱਲੀ ਈਲਵਾਲ, ਸੁਖਦੇਵ ਪੇਂਟਰ ਧੂਰੀ, ਬਲਜੀਤ ਬਾਂਸਲ, ਸਰਬਜੀਤ ਸਿੰਘ ਸੰਗਰੂਰਵੀ, ਕੁਲਵੰਤ ਸਿੰਘ ਖਨੌਰੀ, ਨਿਰਮਲ ਸਿੰਘ, ਭੁਪਿੰਦਰ ਨਮੋਲ, ਭੁਪਿੰਦਰ ਨਾਗਪਾਲ, ਜੋਗਾ ਸਿੰਘ, ਲਾਭ ਸਿੰਘ ਝੱਮਟ, ਰਾਜਦੀਪ ਸਿੰਘ, ਭੁਪਿੰਦਰ ਸਿੰਘ ਜੱਸੀ, ਰਮਨ ਸਿੰਗਲਾ, ਦਵਿੰਦਰ ਸਿੰਘ ਸੇਖਾ, ਹਰਬੰਸ ਲਾਲ ਗਰਗ, ਰਾਜ ਰਾਣੀ, ਨੂਰਪ੍ਰੀਤ ਕੌਰ, ਗੁਰਦੀਪ ਸਿੰਘ, ਕਿਸ਼ਨ ਗੋਪਾਲ, ਖੁਸ਼ਪ੍ਰੀਤ ਕੌਰ ਅਤੇ ਨਵਨਿਧਾਨ ਸਿੰਘ ਆਦਿ ਕਵੀਆਂ ਨੇ ਖ਼ੂਬਸੂਰਤ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਸੁਖਵਿੰਦਰ ਸਿੰਘ ਲੋਟੇ ਵੱਲੋਂ ਹਰ ਵਾਰ ਦੀ ਤਰ੍ਹਾਂ ਸਿੱਖਿਆਰਥੀਆਂ ਲਈ ਅਰੂਜ ਸੰਬੰਧੀ ਕਲਾਸ ਲਗਾਈ ਗਈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# 'ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲ ਅਤੇ ਆਦਿ ਧਰਮ' ਰਿਲੀਜ



**ਚੰਡੀਗੜ੍ਹ** : ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪ੍ਰਗਤੀਸ਼ੀਲ ਲੇਖਕ ਸੰਘ ਚੰਡੀਗੜ੍ਹ ਵੱਲੋਂ ਡਾ ਗੁਰਮੀਤ ਕੱਲਰਮਾਜਰੀ ਵੱਲੋਂ ਸੰਪਾਦਿਤ ਮੰਗੂ ਰਾਮ ਮੁੱਘੋਵਾਲ ਦੀਆਂ ਮੂਲ ਲਿਖਤਾਂ ਤੇ ਕਵਿਤਾ ਤੇ ਆਧਾਰਿਤ ਪੁਸਤਕ 'ਗਦਰੀ ਬਾਬਾ ਬਾਬੂ ਮੰਗੂ ਰਾਮ ਮੁਘੋਵਾਲ ਅਤੇ ਆਦਿ ਧਰਮ' ਰਿਲੀਜ ਕੀਤੀ ਗਈ। ਇਸ ਮੌਕੇ ਡਾ ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਡਾ ਗੁਰਮੀਤ ਕੱਲਰਮਾਜਰੀ ਫਤਹਿਜੰਗ ਸਿੰਘ ਸਾਬਕਾ ਜੁਆਇੰਟ ਡਾਇਰੈਕਟਰ, ਡਾ ਗੁਰਮੇਲ ਸਿੰਘ ਗੋਬਿੰਦ ਸਿੰਘ ਹਰਦੀਪ ਸਿੰਘ ਰਮਨਪ੍ਰੀਤ ਕੌਰ ਮਹਿਤਾਬ ਸਿੰਘ ਗੁਰਦੀਪ ਸਿੰਘ ਆਦਿ ਨੇ ਸ਼ਿਰਕਤ ਕੀਤੀ। ਪੁਸਤਕ ਬਾਰੇ ਜਾਣ-ਪਛਾਣ ਕਰਵਾਉਂਦਿਆਂ ਡਾ ਸਰਬਜੀਤ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚ ਦਲਿਤ ਕ੍ਰਾਂਤੀਕਾਰੀ ਆਗੂ ਕਵੀ ਲੇਖਕ ਤੇ ਪੱਤਰਕਾਰ ਬਾਬੂ ਮੰਗੂ ਰਾਮ ਦੀਆਂ ਮੂਲ ਲਿਖਤਾਂ ਨੂੰ ਤੇ ਉਨ੍ਹਾਂ ਦੇ ਜੀਵਨ ਸੰਘਰਸ਼ ਬਾਰੇ ਲਿਖੇ ਲੇਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਡਾ. ਗੁਰਮੀਤ ਕੱਲਰਮਾਜਰੀ ਦੀ ਮਿਹਨਤ ਤੇ ਘਾਲਣਾ ਕਰਕੇ ਅਜਿਹੇ ਆਗੂਆਂ ਦਾ ਸਾਹਿਤਕ ਤੇ ਰਾਜਨੀਤਕ ਪੱਖ ਸਾਡੇ ਸਾਹਮਣੇ ਆਇਆ ਹੈ। ਇਸ ਕਰਕੇ ਉਹ ਵਧਾਈ ਦੇ ਪਾਤਰ ਹਨ।

# 'ਦੀ ਸਟਰੇਂਜ ਵਰਲਡ' ਲੋਕ-ਅਰਪਣ



**ਫਗਵਾੜਾ** : ਬਲੱਡ ਬੈਂਕ ਹਾਲ, ਹਰਿਗੋਬਿੰਦ ਨਗਰ ਵਿਖੇ ਵਿਸ਼ੇਸ਼ ਪੁਸਤਕ ਰਿਲੀਜ਼ ਸਮਾਰੋਹ ਦੌਰਾਨ ਦਸ ਸਾਲ ਦੀ ਨਿੱਕੀ ਕਹਾਣੀਕਾਰ ਮਾਨਸਵੀ ਗਰਗ ਦੀ ਪਹਿਲੀ ਅੰਗਰੇਜ਼ੀ ਕਿਤਾਬ 'ਦੀ ਸਟਰੇਂਜ ਵਰਲਡ' ਉੱਘੇ ਕਹਾਣੀਕਾਰ ਰਵਿੰਦਰ ਚੋਟ ਜੀ ਵੱਲੋਂ ਲੋਕ-ਅਰਪਣ ਕੀਤੀ ਗਈ। ਜ਼ਿਕਰਯੋਗ ਹੈ ਕਿ ਮਾਨਸਵੀ ਗਰਗ ਨੂੰ ਰਚਨਾਤਮਕ ਮਾਹੌਲ ਘਰ ਵਿੱਚ ਹੀ ਮਿਲਿਆ, ਉਸਦੇ ਨਾਨਾ ਲੇਖਕ ਗੁਰਮੀਤ ਸਿੰਘ ਪਲਾਹੀ, ਜੋ ਕਿ ਮੰਨੇ-ਪ੍ਰਮੰਨੇ ਕਾਲਮਨਵੀਸ ਹਨ, ਨੂੰ ਲਿਖਦਿਆਂ ਦੇਖ ਕੇ ਉਸਨੂੰ ਲਿਖਣ ਲਈ ਪ੍ਰੇਰਨਾ ਮਿਲੀ ਅਤੇ ਨਾਨਕੇ ਘਰ ਆਈ ਮਾਨਸਵੀ ਨੇ ਛੁੱਟੀਆਂ ਦੌਰਾਨ ਪ੍ਰਾਪਤ ਨਿੱਕੇ-ਨਿੱਕੇ ਅਨੁਭਵਾਂ ਨੂੰ ਆਧਾਰ ਬਣਾ ਕੇ ਵਧੀਆ ਕਹਾਣੀਆਂ ਸਿਰਜੀਆਂ ਹਨ ਅਤੇ ਇਹ ਨਿੱਕੀਆਂ-ਨਿੱਕੀਆਂ ਕਹਾਣੀਆਂ ਬੱਚਿਆਂ ਨੂੰ ਨੈਤਿਕ ਸਿੱਖਿਆਵਾਂ ਵੀ ਦਿੰਦੀਆਂ ਹਨ। ਮਾਨਸਵੀ ਗਰਗ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ, ਉਤਸ਼ਾਹੀ ਅਤੇ ਮਿਹਨਤੀ ਛੋਟੀ ਲੜਕੀ ਹੈ, ਜਿਸਨੇ ਨਿੱਕੇ ਉਮਰੇ ਜੀਵਨ ਤਜਰਬਿਆਂ ਨੂੰ ਆਧਾਰ ਬਣਾ ਕੇ ਕਹਾਣੀਆਂ ਸਿਰਜਣ ਦਾ ਹੁਨਰ ਹਾਸਲ ਕਰ ਲਿਆ ਹੈ। ਉਹ ਨਿੱਕੀਆਂ ਨਿੱਕੀਆਂ ਘਟਨਾਵਾਂ ਤੋਂ ਕਹਾਣੀਆਂ ਘੜਦੀ ਹੈ ਅਤੇ ਹਰ ਕਹਾਣੀ ਦੇ ਅੰਤ 'ਤੇ ਇੱਕ ਨੈਤਿਕ ਸਿੱਖਿਆ ਵੀ ਪੇਸ਼ ਕਰਦੀ ਹੈ। ਇਸ ਕਿਤਾਬ 'ਚ ਦਰਜ ਕਹਾਣੀਆਂ ਅਜੀਬ ਜਾਪਦੀਆਂ ਚੀਜ਼ਾਂ 'ਤੇ ਆਧਾਰਿਤ ਹਨ, ਜੋ ਬੱਚਿਆਂ ਦੀ ਕਲਪਨਾਤਮਕ ਦੁਨੀਆ ਨੂੰ ਰੋਸ਼ਨ ਕਰਦੀਆਂ ਹਨ। 'ਦੀ ਸਟਰੇਂਜ ਵਰਲਡ' ਸਿਰਫ ਇੱਕ ਪੁਸਤਕ ਨਹੀਂ, ਬਲਕਿ ਦਸ ਸਾਲ ਦੀ ਕਲਮ ਰਾਹੀਂ ਵਿਅਕਤ ਕੀਤੀ ਇੱਕ ਬੱਚੀ ਦੀ ਸੋਚ, ਦਰਸ਼ਨ ਅਤੇ ਪਿਆਰੀ ਜਿਹੀ ਪੇਸ਼ਕਾਰੀ ਹੈ। ਇਹ ਕਿਤਾਬ ਮਾਨਸਵੀ ਦੇ ਭਵਿੱਖ ਵਿੱਚ ਸਫ਼ਲ ਕਹਾਣੀਕਾਰ ਬਣਨ ਦੀ ਪੇਸ਼ੀਨਗੋਈ ਕਰਨ ਦੇ ਇਲਾਵਾ ਅਣਗਿਣਤ ਹੋਰ ਬੱਚਿਆਂ ਲਈ ਇੱਕ ਪ੍ਰੇਰਣਾ ਵੀ ਬਣੇਗੀ ਅਤੇ ਬੱਚੇ ਸਮਝ ਜਾਣਗੇ ਕਿ ਕਲਮ ਕਿਸੇ ਉਮਰ ਦੀ ਮੋਹਤਾਜ ਨਹੀਂ ਹੁੰਦੀ।

**-ਡਾ. ਰਮਨ**

# 'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਲੋਕ ਅਰਪਣ



**ਅੰਮ੍ਰਿਤਸਰ** : ਰਾਬਤਾ ਮੁਕਾਲਮਾ ਕਾਵਿ ਮੰਚ ਅਤੇ ਏਕਮ ਕਾਵਿ ਮੰਚ ਵੱਲੋਂ ਹਰਜੀਤ ਸਿੰਘ ਸੰਧੂ ਦਾ ਪਲੇਠਾ ਕਾਵਿ ਸੰਗ੍ਰਹਿ 'ਥੱਕੇ ਹਾਰੇ ਸ਼ਹਿਰ ਦੀ ਨੀਂਦ' ਲੋਕ ਅਰਪਣ ਕੀਤਾ ਗਿਆ।ਹਾਜ਼ਰ ਦੋਸਤਾਂ ਨੇ ਸੰਖੇਪ ਵਿੱਚ ਪੁਸਤਕ ਬਾਰੇ ਚਰਚਾ ਕੀਤੀ।ਚਰਚਾ ਦਾ ਆਰੰਭ ਕਰਦਿਆਂ ਸਰਬਜੀਤ ਸਿੰਘ ਸੰਧੂ ਨੇ ਕਿਹਾ ਕਿ ਇਸ ਕਵਿਤਾ ਵਿੱਚ ਵਿਚਾਰਧਾਰਕ ਪ੍ਰਤੀਬੱਧਤਾ ਭਾਵੇਂ ਨਹੀਂ, ਪਰ ਸੱਤਾ ਦੇ ਖਿਲਾਫ਼ ਖਲੋਂਦੀ ਨਾਬਰੀ ਜ਼ਰੂਰ ਹੈ।ਸ਼ਾਇਰ ਮਲਵਿੰਦਰ ਨੇ ਕਿਹਾ ਕਿ ਇਹ ਪ੍ਰੌੜ੍ਹ ਅਨੁਭਵ ਦੀ ਕਵਿਤਾ ਹੈ ਜਿਸ ਵਿੱਚ ਛੇ ਦਹਾਕਿਆਂ ਦਾ ਤਜਰਬਾ ਰੂਪਮਾਨ ਹੁੰਦਾ ਹੈ।ਡਾ. ਮੋਹਨ ਅਤੇ ਡਾ. ਭੁਪਿੰਦਰ ਸਿੰਘ ਫੇਰੂਮਾਨ ਨੇ ਕਵਿਤਾ ਦੀ ਤਾਰੀਫ਼ ਕਰਦਿਆਂ ਮੁਬਾਰਕਬਾਦ ਵੀ ਦਿੱਤੀ ਅਤੇ ਭਵਿੱਖ ਵਿੱਚ ਹੋਰ ਪੁਸਤਕਾਂ ਦੀ ਸੰਭਾਵਨਾ ਵੀ ਜਤਾਈ।ਅਰਤਿੰਦਰ ਸੰਧੂ ਨੇ ਹੈਰਾਨੀ ਪ੍ਰਗਟਾਈ ਕਿ ਇਸ ਪੁਖਤਾ ਸ਼ਾਇਰੀ ਨੂੰ ਪੁਸਤਕ ਰੂਪ ਵਿੱਚ ਛਪਣ ਲਈ ਲੰਮੀ ਉਡੀਕ ਕਿਉਂ ਕਰਨੀ ਪਈ। ਜਸਵੰਤ ਧਾਪ ਅਤੇ ਸਤਿੰਦਰ ਓਠੀ ਨੇ ਕਵੀ ਨੂੰ ਵਧਾਈ ਦਿੰਦਿਆਂ ਨੇੜ-ਭਵਿੱਖ ਵਿੱਚ ਪੁਸਤਕ ਉਪਰ ਗੋਸ਼ਟੀ ਕਰਵਾਏ ਜਾਣ ਦੀ ਸਲਾਹ ਵੀ ਦਿੱਤੀ।ਤਰਸੇਮ ਲਾਲ ਬਾਵਾ ਅਤੇ ਰਾਜਖੁਸ਼ਵੰਤ ਸੰਧੂ ਹੁਰਾਂ ਹਰਜੀਤ ਸਿੰਘ ਸੰਧੂ ਨੂੰ ਵਧਾਈ ਦਿੱਤੀ।ਅਖੀਰ ਵਿੱਚ ਹਰਜੀਤ ਸਿੰਘ ਸੰਧੂ ਨੇ ਹਾਜ਼ਰ ਦੋਸਤਾਂ ਦਾ ਧੰਨਵਾਦ ਕੀਤਾ।

# ਮਾਲਵਾ ਸਾਹਿਤ ਸਭਾ ਵੱਲੋਂ 'ਆਪਣਿਆਂ ਤੋਂ ਬਚੋ' 'ਤੇ ਗੋਸ਼ਟੀ



**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ।ਇਸ ਸਮਾਗਮ ਵਿੱਚ ਬਹੁਪੱਖੀ ਲੇਖਕ ਸੁਖਦੇਵ ਸਿੰਘ ਔਲਖ ਦੀ ਪੁਸਤਕ 'ਆਪਣਿਆਂ ਤੋਂ ਬਚੋ' ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਨਿਰੰਜਣ ਬੋਹਾ ਨੇ ਕਿਹਾ ਕਿ ਸੁਖਦੇਵ ਔਲਖ ਦੇ ਵਿਅੰਗ ਸੰਗ੍ਰਹਿ ਵਿਚਲੇ ਵਿਅੰਗ ਸਮਾਜ ਨੂੰ ਮਨੁੱਖਤਾਵਾਦੀ ਲੀਹਾਂ ਤੋਂ ਲਾਹੁਣ ਵਾਲੇ ਸ਼ੈਤਾਨੀ ਤੇ ਦੰਭੀ ਚਿਹਰਿਆਂ 'ਤੇ ਪਾਏ ਸ਼ਰਾਫ ਦੇ ਨਕਾਬ ਨੂੰ ਉਤਾਰਨ ਵਿੱਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਉੱਘੇ ਆਲੋਚਕ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਸੁਖਦੇਵ ਸਿੰਘ ਔਲਖ ਇੱਕ ਗੁੜ੍ਹਿਆ ਹੋਇਆ ਵਿਅੰਗਕਾਰ ਹੈ। ਉਸ ਨੇ ਇਸ ਪੁਸਤਕ ਰਾਹੀਂ ਬੇਗ਼ਾਨਿਆਂ ਤੋਂ ਨਹੀਂ, ਸਗੋਂ ਆਪਣਿਆਂ ਤੋਂ ਬਚਣ ਦਾ ਸਾਰਥਿਕ ਸੁਨੇਹਾ ਦਿੱਤਾ ਹੈ। ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਲੇਖਕ ਦੇ ਵਿਅੰਗ ਹਾਸੇ ਅਤੇ ਵਿਅੰਗ ਦਾ ਸਹੀ ਸੰਤੁਲਨ ਕਾਇਮ ਕਰਨ ਵਾਲੇ ਹਨ। ਉਨ੍ਹਾਂ ਕਿਹਾ ਕਿ ਔਲਖ ਦੀ ਵਿਅੰਗਾਤਮਕ ਭਾਸ਼ਾ ਸਮਾਜਿਕ ਯਥਾਰਥ ਵਿਚਲੀਆਂ ਵਿਸੰਗਤੀਆਂ ਨੂੰ ਠੀਕ ਢੰਗ ਨਾਲ ਫੜਦੀ ਹੈ।ਇਹਨਾਂ ਤੋਂ ਇਲਾਵਾ ਜਗਰਾਜ ਧੌਲਾ, ਡਾ. ਭੁਪਿੰਦਰ ਸਿੰਘ ਬੇਦੀ, ਦਰਸ਼ਨ ਸਿੰਘ ਗੁਰੂ, ਪ੍ਰੋਫੈਸਰ ਸੁਰਿੰਦਰਪਾਲ ਕੌਰ, ਜਗਤਾਰ ਜਜ਼ੀਰਾ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਬਘੇਲ ਸਿੰਘ ਧਾਲੀਵਾਲ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸਾਹਿਤਕ ਰਸਾਲੇ 'ਮੁਹਾਂਦਰਾ' ਦਾ ਨਵਾਂ ਅੰਕ ਵੀ ਲੋਕ ਅਰਪਣ ਕੀਤਾ ਗਿਆ।ਉਪਰੰਤ ਕਵੀ ਦਰਬਾਰ ਕਰਵਾਇਆ ਗਿਆ।

# ਪਾਠਕਾਂ ਦੇ ਝਰੋਖੇ 'ਚੋਂ

## 'ਜ਼ਿੰਦਗੀ ਦਾ ਜਸ਼ਨ'

22 ਜੂਨ ਦੇ 'ਐਤਵਾਰਤਾ' ਵਿਚ 'ਨਵਾਂ ਜ਼ਮਾਨਾ' ਦੇ ਸਿਰਮੌਰ ਪ੍ਰਬੰਧਕ ਤੇ ਕਲਮ ਦੇ ਧਨੀ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੀ ਯਾਦ ਵਿਚ 'ਜ਼ਿੰਦਗੀ ਦਾ ਜਸ਼ਨ' ਪੜ੍ਹਿਆ। ਤਸਵੀਰਾਂ ਦੀ ਜ਼ਬਾਨੀ ਵੇਖਿਆ। ਵੱਖ-ਵੱਖ ਬੁਲਾਰਿਆਂ ਨੇ ਗੁਰਮੀਤ ਸਿੰਘ ਸ਼ੁਗਲੀ ਦੀ ਬੁਲੰਦ ਸ਼ਖਸੀਅਤ ਨੂੰ ਬਹੁਤ ਸ਼ਿੱਦਤ ਨਾਲ ਯਾਦ ਕੀਤਾ। ਸ਼ੁਗਲੀ ਜੀ ਦੀ ਸ਼ਖਸੀਅਤ ਦੇ ਵੱਖ-ਵੱਖ ਪੱਖਾਂ 'ਤੇ ਰੌਸ਼ਨੀ ਪਾਈ ਗਈ। ਪੱਤਰਕਾਰਾਂ, ਸਾਹਿਤਕਾਰਾਂ ਤੇ ਹੋਰ ਕਲਮਕਾਰਾਂ ਦਾ ਵੱਡਾ ਇਕੱਠ ਇਸ ਗੱਲ ਦੀ ਗਵਾਹੀ ਹੈ ਕਿ ਗੁਰਮੀਤ ਸਿੰਘ ਸ਼ੁਗਲੀ ਦਾ ਨਿੱਜੀ ਦਾਇਰਾ ਨਾ ਕੇਵਲ ਪਾਰਟੀ ਸਫਾਂ ਵਿਚ ਸੀ, ਸਗੋਂ ਹਰੇਕ ਕਿਸਮ ਦਾ ਵਿਅਕਤੀ ਸ਼ੁਗਲੀ ਜੀ ਤੋਂ ਪ੍ਰਭਾਵਿਤ ਸੀ। ਗੁਰਮੀਤ ਸਿੰਘ ਸ਼ੁਗਲੀ ਦੀਆਂ ਕਿਤਾਬਾਂ ਦਾ ਲੰਗਰ ਲਾਉਣ ਦਾ ਜ਼ਿਕਰ ਪੜ੍ਹਿਆ। ਬਹੁਤ ਚੰਗਾ ਉਪਰਾਲਾ ਹੈ।ਸਾਹਿਤਕਾਰ ਗਿਆਨੀ ਹੀਰਾ ਸਿੰਘ ਦਰਦ ਸੀ। ਸਾਹਿਤਕ ਵਡਿਆਈ ਬਾਰੇ ਡਾ. ਹਰਜੀਤ ਸਿੰਘ ਨੇ ਵਡਮੁੱਲੀ ਜਾਣਕਾਰੀ ਦਿੱਤੀ ਹੈ। ਗਿਆਨੀ ਹੀਰਾ ਸਿੰਘ ਦਰਦ ਦੇਸ਼ ਭਗਤ ਸ਼ਾਇਰ ਸੀ। ਗਿਆਨੀ ਦਰਦ ਦੀ ਸ਼ਖਸੀਅਤ ਵਿਚ ਇਨਕਲਾਬ ਤੇ ਆਜ਼ਾਦੀ ਦੀ ਚਿਣਗ ਸੀ। ਕਿਰਤੀ ਕਿਸਾਨਾਂ ਦੇ ਹੱਕਾਂ ਦਾ ਰਾਖਾ ਸੀ। ਮੁੱਖ ਪੰਨੇ 'ਤੇ ਕਹਾਣੀਕਾਰ ਅਤਰਜੀਤ ਨੇ ਪਿੱਛੇ ਜਿਹੇ ਹੋਏ ਕੰਚਨ ਕੁਮਾਰੀ ਕਤਲ ਦੇ ਸੰਦਰਭ ਵਿਚ ਸੋਸ਼ਲ ਮੀਡੀਆ ਦੀ ਸਾਰਥਿਕ ਚਰਚਾ ਕੀਤੀ ਹੈ। ਸੋਸ਼ਲ ਮੀਡੀਆ 'ਤੇ ਫੈਲਾਇਆ ਜਾ ਰਿਹਾ ਅਨੈਤਿਕ ਭਰਿਆ ਅਸ਼ਲੀਲ ਕੰਟੈਂਟ ਸਾਰੇ ਸਮਾਜ ਲਈ ਨੁਕਸਾਨਦੇਹ ਹੈ। ਬੱਚਿਆਂ ਨੂੰ ਇਸ ਤੋਂ ਦੂਰੀ ਬਣਾਏ ਰੱਖਣ ਦੀ ਲੋੜ ਹੈ।ਮਾਪੇ ਤੇ ਅਧਿਆਪਕ ਇਸ ਲਈ ਜ਼ਿੰਮੇਵਾਰੀ ਨਿਭਾਉਣ। ਸਮਾਜ ਵਿਚ ਫੈਲ ਰਿਹਾ ਅਨੈਤਿਕ ਪ੍ਰਦੂਸ਼ਣ ਤੇ ਰੋਜ਼ ਵਾਪਰਦੀਆਂ ਘਟਨਾਵਾਂ ਦੀ ਚਰਚਾ ਅਖਬਾਰਾਂ ਵਿਚ ਹੁੰਦੀ ਹੈ। ਇਸ ਦਾ ਕਾਰਨ ਸੋਸ਼ਲ ਮੀਡੀਆ 'ਤੇ ਗਲਤ ਸਮਗਰੀ ਹੈ। ਸੋਸ਼ਲ ਮੀਡੀਆ ਦੇ ਸੰਚਾਲਕਾਂ ਨੂੰ ਵੀ ਇਸ ਬਾਰੇ ਸੋਚਣਾ ਬਣਦਾ ਹੈ। ਸਰਕਾਰਾਂ ਦੀ ਵੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਇਸੇ ਵਿਸ਼ੇ ਬਾਰੇ ਸੁਰਜੀਤ ਸੁਮਨ ਨੇ ਇਤਿਹਾਸਕ ਝਰੋਖੇ ਵਿੱਚੋਂ ਗੁਰਬਾਣੀ ਅਧਾਰਤ ਵਿਚਾਰ ਲਿਖੇ ਹਨ। ਦ੍ਰਿਸ਼ਟੀਕੋਣ ਵਿਚ ਦੇਸ਼ ਦੀ ਸਿਆਸਤ ਵਿਚ ਧਰਮ ਦੀ ਦਖ਼ਲਅੰਦਾਜ਼ੀ ਤੇ ਜਨੂੰਨ ਦੀ ਗੱਲ ਕੀਤੀ ਹੈ। ਰਾਜਨੀਤੀ ਵਿਚ ਧਰਮ ਦੇ ਦਖ਼ਲ ਨੇ ਬਹੁਤ ਗਲਤ ਸਿੱਟੇ ਦਿੱਤੇ ਹਨ। ਲੋਕਾਂ ਦਾ ਬਹੁਤ ਘਾਣ ਹੋਇਆ, ਮਨੁੱਖਤਾ ਤਬਾਹ ਹੋਈ ਹੈ। ਸ਼ਾਇਰ ਦਰਸ਼ਨ ਖਟਕੜ ਦੀਆਂ ਗਜ਼ਲਾਂ ਵਿਚ ਅਜੋਕੇ ਸਮਾਜ ਦੀ ਤਸਵੀਰ ਹੈ। ਕਿਤਾਬਾਂ ਦੇ ਪੰਨੇ ਦਾ ਮੈਟਰ ਖਾਸ ਕਰਕੇ ਕਿਤਾਬ ਅੱਖਾਂ ਲੱਭਦੇ ਸੁਫਨੇ ਸਾਹਿਤ ਚਿੰਤਨ ਦੀਆਂ ਤਿੰਨ ਕਿਤਾਬਾਂ (ਪ੍ਰਕਾਸ਼ਕ ਨੈਸ਼ਨਲ ਬੁੱਕ ਟਰੱਸਟ ਬਾਰੇ ਭਗਵੰਤ ਰਸੂਲਪੁਰੀ ਵੱਲੋਂ ਦਿੱਤੀ ਜਾਣਕਾਰੀ ਸਤਨਾਮ ਕੌਰ ਤੇ ਅੰਮ੍ਰਿਤਪਾਲ ਕਲੇਰ ਵੱਲੋਂ ਕਿਤਾਬਾਂ ਦਾ ਰੀਵਿਊ ਅਖਬਾਰ ਦੀ ਸ਼ਾਨ ਬਣੇ ਹਨ। ਸਰਗਰਮੀਆਂ ਵਿਚ ਮਹਿੰਦਰ ਸਾਥੀ ਮੰਚ ਵੱਲੋਂ ਸਨਮਾਨ, ਕਿਤਾਬ ਗਰਲਜ਼ ਹੋਸਟਲ ਦਾ ਸਾਹਿਤ ਅਕਾਦਮੀ ਐਵਾਰਡ ਜਲੰਧਰ ਵਿਚ ਸਾਹਿਤਕਾਰ ਬਲਬੀਰ ਮਾਧੋਪੁਰੀ ਦਾ ਸਨਮਾਨ, ਕਿਤਾਬ ਜਾਦੂ ਪੱਤਾ ਦਾ ਜ਼ਿਕਰ ਪੜ੍ਹ ਕੇ ਸਾਹਿਤਕ ਆਨੰਦ ਆ ਗਿਆ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

**ਪਾਠਕਾਂ ਲਈ**

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਸੀ. ਅਛੂਤਾ ਮੈਨਨ : ਅਨਿਲ ਰਾਜੀਮਵਾਲੇ**

**ਅਣਗੌਲਿਆ ਗ਼ਦਰੀ ਦੇਸ਼ ਭਗਤ ਮੁਣਸ਼ਾ ਸਿੰਘ ਨਗਰ : ਬਲਵੀਰ ਸਿੰਘ ਥਿੰਦ**

**'ਇਹ ਤਾਂ ਮੈਂ ਹੀ ਹਾਂ' : ਨਿਰੰਜਣ ਬੋਹਾ (ਫੋਕਸ) ਡਾ. ਕੁਲਵਿੰਦਰ ਸਿੰਘ**

**ਬਲਰਾਜ ਧਾਲੀਵਾਲ ਦੀਆਂ ਨਵੀਂਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ**

# ਸਮਕਾਲ

## ਬਲਬੀਰ ਮਾਧੋਪੁਰੀ ਦੀ ਸਵੈ ਜੀਵਨੀ 'ਛਾਂਗਿਆ ਰੁੱਖ' ਗੁਜਰਾਤੀ 'ਚ

ਬਲਬੀਰ ਮਾਧੋਪੁਰੀ ਦੀ ਸਵੈ ਜੀਵਨੀ 'ਛਾਂਗਿਆ ਰੁੱਖ' ਕਲਾਸਿਕ ਦਾ ਦਰਜਾ ਪ੍ਰਾਪਤ ਕਰ ਗਈ ਹੈ। ਜਦੋਂ ਇਹ ਸਵੈ ਜੀਵਨੀ ਪਹਿਲੀ ਵਾਰ ਪੰਜਾਬੀ ਵਿੱਚ 2002 ਵਿੱਚ ਛਪੀ ਉਦੋਂ ਤੋਂ ਹੀ ਚਰਚਾ ਦਾ ਕੇਂਦਰ ਬਣ ਗਈ ਸੀ। ਹੁਣ ਤੱਕ ਇਸ ਸਵੈ ਜੀਵਨੀ ਦੇ ਪੰਜਾਬੀ ਵਿੱਚ ਤਕਰੀਬਨ ਇਕ ਦਰਜਨ ਅਡੀਸ਼ਨ ਛਪ ਚੁੱਕੇ ਹਨ। ਜਦੋਂ ਇਸ ਦਾ ਅੰਗਰੇਜ਼ੀ ਅਨੁਵਾਦ ਆਕਸਫ਼ੋਰਡ ਨੇ ਛਾਪਿਆ ਤਾਂ ਇਹਦੀ ਚਰਚਾ ਕੌਮਾਂਤਰੀ ਪੱਧਰ ਉੱਤੇ ਹੋਣ ਲੱਗ ਪਈ। ਇਸ ਦਾ ਰੂਸੀ ਵਿੱਚ ਅਨੁਵਾਦ ਹੋਣ ਤੇ ਇਸ ਕਿਤਾਬ ਨੇ ਆਪਣੇ ਉੱਚ ਮਿਆਰ ਦਾ ਲੋਹਾ ਮੰਨਵਾ ਲਿਆ। ਇਸ ਦਾ ਹਿੰਦੀ ਅਨੁਵਾਦ ਹਿੰਦੀ ਦੇ ਪ੍ਰਸਿੱਧ ਪਬਲਿਸ਼ਰਜ਼ ਵਾਣੀ ਪ੍ਰਕਾਸ਼ਨ ਸਮੂਹ ਨੇ ਪ੍ਰਕਾਸ਼ਤ ਕੀਤਾ। ਹੁਣੇ ਜਿਹੇ ਇਸ ਦਾ ਗੁਜਰਾਤੀ ਭਾਸ਼ਾ ਵਿੱਚ ਅਨੁਵਾਦ




ਛਪ ਕੇ ਗੁਜਰਾਤੀ ਪਾਠਕਾਂ ਤੱਕ ਪੁੱਜਾ ਹੈ। ਇਹ ਸਵੈ ਜੀਵਨੀ ਤੇਜ਼ੀ ਨਾਲ ਹੋਰਨਾ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋ ਰਹੀ ਹੈ। ਗੁਜਰਾਤੀ ਭਾਸ਼ਾ ਵਿੱਚ ਇਸ ਦਾ ਅਨੁਵਾਦ ਡਾ. ਗਣਪਤ ਵਾਨਕਰ ਨੇ ਕੀਤਾ ਹੈ ਜੋ ਕਿੱਤੇ ਵਜੋਂ ਮਨੋਵਿਗਿਆਨ ਦੇ ਮਾਹਰ ਡਾਕਟਰ ਹਨ। ਇਸ ਸਵੈ ਜੀਵਨੀ ਵਿੱਚ ਪੰਜਾਬ ਦੇ ਦਲਿਤ ਸਮਾਜ ਜਾਣੀ ਕਿ ਆਦਿ ਧਰਮੀ ਲੋਕਾਂ ਦੇ ਜੀਵਨ ਦੇ ਪ੍ਰਮਾਣਿਕ ਬਿਰਤਾਂਤ ਪੜ੍ਹਨ ਨੂੰ ਮਿਲਦੇ ਹਨ। ਇਸ ਸਵੈ ਜੀਵਨੀ ਵਿੱਚ ਬਲਬੀਰ ਮਾਧੋਪੁਰੀ ਨੇ ਦਲਿਤ ਸਮਾਜ ਦੀ ਸਮਾਜਿਕ ਇਤਿਹਾਸਕਾਰੀ ਕੀਤੀ ਹੈ। ਇਸ ਸਵੈ ਜੀਵਨੀ ਬਾਰੇ ਉਹ ਲਿਖਦੇ ਹਨ ਕਿ "ਜੀਵਨੀ ਲਿਖਦਿਆਂ ਇਕ ਗੱਲ ਮੇਰੇ ਧਿਆਨ ਵਿੱਚ ਨਿਰੰਤਰ ਰਹੀ ਕਿ ਉਨ੍ਹਾਂ ਸਮੱਸਿਆਵਾਂ, ਘਟਨਾਵਾਂ ਨੂੰ ਬਿਨਾਂ ਉਲਾਰ ਤੇ ਉਪ-ਭਾਵੁਕ ਹੋਇਆ ਪੇਸ਼ ਕਰਾਂ ਜਿਨ੍ਹਾਂ ਦੀ ਸਮਾਜਿਕ-ਆਰਥਿਕ ਦ੍ਰਿਸ਼ਟੀ ਤੋਂ ਸਾਰਥਿਕਤਾ ਹੈ ਤੇ ਮੇਰੇ ਨਾਲ ਉਨ੍ਹਾਂ ਦਾ ਗੂਹੜਾ ਵਾਸਤਾ ਹੈ। ਇਉਂ ਸਮਾਜ ਦੀਆਂ ਵੱਡੀਆਂ ਸਮੱਸਿਆਵਾਂ ਨਾਲ ਜੂਝਦਿਆਂ ਆਪਣਾ ਛੋਟਾ ਜਿਹਾ ਯਤਨ ਪੇਸ਼ ਕਰ ਰਿਹਾ ਹਾਂ ਜੋ ਮੇਰੀ ਉਮਰ ਦੇ 45 ਵਰ੍ਹਿਆਂ (ਸੰਨ 2000 ਤੱਕ) ਨੂੰ ਆਪਣੇ ਘੇਰੇ ਹੇਠ ਲੈਂਦਾ ਹੈ।" ਇਸ ਸਵੈ ਜੀਵਨੀ ਦਾ ਅਧਿਐਨ ਹੁਣ ਤੱਕ ਹੁੰਦਾ ਆ ਰਿਹਾ ਹੈ। ਇਸ ਨੇ ਪੰਜਾਬੀ ਭਾਸ਼ਾ ਤੇ ਪੰਜਾਬੀ ਵਿੱਚ ਲਿਖੀਆਂ ਸਵੈ ਜੀਵਨੀਆਂ ਦਾ ਕੱਦ ਉੱਚਾ ਕੀਤਾ ਹੈ।

ਗੁਜਰਾਤੀ ਵਿੱਚ ਇਹ ਕਿਤਾਬ ਅਤਿ ਸੁੰਦਰ ਦਿੱਖ ਨਾਲ ਛਪੀ ਹੈ। ਗੁਜਰਾਤੀ ਪੜ੍ਹਨ ਵਾਲੇ ਪਾਠਕ ਇਸ ਨੂੰ ਖਰੀਦ ਸਕਦੇ ਹਨ। ਇਸ ਨੂੰ ਪ੍ਰਕਾਸ਼ਤ ਕੀਤਾ ਹੈ-Published by Desirepaths, 219, Pratham Shrusti, Panchavati Canal Road, Vadodara, Gujarat-690021, Mob. 91-8401451586. ਛਾਂਗਿਆ ਰੁੱਖ ਦੇ ਗੁਜਰਾਤੀ ਅਨੁਵਾਦ ਪੁਸਤਕ ਦਾ ਮੁੱਲ : 400 ਰੁਪਏ, ਪੰਨੇ : 212 ਹਨ।

## ਕੰਚਨ ਮਹਿਤਾ ਵੱਲੋਂ ਕਥਾਕਾਰ ਜਿੰਦਰ ਦੀਆਂ ਕਹਾਣੀਆਂ ਅੰਗਰੇਜ਼ੀ 'ਚ ਅਨੁਵਾਦ

ਢਾਹਾ ਇਨਾਮ ਜੇਤੂ ਚਰਚਿਤ ਕਥਾਕਾਰ ਜਿੰਦਰ ਦੀਆਂ 11 ਕਹਾਣੀਆਂ ਨੂੰ




ਕੰਚਨ ਮਹਿਤਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ Tales of Anguish and Assertion ਟਾਇਟਲ ਅਧੀਨ ਪ੍ਰਕਾਸ਼ਤ ਕੀਤਾ ਹੈ। ਮੂਲ ਪੰਜਾਬੀ ਟਾਇਟਲ ਵਾਲੀਆਂ - ਡਰ, ਸੌਂਗੀ, ਕਤਲ, ਰਫ਼ਤਾਰ, ਦੋ ਮਿੰਟ ਹੋਰ ਰੁਕ ਜਾ, ਦਰਦ, ਜਿੱਤ, ਹੁਣ ਤੂੰ ਸੌਂ ਜਾਈਂ, ਮਾਤੇ ਸ਼੍ਰੀ, ਪਾਪ ਤੇ ਹਵੇਲੀ ਆਦਿ 11 ਕਹਾਣੀਆਂ ਦਾ ਕੰਚਨ ਮਹਿਤਾ ਨੇ ਖ਼ੂਬਸੂਰਤ ਅਨੁਵਾਦ ਕੀਤਾ ਹੈ। ਜਿੰਦਰ ਦੀਆਂ ਇਹ ਕਹਾਣੀਆਂ ਸਮੇਂ ਸਮੇਂ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਖਾਸ ਕਰਕੇ 'ਕਤਲ' ਤੇ 'ਦੋ ਮਿੰਟ ਹੋਰ ਰੁਕ ਜਾ'। ਇਹ ਕਹਾਣੀਆਂ ਹਿੰਦੀ ਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋਈਆਂ ਹਨ। ਜਿੰਦਰ ਦੀ ਕਹਾਣੀ ਨੇ ਪੰਜਾਬੀ ਵਿਚ ਨਵੇਂ ਪ੍ਰਤਿਮਾਨ ਸਿਰਜੇ ਹਨ। ਅੰਗਰੇਜ਼ੀ ਵਿੱਚ ਅਨੁਵਾਦ ਇਹ ਕਹਾਣੀਆਂ ਆਪਣੀ ਕਲਾ ਦਾ ਜ਼ੌਹਰ ਅੰਗਰੇਜ਼ੀ ਪਾਠਕਾਂ 'ਚ ਜ਼ਰੂਰ ਦਿਖਾਉਣਗੀਆਂ। ਇਨ੍ਹਾਂ ਕਹਾਣੀਆਂ ਦੇ ਅਨੁਵਾਦਕ ਡਾ. ਕੰਚਨ ਮਹਿਤਾ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਇੰਗਲਿਸ਼ ਵਿਭਾਗ ਦੇ ਪ੍ਰੋਫੈਸਰ ਹਨ। ਮੂਲ ਰੂਪ ਵਿੱਚ ਉਹ ਪੰਜਾਬੀ ਵਿੱਚ ਕਵਿਤਾ ਤੇ ਖੋਜ ਪੇਪਰ ਲਿਖਦੇ ਹਨ ਅਤੇ ਭਾਰਤੀ ਔਰਤ ਲੇਖਕਾਂ ਦੀਆਂ ਸਵੈਜੀਵਨੀਆਂ ਉੱਤੇ ਉਨ੍ਹਾਂ ਨੇ ਖੋਜ ਦਾ ਕੰਮ ਕੀਤਾ ਹੈ। ਇਸ ਕਿਤਾਬ ਨੂੰ Writers Choice Publications Pvt. Ltd. E-71 Ground Floor Street No. 3, Rama Park Road, Mohan Garden, New Delhi-110059 ਨੇ ਪ੍ਰਕਾਸ਼ਤ ਕੀਤਾ ਹੈ। ਕਿਤਾਬ ਦੇ ਪੰਨੇ :135 ਤੇ ਮੁੱਲ : 495 ਹੈ। ਟਾਇਟਲ 'ਤੇ ਧਿਆਨ ਨਾਲ ਨਜ਼ਰ ਮਾਰਿਆਂ ਕਹਾਣੀਆਂ ਦੇ ਮੂਲ ਲੇਖਕ ਦਾ ਨਾਂ ਲੱਭਦਾ ਹੈ। ਭਾਵੇਂ ਕਿ ਜਿੰਦਰ ਦੀਆਂ ਕਹਾਣੀਆਂ ਹਿੰਦੀ ਤੇ ਅਨੇਕਾਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ ਪਰ ਅੰਗਰੇਜ਼ੀ ਵਿੱਚ ਪਹਿਲੀ ਵਾਰ ਪ੍ਰਕਾਸ਼ਤ ਹੋਈਆਂ ਹਨ। ਇਸ ਕਾਰਜ ਲਈ ਕੰਚਨ ਮਹਿਤਾ ਵਧਾਈ ਦੇ ਪਾਤਰ ਹਨ।

## ਅਰਮਾਨ : ਅਪ੍ਰੈਲ-ਜੂਨ, 2025

ਤਿਮਾਹੀ ਰਿਸਰਚ ਜਰਨਲ 'ਅਰਮਾਨ' ਪੰਜਾਬੀ ਭਾਸ਼ਾ ਦਾ ਆਨ ਲਾਇਨ ਜਰਨਲ ਹੈ। ਜਿਸ ਦਾ ਨਵ-ਆਲੋਚਨਾ ਦੇ ਖੇਤਰ ਵਿੱਚ ਨਿੱਗਰ ਨਾਂ ਹੈ। ਹੱਥਲਾ ਅੰਕ ਪਾਠਕਾਂ ਤੱਕ ਪੁੱਜ ਗਿਆ ਹੈ। ਸੰਪਾਦਕੀ ਵਿੱਚ ਸੰਪਾਦਕ ਨੇ ਖੋਜ ਪੇਪਰਾਂ ਦੇ ਵਿਸ਼ਿਆਂ ਤੇ ਚਰਚਾ ਕੀਤੀ ਹੈ, "ਆਰਟੀਫੀਸ਼ੀਅਲ ਇੰਟੈਲੀਜੈਂਸੀ ਤੋਂ ਲੈ ਕੇ ਨਾਰੀਵਾਦੀ ਦ੍ਰਿਸ਼ਟੀਕੋਣ, ਲੋਕ-ਵਿਰਸਾ, ਆਧੁਨਿਕ ਗਲਪ ਅਤੇ ਆਤਮਿਕ ਅਧਿਆਤਮਿਕਾ ਤੱਕ ਹਰ ਖੋਜ ਪੱਤਰ ਸਮਾਜ ਸੰਬੰਧਾਂ ਅਤੇ ਚੇਤਨਾ ਨਾਲ ਸੰਬੰਧਿਤ ਵਿਅਕਤੀਗਤ ਤੇ ਸਮੂਹਕ ਅਨੁਭਵ ਨੂੰ ਵੀ ਰੋਸ਼ਨੀ ਪ੍ਰਦਾਨ ਕਰਦਾ ਹੈ।" ਹੱਥਲੇ ਅੰਕ ਵਿੱਚ ਸਮਕਾਲ ਅਤੇ ਭਾਸ਼ਾ ਕੰਪਿਊਟਰੀਕਰਨ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸੀ (ਡਾ. ਬਲਜੀਤ ਸਿੰਘ), ਅਲਵਿਦਾ! ਕਦੇ ਨਹੀਂ ਦਾ ਵਿਚਾਰਧਾਰਾਈ




ਪਰਿਪੇਖ (ਡਾ. ਕੁਲਵਿੰਦਰ ਕੌਰ), 'ਸੁੰਨ ਸਮਾਧੀ' ਪੂਰਨ ਅਭੇਦ (ਡਾ. ਰਜਨੀ ਹੰਸ), ਦਰਸ਼ਨ ਜੋਗਾ ਦੀ ਕਥਾ ਵਿਲੱਖਣਤਾ (ਡਾ. ਸੰਦੀਪ ਰਾਣਾ), ਬਣਾਉਟੀ ਅਕਲ ਸਾਹਿਤਕ ਸੰਵੇਦਨਾ ਤੇ ਸਿਰਜਣਾ (ਡਾ. ਦਵਿੰਦਰ ਸਿੰਘ), ਚਹਿਲਾਂ ਦਾ ਮੱਕਾ ਬਾਬਾ ਜੋਗੀਪੀਰ ਜੀ ਦਾ ਪਿਛੋਕੜ (ਪ੍ਰੋ. ਰਾਜਵਿੰਦਰ ਕੌਰ), ਮਿੰਨੀ ਕਹਾਣੀ ਅਤੇ ਦੂਜੇ ਗਲਪੀ ਰੂਪਕਾਰ ਤੁਲਨਾਤਮਕ ਅਧਿਐਨ (ਡਾ. ਗੁਰਪ੍ਰੀਤ ਸਿੰਘ), ਭਾਈ ਜੈਤਾ ਜੀਵਨ ਅਤੇ ਸ਼ਹਾਦਤ (ਬੇਅੰਤ ਸਿੰਘ ਸਰਾਂ), ਔਰਤ ਦੇ ਮਸਲੇ ਤੇ ਸਮਕਾਲੀ ਪੰਜਾਬੀ ਕਹਾਣੀ (ਪ੍ਰੋ. ਕੁਲਵਿੰਦਰ ਸਿੰਘ), 'ਕਥਾ ਕਹੋ ਉਰਵਸ਼ੀ' ਨਾਵਲ ਵਿਚਲੇ ਦਾਰਸ਼ਨਿਕ ਸਰੋਕਾਰਾਂ ਦਾ ਸਮਾਜ (ਡਾ. ਸੰਦੀਪ ਕੌਰ), ਕਹਾਣੀ ਕਲਾ ਅਤੇ ਕੁਲਵੰਤ ਸਿੰਘ ਵਿਰਕ ਇੱਕ ਵਿਸ਼ਲੇਸ਼ਣਾਤਮਿਕ ਅਧਿਐਨ (ਡਾ. ਬੇਅੰਤ ਕੌਰ), ਲੋਕ ਕਾਵਿ ਰੂਪ-ਸਿੱਠਣੀ ਸੱਭਿਆਚਾਰਕ ਅਧਿਐਨ (ਡਾ. ਸੁਖਜਿੰਦਰ ਕੌਰ), ਪੰਜਾਬ ਰਾਜ ਖੁਰਾਕ ਨਿਗਮਾਂ ਦੀ ਕਾਰਗੁਜ਼ਾਰੀ ਇਕ ਅਧਿਐਨ (ਪ੍ਰੋ. ਮਨਦੀਪ ਕੌਰ), ਤਨ-ਮਨ ਦਾ ਡੰਗ-ਫਨੀਅਰ (ਡਾ. ਚੰਦਰ ਪ੍ਰਕਾਸ਼), ਸੂਫੀਮਤ ਸਿਧਾਂਤਕ ਪਰਿਪੇਖ (ਡਾ. ਇੰਦਰਜੀਤ ਕੌਰ), 'ਸੂਲਾਂ ਦਾ ਸਾਲਣੁ' ਕਹਾਣੀ ਸੰਗ੍ਰਹਿ ਵਿਚ ਪੇਸ਼ ਸਮਾਜ ਸੱਭਿਆਚਾਰ ਦਾ ਸਮਾਜਿਕ ਪੱਖ (ਡਾ. ਸ਼ਾਲੂ ਰਾਣੀ), ਸਾਕਾਦਾਰੀ ਸਬੰਧਾਂ ਦੇ ਪ੍ਰਸੰਗ ਵਿੱਚ 'ਕੀਰਨਿਆਂ' ਦਾ ਅਧਿਐਨ (ਗੁਰਜੀਤ ਕੌਰ), ਪਰੰਪਰਾ ਬਨਾਮ ਆਧੁਨਿਕਤਾ 'ਸਮਦਰਸ਼ਨ' ਦੇ ਪ੍ਰਸੰਗ ਵਿੱਚ (ਡਾ. ਰਜਿੰਦਰ ਕੌਰ), ਮਾਨਵੀਂ ਰਿਸ਼ਤਿਆਂ ਦੀ ਪੇਸ਼ਕਾਰੀ ਦਾ ਬਿਰਤਾਂਤ 'ਟਾਵਰਜ਼' (ਡਾ. ਮਨਜੀਤ ਕੌਰ), ਅਧਿਆਤਮਕ ਵਾਰ ਪਰੰਪਰਾ ਅਤੇ ਵਿਕਾਸ (ਗੁਰਸਾਹਿਬ ਸਿੰਘ ਤੇ ਡਾ. ਅਮਨਦੀਪ ਕੌਰ) ਆਦਿ ਵੱਖ ਵੱਖ ਵਿਸ਼ਿਆ ਨਾਲ ਸਬੰਧਤ 20 ਖੋਜ ਪੱਤਰ ਪ੍ਰਕਾਸ਼ਤ ਕੀਤੇ ਗਏ ਹਨ। ਹਰ ਖੋਜ ਪੱਤਰ ਪੂਰੀ ਤਰ੍ਹਾਂ ਤਕਨੀਕੀ ਤਰੀਕੇ ਨਾਲ ਪ੍ਰਕਾਸ਼ਤ ਕੀਤੇ ਗਏ ਹਨ। ਹਰ ਪੇਪਰ ਦੇ ਆਰੰਭ ਵਿੱਚ ਤੱਤਸਾਰ ਦਿੱਤਾ ਗਿਆ ਹੈ। ਖੋਜ ਵਿਦਵਾਨਾ ਲਈ ਇਹ ਨਿੱਗਰ ਜਰਨਲ ਹੈ।

ਅਰਮਾਨ, ਪੰਨੇ : 124 , ਮੁੱਖ ਸੰਪਾਦਕ : ਡਾ. ਸੰਦੀਪ ਸਿੰਘ ਮੁੰਡੇ (ਸੰਪਰਕ : 94136-52646), ਪਤਾ : ਗੁਰੂ ਹਰਗੋਬਿੰਦ ਸਾਹਿਬ ਪੀ. ਜੀ. ਕਾਲਜ, ਸ੍ਰੀ ਗੰਗਾਨਗਰ, ਰਾਜਸਥਾਨ-335022

**- ਭਗਵੰਤ ਰਸੂਲਪੁਰੀ**

# ਕੰਚਨ ਮਹਿਤਾ ਦੀਆਂ ਨਵੀਆਂ ਕਵਿਤਾਵਾਂ



## ਹਾਂ ! ਅੱਜ ਹੈ ਮਾਰਚ ਚਾਰ

ਹਾਂ ! ਅੱਜ ਹੈ ਮਾਰਚ ਚਾਰ
ਇੱਕ ਐਸਾ ਦਿਹਾੜਾ ਜਿਸ ਦਾ ਚੇਤਾ
ਕਰ ਦੇਵੇ ਦਿਲ ਨੂੰ ਤਾਰ-ਤਾਰ

ਅਸੀਂ ਹੋਏ ਸਾਂ ਉਸ ਦਿਨ ਬੇ-ਬਾਪ
ਤੇ ਦੁੱਖਾਂ ਦਾ ਟੁੱਟਿਆ ਸੀ ਐਸਾ ਪਹਾੜ
ਜਿਹੜਾ ਅੱਜ ਤੱਕ ਕਰ ਰਿਹਾ ਹੈ ਜ਼ਖ਼ਮੀ
ਮਾਰ-ਮਾਰ ਕੇ ਪੀੜਾਂ ਦੀ ਮਾਰ

ਅਸੀਂ ਵਾਂਗ ਪਰਿੰਦੇ ਜ਼ਖ਼ਮੀ ਨਿਰੰਤਰ ਤੜਪੇ
ਪਰ ਕਿਸ ਨੇ ਨਾ ਲਈ ਸਾਡੀ ਸਾਰ
ਜਿਸ ਬਾਗ ਦਾ ਮਾਲੀ ਬੇਵਕਤ ਤੁਰ ਜਾਵੇ ਘਰ ਰੱਬ ਦੇ,
ਉਸ ਸੜੇ, ਬੰਜਰ ਬਾਗੀਂ ਕਿਵੇਂ ਆਏ ਬਹਾਰ

ਅਸੀ ਅੱਜ ਤੱਕ ਭਟਕ ਰਹੇ ਹਾਂ ਗੁੰਮਸੁੰਮ,
ਅਜਨਬੀ, ਮੁਹਤਾਜ਼ ਹਨੇਰੀਆਂ ਰਾਤਾਂ ਵਿੱਚ
ਖਾ ਕੇ ਠੋਕਰਾਂ ਲੱਭ ਰਹੇ ਹਾਂ ਇਕ ਚਾਨਣੀ ਰਾਤ
ਜਿੱਥੇ ਮਿਲ ਜਾਵਣ ਦੋ ਪਲ ਸੁੱਖ ਦੇ ਬੈਠ ਕੇ ਚਾਨਣ 'ਚ
ਨਾਲ ਕਿਸੇ ਹਮਦਰਦ, ਹਮਰਾਜ਼

## ਇੱਕ ਇਕੱਲੀ ਨਾਰ

ਇੱਕ ਇਕੱਲੀ ਨਾਰ ਨੂੰ ਸਮਝੇ ਜ਼ਮਾਨਾ
ਜਿਵੇਂ ਹੋਵੇ ਕੋਈ ਜ਼ਮੀਨ ਸ਼ਾਮਲਾਟ
ਕੋਈ ਬੇਲਗਾਮ ਘੋੜੀ
ਜਿਸ 'ਤੇ ਹੋਣਾ ਚਾਹੇ ਹਰ ਇੱਕ
ਬਦ-ਇਖ਼ਲਾਕ ਮਰਦ ਸਵਾਰ
ਇੱਕ ਇਕੱਲੀ ਨਾਰ ਨੂੰ ਆਖ ਕੇ ਕਰਮਹੀਣ,
ਬੇ-ਸੀਸ ਤੇ ਮੰਦਭਾਗੀ
ਅਕਸਰ ਤ੍ਰਿਸਕਾਰੇ ਉਸ ਦਾ ਹੈਂਕੜਬਾਜ਼ ਪਰਵਾਰ

ਇੱਕ ਇਕੱਲੀ ਨਾਰ ਨੂੰ ਰੱਜ ਕੇ ਵਰਤਣ
ਉਸ ਦੇ ਲੋਭੀ, ਮਤਲਬਪ੍ਰਸਤ ਦੋਸਤ-ਯਾਰ
ਕਰਕੇ ਸਿਫਤਾਂ ਝੂਠੀਆਂ
ਆਪਣੇ ਕੰਮ ਕੱਢ ਲੈਣ ਹਜ਼ਾਰ

ਇੱਕ ਇਕੱਲੀ ਨਾਰ ਨਾਲ ਪਹਿਲੇ ਕਰਨ ਬਦਸਲੂਕੀ
ਉਸ ਦੇ ਤਮਾਸ਼ਬੀਨ ਸਹਿਕਰਮੀ
ਕਹਿਣ ਉਸ ਨੂੰ ਬਦਦਿਮਾਗ
ਬਦਮਿਜਾਜ਼ ਤੁਰੀ ਫਿਰੇ ਫਾਲਤੂ
ਬਿਨਾਂ ਕਿਸੇ ਘਰ-ਪਰਵਾਰ
ਫਿਰ ਲੈਣ ਮਜ਼ੇ ਕਰਕੇ ਉਸ ਦਾ ਦੁਸ਼-ਪ੍ਰਚਾਰ

ਤੇ ਇੱਕ ਇਕੱਲੀ ਨਾਰ ਦੀ ਜਦੋਂ ਹੋ ਜਾਵੇ
ਕੁੰਦਨ ਦੇਹ ਮੁਥਾਜ਼
ਤੇ ਫਿਰ ਉਸ ਦਾ ਦਰਦ ਹੀ ਹੋਵੇ ਸੁਥਰਾ
ਸੱਚਾ-ਸੁੱਚਾ ਯਾਰ

ਪਰ ਇੱਕ ਇਕੱਲੀ ਨਾਰ ਜੋ ਨਿੱਤ ਸਹੇ ਔਕੜਾਂ ਹਜ਼ਾਰ
ਤੇ ਰਹੇ ਹਰਦਮ ਬੇਨਿਆਜ਼
ਨਿਰਸੰਦੇਹ ਹੁੰਦੀ ਹੈ ਬਹੁਤ ਹੀ ਧੜੱਲੇਦਾਰ

## ਬਾਪੂ ਜੀ, ਸੁਣ ਲਓ ਆਪਣੀ ਧੀ ਦੀ ਦਾਸਤਾਂ

ਬਾਪੂ ਜੀ ਤੁਹਾਡੇ ਖਾਲਸ ਪਿਆਰ ਦਾ ਫਿਰ ਚੇਤਾ ਆਇਆ ਹੈ
ਅੱਜ ਮੇਰੇ ਮਾਸੂਮ ਦਿਲ ਨੇ ਫਿਰ ਧੋਖਾ ਖਾਇਆ ਹੈ
ਇੱਕ ਤਾਜ਼ਾ ਜ਼ਖ਼ਮ ਆਪਣੇ ਹੱਡਾਂ ਵਿੱਚ ਰਸਾਇਆ ਹੈ
ਤੁਸੀਂ ਆਪਣੀ ਲਾਡਲੀ ਦੇ ਨਾਜ਼ੁਕ ਕਦਮਾਂ ਹੇਠ ਹੱਥ ਰੱਖਦੇ ਸੀ
ਪਰ ਤੁਹਾਡੇ ਜਾਣ ਤੋਂ ਬਾਅਦ
ਜਾਹਿਲ ਲੋਕਾਂ ਨੇ ਤੁਹਾਡੀ ਨਿਰਲੇਪ ਧੀ ਦੇ ਰਾਹ ਵਿੱਚ
ਤਨਜ਼ਾਂ, ਟਿੱਚਰਾਂ ਤੇ ਤਕਲੀਫ਼ਾਂ ਦੇ
ਕਟੀਲੇ ਕੰਡਿਆਂ ਨੂੰ ਵਿਛਾਇਆ ਹੈ
ਹਰ ਕੰਡੇ ਦੀ ਚੋਭ ਨੇ
ਤੁਹਾਡੇ ਜਾਣ ਦੀ ਟੀਸ ਨੂੰ ਹੋਰ ਗਹਿਰਾਇਆ ਹੈ
ਪਰਵਾਰ ਦੀ ਅਣਦੇਖੀ, ਸਖ਼ਤੀਆਂ ਤੇ ਹੰਕਾਰੀ ਰਵੱਈਏ ਨੇ
ਮੇਰੇ ਹੱਡ-ਮਾਸ ਨੂੰ ਖੋਖਲਾ ਕਰ ਦਿੱਤਾ ਹੈ
ਪਰ ਤੁਹਾਡੇ ਲਾਡ ਦੇ ਚੇਤੇ ਨੇ
ਮੈਨੂੰ ਯੋਧੇ ਵਰਗਾ ਮਨੋਬਲ ਦਿੱਤਾ ਹੈ
ਮੈਂ ਸ਼ਮਸ਼ਾਨ ਵਰਗੀ ਵੀਰਾਨ ਜ਼ਿੰਦਗੀ ਨੂੰ
ਆਪਣੀਆਂ ਖੋਖਲੀਆਂ ਹੱਡੀਆਂ, ਪਸਲੀਆਂ ਨਾਲ
ਇਕੱਲੇ ਹੀ ਹਿੰਮਤ ਨਾਲ ਹੰਢਾਇਆ ਹੈ
ਤੇ ਹੱਡੀਆਂ ਦੇ ਦਰਦ ਨੂੰ ਇਸ ਤਰ੍ਹਾਂ ਗਲੇ ਲਾਇਆ ਹੈ
ਕਿ ਘਸੇ ਹੋਏ ਗੋਡਿਆਂ ਤੇ ਸੁੱਜੀਆਂ ਹੋਈਆਂ ਪਿੰਜਣੀਆਂ
ਤੇ ਹਾਰੀਆਂ ਹੋਈਆਂ ਬਾਂਹਾਂ ਨੂੰ ਹੀ ਆਪਣਾ ਮਹਿਬੂਬ ਮਨ ਕੇ
ਕਾਲੀਆਂ ਲੰਮੀਆਂ ਰਾਤਾਂ ਦੀ ਪੀੜਾ ਨੂੰ ਸ਼ਿੱਦਤ ਨਾਲ ਜ਼ਰਿਆ ਹੈ

## ਤੁਸੀਂ ਹੋ ਬਸ ਕਿਰਾਏਦਾਰ

ਕਰ ਦਿਉ ਮੇਰਾ ਘਰ ਖ਼ਾਲੀ
ਤੇ ਭਲਕੇ ਹੋ ਜਾਓ ਬਾਹਰ
ਕਿਉਂ ਜੋ ਤੁਸੀਂ ਹੋ
ਬਸ ਇਕ ਕਿਰਾਏਦਾਰ

ਜਾਣਦੀ ਹਾਂ ਮੈਂ
ਕਿ ਤੁਸੀ ਹੋ ਮਕਾਨ ਮਾਲਕ
ਤੇ ਮੈਂ ਇਕ ਕਿਰਾਏਦਾਰ
ਤੇ ਭਰ ਰਹੀ ਹਾਂ ਕਿਰਾਇਆ
ਹਰ ਮਹੀਨੇ ਕਈ ਹਜ਼ਾਰ
ਪਰ ਮੈਂ ਰਹੀ ਹਾਂ ਇਸ ਘਰ ਵਿਚ
ਕਈ ਸਾਲ ਤੋਂ ਤੇ ਬੜਾ ਭਾਵੁਕ
ਤੇ ਗਹਿਰਾ ਬਣ ਗਿਆ ਹੈ
ਮੇਰਾ ਰਿਸ਼ਤਾ ਇਸ ਘਰ ਦੀ ਹਰ ਇਕ
ਇੱਟ-ਇੱਟ ਦੇ ਨਾਲ
ਨਹੀਂ ਸੁਣਨੀ ਮੈਂ ਤੁਹਾਡੀ ਕੋਈ ਵੀ ਬਕਵਾਸ
ਵਾਪਸ ਕਰ ਦੇਵੋ ਬੱਸ ਮੈਨੂੰ ਮੇਰਾ ਘਰ
ਤੁਹਾਨੂੰ ਮੈਂ ਇੱਥੇ ਏਨੇ ਸਾਲ ਰਹਿਣ ਦਿੱਤਾ
ਮੰਨੋ ਮੇਰਾ ਉਪਕਾਰ

ਮੈਂ ਕਿਥੇ ਜਾਵਾਂ
ਏਨੀ ਜਲਦੀ ਏਨੇ ਸਾਰੇ ਸਮਾਨ ਨਾਲ
ਮੇਰੇ 'ਤੇ ਕਰੋ ਰਹਿਮ ਤੇ ਰਹਿਣ ਦਿਓ
ਮੈਨੂੰ ਇਥੇ ਕੁਝ ਹੋਰ ਦਿਨ ਸਕੂਨ ਨਾਲ
ਭਾਵੇਂ ਵਧਾ ਲਉ ਕਿਰਾਇਆ
ਤੇ ਕਰਦੇ ਰਹੇ ਬਿੱਲਾਂ ਵਿੱਚ ਹੇਰਾਫੇਰੀਆਂ ਹਜ਼ਾਰ
ਪਰ ਇੰਜ ਨਾ ਕਰੋ ਮੇਰਾ ਘਰ ਤਾਰ-ਤਾਰ
ਠੀਕ ਹੈ ਦੇ ਦੇਵੋ ਮੈਨੂੰ ਸਾਰੇ ਪੈਸੇ
ਜੋ ਮੈਂ ਜੋੜੇ ਆਪਣੇ ਹਿਸਾਬ-ਕਿਤਾਬ ਨਾਲ
ਤੇ ਰਹਿ ਲਓ ਦੋ-ਚਾਰ ਦਿਨ ਇੱਥੇ ਹੋਰ
ਤੇ ਫਿਰ ਹੋ ਜਾਣਾ ਬਾਹਰ
ਵਾਹ ! ਸੇਠ ਸਾਹਿਬ ਵਾਹ ! ਹੱਸ ਕੇ ਕਿਹਾ ਮੈਂ
ਜਵਾਬ ਨਹੀਂ ਤੁਹਾਡੇ ਜਵਾਬ ਦਾ
ਤੁਹਾਡੀਆਂ ਚਲਾਕੀਆਂ ਦੇ
ਲਊ ਰੱਬ ਹੀ ਤੁਹਾਡੇ ਤੋਂ ਹਿਸਾਬ
ਕੀ ਆਖਾਂ ਮੈ ਤੁਹਾਨੂੰ ਮਕਾਨ ਮਾਲਕ ਜਾਂ ਮਕਾਰ
ਹਾਂ ! ਮੈਂ ਹਾਂ ਇਕ ਕਿਰਾਏਦਾਰ ....

## ਹੈਂ, ਇਹ ਕੀ ਹੋਇਆ

ਹੈਂ, ਇਹ ਕੀ ਹੋਇਆ
ਫੇਰ ਟੁੱਟ ਗਿਆ ਤੂੰ ਇਕ ਵਾਰ
ਜਾਂ ਤੋੜ ਦਿੱਤਾ ਗਿਆ ਤੂੰ ਬੜੀ ਬੇਰਹਿਮੀ ਨਾਲ
ਫਿਰ ਇਕ ਵਾਰ
ਮੁਆਫ ਕਰੀਂ ਦਿਲ ਮੇਰੇ ਮੈਨੂੰ ਕਿਉਂ ਜੋ ਹੋਇਆ ਤੇਰੇ ਨਾਲ ਫਿਰ
ਨਾ ਇਨਸਾਫ
ਤੇ ਮੈਂ ਬੇਵੱਸ ਕੁਝ ਵੀ ਨਾ ਕਰ ਸਕਿਆ
ਤੇਰੇ ਲਈ ਫਿਰ ਇਸ ਵਾਰ
ਹਾਂ, ਇਹ ਵਾਅਦਾ ਰਿਹਾ ਮੇਰਾ ਤੇਰੇ ਨਾਲ
ਬੱਸ ਇਹ ਆਖਰੀ ਸੀ ਤੇਰੇ ਤੇ ਕਿਸੇ ਧੋਖੇਬਾਜ਼ ਦੇ ਤਿੱਖੇ
ਤੀਰਾਂ ਦਾ ਵਾਰ
ਸੁਣ ! ਮੈਨੂੰ ਤੇਰੇ ਨਾਲ ਵੀ ਹੈ ਕਾਫੀ ਗਿਲਾ ਤੂੰ ਕਿਉਂ ਤੁਰ
ਜਾਵੇਂ ਉਸ ਰਾਹ 'ਤੇ ਵਾਰ-ਵਾਰ
ਤੇ ਹਰ ਵਾਰ ਫਸ ਕੇ ਫਰੇਬੀ ਬੁਣੇ ਮਿੱਠੇ ਜਾਲ ਤੂੰ
ਤੜਫੇਂ ਜ਼ਖ਼ਮੀ ਪਰਿੰਦੇ ਵਾਂਗ ਹੋ ਕੇ ਲਹੂ-ਲੁਹਾਨ
ਪਾਗਲ ਕਿੰਨਾ ਵੀ ਹੋ ਲੈ ਇਸਤੇਮਾਲ ਪਰ ਤੂੰ ਰਹਿਣਾ ਫਿਰ ਵੀ
ਇਕੱਲੇ ਤੇ ਉਦਾਸ
ਕਿਉਂਕਿ ਤੇਰੇ ਵਰਗਾ ਹੋਰ ਕੌਣ ਹੈ
ਜੋ ਸੁਣੇ ਦਿਲ ਦੀ ਤੇ
ਕਰ ਲੈ ਹਰ ਇੱਕ 'ਤੇ ਵਿਸ਼ਵਾਸ
ਤੇ ਬਣ ਕੇ ਰਹਿ ਜਾਏ ਇੱਕ ਮਜ਼ਾਕ
ਬੱਸ ਖੁਸ਼ ਰਹਿਣ ਸਾਰੇ
ਜਿਨ੍ਹਾਂ ਮਸਲ ਦਿੱਤਾ ਤੈਨੂੰ ਵਾਂਗ ਕੀੜੇ-ਮਕੌੜੇ
ਆਪਣਾ ਉਲੂ ਸਿੱਧ ਹੋਣ ਤੋਂ ਬਾਅਦ
ਬੱਸ ਮੇਰੇ ਭੋਲੇ ਦਿਲ ਹੁਣ ਹੋਰ ਨ੍ਹੀਂ ਹੋਣਾ....

—ਸੰਪਰਕ 94172-08535

# ਭਾਰਤ ਦੀ ਕੱਪੜਾ ਸਨਅਤ ਤੇ ਔਰਤ ਮਜ਼ਦੂਰਾਂ ਦੀ ਤਰਸਯੋਗ ਹਾਲਤ

ਡਾ. ਅਜੀਤਪਾਲ ਸਿੰਘ ਐੱਮ ਡੀ

ਕੱਪੜਾ ਸਨਅਤ ਦਾ ਸੰਸਾਰ ਪੱਧਰ 'ਤੇ ਸਾਮਰਾਜੀ ਦੇਸ਼ਾਂ ਦੇ ਨਾਲ-ਨਾਲ ਪੱਛੜੇ ਤੇ ਵਿਕਾਸਸ਼ੀਲ ਦੇਸ਼ਾਂ ਦੇ ਅਰਥਚਾਰੇ ਵਿੱਚ ਵੀ ਮਹੱਤਵਪੂਰਨ ਯੋਗਦਾਨ ਹੈ। ਇਹ ਇਸ ਤੱਥ ਤੋਂ ਵੀ ਪਤਾ ਲੱਗਦਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਕੱਪੜਾ ਸਨਅਤ 'ਚ ਭਾਵੇਂ ਹੀ ਪੱਛੜੇ ਪੂੰਜੀਵਾਦੀ ਦੇਸ਼ ਕੇਂਦਰੀ ਭੂਮਿਕਾ ਵਿੱਚ ਨਾ ਹੋਣ, ਪਰ ਉਹਨਾਂ ਦੀ ਹਿੱਸੇਦਾਰੀ ਵਿਸ਼ਵੀ ਸਪਲਾਈ ਲੜੀ ਵਿੱਚ ਕਾਫੀ ਮਜ਼ਬੂਤ ਹੋਈ ਹੈ। ਇਸ ਹਿੱਸੇ ਦੇ ਬਤੌਰ ਭਾਰਤ ਅੱਜ ਸੰਸਾਰ ਭਰ ਵਿੱਚ ਕੱਪੜਾ ਸਨਅਤ ਦਾ ਇੱਕ ਵੱਡਾ ਕੇਂਦਰ ਹੈ। ਕੱਪੜਾ ਸਨਅਤ ਦੀ ਨਿਰਮਾਣ ਸਮਰੱਥਾ ਵਿੱਚ ਭਾਰਤ ਦਾ ਸੰਸਾਰ ਪੱਧਰ 'ਤੇ ਦੂਜਾ ਨੰਬਰ ਹੈ। ਭਾਰਤ ਵਿੱਚ ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) ਵਿੱਚ ਕੱਪੜਾ ਸਨਅਤ ਦਾ 2.3 ਫੀਸਦੀ ਯੋਗਦਾਨ ਹੈ। 2030 ਤੱਕ ਇਸ ਦੇ ਪੰਜ ਫੀਸਦ ਤੱਕ ਪਹੁੰਚਣ ਦਾ ਅੰਦਾਜ਼ਾ ਹੈ। 2023 ਕੱਪੜਾ ਸਨਅਤ ਵਿੱਚ ਸੰਸਾਰ ਪੱਧਰ 'ਤੇ ਭਾਰਤ ਛੇਵਾਂ ਸਭ ਤੋਂ ਵੱਡਾ ਬਰਾਮਦਕਾਰ ਦੇਸ਼ ਰਿਹਾ (ਵਿਸ਼ਵੀ ਵਪਾਰ ਵਿੱਚ 3.9 ਫੀਸਦੀ ਹਿੱਸੇਦਾਰੀ)। ਵਿੱਤੀ ਸਾਲ ਤੇ 2024 ਵਿੱਚ ਭਾਰਤ ਦੇ ਕੱਪੜਾ ਉਦਯੋਗ ਦੀ ਸਨਅਤ ਵਿੱਚ 13ਵਾਂ ਤੇ ਬਰਾਮਦ ਵਿੱਚ 12 ਫੀਸਦੀ ਦੀ ਹਿੱਸੇਦਾਰੀ ਰਹੀ। ਵਿੱਤੀ ਸਾਲ 2024 ਵਿੱਚ ਇਸ ਖੇਤਰ ਦੀ ਬਰਾਮਦ 34.1 ਅਰਬ ਅਮਰੀਕੀ ਡਾਲਰ ਰਹੀ, ਜਿਸ ਵਿੱਚ ਅਮਰੀਕੀ ਯੂਰਪੀ ਸੰਘ ਅਤੇ ਸੰਯੁਕਤ ਅਰਬ ਅਮੀਰਾਤ ਮੁੱਖ ਬਾਜ਼ਾਰ ਸਨ। ਭਾਰਤ ਦੁਨੀਆ ਵਿੱਚ ਪਟਸਨ/ਜੂਟ ਦਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ ਅਤੇ ਪਾਲਿਸਟਰ, ਵਿਸਕੋਸ, ਨਾਈਲਾਨ ਤੇ ਇੱਕਰੇਲਿਕ ਸਮੇਤ ਮਨੁੱਖੀ ਨਿਰਮਾਤ ਫਾਇਬਰ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਕੱਪੜਾ ਸਨਅਤ ਵਿੱਚ ਵਿਦੇਸ਼ੀ ਨਿਵੇਸ਼ ਨੂੰ ਖਿੱਚ ਪਾਉਣ ਲਈ 100 ਫੀਸਦੀ ਸਿੱਧਾ ਵਿਦੇਸ਼ੀ ਨਿਵੇਸ਼ (ਐੱਫ ਡੀ ਆਈ) ਦੀ ਇਜਾਜ਼ਤ ਭਾਰਤ ਸਰਕਾਰ ਨੇ ਦੇ ਦਿੱਤੀ ਹੈ। ਇਹ ਕੁਝ ਤੱਥ ਆਪਣੇ-ਆਪ ਹੀ ਇਹ ਸਾਬਤ ਕਰਨ ਲਈ ਕਾਫੀ ਹਨ ਕਿ ਭਾਰਤ ਦਾ ਕੱਪੜਾ ਉਦਯੋਗ ਭਾਰਤ ਦੇ ਲਈ ਬਹੁਤ ਅਹਿਮ ਹੈ। ਪੂਰੀ ਦੁਨੀਆ ਵਿੱਚ ਲੱਗਭੱਗ ਦਸ ਕਰੋੜ ਤੋਂ ਵੱਧ ਕਿਰਤ ਸ਼ਕਤੀ ਇਸ ਖੇਤਰ ਵਿੱਚ ਲੱਗੀ ਹੋਈ ਹੈ, ਜਿਸ ਵਿੱਚ ਭਾਰਤ 4.5 ਕਰੋੜ ਤੋਂ ਵੱਧ ਕਿਰਤ ਸ਼ਕਤੀ ਇਸ ਖੇਤਰ ਵਿੱਚ ਕਾਰਜਸ਼ੀਲ ਹੈ। ਇੰਨੀ ਵੱਡੀ ਪੈਦਾਵਾਰੀ ਸਮਰੱਥਾ ਤੇ ਕਿਰਤ ਸ਼ਕਤੀ ਦਾ ਇਹ ਖੇਤਰ ਮਜ਼ਦੂਰਾਂ ਦੀ ਲੁੱਟਖਸੁੱਟ ਦਾ ਇਕ ਵੱਡਾ ਖੇਤਰ ਬਣਦਾ ਜਾ ਰਿਹਾ ਹੈ। ਭਾਰਤ ਵਿੱਚ ਇਸ ਖੇਤਰ 'ਚ 70 ਫੀਸਦੀ ਕਿਰਤ ਸ਼ਕਤੀ ਮਹਿਲਾ ਔਰਤ ਮਜ਼ਦੂਰਾਂ ਦੇ ਲੱਗੇ ਹੋਣ 'ਤੇ ਇਸ ਸਨਅਤ ਨੂੰ ਔਰਤ ਪ੍ਰਧਾਨ ਸਨਅਤ ਦੇ ਤੌਰ 'ਤੇ ਵੀ ਟਿਕਿਆ ਕਿਹਾ ਜਾਂਦਾ ਹੈ। ਕਈ ਵਾਰੀ ਪੂੰਜੀਵਾਦੀ ਬੁੱਧੀਜੀਵੀ ਤੇ ਭਾਰਤ ਸਰਕਾਰ ਔਰਤਾਂ ਦੀ ਵੱਡੀ ਗਿਣਤੀ ਵਿੱਚ ਇਸ ਖੇਤਰ ਵਿੱਚ ਕਾਰਜਸ਼ੀਲ ਹੋਣ ਕਰਕੇ ਇਸ ਨੂੰ ਔਰਤ ਸਸ਼ਕਤੀਕਰਨ ਦੇ ਬਤੌਰ ਵੀ ਪ੍ਰਚਾਰਦੀ ਰਹੀ ਹੈ ਅਤੇ ਉਹ ਆਪਣੀ ਪਿੱਠ ਖੁਦ ਹੀ ਥਪਥਪਾਉਂਦੀ ਹੈ। ਭਾਰਤ ਵਿੱਚ ਕੱਪੜਾ ਉਦਯੋਗ ਦੇ ਕੁਝ ਵੱਡੇ ਸ਼ਹਿਰ ਤੇ ਰਾਜ ਹਨ, ਜਿਵੇਂ-ਤ੍ਰਿਪੁਰਾ, (ਤਾਮਿਲਨਾਡੂ) ਨਿੱਟ ਗਾਰਮੈਂਟਸ ਦਾ ਹੱਬ, ਸੂਰਤ (ਗੁਜਰਾਤ) ਸਿੰਥੈਟਿਕ ਟੈਕਸਟਾਈਲ, ਲੁਧਿਆਣਾ (ਪੰਜਾਬ), ਉੱਨੀ ਵਸਤਰ, ਵਾਰਾਨਸੀ (ਯੂਪੀ) ਬਰਨਸੀ ਸਿਲਕ, ਭੀਲਵਾੜਾ (ਰਾਜਸਥਾਨ) ਸੂਤੀ ਵਸਤਰ ਅਤੇ ਯਾਰਨ, ਫਰੀਦਾਬਾਦ/ਗੁਰੂਗ੍ਰਾਮ (ਹਰਿਆਣਾ) ਬਰਾਮਦ ਅਧਾਰਤ ਰੈਡੀਮੇਟ ਗਾਰਮੈਂਟਸ, ਕੋਲਕਾਤਾ (ਪੱਛਮੀ ਬੰਗਾਲ) ਜੂਟ ਤੇ ਸਿਲਕ, ਮੁੰਬਈ/ਅਹਿਮਦਾਬਾਦ/ਕੋਇੰਮਬਟੂਰ ਰਵਾਇਤੀ ਕੱਪੜਾ ਮਿੱਲਾਂ ਆਦਿ, ਪਰ ਲਘੂ ਉਦਯੋਗਾਂ ਦੇ ਪੱਧਰ 'ਤੇ ਵੀ ਅਨੇਕਾਂ ਰਾਜ ਸ਼ਹਿਰਾਂ ਵਿੱਚ ਕੌਮਾਂ ਹੁੰਦਾ ਹੈ। ਜਿਸ ਵਿੱਚ ਲੁੱਟ-ਖਸੁੱਟ ਦੀ ਮਾਤਰਾ ਹੋਰ ਵੀ ਜ਼ਿਆਦਾ ਖਤਰਨਾਕ ਹੈ ਅਤੇ ਕਾਰਜ ਸਥਾਨ ਪ੍ਰਸਥਿਤੀਆਂ ਮਜ਼ਦੂਰਾਂ ਦੇ ਲਈ ਬਹੁਤ ਕਸ਼ਟਦਾਇਕ ਤੇ ਅਸਹਿ ਹਨ। ਭਾਰਤ ਵਿੱਚ ਸਨਅਤੀ ਪੈਦਾਵਾਰ ਦਾ ਇਹ ਖੇਤਰ ਮਜ਼ਦੂਰਾਂ ਦੇ ਲਈ ਵਿਸ਼ੇਸ਼ ਕਰਕੇ ਔਰਤ ਮਜ਼ਦੂਰਾਂ ਜੋ ਕਿ ਇਸ ਉਤਪਾਦਨ ਵਿੱਚ ਵੱਡੀ ਗਿਣਤੀ ਵਿੱਚ ਲੱਗੀਆਂ ਹੋਈਆਂ ਹਨ, ਦੇ ਲਈ ਇੱਕ ਮਿੱਠਾ ਜ਼ਹਿਰ ਬਣਦਾ ਜਾ ਰਿਹਾ ਹੈ। ਲੁੱਟਖਸੁੱਟ ਦੀ ਗੱਲ ਤਾਂ ਛੱਡੋ, ਇਹ ਖੇਤਰ ਉਹਨਾਂ ਦੀ ਕਬਰਿਸਤਾਨ ਬਣਦਾ ਜਾ ਰਿਹਾ ਹੈ, ਜਿਸ ਨੂੰ ਇਸ ਗੱਲ ਨਾਲ ਸਮਝ ਸਕਦੇ ਹਾਂ ਕਿ ਹਰ ਸਾਲ ਇਸ ਖੇਤਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਤੇ ਮਰਦ ਮਜ਼ਦੂਰ ਗੰਭੀਰ ਬਿਮਾਰੀਆਂ ਦੇ ਚੱਲਦਿਆਂ ਸਮੇਂ ਤੋਂ ਪਹਿਲਾਂ ਹੀ ਆਪਣੇ ਜੀਵਨ ਤੋਂ ਹੱਥ ਧੋ ਬਹਿੰਦੇ ਹਨ। ਭਾਰਤ ਦੇ ਗੈਰ ਸਰਕਾਰੀ ਸੰਗਠਨ ਤੇ ਕੁਝ ਨਿੱਜੀ ਸੰਸਥਾਵਾਂ ਨੇ ਇਸ ਖੇਤਰ ਵਿੱਚ ਕਾਰਜਸ਼ੀਲ ਮਜ਼ਦੂਰਾਂ ਵਿੱਚ ਕੁਝ ਸਰਵੇ ਕੀਤਾ ਹੈ। ਹਾਲਾਂਕਿ ਇਹ ਸਰਵੇ ਬਹੁਤ ਘੱਟ ਇਲਾਕਿਆਂ ਜਾਂ ਇਹ ਕਹੋ ਕਿ ਕੁਝ ਬਸਤੀਆਂ ਵਿੱਚ ਕੀਤਾ ਹੈ। ਫਿਰ ਵੀ ਇਸ ਸਰਵੇ ਦੇ ਨਤੀਜੇ ਹੈਰਾਨਕੁੰਨ ਹਨ। 2008 ਵਿੱਚ ਇੰਡੀਅਨ ਜਨਰਲ ਆਫ ਕਮਿਊਨਿਟੀ ਮੈਡੀਸਨ ਨੇ ਲਘੂ ਪੱਧਰ 'ਤੇ ਪ੍ਰਧਾਨ ਅਯੋਗ ਵਿੱਚ ਲੱਗੇ ਹੋਏ ਮਜ਼ਦੂਰਾਂ ਦਾ ਸਰਵੇ ਕੀਤਾ। ਸਰਵੇ ਦਾ ਮੁੱਖ ਵਿਸ਼ਾ ਮਜ਼ਦੂਰਾਂ ਦੀ ਸਿਹਤ ਸੰਬੰਧੀ ਸੀ। ਸਰਵੇ ਦੇ ਨਤੀਜੇ ਹੈਰਾਨ ਤੇ ਪਰੇਸ਼ਾਨ ਕਰਨ ਵਾਲੇ ਸਨ, ਪਰ ਇਹਨਾਂ ਸਭ ਦੇ ਬਾਵਜੂਦ ਅੱਜ ਅਜਿਹੇ ਕਈ ਸਰਵਿਆਂ ਦੇ ਨਤੀਜਿਆਂ ਨੂੰ ਸਰਕਾਰ ਠੰਢੇ ਬਸਤੇ ਵਿਚ ਪਾ ਰਹੀ ਹੈ। ਸਰਵੇ ਦੇ ਨਤੀਜੇ ਦੱਸਦੇ ਹਨ ਕਿ ਇਸ ਸਨਅਤ ਵਿੱਚ ਲੱਗੇ ਮਜ਼ਦੂਰਾਂ ਵਿੱਚੋਂ ਲੱਗਭੱਗ 69. 64 ਫੀਸਦੀ ਵਿੱਚ ਮਸਕੁਲੋਸਕੈਲਟਲ, (ਮਾਸਪੇਸ਼ੀਆਂ ਤੇ ਜੋੜਾਂ ਦੇ ਦਰਦਾਂ ਦੀ ਸਮੱਸਿਆ) ਦੀ ਸਮੱਸਿਆ ਸਭ ਤੋਂ ਆਮ ਸਮੱਸਿਆ ਸੀ। ਇਸ ਤੋਂ ਇਲਾਵਾ ਚਮੜੀ ਰੋਗ-25 ਫੀਸਦੀ, ਆਮ ਕਮਜ਼ੋਰੀ-14 ਫੀਸਦੀ, ਐਸਡਿਟੀ ਤੇ ਸੀਨੇ 'ਚ ਜਲਨ-26 ਫੀਸਦੀ, ਮਹਾਂਮਾਰੀ ਸੰਬੰਧੀ ਸਮੱਸਿਆਵਾਂ 5.36 ਫੀਸਦੀ, ਉਨਿੰਦਰੇ ਦੀਆਂ ਸਮੱਸਿਆਵਾਂ-2143 ਫੀਸਦੀ, ਨਿਗਾਹ ਸੰਬੰਧੀ ਸਮੱਸਿਆਵਾਂ, 12.05 ਫੀਸਦੀ, ਅਨੀਮੀਆ-8.93 ਫੀਸਦੀ, ਸੱਟਾਂ-9.82 ਫੀਸਦੀ, ਕੋਨੀਸਟਮਕਾਇਟਸ (ਬੁੱਲ੍ਹਾਂ 'ਤੇ ਜ਼ਖਮ ਤੇ ਸੋਜ ਦਾ ਰੋਗ)-14.1 ਫੀਸਦੀ, ਪੈਰਾਂ 'ਤੇ ਸੋਜ-7.4 ਫੀਸਦੀ, ਹਾਈ ਬਲੱਡ ਪ੍ਰੈਸ਼ਰ-16. 07 ਫੀਸਦੀ, ਕੁਪੋਸ਼ਨ-37.50 ਫੀਸਦੀ। ਇਸ ਤੋਂ ਇਲਾਵਾ ਖਾਂਸੀ, ਜ਼ੁਕਾਮ ਤੇ ਪੇਟ ਦਰਦ ਆਮ ਸਮੱਸਿਆ ਪਾਈ ਗਈ। ਇੱਥੇ ਸਰਵੇ ਦੇ ਅੰਕੜੇ ਸਿਰਫ ਇਕ ਛੋਟੀ ਜਿਹੀ ਝਲਕ ਹੀ ਹੈ, ਜੋ ਇੱਕ ਹੀ ਇਲਾਕੇ 'ਚ ਕੰਮ ਕਰਨ ਵਾਲੇ ਮਜ਼ਦੂਰਾਂ 'ਤੇ ਅਧਾਰਤ ਹੈ। ਜੇ ਪੂਰੇ ਦੇਸ਼ ਦੇ ਪੱਧਰ 'ਤੇ ਇਸ ਤਰ੍ਹਾਂ ਦੇ ਸਰਵੇ ਕੀਤੇ ਜਾਣ ਤਾਂ ਜੋ ਤਸਵੀਰ ਨਿਕਲ ਕੇ ਸਾਹਮਣੇ ਆ ਜਾਵੇਗੀ, ਉਹ ਕਾਫੀ ਭਿਆਨਕ ਹੋਵੇਗੀ। ਜਿਵੇਂ ਕਿ ਅਸੀਂ ਜਾਣਦੇ ਹਾਂ ਕੱਪੜਾ ਉਦਯੋਗ ਵਿੱਚ ਕੰਮ ਕਰਦਿਆਂ ਔਰਤ ਮਜ਼ਦੂਰਾਂ ਨੂੰ ਲੰਮੇ ਸਮੇਂ ਤੋਂ ਮਸ਼ੀਨਾਂ ਦੇ ਨਾਲ ਕੰਮ ਕਰਨਾ, ਰਸਾਇਣਾਂ ਦੇ ਸੰਪਰਕ 'ਚ ਰਹਿਣਾ ਤੇ ਗੰਦੇ ਵਾਤਾਵਰਨ ਦੇ ਕਾਰਨ ਕਈ ਪ੍ਰਕਾਰ ਦੀਆਂ ਬਿਮਾਰੀਆਂ ਅਤੇ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਬਿਮਾਰੀਆਂ ਵਿੱਚ ਜੇ ਮੁੱਖ ਤੌਰ 'ਤੇ ਦੇਖਿਆ ਜਾਵੇ ਤਾਂ ਮਾਸਪੇਸ਼ੀ ਅਤੇ ਹੱਡੀਆਂ ਸੰਬੰਧੀ ਸਮੱਸਿਆਵਾਂ, ਜਿਨ੍ਹਾਂ 'ਚ ਕਮਰ ਦਰਦ, ਗਰਦਨ ਦਰਦ ਲੰਮੇ ਸਮੇਂ ਤੱਕ ਖੜੇ ਰਹਿਣ ਤਾਂ ਇੱਕ ਹੀ ਪੁਜ਼ੀਸ਼ਨ 'ਚ ਕੰਮ ਕਰਨ ਨਾਲ ਹੁੰਦੀਆਂ ਹਨ। ਜੋੜਾਂ ਵਿੱਚ ਦਰਦ, ਗਠੀਆ ਵਰਗੀਆਂ ਬਿਮਾਰੀਆਂ ਲਗਾਤਾਰ ਦੁਹਰਾਈਆਂ ਜਾਣ ਵਾਲੇ ਕੰਮ ਕਰਕੇ ਹੁੰਦੀਆਂ ਹਨ। ਵਰਨਾਲ ਸਿੰਡਰੋਮ-ਪੈਰਾਂ 'ਚ ਨਸਾਂ ਦਾ ਸੁੱਜਣਾ, ਲੰਮੇ ਸਮੇਂ ਤੱਕ ਖੜੇ ਰਹਿਣ ਨਾਲ ਹੁੰਦਾ ਹੈ। ਚਮੜੀ ਸੰਬੰਧੀ ਰੋਗ, ਐਗਜ਼ੀਮਾ ਤੇ ਐਲਰਜੀ, ਰੰਗਾਈ, ਛਪਾਈ ਤੇ ਧੁਲਾਈ ਵਿੱਚ ਆਮ ਰਸਾਇਣਾਂ ਦੇ ਸੰਪਰਕ ਕਰਕੇ ਹੁੰਦੇ ਹਨ। ਫੰਗਲ ਇਨਫੈਕਸ਼ਨ, ਗਲੇ 'ਚ ਗਰਮ ਤੇ ਕੰਮ ਦੇ ਗੰਦੇ ਮਹੌਲ ਵਿੱਚ ਕੰਮ ਕਰਕੇ ਹੁੰਦੇ ਹਨ। ਸਿਲੋਕੋਸਿਸ, ਬਰੰਕਾਈਟਸ, ਕਪਾਹ ਦੇ ਰੇਸ਼ਿਆਂ ਤੇ ਧੂੜ ਨਾਲ ਫੇਫੜਿਆਂ ਵਿੱਚ ਸੋਜ ਹੋ ਜਾਂਦੀ ਹੈ। ਦਮਾ ਲਗਾਤਾਰ ਧੂੜ ਤੇ ਕੈਮੀਕਲ ਦੇ ਸੰਪਰਕ ਨਾਲ ਹੁੰਦਾ ਹੈ। ਇਸ ਤੋਂ ਇਲਾਵਾ ਬੱਚੇ ਪੈਦਾ ਕਰਨ 'ਤੇ ਮਾੜਾ ਅਸਰ ਅਤੇ ਅਨਿਯਮਤ ਮਹਾਂਵਾਰੀ, ਜ਼ਿਆਦਾ ਸਰੀਰਕ ਮਿਹਨਤ ਦੇ ਨਾਲ ਗਰਭ ਅਵਸਥਾ ਸੰਬੰਧੀ ਉਲਝਣਾਂ, ਰਸਾਇਣਾਂ ਦੇ ਕਾਰਨ ਗਰਭ ਅਵਸਥਾ ਵਿੱਚ ਸ਼ਿਸ਼ੂ 'ਤੇ ਬੁਰਾ ਅਸਰ, ਗਰਭਪਾਤ ਦਾ ਖਤਰਾ, ਮਾਨਸਿਕ ਸਿਹਤ ਸਮੱਸਿਆਵਾਂ, ਤਣਾਅ, ਚਿੰਤਾ, ਵੱਧ ਕੰਮ ਕਰਨ ਦਾ ਦਬਾਅ, ਯੌਨ ਪੀੜਾ, ਘੱਟ ਤਨਖਾਹ, ਅਸੁਰੱਖਿਅਤ ਮਾਹੌਲ, ਘਰੇਲੂ ਜ਼ਿੰਮੇਦਾਰੀਆਂ, ਅੱਖਾਂ ਦੀਆਂ ਸਮੱਸਿਆਵਾਂ, ਨਿਗ੍ਹਾ ਵਿੱਚ ਕਮਜ਼ੋਰੀ, ਘੱਟ ਰੋਸ਼ਨੀ 'ਚ ਸਲਾਈ ਜਾਂ ਕਢਾਈ ਕਰਨ ਨਾਲ ਲਗਾਤਾਰ ਭਾਰੀ ਕੰਮ ਕਰਨ ਨਾਲ ਅੱਖਾਂ ਵਿੱਚ ਜਲਣ, ਰਸਾਇਣਕ ਧੂੰਏਂ ਤੇ ਕਪਾਹ ਦੇ ਰੇਸ਼ੇ ਕਾਰਨ। ਇਸ ਤੋਂ ਇਲਾਵਾ ਇਹਨਾਂ ਖੇਤਰਾਂ ਵਿੱਚ ਲੱਗੀਆਂ ਹੋਈਆਂ ਔਰਤਾਂ ਵਿੱਚ ਰਸਾਇਣਾਂ ਦੇ ਸੰਪਰਕ ਦੇ ਕਾਰਨ ਕੈਂਸਰ ਵਰਗੀਆਂ ਬਿਮਾਰੀਆਂ ਵੀ ਦੇਖਣ ਨੂੰ ਮਿਲ ਜਾਂਦੀਆਂ ਹਨ। ਇਨ੍ਹਾਂ ਗੰਭੀਰ ਬਿਮਾਰੀਆਂ ਦੇ ਬਾਵਜੂਦ ਇਸ ਖੇਤਰ ਵਿੱਚ ਕਾਰਜਸ਼ੀਲ ਔਰਤ ਮਜ਼ਦੂਰਾਂ ਨੂੰ ਕਈ ਵਾਰ ਕੰਪਨੀਆਂ ਸੁਰੱਖਿਆ ਉਪਕਰਨ ਗਲੱਵਜ਼/ਮਾਸਕ ਵਰਗੀਆਂ ਚੀਜ਼ਾਂ ਤੱਕ ਵੀ ਮੁਹੱਈਆ ਨਹੀਂ ਕਰਵਾਉਂਦੀਆਂ। ਨਾਲ ਹੀ ਕਈ ਵਾਰ ਫੈਕਟਰੀ ਇਸ ਤਰ੍ਹਾਂ ਨਾਲ ਬਣਾਈ ਜਾਂਦੀ ਹੈ ਕਿ ਉਹਨਾਂ ਵਿੱਚ ਹਵਾ ਦੇ ਆਉਣ-ਜਾਣ, ਭਾਵ ਵੈਂਟੀਲੇਸ਼ਨ ਦਾ ਵੀ ਸਹੀ ਤਰੀਕੇ ਨਾਲ ਧਿਆਨ ਨਹੀਂ ਰੱਖਿਆ ਜਾਂਦਾ, ਇਹ ਸਭ ਦੇ ਚੱਲਦਿਆਂ ਮਜ਼ਦੂਰ ਔਰਤਾਂ ਲਗਾਤਾਰ ਗੰਭੀਰ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੀਆਂ ਹਨ, ਜਿਸ ਦਾ ਉਹਨਾਂ ਨੂੰ ਅਹਿਸਾਸ ਤੱਕ ਵੀ ਨਹੀਂ ਹੁੰਦਾ ਕਿ ਉਹ ਬਿਮਾਰੀਆਂ ਇਹਨਾਂ ਕੰਪਨੀਆਂ ਵਿੱਚ ਕੰਮ ਕਰਨ ਦੌਰਾਨ ਉਹਨਾਂ ਨੂੰ ਲੱਗੀਆਂ ਹਨ। ਇਸ ਤੋਂ ਇਲਾਵਾ ਕਈ ਵਾਰ ਫੈਕਟਰੀਆਂ ਵਿੱਚ ਮਜ਼ਦੂਰਾਂ ਨੂੰ ਈ ਐੱਸ ਆਈ, ਪੀ ਐੱਫ ਨਹੀਂ ਦਿੱਤੀ ਜਾਂਦੀ, ਜਿਸ ਕਾਰਨ ਕਈ ਵਾਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋਣ ਕਾਰਨ ਔਰਤਾਂ ਜਾਂ ਤਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਮਹਿੰਗਾ ਇਲਾਜ ਕਰਾਉਣ ਲਈ ਮਜਬੂਰ ਹੁੰਦੀਆਂ ਹਨ ਤੇ ਕਈ ਵਾਰ ਮਹਿੰਗਾ ਇਲਾਜ ਨਾ ਕਰਾਉਣ ਕਰਕੇ ਆਪਣੇ ਜੀਵਨ ਤੋਂ ਹੱਥ ਧੋ ਬੈਠਦੀਆਂ ਹਨ। ਇਸ ਦਾ ਇੱਕ ਹੋਰ ਕਾਰਨ ਮਜ਼ਦੂਰਾਂ ਨੂੰ ਅਲੱਗ-ਅਲੱਗ ਪੱਧਰਾਂ 'ਤੇ ਵਿੱਚ ਵੰਡਣਾ ਵੀ ਹੈ, ਜਿਸ ਵਿੱਚ ਸਥਾਈ ਮਜ਼ਦੂਰ, ਠੇਕੇ 'ਤੇ ਕੰਮ ਕਰਨ ਵਾਲੇ, ਦਿਹਾੜੀਦਾਰ ਮਜ਼ਦੂਰ ਆਦਿ ਸ਼ਾਮਲ ਹਨ, ਜੋ ਹੋਰ ਵੀ ਜ਼ਿਆਦਾ ਲੁੱਟਖਸੁੱਟ ਦੀ ਮਾਰ ਝੱਲਦੇ ਹਨ। ਇਸ ਤਰ੍ਹਾਂ ਦੀਆਂ ਔਰਤ ਮਜ਼ਦੂਰ ਅੱਜ ਵੀ ਵੱਡੀ ਗਿਣਤੀ ਵਿੱਚ ਹਨ, ਜਿਹਨਾਂ ਨੂੰ ਈ ਐੱਸ ਆਈ, ਈ ਐੱਫ, ਬੋਨਸ, ਘੱਟੋ-ਘੱਟ ਤਨਖਾਹ, ਪ੍ਰਸੂਤਾ ਛੁੱਟੀ ਨਹੀਂ ਮਿਲਦੀ, ਇਹ ਸਭ ਸਰਮਾਏਦਾਰ ਜਮਾਤ ਲਈ ਬੇਹੱਦ ਮੁਫੀਦ ਹੈ, ਕਿਉਂਕਿ ਇਸ ਨਾਲ ਉਹਨਾਂ ਦੇ ਮੁਨਾਫ਼ੇ 'ਚ ਕਾਫੀ ਵਾਧਾ ਹੁੰਦਾ ਹੈ। ਕਿਸੇ ਨਾ ਕਿਸੇ ਫੈਕਟਰੀ ਵਿੱਚ ਕਰੈਚ ਵਰਗੀ ਸਹੂਲਤ ਤਾਂ ਹੋ ਸਕਦੀ ਹੈ, ਪਰ ਉਹਨਾਂ ਦੀਆਂ ਸ਼ਰਤਾਂ 'ਤੇ ਉਹਨਾਂ ਵਿੱਚ ਰੱਖ-ਰਖਾਅ ਇਸ ਤਰ੍ਹਾਂ ਦਾ ਹੈ ਕਿ ਕਈ ਵਾਰ ਸਥਾਈ ਔਰਤ ਮਜ਼ਦੂਰ ਵੀ ਆਪਣੇ ਬੱਚਿਆਂ ਨੂੰ ਉਸ ਵਿੱਚ ਨਹੀਂ ਪਾ ਸਕਦੀ। ਹੋਰਾਂ ਦੀ ਤਾਂ ਗੱਲ ਹੀ ਕੀ ਕਰੀਏ, ਉਹਨਾਂ ਨੂੰ ਤਾਂ ਪਹਿਲਾਂ ਹੀ ਇਸ ਸਹੂਲਤ ਤੋਂ ਬਾਹਰ ਕਰ ਦਿੱਤਾ ਗਿਆ ਹੈ। ਔਰਤ ਮਜ਼ਦੂਰਾਂ ਦੀ ਇੱਕ ਹੋਰ ਵੱਡੀ ਲੋੜ ਬਣਦੀ ਹੈ ਕਿ ਪ੍ਰਸੂਤਾ ਛੁੱਟੀ 'ਤੇ ਇਸ ਪਾਸੇ ਧਿਆਨ ਦੇਈਏ, ਤਾਂ ਇੱਕ ਹੋਰ ਬੁਰੀ ਤਸਵੀਰ ਪੇਸ਼ ਹੁੰਦੀ ਹੈ। ਕੀ ਸਥਾਈ ਤੇ ਕੀ ਠੇਕਾ ਮਜ਼ਦੂਰ ਦੋਨਾਂ ਦੀ ਹਾਲਤ ਇੱਕ ਬਰਾਬਰ ਹੈ। ਕਿਸੇ ਨੂੰ ਵੀ ਸਵੈਤਨਿਕ ਮਾਤਰਿਤਵ ਛੁੱਟੀ ਨਹੀਂ ਦਿੱਤੀ ਜਾਂਦੀ। ਅਜਿਹੀਆਂ ਕਈ ਮਿਸਾਲਾਂ ਸਾਡੇ ਸਾਹਮਣੇ ਹਨ। ਕਿਸੇ ਨੂੰ ਵੀ ਠੇਕਾ ਮਜ਼ਦੂਰਾਂ ਨੂੰ ਤਾਂ ਕੀ ਗਰਭਵਤੀ ਹੋਣ ਦੌਰਾਨ ਉਹਨਾਂ ਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ ਜਾਂ ਉਹਨਾਂ ਨੂੰ ਕੰਮ ਛੱਡਣਾ ਪੈਂਦਾ ਹੈ। ਕਈ ਵਾਰ ਤਾਂ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਠੇਕਾ ਮਜ਼ਦੂਰ ਆਪਣੀ ਗਰਭ ਅਵਸਥਾ ਨੂੰ ਛੁਪਾਉਂਦੀਆਂ ਹਨ, ਜੋ ਉਹਨਾਂ ਦੇ ਲਈ ਕਈ ਵਾਰ ਜਾਨਲੇਵਾ ਸਾਬਤ ਹੁੰਦਾ ਹੈ। ਰਹੀ ਗੱਲ ਸਥਾਈ ਉਮੀਦਵਾਰਾਂ ਦੀ ਤਾਂ ਉਹਨਾਂ ਦੀ ਸਥਿਤੀ ਵੀ ਕੁਝ ਅੱਛੀ ਨਹੀਂ ਹੈ। ਇਹਨਾਂ ਮਜ਼ਦੂਰਾਂ ਨੂੰ ਛੁੱਟੀ ਤਾਂ ਦਿੱਤੀ ਜਾਂਦੀ ਹੈ, ਪਰ ਉਹਨਾਂ ਦਿਨਾਂ ਦੀ ਕੋਈ ਤਨਖਾਹ ਨਹੀਂ ਦਿੱਤੀ ਜਾਂਦੀ, ਨਾ ਹੀ ਈ ਐੱਸ ਆਈ ਤੋਂ ਉਹਨਾਂ ਨੂੰ ਪੈਸੇ ਦਿੱਤੇ ਜਾਂਦੇ ਹਨ। ਅਜਿਹੇ ਕਈ ਮਾਮਲੇ ਸਾਹਮਣੇ ਆਉਂਦੇ ਹਨ, ਜਦ ਕੋਈ ਮਜ਼ਦੂਰ ਨੇ ਗਰਭਵਤੀ ਹੋਣ 'ਤੇ ਪ੍ਰਸੂਤਾ ਛੁੱਟੀ ਲੈ ਲਈ ਹੈ ਤਾਂ ਉਸ ਪੀਰਡ ਨੂੰ ਪੂਰਾ ਕਰਨ ਦੇ ਬਾਅਦ ਜਦੋਂ ਕੰਪਨੀ ਵਿੱਚ ਵਾਪਸ ਜਾਂਦੀ ਹੈ ਤਾਂ ਆਪਣੇ ਈ ਐੱਸ ਆਈ ਦੇ ਪੈਸੇ ਦੇ ਲਈ ਉਸ ਨੂੰ ਕਈ ਚੱਕਰ ਕੱਟਣੇ ਪੈਂਦੇ ਹਨ। ਕਈ ਤਰ੍ਹਾਂ ਦੇ ਕੇਸ ਕਰਨ ਤੋਂ ਬਾਅਦ ਉਸ ਨੂੰ ਪੈਸਾ ਤਾਂ ਮਿਲ ਜਾਂਦਾ ਹੈ, ਪਰ ਕੰਪਨੀ ਉਹਨਾਂ ਨੂੰ ਜਾਂ ਤਾਂ ਕੰਮ 'ਤੇ ਰੱਖਦੀ ਨਹੀਂ ਜਾਂ ਨਵੀਂ ਭਰਤੀ ਦੇ ਬਤੌਰ ਦਿਖਾਉਂਦੀ ਹੈ। ਉਹਨਾਂ ਦੀ ਜੋ ਪੁਰਾਣੀ ਨੌਕਰੀ ਹੁੰਦੀ ਹੈ, ਉਸ ਨੂੰ ਖਤਮ ਕਰ ਦਿੱਤਾ ਜਾਂਦਾ ਹੈ ਤੇ ਉਹਦਾ ਉਹਨਾਂ ਨੂੰ ਕੋਈ ਫਾਇਦਾ ਨਹੀਂ ਦਿੱਤਾ ਜਾਂਦਾ। ਇਸ ਤਰ੍ਹਾਂ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੇ ਕੰਮ ਕਰਨ ਦੇ ਬਾਵਜੂਦ ਇਹਨਾਂ ਫੈਕਟਰੀਆਂ 'ਚ ਕੰਮ ਕਰਨ ਵਾਲੀਆਂ ਔਰਤ ਮਜ਼ਦੂਰਾਂ ਨੂੰ ਕਈ ਵਾਰ ਛੇੜਛਾੜ, ਅਪਮਾਨ ਤੇ ਯੌਨ ਹਿੰਸਾ ਝੱਲਣੀ ਪੈਂਦੀ ਹੈ। ਸੁਪਰਵਾਈਜ਼ਰ, ਇੰਜੀਨੀਅਰ, ਮੈਨੇਜਰ ਆਦਿ ਵੱਲੋਂ ਗਾਲੀ-ਗਲੋਚ, ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਆਮ ਗੱਲ ਹੈ। ਅਜਿਹੇ ਕਈ ਮਾਮਲੇ ਕਈ ਵਾਰ ਧਿਆਨ ਵਿੱਚ ਆ ਜਾਂਦੇ ਹਨ, ਪਰ ਇਹਨਾਂ ਸਭਨਾਂ ਦੇ ਬਾਵਜੂਦ ਕਈ ਕੰਪਨੀਆਂ ਵਿਖਾਵਾ ਗਾਈਡਲਾਈਨ ਦੇ ਤਹਿਤ ਫੈਕਟਰੀ ਦੇ ਅੰਦਰ ਕੋਈ ਸ਼ਿਕਾਇਤ ਨਿਵਾਰਨ ਕਮੇਟੀ ਵੀ ਨਹੀਂ ਬਣਦੀਆਂ। ਇਹ ਜੇ ਕਮੇਟੀ ਬਣਾਉਂਦੀਆਂ ਵੀ ਹਨ ਤਾਂ ਉਸ ਤਰ੍ਹਾਂ ਨਾਲ ਬਣਾਈ ਜਾਂਦੀ ਹੈ ਕਿ ਉਹਨਾਂ ਦੀ ਜਾਣਕਾਰੀ ਔਰਤ ਮਜ਼ਦੂਰਾਂ ਨੂੰ ਨਹੀਂ ਹੁੰਦੀ। ਜੇ ਕੋਈ ਸੁਚੇਤ ਮਜ਼ਦੂਰ ਔਰਤ ਕਿਸੇ ਤਰ੍ਹਾਂ ਨਾਲ ਸ਼ਿਕਾਇਤ ਕਮੇਟੀ ਕੋਲ ਆਪਣੀ ਸ਼ਿਕਾਇਤ ਕਰਦੀ ਵੀ ਹੈ ਤਾਂ ਉਸ ਸ਼ਿਕਾਇਤ ਦਾ ਨਿਪਟਾਰਾ ਕੰਪਨੀ ਮੈਨੇਜਮੈਂਟ ਉਸ ਔਰਤ ਨੂੰ ਕੰਮ ਤੋਂ ਕੱਢ ਕੇ ਕਰ ਦਿੰਦੀ ਹੈ। ਅਜਿਹੇ ਵਿੱਚ ਕਈ ਦਫਾ ਛੇੜਛਾੜ ਕਰਨ ਵਾਲੇ ਅਤੇ ਪੀੜਤ ਮਜ਼ਦੂਰ ਔਰਤ ਦੋਨਾਂ ਨੂੰ ਬਰਾਬਰ ਦੋਸ਼ੀ ਮੰਨ ਕੇ ਵੀ ਕਾਰਵਾਈ ਕੀਤੀ ਜਾਂਦੀ ਹੈ। ਅਜਿਹਾ ਵੱਡੀ ਗਿਣਤੀ ਵਿੱਚ ਔਰਤ ਮਜ਼ਦੂਰਾਂ ਦੇ ਨਾਲ ਵਰਤਾਅ ਹੁੰਦਾ ਵੀ ਹੈ ਤਾਂ ਉਹ ਸਿਰਫ ਇਸ ਡਰ ਨਾਲ ਕਿ ਉਹਨਾਂ ਨੂੰ ਕੰਮ ਤੋਂ ਕੱਢ ਦਿੱਤਾ ਜਾਏਗਾ, ਉਹ ਆਪਣੇ ਨਾਲ ਹੋਣ ਵਾਲੀ ਛੇੜਛਾੜ ਨੂੰ ਜਾਂ ਤਾਂ ਚੁੱਪ-ਚਾਪ ਬਰਦਾਸ਼ਤ ਕਰਦੀਆਂ ਹਨ ਜਾਂ ਫਿਰ ਕੰਮ ਛੱਡਣ ਲਈ ਮਜਬੂਰ ਹੋ ਜਾਂਦੀਆਂ ਹਨ। ਇਸ ਤਰ੍ਹਾਂ ਹੀ ਮਜ਼ਦੂਰਾਂ ਦੇ ਅੱਡ-ਅੱਡ ਪੱਧਰਾਂ ਦੇ ਚੱਲਦਿਆਂ ਸਰਕਾਰ ਅਤੇ ਸਰਮਾਏਦਾਰੀ ਵਾਸਤੇ ਇਹਨਾਂ ਮਜ਼ਦੂਰਾਂ ਨੂੰ ਆਪਸ ਵਿੱਚ ਮੁਕਾਬਲੇ ਲਈ ਵੀ ਵਰਤਦੀ ਹੈ। ਮਿਸਾਲ ਤੋਂ ਪੀਸ ਰੇਟ ਕੰਮ ਕਰਨ ਵਾਲੇ ਜ਼ਿਆਦਾਤਰ ਔਰਤ ਮਜ਼ਦੂਰਾਂ 'ਤੇ ਜ਼ਿਆਦਾ ਪੀਸ ਬਣਾ ਕੇ ਜ਼ਿਆਦਾ ਪੈਸਾ ਕਮਾਉਣ ਦਾ ਦਬਾਅ ਹੁੰਦਾ ਹੈ ਤਾਂ ਕਿ ਉਹ ਜਿਸ ਵਕਤ ਕੰਮ ਨਾ ਕਰ ਸਕਣ ਜਾਂ ਕੰਮ ਨੂੰ ਨਾ ਉਹਨਾਂ ਦੀ ਪਰਭਾਈ ਕਰ ਸਕਣ, ਕਿਉਂਕਿ ਪੀਸ ਰੇਟ 'ਤੇ ਤਾਂ ਕੰਮ ਜ਼ਿਆਦਾ ਵੱਧ ਮਿਲਦਾ ਹੈ ਅਤੇ ਜਦ ਕੰਮ ਦਾ ਟਾਰਗੇਟ ਜ਼ਿਆਦਾ ਹੋਵੇ ਨਹੀਂ ਤਾਂ ਕਈ ਵਾਰ ਬਹੁਤ ਘੱਟ ਕੰਮ ਵੀ ਮਿਲਦਾ ਹੈ। ਦੂਜੇ ਪਾਸੇ ਜੋ ਕੰਪਨੀ ਦੇ ਅੰਦਰ ਸਥਾਈ ਕਰਮਚਾਰੀ ਹਨ ਜਾਂ ਠੇਕਾ ਮਜ਼ਦੂਰ, ਉਹਨਾਂ 'ਤੇ ਇਹ ਦਬਾਅ ਬਣਾਇਆ ਜਾਂਦਾ ਹੈ ਕਿ ਉਹ ਵੀ ਪੀਸ ਰੇਟ 'ਤੇ ਜਿੰਨੇ ਪੈਸੇ ਬਣ ਰਹੇ ਹਨ, ਘੰਟੇ ਦੇ ਹਿਸਾਬ ਨਾਲ ਉਹ ਵੀ ਹਰ ਘੰਟੇ ਓਨੇ ਪੈਸੇ ਬਣਾਵੇ ਜਾਂ ਉਸ ਤੋਂ ਵੀ ਜ਼ਿਆਦਾ ਪੀਸ ਬਣਾ ਕੇ ਦੇਵੇ। ਅਜਿਹੇ ਵਿੱਚ ਮਜ਼ਦੂਰਾਂ ਦੇ ਆਪਸੀ ਮੁਕਾਬਲੇ ਨੂੰ ਵਧਾ ਕੇ ਮੁਨਾਫੇ ਦੇ ਦਰਵਾਜ਼ੇ ਖੁਦਵਾ ਲਏ ਜਾਂਦੇ ਹਨ। ਕਈ ਵਾਰ ਤਾਂ ਠੇਕਾ ਮਜ਼ਦੂਰਾਂ ਨੂੰ ਵੀ ਸਥਾਈ ਹੋਣ ਦਾ ਲਾਲਚ ਦੇ ਕੇ ਪੈਦਾਵਾਰ ਵਧਾਉਣ ਦਾ ਦਬਾਅ ਦਿੱਤਾ ਜਾਂਦਾ ਹੈ। ਕਈ ਔਰਤ ਮਜ਼ਦੂਰ ਅਨੇਕਾਂ ਬਿਮਾਰੀਆਂ ਤੋਂ ਜਿਨ੍ਹਾਂ ਦਾ ਉਹਨਾਂ ਉਪਰ ਜ਼ਿਕਰ ਕਰ ਚੁੱਕੇ ਆਂ, ਸ਼ਿਕਾਰ ਹੁੰਦੀਆਂ ਹਨ। ਸਿਰਫ ਇੰਨਾ ਹੀ ਨਹੀਂ, ਕਈ ਵਾਰ ਤਾਂ ਬੇਹੋਸ਼ ਤੱਕ ਵੀ ਹੋ ਜਾਂਦੀਆਂ ਹਨ। ਇੱਕ ਪਾਸੇ ਮੈਨੇਜਮੈਂਟ ਟਾਰਗੇਟ ਦਾ ਦਬਾਅ ਬਣਾਉਂਦੀ ਹੈ ਤੇ ਦੂਜੇ ਪਾਸੇ ਪੈਦਾਵਾਰ ਪੂਰਾ ਹੋਣ 'ਤੇ ਕੰਮ ਨਹੀਂ ਹੈ ਤਾਂ ਬਹਾਨਾ ਬਣਾ ਕੇ ਵੀ ਬਰੇਕ ਦੇ ਕੇ ਘੱਟ ਕੰਮ ਦੇ ਸਮੇਂ ਤਨਖਾਹ ਦੇਣ ਤੋਂ ਬਚਣ ਦਾ ਰਾਹ ਵੀ ਲੱਭ ਲੈਂਦੀ ਹੈ। ਇਨ੍ਹਾਂ ਫੈਕਟਰੀਆਂ ਵਿੱਚ ਤਨਖਾਹ ਦੇ ਮਾਮਲੇ ਵਿੱਚ ਵੀ ਅਨੇਕਾਂ ਨਾ-ਬਰਾਬਰੀਆਂ ਹਨ। ਕਈ ਵਾਰ ਤਾਂ ਸਥਾਈ ਮਜ਼ਦੂਰਾਂ ਨੂੰ ਵੀ ਰਾਜ ਦੇ ਤਹਿ ਪੈਮਾਨਿਆਂ ਤੋਂ ਵੀ ਘੱਟ ਤਨਖਾਹ ਦਿੱਤੀ ਜਾਂਦੀ ਹੈ ਤੇ ਹੋਰ ਮਜ਼ਦੂਰਾਂ ਨੂੰ ਤਾਂ ਗੱਲ ਹੀ ਕੀ ਕਰੀਏ, ਵੱਡੀ ਗਿਣਤੀ ਵਿੱਚ ਕੰਮ ਕਰਨ ਦੇ ਬਾਵਜੂਦ ਪੰਜ ਤੋਂ ਛੇ ਜਾਂ 10-12 ਹਜ਼ਾਰ ਰੁਪਏ ਵਿੱਚ ਇਹਨਾਂ ਤੋਂ ਕੰਮ ਕਰਾਇਆ ਜਾਂਦਾ ਹੈ। ਇਹਨਾਂ ਤੋਂ ਇਲਾਵਾ ਕਈ ਵਾਰ ਮਜ਼ਦੂਰਾਂ 'ਤੇ ਇਹ ਵੀ ਦਬਾਅ ਬਣਾਇਆ ਜਾਂਦਾ ਹੈ ਕਿ ਉਹ ਇੱਕ ਵੇਲੇ ਦੋ-ਦੋ ਮਸ਼ੀਨਾਂ ਨੂੰ ਆਪਰੇਟ ਕਰਨ ਅਤੇ ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਕਰਕੇ ਦੇਣ। ਵੱਡੀ ਗਿਣਤੀ ਔਰਤ ਮਜ਼ਦੂਰਾਂ ਦੇ ਕੰਮ ਕਰਨ ਦੇ ਬਾਵਜੂਦ ਅੱਜ ਵੀ ਇਸ ਖੇਤਰ ਵਿੱਚ ਔਰਤ ਤੇ ਮਰਦ ਮਜ਼ਦੂਰਾਂ ਦੀਆਂ ਤਨਖਾਹਾਂ ਵਿੱਚ ਫਰਕ ਹੈ। ਇੰਨਾ ਹੀ ਕਾਫੀ ਨਹੀਂ, ਜਦ ਤੋਂ ਕੇਂਦਰ 'ਚ ਮੋਦੀ ਸਰਕਾਰ ਆਈ ਹੈ, ਉਹ ਆਪਣੇ ਫਾਸ਼ੀਵਾਦੀ ਏਜੰਡੇ ਤਹਿਤ ਇਹਨਾਂ ਮਜ਼ਦੂਰਾਂ 'ਤੇ ਲਗਾਤਾਰ ਹਮਲਾ ਕਰ ਰਹੀ ਹੈ। ਇਹਨਾਂ ਹਮਲਿਆਂ ਵਿੱਚ ਨਵੇਂ ਚਾਰ ਕਿਰਤ ਕੋਡ ਵੀ ਸ਼ਾਮਲ ਹਨ, ਜਿਸ ਤਹਿਤ ਔਰਤ ਮਜ਼ਦੂਰਾਂ 'ਤੇ ਇੱਕ ਵੱਡਾ ਹਮਲਾ ਮੋਦੀ ਸਰਕਾਰ ਨੇ ਇਹ ਬੋਲਿਆ ਹੈ ਕਿ ਕੋਡਾਂ ਵਿੱਚ ਔਰਤਾਂ ਤੋਂ ਰਾਤ ਦੀ ਪਾਲੀ ਵਿੱਚ ਕੰਮ ਕਰਾਏ ਜਾਣ ਦੇ ਕਾਨੂੰਨ ਨੂੰ ਪਾਸ ਕਰਕੇ ਮੋਦੀ ਸਰਕਾਰ ਨੇ ਔਰਤ ਮਜ਼ਦੂਰਾਂ ਦੀ ਸੁਰੱਖਿਆ ਖਤਰੇ 'ਚ ਪਾ ਦਿੱਤੀ ਹੈ। ਨਾਲ ਹੀ ਉਹਨਾਂ ਤੋਂ ਸਸਤੇ 'ਚ ਕਿਰਤ ਦੀ ਲੁੱਟ ਦਾ ਸਰਮਾਏਦਾਰਾਂ ਦੇ ਲਈ ਰਸਤਾ ਸਾਫ ਕਰ ਦਿੱਤਾ ਹੈ। ਜਿਸ ਦੇ ਸਿੱਟੇ ਵਜੋਂ ਜਦ ਕਿ ਇਹ ਨਵੇਂ ਕਾਨੂੰਨ ਅਜੇ ਲਾਗੂ ਨਹੀਂ ਹੋਏ ਪਰ ਅਲੱਗ-ਅਲੱਗ ਫੈਕਟਰੀਆਂ ਵਿੱਚ ਇਹਨਾਂ ਤਹਿਤ ਮਜ਼ਦੂਰਾਂ ਤੋਂ ਕੰਮ ਕਰਾਇਆ ਜਾਣਾ ਸ਼ੁਰੂ ਕਰ ਦਿੱਤਾ ਗਿਆ ਹੈ। ਕਈ ਫੈਕਟਰੀਆਂ ਔਰਤ ਮਜ਼ਦੂਰਾਂ ਤੋਂ ਰਾਤ ਦੀ ਪਾਲੀ ਵਿੱਚ ਵੀ ਕੰਮ ਕਰਾ ਰਹੀਆਂ ਹਨ। ਸਿਰਫ ਇੰਨਾ ਹੀ ਨਹੀਂ, ਬਲਕਿ ਦੋ-ਦੋ ਸ਼ਿਫਟਾਂ ਦਾ ਕੰਮ ਵੀ ਔਰਤਾਂ ਤੋਂ ਲਿਆ ਜਾ ਰਿਹਾ ਹੈ। ਉਹ ਵੀ ਬਿਨਾਂ ਕਿਸੇ ਕਰਕੇ ਸੁਰੱਖਿਆ ਗਰੰਟੀ ਦੇ। ਪਹਿਲਾਂ ਤੋਂ ਹੀ ਬਹੁਤ ਘੱਟ ਸਹੂਲਤਾਂ ਕਮੀਆਂ-ਪੇਸ਼ੀਆਂ ਵਿੱਚ ਕੰਮ ਕਰ ਰਹੇ ਮਜ਼ਦੂਰਾਂ 'ਤੇ ਅੱਜ ਚੌਤਰਫਾ ਹੱਲਾ ਬੋਲ ਦਿੱਤਾ ਗਿਆ ਹੈ। ਇੱਕ ਪਾਸੇ ਭਾਜਪਾ ਆਰ ਐੱਸ ਐੱਸ ਦਾ ਸੰਘੀ ਫਾਸ਼ੀਵਾਦੀ ਪ੍ਰਚਾਰ ਜੋ ਔਰਤਾਂ ਦੇ ਮੱਧਕਾਲੀਨ ਮੁੱਲ ਮਾਨਤਾਵਾਂ ਦੇ ਚੱਲਦਿਆਂ ਘਰਾਂ ਵਿੱਚ ਕੈਦ ਕਰ ਲੈਣਾ ਚਾਹੁੰਦਾ ਹੈ, ਜਿਸ ਦੇ ਤਹਿਤ ਔਰਤਾਂ ਦੀ ਵਿਅਕਤੀਗਤ ਆਜ਼ਾਦੀ 'ਤੇ ਲਗਾਤਾਰ ਹੱਲੇ ਬੋਲੀ ਜਾ ਰਹੇ ਹਨ। ਅਜਿਹੇ ਵਿੱਚ ਭਾਰਤ ਦੀ ਮਿਹਨਤਕਸ਼ ਮਜ਼ਦੂਰ ਆਬਾਦੀ ਦੇ ਹਿੱਸੇ ਦੇ ਬਤੌਰ ਕਦੇ ਨਾ ਕਦੇ ਇਸ ਦੇ ਖਿਲਾਫ ਔਰਤ ਮਜ਼ਦੂਰਾਂ ਨੂੰ ਆਵਾਜ਼ ਬੁਲੰਦ ਕਰਨੀ ਪਵੇਗੀ। ਇਹ ਕੋਈ ਅਜਿਹਾ ਕੰਮ ਨਹੀਂ, ਜੋ ਸੰਭਵ ਨਹੀਂ ਹੈ। ਬੰਗਲੌਰ ਦੀਆਂ ਉਹਨਾਂ ਮਹਿਲਾ ਔਰਤਾਂ ਤੋਂ ਸਿੱਖਣਾ ਚਾਹੀਦਾ, ਜਿਨ੍ਹਾਂ ਨੇ ਮੋਦੀ ਸਰਕਾਰ ਨੂੰ ਗੋਡੇ ਟੇਕਣ 'ਤੇ ਮਜਬੂਰ ਕਰ ਦਿੱਤਾ ਸੀ। 2016 ਵਿੱਚ ਜਦ ਮੋਦੀ ਸਰਕਾਰ ਨੇ ਪੀ ਐੱਫ ਕਢਾਉਣ ਦੀ ਸੀਮਾ 58 ਸਾਲ ਕਰ ਦਿੱਤੀ ਸੀ, ਤਦ ਬੰਗਲੌਰ ਦੇ ਕੱਪੜਾ ਉਦਯੋਗਾਂ ਦੀਆਂ ਔਰਤ ਮਜ਼ਦੂਰਾਂ ਨੇ ਸੜਕਾਂ 'ਤੇ ਆ ਕੇ ਮੋਦੀ ਦੇ ਖਿਲਾਫ ਇਸ ਤੁਗਲਕੀ ਫ਼ੁਰਮਾਨ ਨੂੰ ਵਾਪਸ ਲੈਣ ਲਈ ਹੱਲਾ ਬੋਲ ਦਿੱਤਾ ਸੀ। ਮੋਦੀ ਸਰਕਾਰ ਨੂੰ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ। ਬੈਂਗਲੋਰ ਵਿੱਚ ਜੋ ਔਰਤ ਮਜ਼ਦੂਰਾਂ ਨੇ ਕੀਤਾ, ਅੱਜ ਅਜਿਹੇ ਵਿੱਚ ਨਵੇਂ ਕਿਰਤ ਕਾਨੂੰਨਾਂ ਦੇ ਵਿਰੋਧ ਵਿੱਚ ਸੰਘਰਸ਼ ਕਰਨਾ ਬੇਹੱਦ ਜ਼ਰੂਰੀ ਬਣ ਜਾਂਦਾ ਹੈ। ਉਸ ਦੇ ਨਾਲ ਇਹਨਾਂ ਉਦਯੋਗਾਂ ਵਿੱਚ ਲੱਗੀਆਂ ਔਰਤ ਮਜ਼ਦੂਰਾਂ ਨੂੰ ਆਪਣੀ ਯੂਨੀਅਨ ਬਣਾ ਕੇ ਇਕਦਮ ਏਕਤਾ ਕਾਇਮ ਕਰਨੀ ਚਾਹੀਦੀ ਹੈ। ਮਜ਼ਦੂਰ ਏਕਤਾ ਦਾ ਝੰਡਾ ਬੁਲੰਦ ਕਰਕੇ ਮੋਦੀ ਸਰਕਾਰ ਤੇ ਇਸ ਸਰਮਾਏਦਾਰੀ ਪ੍ਰਬੰਧ ਦੇ ਪਿੱਛੇ ਧੱਕਣਾ ਪਵੇਗਾ। ਬਿਨਾਂ ਇਸ ਨੂੰ ਪਿੱਛੇ ਧੱਕਿਆਂ ਇਸ ਦੀ ਮੁਨਾਫੇ ਦੀ ਹਵਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ।



*(ਤੱਥ ਤੇ ਅੰਕੜੇ ਇੰਡੀਅਨ ਪ੍ਰੈੱਸ ਵਿੱਚੋਂ ਲਏ ਹਨ)*

# ਨਗੌਰੀ ਛੜਾ

"ਠੀਕ ਐ ਬਈ ਦੇਵ ਸਿੰਹਾਂ, ਤੇਰੀ ਸਾਰੀ ਗੱਲ ਪੰਚਾਇਤ ਨੇ ਧਿਆਨ-ਪੂਰਵਕ ਸੁਣ ਵੀ ਲਈ ਹੈ ਅਤੇ ਸਮਝ ਵੀ ਲਈ ਹੈ। ਮੋਟਾ-ਮੋਟਾ ਮੁੱਦਾ ਇਹ ਆ ਬਈ ਤੂੰ ਆਪਣੇ ਭਰਾ ਜਸਵੰਤ ਨਾਲੋਂ ਸਭ ਕੁਛ ਵੰਡ-ਵੰਡਾ ਕੇ ਅਲਹਿਦਾ ਹੋਣਾ ਚਾਹੁੰਦਾ ਹੈ। ਇਸ ਵਿੱਚ ਭਾਵੇਂ ਕੋਈ ਸ਼ੱਕ ਨਹੀਂ ਕਿ ਸਾਰੀ ਜ਼ਮੀਨ-ਜਾਇਦਾਦ, ਘਰ-ਵਾਰ, ਸੰਦ ਸੰਦੇੜਾ ਅਤੇ ਡੰਗਰ-ਵੱਛੇ ਵਿੱਚ ਤੂੰ ਬਰਾਬਰ ਯਾਨੀ ਕਿ ਅੱਧ ਦਾ ਮਾਲਕ ਹੈਂ, ਪਰ ਕਈ ਮੈਂਬਰਾਂ ਨੂੰ ਤੇਰੀ ਇਸ ਗੱਲ 'ਤੇ ਉਜ਼ਰ ਹੈ ਕਿ ਜਿਹੜੇ ਪਰਵਾਰ ਵਿੱਚ ਤੂੰ ਛੜਾ ਹੋਣ ਦੇ ਬਾਵਜੂਦ ਅੱਧਿਓਂ ਵੱਧ ਉਮਰ ਕੱਢ ਲਈ, ਹੁਣ ਅਜਿਹੀ ਕਿਹੜੀ ਗੱਲ ਹੋ ਗਈ ਕਿ ਤੂੰ ਆਪਣੇ ਉਸੇ ਦੇਵਤਾ ਸਰੂਪ ਭਾਈ ਨੂੰ ਜ਼ਲੀਲ ਕਰਨ 'ਤੇ ਤੁਲਿਆ ਹੋਇਐਂ ? ਤੂੰ ਵੀ ਆਪਣੇ ਫੈਸਲੇ 'ਤੇ ਦੁਬਾਰਾ ਵਿਚਾਰ ਕਰ ਲਈਂ ਅਤੇ ਅਸੀਂ ਤੇਰੇ ਵੱਡੇ ਭਰਾ ਜਸਵੰਤ ਨੂੰ ਵੀ ਆਪਣੀ ਗੱਲ ਕਹਿਣ ਦਾ ਮੌਕਾ ਦੇਣਾ ਚਾਹੁੰਦੇ ਹਾਂ, ਇਸ ਲਈ ਪੰਚਾਇਤ ਕੱਲ੍ਹ ਤੱਕ ਉਠਾਈ ਜਾਂਦੀ ਹੈ।" ਸਰਪੰਚ ਨੇ ਚੌਕੀਦਾਰ ਨੂੰ ਹਦਾਇਤ ਕੀਤੀ ਕਿ ਜਸਵੰਤ ਕੱਲ੍ਹ ਨੂੰ ਪੰਚਾਇਤ ਵਿੱਚ ਹਾਜ਼ਰ ਆਵੇ।

ਦਿਨ ਚੜ੍ਹਿਆ, ਜਸਵੰਤ ਤਾਂ ਪੈਰਾਂ 'ਚ ਫਿੱਡੇ ਛਿੱਤਰ ਅੜਕਾ, ਪੰਚਾਇਤ ਘਰ ਵੱਲ ਨੂੰ ਚਲਾ ਗਿਆ, ਪਰ ਦੁਬਿਧਾ ਵਿੱਚ ਘਿਰਿਆ ਦੇਵ ਘਰੇ ਹੀ ਪੈਰ ਜਿਹੇ ਮਲਦਾ ਫਿਰੀ ਜਾਵੇ। ਨਾ ਹੀ ਉਸ ਦਾ ਜਾਣ ਨੂੰ ਮਨ ਮੰਨੇ ਨਾ ਹੀ ਪਿੱਛੇ ਮੁੜਨ ਨੂੰ।

"ਜਾਹ ਚਲਾ ਜਾਹ ਹੁਣ, ਪੰਚਾਇਤ ਆਲੇ ਉਡੀਕਦੇ ਹੋਣੇ ਐਂ। ਕਟਰੂ-ਵਛਰੂ ਜਿਹੇ ਕੀ ਬੰਨ੍ਹਦਾ ਫਿਰੀ ਜਾਨੈਂ, ਛੇਤੀ ਬਣ ਜਾ ਜਾ ਕੇ ਛਵਿੱਘੀ ਦਾ ਮਾਲਕ। ਸ਼ਰਮ ਤਾਂ ਨ੍ਹੀਂ ਆਉਂਦੀ ਹੋਣੀ, ਅਖੇ ਮੈਂ ਤਾਂ ਅੱਡ ਹੋਣੈ! ਅੱਡ ਹੋਣਾ ਤੀ, ਕਿੱਦੇਂ ਦਾ ਹੋ ਜਾਂਦਾ? ਕੀਹਨੇ ਰੋਕਿਆ ਸੀ? ਨਿਰਮੋਹਿਆ! ਨਿੰਜਾ, ਸੀਰਾ ਅਤੇ ਰਾਣੋ ਹੁਣ ਤੈਨੂੰ ਬਿਗਾਨੇ ਹੋਗੇ। ਇਹ ਉਹੀ ਨਿਆਣੇ ਨੇ, ਜਿਨ੍ਹਾਂ ਨੂੰ ਤੂੰ ਹੂੰਗਰ ਮਾਰਦੇ ਨਹੀਂ ਸੀ ਝੱਲ ਸਕਦਾ। ਕਿਸੇ ਨੂੰ ਵੀ ਤਾਪ ਸਰਵਾਹ ਚੜ੍ਹੇ ਤੋਂ ਤੂੰ ਅੱਧੀ-ਅੱਧੀ ਰਾਤੋਂ ਗੋਦੀ ਚੱਕ ਕੇ ਦਵਾ-ਦਾਰੂ ਕਰਵਾਉਣ ਜਾਂਦਾ ਹੁੰਦਾ ਸੀ।

ਛੜਾ ਹੋਣ ਦੇ ਬਾਵਜੂਦ ਤੂੰ ਪਰਵਾਰ ਵਿੱਚ ਮੋਢੀ ਕਬੀਲਦਾਰ ਹੋ ਕੇ ਵਿਚਰਦਾ ਰਿਹੈਂ। ਤੇਰਾ ਵੀਰ ਤੇਰੇ ਨਾਲ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੁੰਦਾ ਰਿਹੈ। ਫਸਲ ਦੀ ਵੇਚ-ਵੱਟ ਤੂੰ ਕਰਦਾ ਰਿਹੈਂ। ਤੂੰ ਪੰਜ ਕਰੇਂ ਪੰਜਾਹ ਕਰੇਂ, ਤੇਰੇ ਵੀਰ ਨੇ ਕਦੇ ਦਾਖਲ ਦਿੱਤਾ? ਤੈਨੂੰ ਕਦੇ ਕਿਸੇ ਚੀਜ਼ ਦੀ ਘਾਟ ਮਹਿਸੂਸ ਹੋਣ ਦਿੱਤੀ? ਅਸੀਂ ਤੇਰੇ ਨਾਲ ਕਦੇ ਕੋਈ ਦਰਿਆਤ ਕੀਤੀ ਹੋਵੇ? ਕੋਈ ਵੀ ਉਚ-ਨੀਚ, ਤੂੰ ਸਾਡੇ ਪੱਲੇ ਤਾਂ ਪਾ। ਰਿਸ਼ਤੇਦਾਰੀ 'ਚ ਵਿਆਹ ਸਾਹੇ ਜਾਂ ਖੁਸ਼ੀ ਦੇ ਕਿਸੇ ਵੀ ਪ੍ਰੋਗਰਾਮ ਵਿੱਚ, ਤੂੰ ਧੂਵੇਂ ਚਾਦਰੇ ਨਾਲ, ਚੀਕੂੰ-ਚੀਕੂੰ ਕਰਦੀ ਜੁੱਤੀ ਪਾ ਕੇ, ਬਿਨਾਂ ਕਿਸੇ ਨਾਲ ਸਲਾਹ ਕੀਤਿਆਂ, ਤਿਆਰ ਬਰ ਤਿਆਰ ਦਿਖਦੈਂ। ਇੱਕ ਗੱਲ ਹੋਰ, ਭਾਵੇਂ ਤੈਨੂੰ ਕੌੜੀ ਲੱਗੇ ਪਰ ਮੈਂ ਕਹੇ ਬਿਨਾਂ ਨਹੀਂ ਰਹਿ ਸਕਦੀ। ਆਪਾਂ ਕੋਈ ਵੱਡੇ ਜ਼ਿਮੀਦਾਰ ਤਾਂ ਹੈ ਨਹੀਂ, ਮੁਰੱਬਿਆਂ ਦੇ ਮਾਲਕ। ਥੋਡੀ ਦੋਵਾਂ ਭਾਈਆਂ ਦੀ ਕੁੱਲ ਮਿਲਾ ਕੇ ਤੀਹ ਵਿਘੇ ਜ਼ਮੀਨ ਐ। ਇੱਕ ਪਰਵਾਰ ਦਾ ਗੁਜ਼ਾਰਾ ਤਾਂ ਠੀਕ-ਠੀਕ ਚੱਲੀ ਜਾਂਦੈ। ਦੋ ਥਾਈਂ ਕਰਕੇ ਤੇਰੇ ਭਤੀਜੇ ਤਾਂ ਪੰਜ-ਚਾਰ ਸਾਲ ਤਾਈਂ, ਤੇ ਮੂਹਰੇ ਤੇਰੀ ਆਉਣ ਵਾਲੀ ਔਲਾਦ, ਸਮਾਂ ਆਏ ਤੋਂ ਸ਼ਰੀਕਾਂ ਨਾਲ ਸੀਰੀ ਰਲਦੇ ਫਿਰਨਗੇ। ਵਿਆਹ ਕਰਵਾਉਣ ਦੀ ਉਮਰੇ ਤਾਂ ਤੂੰ ਵਿਆਹ ਨਾ ਕਰਵਾਇਆ। ਹੁਣ ਤੂੰ ਸਰੀਕਣੀਆਂ ਦੇ ਹੱਥੇ ਚੜ੍ਹ ਕੇ ਛੇਤੀ ਘੁੰਡ ਆਲੀ ਲਿਆਉਣ ਨੂੰ ਫਿਰਦੈਂ। ਕਰਨੀ ਤਾਂ ਤੂੰ ਆਪਣੀ ਮਰਜ਼ੀ ਐ, ਕਰ ਲੈ। ਤੇਰਾ ਇਹ ਫੈਸਲਾ ਚੰਗਾ ਹੈ ਜਾਂ ਮਾੜਾ, ਇਹ ਤਾਂ ਆਉਣ ਵਾਲਾ ਸਮਾਂ ਦੱਸੂਗਾ, ਪਰ ਮੇਰੇ ਤੇ ਤੇਰੇ ਵੀਰ ਦੇ ਮੂੰਹੋਂ ਤਾਂ ਤੇਰੇ ਲਈ ਅਸੀਸ ਹੀ ਨਿਕਲੂ।

ਭਰਜਾਈ ਦੀਆਂ ਕਹੀਆਂ ਗੱਲਾਂ ਦਾ ਕੋਈ ਤੋੜ ਨਾ ਪਾ ਕੇ, ਦੇਵ ਵੀ ਡਿੱਗਦਾ-ਢਹਿੰਦਾ ਪੰਚਾਇਤ ਘਰ ਪਹੁੰਚ ਗਿਆ ਅਤੇ ਨਿੰਮੋਝੂਣਾ ਜਿਹਾ ਹੋਇਆ ਨੀਵੀਂ ਪਾ ਕੇ ਹੱਥ ਬੰਨ੍ਹ ਕੇ ਖੜ੍ਹ ਗਿਆ।

"ਬੱਸ ਜੀ, ਖਤਮ ਕਰੋ। ਜੋ ਵੀ ਹੋ ਗਿਆ, ਉਸ 'ਤੇ ਮਿੱਟੀ ਪਾਓ। ਮੇਰੀ ਤਾਂ ਮੱਤ ਮਾਰੀ ਗਈ ਸੀ, ਕਿਸੇ ਦੀ ਉਂਗਲ 'ਤੇ ਚੜ੍ਹ ਕੇ ਗਲਤ ਰਾਹੇ ਪੈ ਚੱਲਿਆ ਸਾਂ। ਮੈਂ ਆਪਣੇ ਮਾਂ-ਪਿਓ ਵਰਗੇ ਭਰਾ-ਭਰਜਾਈ ਨੂੰ ਧੋਖਾ ਨਹੀਂ ਦੇ ਸਕਦਾ। ਜਿਉਂਦੇ ਰਹਿਣ, ਹੀਰਿਆਂ ਵਰਗੇ ਮੇਰੇ ਭਤੀਜੇ ਭਤੀਜੀ। ਮੈਨੂੰ ਨਹੀਂ ਚਾਹੀਦੀ ਚੂੜੇ ਆਲੀ। ਮੈਂ ਤਾਂ ਨਗੌਰੀ ਛੜਾ ਹੀ ਵਧੀਆ ਹਾਂ। ਮੈਂ ਜ਼ਹਿਰ ਦਾ ਪਿਆਲਾ ਨਹੀਂ ਪੀਵਾਂਗਾ, ਸਗੋਂ ਮੈਂ ਤਾਂ ਸਾਰੀ ਰਾਤ ਇਹ ਸੋਚਦਾ ਰਿਹਾ ਹਾਂ ਕਿ ਕਦੋਂ ਦਿਨ ਚੜ੍ਹੇ ਅਤੇ ਕਦੋਂ ਮੈਂ ਗੁਰਸਾਗਰ ਮਸਤੂਆਣਾ ਸਾਹਿਬ ਤੋਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਜਾਵਾਂ।"

ਪਰਨਾ ਝਾੜ ਕੇ ਮੋਢੇ ਧਰਦਿਆਂ ਦੇਵ ਮਸਤੂਆਣਾ ਸਾਹਿਬ ਲਈ ਬੱਸ ਫੜਨ ਵਾਸਤੇ ਅੱਡੇ ਵੱਲ ਨੂੰ ਅਹੁਲਿਆ ਸੀ।

— ਜਗਦੇਵ ਸ਼ਰਮਾ

ਸ.ਫ਼ਾ 2 ਦੀ ਬਾਕੀ

## ਨਾਸਤਕ ਪਰੰਪਰਾ : ਇੱਕ ਵਿਸ਼ਲੇਸ਼ਣ...

ਸਾਡੇ ਵੱਡੇ-ਵਡੇਰਿਆਂ ਨੂੰ ਬਹੁਤ ਸਾਰੇ ਸਵਾਲਾਂ ਦੇ ਜਵਾਬ ਜਾਂ ਸਬੂਤ ਨਾ ਮਿਲੇ ਤਾਂ ਹਰ ਕਿਸੇ ਨੇ ਇਸ ਸਮੱਸਿਆ ਨੂੰ ਆਪਣੇ ਤਰੀਕੇ ਨਾਲ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਇਸ ਕਰਕੇ ਵੱਖ-ਵੱਖ ਧਰਮਾਂ ਦੇ ਬੁਨਿਆਦੀ ਸਿਧਾਤਾਂ ਵਿੱਚ ਵੱਡੇ ਮਤਭੇਦ ਮਿਲਦੇ ਹਨ। ਹਰ ਕੋਈ ਆਪਣੇ ਆਪ ਨੂੰ ਦਰੁਸਤ ਮੰਨਦਾ ਹੈ। ਇਹੋ ਸਾਰੀ ਬੁਰਾਈ ਦੀ ਜੜ੍ਹ ਹੈ। ਇਸ ਭੇਦਭਰੀ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ ਦੀ ਥਾਂ ਅਸੀਂ ਸੁਸਤ, ਨਿਕੰਮੇ, ਕੱਟੜਪੁਣੇ ਦੇ ਮਾਰੇ ਆਪੋ-ਆਪਣੇ ਧਰਮ ਦੀ ਹਾਲ-ਦੁਹਾਈ ਪਾਉਣ ਲੱਗ ਜਾਂਦੇ ਹਾਂ।'

ਦਰ-ਹਕੀਕਤ, ਧਰਮ ਬਾਰੇ ਭਗਤ ਸਿੰਘ ਦੀ ਬਹਿਸ ਇਸ ਲੇਖ, 'ਮੈਂ ਨਾਸਤਕ ਕਿਉਂ ਹਾਂ', 1930 ਤੋਂ ਨਹੀਂ ਸੀ ਸ਼ੁਰੂ ਹੋਈ, ਸਗੋਂ ਅਪ੍ਰੈਲ 1928 ਵਿੱਚ ਅੰਮ੍ਰਿਤਸਰ ਵਿਖੇ ਪੰਜਾਬ ਪੁਲੀਟੀਕਲ ਕਾਨਫਰੰਸ ਤੋਂ ਹੋਈ ਸੀ। ਦਰਅਸਲ ਨੌਜਵਾਨਾਂ ਦੇ ਹਿੱਸੇ ਦੀ ਸਭਾ ਵਿੱਚ ਦੋ-ਤਿੰਨ ਸਵਾਲਾਂ ਦੇ ਗੋਚਰੇ ਹੋਇਆ ਗਿਆ। ਇਨ੍ਹਾਂ ਵਿੱਚ ਇੱਕ ਸਵਾਲ 'ਧਰਮ' ਬਾਰੇ ਵੀ ਸੀ। ਇਸ ਬਾਰੇ 'ਕਿਰਤੀ' ਦੇ ਮਈ 1928 ਦੇ ਅੰਕ ਵਿੱਚ ਵੀ ਲੇਖ ਛਪਿਆ ਸੀ। ਮਜ਼ਹਬ ਬਾਰੇ ਇਸ ਲੇਖ ਵਿੱਚ ਕਈ ਅਹਿਮ ਮੁੱਦੇ ਦਰਜ ਸਨ/ ਹਨ। ਭਗਤ ਸਿੰਘ ਨੇ ਉਦੋਂ ਕਿਹਾ ਸੀ, 'ਇਸ ਸਮੇਂ ਪੂਰਨ ਆਜ਼ਾਦੀ ਦੇ ਉਪਾਸ਼ਕ ਮਜ਼ਹਬ ਨੂੰ ਜ਼ਿਹਨੀ ਗੁਲਾਮੀ ਕਹਿੰਦੇ ਹਨ ਅਤੇ ਇਹ ਮੰਨਦੇ ਹਨ ਕਿ ਬੱਚੇ ਨੂੰ ਇਹ ਸਿਖਾਉਣਾ ਕਿ ਰੱਬ ਹੀ ਸ਼ਕਤੀਮਾਨ ਹੈ ਤੇ ਬੰਦਾ ਕੁਝ ਵੀ ਨਹੀਂ, ਨਿਰਾ ਮਿੱਟੀ ਦਾ ਪੁਤਲਾ ਹੈ, ਇਸ ਨਾਲ ਬੱਚਾ ਮਾਨਸਿਕ ਰੂਪ ਵਿੱਚ ਕਮਜ਼ੋਰ ਹੋ ਜਾਂਦਾ ਹੈ ਅਤੇ ਉਸ ਦਾ ਸਵੈ-ਵਿਸ਼ਵਾਸ ਨਸ਼ਟ ਹੋ ਜਾਂਦਾ ਹੈ...।'

ਮੁੱਕਦੀ ਗੱਲ, ਹਰੀਸ਼ ਜੈਨ (ਯੂਨੀਸਟਾਰ ਪਬਲੀਕੇਸ਼ਨ) ਨੇ ਇਹ ਬੇਹੱਦ ਲੋੜੀਂਦਾ ਇਤਿਹਾਸਕ ਕਾਰਜ ਕੀਤਾ ਹੈ, ਧੰਨਵਾਦ ਕਰਨਾ ਅਤੇ ਵਡਿਆਉਣਾ ਬਣਦਾ ਹੈ, ਪਰ ਇਸ ਸਭ ਤੋਂ ਵੀ ਵੱਧ ਸਾਨੂੰ ਸਭ ਨੂੰ ਖਾਸ ਕਰਕੇ ਜਿਹੜੇ ਵੀ ਲੋਕ ਅਤੇ ਕੁਦਰਤ ਮੇਚਵੇਂ ਨਿਜ਼ਾਮ ਦੀ ਸਿਰਜਣਾ ਚਾਹੁੰਦੇ ਜਾਂ ਕਰਨ ਬਾਰੇ ਪਿੜ ਵਿਚ ਹਨ, ਨੂੰ ਇਹ ਪੁਸਤਕ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ। ਵਿਸ਼ੇਸ ਕਰਕੇ ਉਹਨਾਂ ਨੂੰ ਤਾਂ ਇਹ ਪੁਸਤਕ ਜ਼ਰੂਰ ਨਿੱਠ ਕੇ ਪੜ੍ਹ ਲੈਣੀ ਚਾਹੀਦੀ ਹੈ, ਜਿਹੜੇ ਮੂਲਵਾਦੀ ਤਾਕਤਾਂ, ਉਹਨਾਂ ਦੇ ਹਮਜੋਲੀਆਂ ਅਤੇ ਭਗਤ ਸਿੰਘ ਬਾਰੇ ਧੁੰਦ-ਗੰਵਾਰ ਸਿਰਜਣ ਦੇ ਆਹਰੇ ਲੱਗੇ ਹੋਏ ਲੋਕਾਂ ਨਾਲ ਸੰਵਾਦ ਰਚਾਉਣ ਵਿਚ ਸਰਗਰਮ ਹਨ। ਨਾਸਤਿਕ ਪਰੰਪਰਾ ਬਾਰੇ ਸੰਵਾਦ ਰਚਾਉਣ ਤੇ ਲਿਖਣ ਵਾਲਿਆਂ, ਖੋਜੀਆਂ ਅਤੇ ਵਿਦਵਾਨਾਂ ਲਈ ਇਹ ਦਸਤਾਵੇਜ਼ ਬਹੁਤ ਮੁੱਲਵਾਨ ਹੈ।

ਸੰਪਰਕ 94634-39075

CENTENARY OF STRUGGLES & SACRIFICES

# ਡਾਕਟਰ, ਵਿਗਿਆਨੀ, ਪ੍ਰਬੰਧਕ ਤੇ ਇੱਕ ਮਾਨਵਵਾਦੀ ਇਨਸਾਨ

# ਡਾਕਟਰ ਜੀ. ਅਧਿਕਾਰੀ

ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ

ਡਾ. ਗੰਗਾਧਰ ਅਧਿਕਾਰੀ ਜਰਮਨੀ ਵਿੱਚ ਆਪਣੇ ਵਿਭਾਗ ਦੇ ਮੁਖੀ ਪ੍ਰੋਫੈਸਰ ਮੈਕਸ ਵੋਲਮਾਰ ਦੇ ਅਧੀਨ ਭੌਤਿਕ ਰਸਾਇਣ ਵਿਗਿਆਨ ਵਿੱਚ ਇੱਕ ਸ਼ਾਨਦਾਰ ਵਿਗਿਆਨੀ ਸੀ। ਕੁਆਂਟਮ ਦੇ ਮਸ਼ਹੂਰ ਖੋਜੀ ਡਾ. ਮੈਕਸ ਪਲੈਂਕ ਜ਼ਬਾਨੀ ਸਵਾਲ-ਜਵਾਬ ਲਈ ਉਨ੍ਹਾ ਦੇ ਪ੍ਰੀਖਿਅਕਾਂ ਵਿੱਚੋਂ ਇੱਕ ਸਨ। ਅਧਿਕਾਰੀ ਨੇ ਬੇਮਿਸਾਲ ਵਿਗਿਆਨੀ ਅਲਬਰਟ ਆਈਨਸਟਾਈਨ ਨਾਲ ਗੱਲਬਾਤ ਵਿੱਚ ਹਿੱਸਾ ਲਿਆ।

ਉਦੋਂ ਉਹ ਵਿਸ਼ਵ ਪ੍ਰਸਿੱਧ ਵਿਗਿਆਨੀ ਬਣਨ ਦੀ ਕਗਾਰ ’ਤੇ ਸਨ, ਜਦੋਂ ਉਹ ਕਮਿਊਨਿਸਟ ਇੰਟਰਨੈਸ਼ਨਲ ਦੁਆਰਾ ਨਿਰਦੇਸ਼ਤ ਜਰਮਨੀ ਦੀ ਕਮਿਊਨਿਸਟ ਪਾਰਟੀ (ਸੀ ਪੀ ਜੀ) ਵਿਚ ਇੱਕ ਵਿਸ਼ਵ ਪ੍ਰਸਿੱਧ ਕਮਿਊਨਿਸਟ ਨੇਤਾ ਬਣ ਗਏ ਅਤੇ ਬਾਅਦ ਵਿੱਚ ਕਮਿਊਨਿਸਟ ਪਾਰਟੀ ਆਫ ਇੰਡੀਆ (ਸੀ ਪੀ ਆਈ) ਦੇ ਪੋਲਿਟ ਬਿਊਰੋ ਅਤੇ ਸਕੱਤਰੇਤ ਮੈਂਬਰ ਬਣੇ।

ਗੰਗਾਧਰ ਮੋਰੇਸ਼ਵਰ ਅਧਿਕਾਰੀ ਦਾ ਜਨਮ 8 ਦਸੰਬਰ 1898 ਨੂੰ ਮੁੰਬਈ ਦੇ ਨੇੜੇ ਕੋਲਾਬਾ ਜ਼ਿਲ੍ਹੇ ਦੇ ਪਨਵੇਲ ਵਿੱਚ ਹੋਇਆ। ਉਹਨਾ ਦੇ ਦਾਦਾ ਜੀ ਰਤਨਾਗਿਰੀ ਵਿੱਚ ਇੱਕ ਛੋਟੇ ਜਿਹੇ ਜ਼ਿਮੀਂਦਾਰ ਸਨ, ਪ੍ਰੰਤੂ ਆਪਣੀ ਜਾਇਦਾਦ ਖਤਮ ਹੋਣ ਤੋਂ ਬਾਅਦ ਜ਼ਿਲ੍ਹਾ ਕੁਲੈਕਟਰ ਦੇ ਦਫ਼ਤਰ ਵਿੱਚ ਕਲਰਕ ਵਜੋਂ ਨੌਕਰੀ ਕਰਨ ਲੱਗ ਗਏ। ਅਧਿਕਾਰੀ ਦੇ ਪਿਤਾ ਬੰਬਈ ਚਲੇ ਗਏ, ਜਿੱਥੇ ਉਹ ਇੱਕ ਗਰੀਬ ਬਸਤੀ ਵਿੱਚ ਰਹੇ ਅਤੇ ਬਾਅਦ ਵਿੱਚ ਦਾਦਰ ਚਲੇ ਗਏ।

ਇਹ ਇੱਕ ਆਮ ਸ਼ਹਿਰੀ ਮਹਾਰਾਸ਼ਟਰੀ ਪਰਵਾਰ ਸੀ, ਜਿੱਥੇ ਗੰਗਾਧਰ ਅਧਿਕਾਰੀ ਨੇ ਆਪਣੇ ਬਚਪਨ ਦੇ ਸਾਲ ਬਿਤਾਏ। ਗੰਗਾਧਰ ਨੇ ਆਪਣੀ ਮੁੱਢਲੀ ਪੜ੍ਹਾਈ ਦਾਦਰ ਦੇ ਜਨਰਲ ਐਜੂਕੇਸ਼ਨ ਸੁਸਾਇਟੀ ਦੇ ਹਾਈ ਸਕੂਲ ਵਿੱਚ ਕੀਤੀ। ਉਹਨਾ 1916 ਵਿੱਚ ਵਿਲਸਨ ਕਾਲਜ ਤੋਂ ਮੈਟ੍ਰਿਕ ਕੀਤੀ ਅਤੇ ਪੂਰੇ ਪ੍ਰੈਜ਼ੀਡੈਂਸੀ ਵਿੱਚ 8ਵੇਂ ਸਥਾਨ ’ਤੇ ਰਹੇ ਅਤੇ ਸਕਾਲਰਸ਼ਿਪ ਪ੍ਰਾਪਤ ਕੀਤਾ। ਐੱਸ ਏ ਡਾਂਗੇ ਵਿਲਸਨ ਕਾਲਜ ਵਿੱਚ ਗੰਗਾਧਰ ਦੇ ਸਮਕਾਲੀ ਸਨ, ਹਾਲਾਂਕਿ ਅਜੇ ਤੱਕ ਇੱਕ ਦੂਜੇ ਦੇ ਵਾਕਫ ਨਹੀਂ ਸਨ।

### ਰਾਜਨੀਤੀ ਵਿੱਚ

ਗੰਗਾਧਰ 1918 ਵਿੱਚ ਆਪਣੀ ਪਹਿਲੀ ਰਾਜਨੀਤਕ ਮੀਟਿੰਗ ਵਿੱਚ ਸ਼ਾਮਲ ਹੋਏ, ਜਿਸ ਨੂੰ ਤਿਲਕ ਨੇ ਸੰਬੋਧਨ ਕੀਤਾ ਸੀ। ਉਹ ਕਾਲਜ ਵਿੱਚ ਡਾਂਗੇ, ਮਿਰਾਜਕਰ, ਜੋਗਲੇਕਰ ਅਤੇ ਹੋਰਨਾਂ ਦੁਆਰਾ ਸਥਾਪਤ ਮਰਾਠੀ ਸਾਹਿਤਕ ਸੁਸਾਇਟੀ ਦੀਆਂ ਮੀਟਿੰਗਾਂ ਵਿੱਚ ਵੀ ਸ਼ਾਮਲ ਹੁੰਦੇ ਸਨ। ਉਹ ਖੁਦੀਰਾਮ ਬੋਸ ਅਤੇ ਡਾ. ਆਰ ਜੀ ਭੰਡਾਰਕਰ ਤੋਂ ਬਹੁਤ ਪ੍ਰਭਾਵਤ ਸਨ। ਉਹ ਮਸ਼ਹੂਰ ਵਿਗਿਆਨੀ ਜੇ ਸੀ ਬੋਸ ਪ੍ਰਤੀ ਬਹੁਤ ਸਤਿਕਾਰ ਰੱਖਦੇ ਸਨ। ਉਹਨਾ 1918 ਵਿੱਚ ਆਪਣੀ ਇੰਟਰਮੀਡੀਏਟ ਸਾਇੰਸ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਹਿਲੇ ਸਥਾਨ ’ਤੇ ਪਾਸ ਕੀਤੀ ਅਤੇ 1920 ਵਿੱਚ ਗ੍ਰੈਜੂਏਸ਼ਨ ਕੀਤੀ।ਉਹਨਾ ਨੂੰ ਪੜ੍ਹਾਈ ਦੌਰਾਨ ਲਗਾਤਾਰ ਵਜ਼ੀਫਾ ਮਿਲਦਾ ਰਿਹਾ।

ਗੰਗਾਧਰ ਅਧਿਕਾਰੀ ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ (ਆਈ ਆਈ ਐੱਸ ਸੀ) ਬੰਗਲੌਰ ਵਿੱਚ ਇੱਕ ਖੋਜ ਵਿਦਵਾਨ ਵਜੋਂ ਕੰਮ ਕੀਤਾ। ਉਹ ਜਰਮਨੀ ਦੀਆਂ ਪ੍ਰਾਪਤੀਆਂ ਤੋਂ ਬਹੁਤ ਪ੍ਰਭਾਵਤ ਸਨ। ਇਸ ਲਈ ਉਹਨਾ ਆਈ ਆਈ ਐੱਸ ਸੀ ਵਿੱਚ ਰਹਿੰਦਿਆਂ ਜਰਮਨ ਭਾਸ਼ਾ ਸਿੱਖੀ।

ਉਹ ਜਿਪਸਮ ਤੋਂ ਸਲਫਰ ਦੀ ਰਿਕਵਰੀ ਦੀ ਪ੍ਰਕਿਰਿਆ ਨੂੰ ਵੀ ਜਾਣਨਾ ਚਾਹੁੰਦੇ ਸਨ, ਕਿਉਂਕਿ ਇਸ ਵਿੱਚ ਜਰਮਨੀ ਅੱਗੇ ਸੀ।

ਉਹਨਾ ਕੁਰਨੂਲ ਵਿਖੇ ਪਾਈਰਾਈਟਸ ’ਤੇ ਕੰਮ ਕੀਤਾ। ਉਹਨਾ ਦਾ ਐੱਮ ਐੱਸ ਸੀ ਖੋਜ ਨਿਬੰਧ ਬੇਰੀਅਮ ਸਲਫੇਟ ਅਤੇ ਇਸ ਤੋਂ ਤੱਤ ਪ੍ਰਾਪਤ ਕਰਨ ’ਤੇ ਸੀ। ਉਹਨਾ ਮੌਖਿਕ ਪ੍ਰੀਖਿਆ ਦੇਣ ਤੋਂ ਬਿਨਾਂ ਹੀ ਆਪਣੀ ਐੱਮ ਐੱਸ ਸੀ ਪ੍ਰਾਪਤ ਕੀਤੀ।

ਉਹਨਾ ਦਾ ਛੋਟਾ ਭਰਾ ਜਗਨਨਾਥ ਅਧਿਕਾਰੀ ਗਾਂਧੀ ਜੀ ਦੇ ਅੰਦੋਲਨ ਵਿੱਚ ਸ਼ਾਮਲ ਹੋਣ ਕਰਕੇ ਚਰਚਾ ਵਿੱਚ ਰਹਿੰਦਾ ਸੀ।

### ਜਰਮਨੀ ਵਿੱਚ

ਦੇਸ਼ ਭਗਤੀ ਅਤੇ ਵਿੱਤੀ ਕਾਰਨਾਂ ਕਰਕੇ ਉਹਨਾ ਇੰਗਲੈਂਡ ਨਾਲੋਂ ਜਰਮਨੀ ਨੂੰ ਤਰਜੀਹ ਦਿੱਤੀ। ਉਹ ਜੁਲਾਈ 1922 ਵਿੱਚ ਕੋਲੰਬੋ ਤੋਂ ਸਮੁੰਦਰੀ ਰਸਤੇ ਰਾਹੀਂ ਜਰਮਨੀ ਲਈ ਰਵਾਨਾ ਹੋਏ ਅਤੇ ਬਰਲਿਨ ਵਿੱਚ ਫਰੈਡਰਿਕ ਵਿਲਹੈਲਮ ਯੂਨੀਵਰਸਿਟੀ (ਹੰਬੋਲਟ ਯੂਨੀਵਰਸਿਟੀ) ਵਿੱਚ ਦਾਖਲਾ ਲੈ ਲਿਆ। ਭੌਤਿਕ ਰਸਾਇਣ ਵਿਗਿਆਨ ਲਈ ਉਹਨਾ ਨੂੰ ਸ਼ਾਰਲੋਟਨਬਰਗ ਵਿੱਚ ਟੈਕਨੀਸ਼ ਹੋਚਸਚੁਲ ਵਿੱਚ ਜਾਣਾ ਪਿਆ। ਉਹਨਾ ਦੀਆਂ ਵਿਗਿਆਨਕ ਪ੍ਰਾਪਤੀਆਂ ਅਤੇ ਜਰਮਨ ਭਾਸ਼ਾ ਦੇ ਜਾਣਕਾਰ ਹੋਣ ਦੇ ਕਾਰਨ ਉਹਨਾਂ ਨੂੰ 6 ਸਾਲਾਂ ਦੀ ਬਜਾਏ 3 ਸਾਲਾਂ ਵਿੱਚ ਡਾਕਟਰੇਟ ਪੂਰੀ ਕਰਨ ਦੀ ਆਗਿਆ ਦੇ ਦਿੱਤੀ ਗਈ।

ਪ੍ਰੋਫੈਸਰ ਮੈਕਸ ਵੋਲਮਾਰ ਉਹਨਾ ਦੇ ਵਿਭਾਗ ਦੇ ਮੁਖੀ ਸਨ। ਉਹਨਾ ਅਧਿਕਾਰੀ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਅਤੇ ਉਨ੍ਹਾ ਦੀ ਦੋਸਤੀ ਬਾਕੀ ਜ਼ਿੰਦਗੀ ਤੱਕ ਵੀ ਰਹੀ। ਅਧਿਕਾਰੀ ਬਾਅਦ ਵਿੱਚ 1964 ਵਿੱਚ ਜੀ ਡੀ ਆਰ ਵਿੱਚ ਉਹਨਾ ਨੂੰ ਮਿਲਿਆ। ਗੰਗਾਧਰ ਉਸ ਸਮੇਂ ਦੇ ਪ੍ਰਸਿੱਧ ਵਿਗਿਆਨੀਆਂ ਵਿਚ ਵਿਚਰੇ। ਉਹਨਾ ਨੂੰ ਕੁਆਂਟਮ ਥਿਊਰੀ ਦੇ ਸੰਸਥਾਪਕ ਮੈਕਸ ਪਲੈਂਕ ਦੇ ਭਾਸ਼ਣਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਉਹਨਾ ਆਈਨਸਟਾਈਨ ਦੇ ਭਾਸ਼ਣ ਵੀ ਸੁਣੇ।

ਪੀ ਐੱਚ ਡੀ ਕਰਨ ਤੋਂ ਬਾਅਦ ਗੰਗਾਧਰ ਅਧਿਕਾਰੀ ਨੇ ਮਸ਼ਹੂਰ ਵਿਗਿਆਨੀ ਲੀ ਸਜ਼ਿਲਾਰਡ ਅਤੇ ਯੂਜੀਨ ਵਿਗਨਰ ਵਾਲੇ ਪ੍ਰੋਜੈਕਟ ’ਤੇ ਕੰਮ ਕੀਤਾ, ਜਿਨ੍ਹਾ ਬਾਅਦ ਵਿੱਚ ਅਮਰੀਕਾ ਦੇ ਮੈਨਹਟਨ ਪ੍ਰੋਜੈਕਟ ਵਿੱਚ ਐਟਮ ਬੰਬ ਬਣਾਉਣ ਵਿੱਚ ਕੰਮ ਕੀਤਾ।

ਅਧਿਕਾਰੀ ਦਾ ਪੈਸਾ ਖਤਮ ਹੋ ਗਿਆ ਸੀ, ਇਥੋਂ ਤੱਕ ਕਿ ਉਹ ਸਿਰਫ਼ ਇੱਕ ਵਕਤ ਦੇ ਖਾਣੇ ’ਤੇ ਗੁਜ਼ਾਰਾ ਕਰਨ ਲੱਗ ਪਏ। ਇਸ ਕਰਕੇ ਉਹਨਾ ਦੇ ਪ੍ਰੋਫੈਸਰ ਨੇ ਉਹਨਾ ਨੂੰ ਵਸਰਾਵਿਕਸ ਦੇ ਵਿਸਥਾਰ ਗੁਣਾਂਕ ਨੂੰ ਮਾਪਣ ਦਾ ਕੰਮ ਅਤੇ ਫਿਰ ਖੋਜ ਸਹਾਇਕ ਵਜੋਂ ਕੰਮ ਦਿਤਾ। ਉਹਨਾ 1927 ਵਿੱਚ ਇੱਕ ਫੈਕਟਰੀ ਵਿੱਚ ਕੈਮਿਸਟ ਵਜੋਂ ਵੀ ਕੰਮ ਕੀਤਾ।

ਯੂਨੀਵਰਸਿਟੀ ਪ੍ਰਯੋਗਸ਼ਾਲਾ ਵਿੱਚ ਕੰਮ ਕਰਨ ਦੇ ਦੌਰਾਨ ਹੀ ਆਈਨਸਟਾਈਨ ਉਹਨਾਂ ਨੂੰ ਮਿਲਣ ਆਏ, ਕਿਉਂਕਿ ਉਹ ਨੌਜਵਾਨ ਭਾਰਤੀ ਵਿਗਿਆਨੀ ਨੂੰ ਮਿਲਣਾ ਚਾਹੁੰਦੇ ਸਨ।

ਜਿਨ੍ਹਾਂ ਲੋਕਾਂ ਨੂੰ ਉਹਨਾ ਪੜ੍ਹਾਇਆ ਸੀ, ਉਨ੍ਹਾਂ ਵਿੱਚ ਸੀ ਐੱਸ ਆਈ ਆਰ ਦੇ ਭਵਿੱਖ ਦੇ ਡਾਇਰੈਕਟਰ ਜਨਰਲ ਡਾ. ਹੁਸੈਨ ਜ਼ਹੀਰ ਵੀ ਸ਼ਾਮਿਲ ਸਨ।



### ਰਾਜਨੀਤਕ ਸੰਪਰਕ

ਬਰਲਿਨ ਵਿੱਚ 1925 ਤੋਂ ਹੀ ਅਧਿਕਾਰੀ ਨੇ ਰਾਜਨੀਤੀ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਉਹਨਾ ਇੱਕ ਇਨਕਲਾਬੀ ਅਤੇ ਕਮਿਊਨਿਸਟ ਵੀਰੇਂਦਰਨਾਥ ਚਟੋਪਾਧਿਆਏ ਨੂੰ ਮਿਲਣਾ ਸ਼ੁਰੂ ਕਰ ਦਿੱਤਾ। ਵੀਰੇਂਦਰਨਾਥ ਨੇ ਇੱਕ ਭਾਰਤੀ ਐਸੋਸੀਏਸ਼ਨ ਦੀ ਸਥਾਪਨਾ ਕੀਤੀ, ਜਿਸ ਦੀਆਂ ਮੀਟਿੰਗਾਂ ਵਿੱਚ ਡਾ. ਅਧਿਕਾਰੀ ਸ਼ਾਮਲ ਹੁੰਦੇ ਸਨ। ਉਹ ਜ਼ਾਕਿਰ ਹੁਸੈਨ, ਆਬਿਦ ਹੁਸੈਨ, ਐੱਮ ਮੁਜੀਬ ਅਤੇ ਹੋਰਨਾਂ ਨੂੰ ਮਿਲੇ, ਜਿਨ੍ਹਾਂ ਬਾਅਦ ਵਿੱਚ ਜਾਮੀਆ ਮਿਲੀਆ ਇਸਲਾਮੀਆ ਦੀ ਸਥਾਪਨਾ ਕੀਤੀ।

ਅਧਿਕਾਰੀ ਨੇ ਇੰਡੀਆ ਹਾਊਸ ਵਿੱਚ ਮਾਜ਼ ਬੀਅਰ ਅਤੇ ਹੋਰਨਾਂ ਦੁਆਰਾ ਲਗਾਈਆਂ ਸਿਆਸੀ ਕਲਾਸਾਂ ਵਿੱਚ ਹਿੱਸਾ ਲਿਆ। ਇਸ ਦੌਰਾਨ ਉਹਨਾ ਰਜਨੀ ਪਾਮ ਦੱਤ ਦੀ ‘ਇੰਡੀਆ ਟੂਡੇ’ ਪੜ੍ਹੀ ਅਤੇ ਉਹ ‘ਪਰਿਵਰਤਿਤ’ ਹੋ ਗਿਆ! ਉਹ ਜਰਮਨੀ ਦੀ ਕਮਿਊਨਿਸਟ ਪਾਰਟੀ (ਸੀ ਪੀ ਜੀ) ਦੇ ਕੇਂਦਰੀ ਦਫ਼ਤਰ ਵਿੱਚ ਕਿਤਾਬਾਂ ਦੀ ਦੁਕਾਨ ’ਤੇ ਜਾਂਦੇ ਸਨ। ਉਨ੍ਹਾ ਬਹੁਤ ਸਾਰਾ ਮਾਰਕਸਵਾਦੀ ਸਾਹਿਤ ਪੜ੍ਹਿਆ।

ਅਧਿਕਾਰੀ ਜਲਦੀ ਹੀ ਇੰਡੀਅਨ ਐਸੋਸੀਏਸ਼ਨ ਦੇ ਪ੍ਰਧਾਨ ਬਣ ਗਏ। ਬਹੁਤ ਸਾਰੇ ਨੇਤਾ ਆਏ, ਜਿਨ੍ਹਾਂ ਵਿੱਚ ਮੁਹੰਮਦ ਅਲੀ, ਮੋਤੀ ਲਾਲ ਨਹਿਰੂ, ਸ੍ਰੀਨਿਵਾਸ ਆਇੰਗਰ ਆਦਿ ਸਨ।ਸੀ ਪੀ ਜੀ ਦੇ ਨੇਤਾ ਵੀ ਉੱਥੇ ਆਉਂਦੇ ਸਨ। ਅਧਿਕਾਰੀ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਵਰ੍ਹੇਗੰਢ ’ਤੇ ਜਰਮਨ ਵਿੱਚ ਆਪਣਾ ਪਹਿਲਾ ਭਾਸ਼ਣ ਦਿੱਤਾ।

ਡਾਕਟਰ ਅਧਿਕਾਰੀ ਨੇ ਲਿਖਿਆ ਕਿ ਉਹਨਾ ਜੌਨ ਰੀਡ ਅਤੇ ਹੋਰਨਾਂ ਦੀਆਂ ਰਚਨਾਵਾਂ ਨੂੰ ਹੋਰ ਪੜ੍ਹਿਆ ਅਤੇ ਬੈਟਲਸ਼ਿਪ ਪੋਟੇਮਕਿਨ ਅਤੇ ਹੋਰ ਫਿਲਮਾਂ ਦੇਖੀਆਂ। ਉਹ ਆਪਣੇ ਛੋਟੇ ਭਰਾ ਜੱਗੂ ਅਧਿਕਾਰੀ ਦੇ ਸੰਪਰਕ ਵਿੱਚ ਸਨ, ਜਿਸ ਦੇ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਬਾਰੇ ਸ਼ੰਕੇ ਦੂਰ ਹੋ ਗਏ ਸਨ ਅਤੇ 1928 ਵਿੱਚ ਬੰਬਈ ਵਿੱਚ ਹੋਈ ਟੈਕਸਟਾਈਲ ਹੜਤਾਲ ਨੇ ਅੰਤ ਵਿੱਚ ਬਾਕੀ ਸਾਰੇ ਸਵਾਲਾਂ ਨੂੰ ਵੀ ਦੂਰ ਕਰ ਦਿੱਤਾ। ਜੈਸੂਰੀਆ ਨਾਇਡੂ, ਸੁਹਾਸਿਨੀ ਅਤੇ ਸਰੋਜਨੀ ਨਾਇਡੂ ਅਤੇ ਹੋਰ ਵੀ ਉਥੇ ਆਏ। ਭਾਰਤ ਦੇ ਦੋਸਤ ਐਗਨਸ ਸਮੈਡਲੀ ਵੀ ਹਮੇਸ਼ਾ ਮੌਜੂਦ ਰਹਿੰਦੇ ਸਨ।

### ਜਰਮਨੀ ਦੀ ਕਮਿਊਨਿਸਟ ਪਾਰਟੀ ’ਚ ਸ਼ਾਮਲ ਹੋਣਾ

ਇਹਨਾਂ ਗਤੀਵਿਧੀਆਂ ਦੇ ਨਤੀਜੇ ਵਜੋਂ ਉਹ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। ਅਧਿਕਾਰੀ ਇਸ ਬਾਰੇ ਵਿਸਥਾਰ ਵਿੱਚ ਦੱਸਦੇ ਹਨ। ਉਹਨਾ ਨੂੰ 1928 ਦੀ ਪਤਝੜ ਵਿੱਚ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਪਾਰਟੀ ਦਾ ਮੁੱਖ ਦਫਤਰ ਕਾਰਲ ਲੀਬਕਨੇਚਟ ਹਾਊਸ ਵਿੱਚ ਸੀ, ਜਿੱਥੇ ਇੱਕ ਵੱਡੀ ਕਿਤਾਬਾਂ ਦੀ ਦੁਕਾਨ ਸੀ।

ਵੀਰੇਂਦਰਨਾਥ ਨੇ ਉਹਨਾ ਨੂੰ ਸੀ ਪੀ ਜੀ ਦੇ ਸੰਪਰਕ ਵਿੱਚ ਲਿਆਂਦਾ। ਉਹਨਾ ਦੀ ਮੈਂਬਰਸ਼ਿਪ ਦੀ ਅਰਜ਼ੀ ’ਤੇ ਵੀਰੇਂਦਰਨਾਥ ਅਤੇ ਵਿਲੀ ਮੁਨਜ਼ੇਨਬਰਗ ਨੇ ਦਸਤਖਤ ਕੀਤੇ ਸਨ, ਜੋ ਪਾਰਟੀ ਦੇ ਯੁਵਾ ਵਰਗ ਦੇ ਨੇਤਾ ਅਤੇ ਲੀਗ ਅਗੇਂਸਟ ਇੰਪੀਰੀਅਲਿਜ਼ਮ ਦੇ ਸਕੱਤਰ ਸਨ। ਅਧਿਕਾਰੀ ਐੱਮ ਐੱਨ ਰਾਏ ਨੂੰ ਵੀ ਮਿਲੇ। ਉਹ ਲੀਗ ਵਿਚ ਰਜਨੀ ਪਾਮ ਦੱਤ ਦੇ ਵੱਡੇ ਭਰਾ ਕਲੇਮੇਂਸ ਦੱਤ ਨੂੰ ਵੀ ਮਿਲੇ।

ਉਹਨਾ ‘ਕ੍ਰਾਂਤੀ’ ਲਈ ਲਿਖਿਆ ਅਤੇ ਏਂਗਲਜ਼ ਦੇ ਕਮਿਊਨਿਜ਼ਮ ਬਾਰੇ ਸਵਾਲ ਅਤੇ ਜਵਾਬ ਜਰਮਨ ਤੋਂ ਮਰਾਠੀ ਵਿੱਚ ਅਨੁਵਾਦ ਕੀਤੇ। ਉਹ ਲੈਸਟਰ ਹਚਿਨਸਨ ਨੂੰ ਮਿਲੇ, ਜੋ ਬਾਅਦ ਵਿੱਚ ਮੇਰਠ ਸਾਜ਼ਿਸ਼ ਕੇਸ ਵਿੱਚ ਉਸ ਦੇ ਸਾਥੀ ਸਨ। ਉਹ ਵੀਰੇਂਦਰਨਾਥ ਦੀ ਭੈਣ ਸੁਹਾਸਿਨੀ ਚਟੋਪਾਧਿਆਏ ਨੂੰ ਵੀ ਮਿਲੇ। ਉਹ ਨਿਯਮਿਤ ਤੌਰ ’ਤੇ ਸੀ ਪੀ ਜੀ ਦੇ ਜਨਰਲ ਸਕੱਤਰ ਅਰਨਸਟ ਥੈਲਮੈਨ ਦੀਆਂ ਜਨਤਕ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਸਨ। ਥੈਲਮੈਨ ਰਾਸ਼ਟਰਪਤੀ ਚੋਣਾਂ ਲੜਨ ਅਤੇ 12.6 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਨ ਤੋਂ ਬਾਅਦ ਮਸ਼ਹੂਰ ਹੋ ਗਿਆ ਸੀ।

ਅਧਿਕਾਰੀ ਹਰ ਰੋਜ਼ ਪਾਰਟੀ ਪੇਪਰ ਰੋਟੇ ਫਾਹਨੇ (ਲਾਲ ਝੰਡਾ) ਦੀ ਇੱਕ ਕਾਪੀ ਲੈ ਕੇ ਆਪਣੀ ਫੈਕਟਰੀ ਜਾਂਦੇ ਸਨ ਅਤੇ ਉਹ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕਰਦੇ ਸਨ।

ਸੋਵੀਅਤ ਯੂਨੀਅਨ ਜਾਣ ਵਿੱਚ ਮਦਦ ਕਰਨ ਲਈ ਅਧਿਕਾਰੀ ਨੇ ਵੀਰੇਂਦਰਨਾਥ ਨਾਲ ਸੰਪਰਕ ਕੀਤਾ।ਵੀਰੇਂਦਰਨਾਥ ਨੇ ਜਵਾਬ ਦਿੱਤਾ ਕਿ ਉਹ ਉਸ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਭੇਜ ਸਕਦਾ ਹੈ, ਪਰ ਉਸ ਨੇ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ, ਕਿਉਂਕਿ ਬ੍ਰਿਟਿਸ਼ ਸੀ ਆਈ ਡੀ ਉਸ ਦਾ ਬੁਰੀ ਤਰ੍ਹਾਂ ਪਿੱਛਾ ਕਰ ਰਹੀ ਸੀ, ਇਸ ਲਈ ਅਜਿਹਾ ਨਹੀਂ ਹੋ ਸਕਿਆ।

### ਭਾਰਤ ਵਾਪਸੀ

ਡਾਕਟਰ ਅਧਿਕਾਰੀ ਭਾਰਤ ਵਾਪਸ ਆਉਣਾ ਚਾਹੁੰਦੇ ਸਨ, ਕਿਉਂਕਿ ਉਹ ਭਾਰਤ ਅਤੇ ਇੱਥੋਂ ਦੇ ਅੰਦੋਲਨ ਤੋਂ ਵਧਦੀ ਦੂਰੀ ਦੀ ਭਾਵਨਾ ਮਹਿਸੂਸ ਕਰ ਰਹੇ ਸਨ। ਨੌਕਰੀ ਦੀਆਂ ਭਵਿੱਖੀ ਸੰਭਾਵਨਾਵਾਂ ਲਈ ਉਹ ਮੇਘਨਾਦ ਸਾਹਾ ਅਤੇ ਸਤਯੇਨ ਬੋਸ ਨੂੰ ਮਿਲੇ, ਜਿਨ੍ਹਾ ਮਦਦ ਦਾ ਵਾਅਦਾ ਕੀਤਾ।

ਉਹ ਦਸੰਬਰ 1928 ਵਿੱਚ ਬੰਬਈ ਵਾਪਸ ਆਏ ਅਤੇ ਬਸਤੀਵਾਦੀ ਸਵਾਲ ’ਤੇ 6ਵੀਂ ਕਮਿਊਨਿਸਟ ਇੰਟਰਨੈਸ਼ਨਲ ਕਾਂਗਰਸ ਵਿੱਚ ਪਾਸ ਕੀਤੇ ਥੀਸਿਸ ਆਪਣੇ ਨਾਲ ਲੈ ਆਏ। ਸੀ ਆਈ ਡੀ ਦੇ ਉੱਚ ਅਧਿਕਾਰੀਆਂ ਨੇ ਬੰਦਰਗਾਹ ’ਤੇ ਕਈ ਘੰਟਿਆਂ ਤੱਕ ਉਹਨਾਂ ਦੇ ਸਮਾਨ ਦੀ ਤਲਾਸ਼ੀ ਲਈ, ਜਿਸ ਵਿੱਚ ਉਨ੍ਹਾ ਨੂੰ ਸਿਰਫ਼ ਮਾਰਕਸਵਾਦੀ ਕਿਤਾਬਾਂ ਅਤੇ ਰਸਾਲੇ ਹੀ ਮਿਲ ਸਕੇ। ਫਿਰ ਵੀ ਇਸ ਸਮੱਗਰੀ ਨੂੰ 1929 ਵਿੱਚ ਮੇਰਠ ਸਾਜ਼ਿਸ਼ ਕੇਸ ਵਿੱਚ ਸਬੂਤ ਵਜੋਂ ਪੇਸ਼ ਕੀਤਾ ਗਿਆ ਸੀ।

ਸੀ ਪੀ ਆਈ ਮੀਟਿੰਗਾਂ ਵਿੱਚ ਅਧਿਕਾਰੀ ਨੇ ਵਰਕਰਜ਼ ਐਂਡ ਪੀਜੈਂਟਸ ਪਾਰਟੀ ਦੇ ਸੀ ਜੇ ਦੇਸਾਈ ਅਤੇ ਐੱਮ ਜੀ ਦੇਸਾਈ ਨਾਲ ਸੰਪਰਕ ਕੀਤਾ। ਉਹ 1928 ਦੇ ਅੰਤ ਵਿੱਚ ਕਲਕੱਤਾ ਵਿੱਚ ਵਰਕਰਜ਼ ਐਂਡ ਪੀਜੈਂਟਸ ਪਾਰਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਏ। 27-29 ਦਸੰਬਰ, 1928 ਨੂੰ ਕਲਕੱਤਾ ਵਿੱਚ ਸੀ ਪੀ ਆਈ ਦੀ ਕੇਂਦਰੀ ਕਮੇਟੀ ਦੀ ਇੱਕ ਗੁਪਤ ਮੀਟਿੰਗ ਵੀ ਹੋਈ। ਇਸ ਵਿੱਚ ਉਨ੍ਹਾ ਨੂੰ ਸੀ ਪੀ ਆਈ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ। ਉਹ ਡਾਂਗੇ, ਘਾਟੇ, ਮੁਜ਼ੱਫਰ ਅਹਿਮਦ, ਜੋਗਲੇਕਰ, ਅਬਦੁਲ ਮਜੀਦ ਅਤੇ ਹੋਰਨਾਂ ਨੂੰ ਮਿਲੇ। ਉਨ੍ਹਾ ਨੂੰ ਸੀ ਪੀ ਆਈ ਦੀ ਕੇਂਦਰੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ।

ਬੰਬਈ ਵਾਪਸ ਆ ਕੇ ਉਹ ਮਜ਼ਦੂਰਾਂ ਦੀ ਬਸਤੀ ਵਿਚ ਰਹਿਣ ਲੱਗੇ। ਉਹ ਆਪਣਾ ਖਾਣਾ ਖੁਦ ਬਣਾਉਂਦੇ ਸਨ। ਉਨ੍ਹਾ ਨੂੰ ਆਪਣੇ ਪਿਤਾ ਤੋਂ ਖਰਚ ਕਰਨ ਲਈ ਬਹੁਤ ਘੱਟ ਰਕਮ ਮਿਲਦੀ ਸੀ। ਉਨ੍ਹਾ ਮਜ਼ਦੂਰਾਂ ਵਿੱਚ ਮਾਰਕਸਵਾਦੀ ਸਿੱਖਿਆ ਦਾ ਪ੍ਰਚਾਰ ਕੀਤਾ।ਬਾਅਦ ਵਿੱਚ ਉਹ ਗਿਰਨੀ ਕਾਮਗਾਰ ਯੂਨੀਅਨ ਦੇ ਦਫ਼ਤਰ ਵਿੱਚ ਰਹੇ, ਕਿਉਂਕਿ ਉਨ੍ਹਾਂ ਦੇ ਪਿਤਾ ਨੂੰ ਉਨ੍ਹਾ ਦਾ ਪਾਰਟੀ ਵਿੱਚ ਕੰਮ ਕਰਨਾ ਪਸੰਦ ਨਹੀਂ ਸੀ। ਇਸ ਲਈ ਪਿਤਾ ਜੀ ਨੇ ਉਨ੍ਹਾ ਨੂੰ ਕਿਹਾ ਕਿ ਉਹ ਘਰ ਵਿੱਚ ਖਾਣਾ ਖਾ ਸਕਦਾ ਹੈ, ਪਰ ਪਾਰਟੀ ਦੀਆਂ ਗਤੀਵਿਧੀਆਂ ਨਹੀਂ ਕਰ ਸਕਦਾ।

### ਮੇਰਠ ਸਾਜ਼ਿਸ਼ ਕੇਸ ਵਿੱਚ

ਡਾ. ਅਧਿਕਾਰੀ ਨੂੰ 20 ਮਾਰਚ 1929 ਨੂੰ 31 ਹੋਰਾਂ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਅਤੇ ਮੇਰਠ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਉਨ੍ਹਾ ਨੂੰ ਜੇਲ੍ਹ ਸਮੂਹ ਦਾ ਸਕੱਤਰ ਬਣਾਇਆ ਗਿਆ ਅਤੇ ਉਹਨਾ ਉੱਥੇ ਕਈ ਦਸਤਾਵੇਜ਼ ਤਿਆਰ ਕੀਤੇ। ਮੋਤੀ ਲਾਲ ਨਹਿਰੂ ਅਤੇ ਹੋਰ ਬਹੁਤ ਸਾਰੇ ਲੋਕ ਉਨ੍ਹਾ ਨੂੰ ਅਤੇ ਹੋਰ ਕੈਦੀਆਂ ਨੂੰ ਮਿਲਣ ਆਉਂਦੇ ਸਨ। ਉਨ੍ਹਾ ਨੂੰ ਐੱਮ ਜੀ ਦੇਸਾਈ ਨਾਲ ਹੱਥਕੜੀਆਂ ਲਗਾਈਆਂ ਜਾਂਦੀਆਂ ਸਨ, ਜਿਨ੍ਹਾ ਬਹੁਤ ਕੁਝ ਲਿਖਿਆ ਹੈ। ਮੇਰਠ ਵਿਚਲੇ ਦਿਨਾਂ ਨੂੰ ਮਾਰਕਸਵਾਦ ਦੀ ਯੂਨੀਵਰਸਿਟੀ ਵਜੋਂ ਵਰਤਿਆ ਗਿਆ, ਜਿਸ ਵਿੱਚ ਅਧਿਕਾਰੀ ਨੇ ਮੋਹਰੀ ਭੂਮਿਕਾ ਨਿਭਾਈ। ਸਥਾਨਕ ਜ਼ਿਲ੍ਹਾ ਮੈਜਿਸਟ੍ਰੇਟ ਬਹੁਤ ਚੰਗਾ ਇਨਸਾਨ ਸੀ ਅਤੇ ਉਨ੍ਹਾ ਆਪਣੀ ਨਿੱਜੀ ਲਾਇਬ੍ਰੇਰੀ ਵੀ ਇਨ੍ਹਾਂ ਪਿਆਰੇ ਲੋਕਾਂ ਲਈ ਖੋਲ੍ਹ ਦਿੱਤੀ ਸੀ।

ਇਹਨਾਂ ਸਾਰਿਆਂ ਨੂੰ ਬਹੁਤ ਮਜ਼ਾ ਆਇਆ। ਘਾਟੇ ਅਤੇ ਹੋਰ ਲੋਕਾਂ ਨੇ ‘ਆਰਕੌਮ’ ਨਾਮਕ ਇੱਕ ਮੈਗਜ਼ੀਨ ਸ਼ੁਰੂ ਕੀਤਾ, ਜੋ ਕਾਰਟੂਨ, ਸਕੈੱਚ, ਨਿੱਜੀ ਅਤੇ ਰਾਜਨੀਤਕ ਮਸਾਲਾ ਪ੍ਰਕਾਸ਼ਤ ਕਰਦਾ ਸੀ। ਡਾ. ਅਧਿਕਾਰੀ ਇੱਕ ਮੋਹਰੀ ਕਲਾਕਾਰ ਅਤੇ ਕਾਰਟੂਨਿਸਟ ਸਨ। ਉਨ੍ਹਾ ਨਾਟਕ ਵੀ ਖੇਡੇ, ਜਿਸ ਵਿੱਚ ਅਧਿਕਾਰੀ ਨੇ ਆਪਣੇ ਪਤਲੇ ਸਰੀਰ ਨਾਲ ਐਕਟਿੰਗ ਕੀਤੀ, ਜਿਸ ਵਿੱਚ ਮਹਾਤਮਾ ਗਾਂਧੀ ਨੂੰ ਸੋਟੀ ਨਾਲ ਪੇਸ਼ ਕੀਤਾ ਗਿਆ ਸੀ।

ਅਲਬਰਟ ਆਈਨਸਟਾਈਨ ਇੱਕ ਉਦਯੋਗਿਕ ਕੰਪਲੈਕਸ ਦੇ ਖੋਜ ਵਿਭਾਗ ਨਾਲ ਜੁੜੇ ਹੋਏ ਸਨ, ਜਿਸ ਵਿੱਚ ਅਧਿਕਾਰੀ ਕੰਮ ਕਰਦੇ ਸਨ। ਅਧਿਕਾਰੀ ਆਈਨਸਟਾਈਨ ਨੂੰ ਜਾਣਦੇ ਸਨ, ਇਸੇ ਲਈ ਆਈਨਸਟਾਈਨ ਨੂੰ ਮੇਰਠ ਕੇਸ ਵਾਪਸ ਲੈਣ ਲਈ ਰਾਮਸੇ ਮੈਕਡੋਨਲਡ ਨੂੰ ਖੁੱਲ੍ਹਾ ਪੱਤਰ ਲਿਖਣ ਲਈ ਪ੍ਰੇਰਿਆ ਗਿਆ। ਆਈਨਸਟਾਈਨ ਨੇ ਡਾ. ਅਧਿਕਾਰੀ ਦੀ ਰਿਹਾਈ ਦੀ ਮੰਗ ਕਰਦੇ ਹੋਏ ਇੱਕ ਜਨਤਕ ਬਿਆਨ ਜਾਰੀ ਕੀਤਾ। ਉਨ੍ਹਾ ਨੂੰ ਮਾਰਚ 1933 ਵਿੱਚ ਰਿਹਾਅ ਕਰ ਦਿੱਤਾ ਗਿਆ।

### ਸੀ ਪੀ ਆਈ ਦੇ ਜਨਰਲ ਸਕੱਤਰ

ਪਾਰਟੀ ਕਮਜ਼ੋਰ ਅਤੇ ਬਿਖਰਾਵ ਦੀ ਹਾਲਤ ਵਿੱਚ ਸੀ। 1933 ਵਿੱਚ ਅਧਿਕਾਰੀ ਨੇ ਉਪਲੱਬਧ ਲੋਕਾਂ ਦੀ ਇੱਕ ਮੀਟਿੰਗ ਕੀਤੀ ਅਤੇ ਇੱਕ ਆਰਜ਼ੀ ਕੇਂਦਰੀ ਕਮੇਟੀ ਦਾ ਗਠਨ ਕੀਤਾ। ਉਹਨਾ ਨੂੰ ਕੇਂਦਰੀ ਕਮੇਟੀ ਦਾ ਜਨਰਲ ਸਕੱਤਰ ਚੁਣਿਆ ਗਿਆ। ਇੱਕ ਵੀ ਹੜਤਾਲ ਅਜਿਹੀ ਨਹੀਂ ਸੀ, ਜਿਸ ਵਿੱਚ ਉਨ੍ਹਾ ਹਿੱਸਾ ਨਾ ਲਿਆ ਹੋਵੇ ਜਾਂ ਅਗਵਾਈ ਨਾ ਕੀਤੀ ਹੋਵੇ। ਇਸ ਸਮੇਂ ਦੌਰਾਨ ਉਨ੍ਹਾ ਕਮਿਊਨਿਸਟ ਲਹਿਰ ਦੇ ਏਕੀਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਉਨ੍ਹਾ ਨੂੰ ਮਈ 1934 ਵਿੱਚ ਗ੍ਰਿਫ਼ਤਾਰ ਕੀਤਾ ਗਿਆ, ਪਹਿਲਾਂ ਬਾਈਕੁਲਾ ਜੇਲ੍ਹ ਵਿੱਚ ਅਤੇ ਫਿਰ ਬੀਜਾਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਉਨ੍ਹਾ ਦਾ ਛੋਟਾ ਭਰਾ ਜਗਨਨਾਥ ਉਨ੍ਹਾ ਦੇ ਨਾਲ ਸੀ। ਅਧਿਕਾਰੀ ਨੇ ਅਦਿੱਖ ਸਿਆਹੀ ਨਾਲ ਸੁਨੇਹੇ ਭੇਜਣ ਦੀ ਕਲਾ ਵਿੱਚ ਨਿਪੁੰਨਤਾ ਪ੍ਰਾਪਤ ਕੀਤੀ। ਫਰਵਰੀ 1937 ਵਿੱਚ ਉਹ ਅਜੋਏ ਘੋਸ਼ ਦੀ ਮਦਦ ਨਾਲ ਬੀਜਾਪੁਰ ਤੋਂ ਨਾਟਕੀ ਢੰਗ ਨਾਲ ਭੱਜ ਨਿਕਲੇ ਅਤੇ ਕਲਕੱਤਾ ਚਲੇ ਗਏ, ਉੱਥੇ ਉਨ੍ਹਾ ‘ਗੈਦਰਿੰਗ ਸਟੋਰਮ’ ਸਿਰਲੇਖ ਵਾਲਾ ਸੀ ਪੀ ਆਈ ਦਾ ਮੈਨੀਫੈਸਟੋ ਤਿਆਰ ਕੀਤਾ, ਜੋ ਕਿ ਕਾਂਗਰਸ ਦੇ ਫੈਜ਼ਪੁਰ ਸੈਸ਼ਨ ਵਿੱਚ ਵੰਡਿਆ ਗਿਆ।

ਪੀ ਸੀ ਜੋਸ਼ੀ ਕਾਰਜਕਾਰੀ ਜਨਰਲ ਸਕੱਤਰ ਬਣੇ। ਪਾਰਟੀ ਨੇ ਅਧਿਕਾਰੀ ਨੂੰ ਬੰਬਈ ਭੇਜਿਆ ਅਤੇ ਉਨ੍ਹਾ ਐੱਸ ਏ ਡਾਂਗੇ ਨਾਲ ਸੰਪਰਕ ਕੀਤਾ। ਬਾਅਦ ਵਿੱਚ ਅਧਿਕਾਰੀ ਪਾਰਟੀ ਦੇ ਸੰਗਠਨ ‘ਨੈਸ਼ਨਲ ਫਰੰਟ’ ਦੇ ਮੁੱਖ ਸੰਚਾਲਕ ਬਣ ਗਏ।

ਅਧਿਕਾਰੀ ਨੇ ਕਾਂਗਰਸ ਸੋਸ਼ਲਿਸਟ ਪਾਰਟੀ ਦੁਆਰਾ ਆਂਧਰਾ ਪ੍ਰਦੇਸ਼ ਵਿੱਚ ਚਲਾਏ ਜਾ ਰਹੇ ਮੰਟੇਨਾਵਰੀਪਲਮ ਸਮਰ ਸਕੂਲ ਆਫ਼ ਪਾਲੀਟਿਕਸ ਵਿੱਚ ਲੈਕਚਰ ਦਿੱਤਾ, ਜਿੱਥੇ ਰਾਜੇਸ਼ਵਰ ਰਾਓ ਪਹਿਲੀ ਵਾਰ ਉਨ੍ਹਾ ਨੂੰ ਮਿਲੇ।

ਉਹ 1939 ਵਿੱਚ ਸ੍ਰੀਮਤੀ ਸ਼ਾਂਤਾਬਾਈ ਵੇਂਗਰਕਰ ਦੇ ਵਿਰੁੱਧ ਚੋਣ ਲੜਦੇ ਹੋਏ ਬੰਬੇ ਪ੍ਰੋਵਿੰਸ਼ੀਅਲ ਕਾਂਗਰਸ ਕਮੇਟੀ ਲਈ ਚੁਣੇ ਗਏ। ਦਿਲਸ਼ਾਦ ਚਾਰੀ ਅਧਿਕਾਰੀ ਦੇ ਪੋਲਿੰਗ ਏਜੰਟ ਸਨ ਅਤੇ ਭੁਲਭਾਈ ਦੇਸਾਈ ਪੋਲਿੰਗ ਅਫਸਰ ਸਨ। ਪੀ ਸੀ ਜੋਸ਼ੀ, ਭਾਰਦਵਾਜ ਅਤੇ ਅਜੋਏ ਘੋਸ਼ ਦੇ ਨਾਲ ਸੀ ਪੀ ਆਈ ਦੇ ਪੋਲਿਟ ਬਿਊਰੋ ਮੈਂਬਰ ਵੀ ਬਣੇ। ਜਦੋਂ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਉਹ ਭੂਮੀਗਤ ਹੋ ਗਏ। ਉਨ੍ਹਾ ਦੀਆਂ ਲੁਕਣਗਾਹਾਂ ਵਿੱਚੋਂ ਇੱਕ ਗਾਂਧੀ ਜੀ ਦੇ ਜੀਵਨੀ ਦੇ ਲੇਖਕ ਡੀ ਜੀ ਤੇਂਦੁਲਕਰ ਦਾ ਫਲੈਟ ਸੀ।

### ਨੇਤਾਜੀ ਦੇ ਦੇਸ਼ ਛੱਡਣ ਦੀ ਯੋਜਨਾ

1940 ਵਿੱਚ ਸੁਭਾਸ਼ ਚੰਦਰ ਬੋਸ ਨੇ ਸੀ ਪੀ ਆਈ ਨੂੰ ਯੂ ਐੱਸ ਐੱਸ ਆਰ ਗੁਪਤ ਤੌਰ ’ਤੇ ਜਾਣ ਦੀਆਂ ਯੋਜਨਾਵਾਂ ਬਾਰੇ ਦੱਸਿਆ। ਪਾਰਟੀ ਨੇ ਇਸ ਯੋਜਨਾ ’ਤੇ ਕੰਮ ਕੀਤਾ, ਜਿਸ ਵਿੱਚ ਅਧਿਕਾਰੀ ਨੇ ਤਕਨੀਕੀ ਪੱਖਾਂ ’ਤੇ ਬਰੀਕੀ ਨਾਲ ਕੰਮ ਕੀਤਾ। ਸੀ ਪੀ ਆਈ ਨੇਤਾ ਤੇਜਾ ਸਿੰਘ ਸੁਤੰਤਰ ਨੇ ਜਾਣ ਲਈ ਰਾਹ ਦੀਆਂ ਸਾਰੀਆਂ ਸਹੂਲਤਾਂ ਦਾ ਇੰਤਜ਼ਾਮ ਕੀਤਾ ਅਤੇ ਨਾਰਥ ਵੈੱਸਟ ਫਰੰਟੀਅਰ ਤੋਂ ਸੀ ਪੀ ਆਈ ਦੇ ਭਗਤ ਰਾਮ ਤਲਵਾਰ 1941 ਵਿੱਚ ਭਾਰਤ ਤੋਂ ਸੁਭਾਸ਼ ਚੰਦਰ ਬੋਸ ਦੇ ਨਾਲ ਕਾਬੁਲ ਗਏ। ਬਾਅਦ ਵਿੱਚ ਤਲਵਾਰ ਨੇ ਅਧਿਕਾਰੀ ਨੂੰ ਇੱਕ ਵਿਸਤ੍ਰਿਤ ਰਿਪੋਰਟ ਦਿੱਤੀ।

ਪਾਰਟੀ ਹੈੱਡਕੁਆਰਟਰ 1942 ਵਿੱਚ ਬੰਬਈ ਚਲਾ ਗਿਆ। ਅਧਿਕਾਰੀ ਉੱਥੇ ਹੀ ਮਹੱਤਵਪੂਰਨ ਕੰਮ ਕਰਦੇ ਰਹੇ। ਉਹਨਾ ਪਾਰਟੀ ਕਮਿਊਨ ਦੇ ਸਾਦੇ ਜੀਵਨ ਵਿੱਚ ਬਹੁਤ ਯੋਗਦਾਨ ਪਾਇਆ। ਇਸ ਤੋਂ ਬਾਅਦ ਹੋਰ ਕਮਿਊਨ ਬਣੇ। ਇਹ ਆਜ਼ਾਦੀ ਅੰਦੋਲਨ ਵਿੱਚ ਅਧਿਕਾਰੀ ਦਾ ਇੱਕ ਵੱਡਾ ਯੋਗਦਾਨ ਸੀ।

### ਪਹਿਲੀ ਪਾਰਟੀ ਕਾਂਗਰਸ ਤੇ ਬਾਅਦ ਵਿੱਚ

ਸੀ ਪੀ ਆਈ ਦੀ ਪਹਿਲੀ ਕਾਂਗਰਸ 1943 ਵਿੱਚ ਬੰਬਈ ਵਿੱਚ ਹੋਈ। ਅਧਿਕਾਰੀ ਨੂੰ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਪੋਲਿਟ ਬਿਊਰੋ ਲਈ ਚੁਣਿਆ ਗਿਆ। ਪੋਲਿਟ ਬਿਊਰੋ ਦੇ ਹੋਰ ਦੋ ਮੈਂਬਰ ਪੀ ਸੀ ਜੋਸ਼ੀ (ਜਨਰਲ ਸਕੱਤਰ) ਅਤੇ ਬੀ ਟੀ ਰਣਦੀਵੇ ਸਨ। ਜੂਨ 1943 ਵਿੱਚ ਅਧਿਕਾਰੀ ਪਾਰਟੀ ਦੇ ਅਖਬਾਰ ‘ਪੀਪਲਜ਼ ਵਾਰ’ ਦੇ ਸੰਪਾਦਕ ਬਣੇ। ਉਹਨਾ ਦੂਜੇ ਵਿਸ਼ਵ ਯੁੱਧ ਵਿੱਚ ਲੜਾਈ ਦੇ ਮੋਰਚਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਇਸ ਨੂੰ ਵਿਆਪਕ ਤੌਰ ’ਤੇ ਪੜ੍ਹਿਆ ਗਿਆ। ਉਹਨਾ ਬੰਗਾਲ ਦੇ ਅਕਾਲ ’ਤੇ ਲੇਖ ਅਤੇ ਕਿਤਾਬਚੇ ਲਿਖੇ।

ਡਾਕਟਰ ਅਧਿਕਾਰੀ ਦਾ ਵਿਆਹ 1943 ਵਿੱਚ ਕਮਿਊਨ ਵਿੱਚ ਇੱਕ ਸਾਦੇ ਢੰਗ ਨਾਲ ਵਿਮਲ ਸਮਰਥ ਨਾਲ ਹੋਇਆ, ਜੋ ਉਥੇ ਹੀ ਰਹਿੰਦੇ ਸਨ। ਉਨ੍ਹਾ ਦੇ ਪੁੱਤਰ ਵਿਜੇ ਦੀ 1963 ਵਿੱਚ ਜੁਹੂ ਬੀਚ ’ਤੇ ਤੈਰਾਕੀ ਕਰਦੇ ਸਮੇਂ ਮੌਤ ਹੋ ਗਈ, ਜਿਸ ਨੇ ਦੋਵਾਂ ਨੂੰ ਡੂੰਘਾ ਪ੍ਰਭਾਵਤ ਕੀਤਾ, ਖਾਸ ਕਰਕੇ ਵਿਮਲ, ਜੋ ਮਾਨਸਿਕ ਤੌਰ ’ਤੇ ਬਿਮਾਰ ਸੀ।

1943 ਵਿੱਚ ਉਹਨਾਂ ਨੂੰ ਜਥੇਬੰਦਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਲਾਹੌਰ ਭੇਜਿਆ ਗਿਆ। ਉਹਨਾ ਧੀਰਜ ਨਾਲ ਪਾਰਟੀ ਮੈਂਬਰਾਂ ਨੂੰ ਤਿੰਨ ਦਿਨ ਆਮ ਸਭਾ ਵਿੱਚ ਸੁਣਿਆ ਅਤੇ ਨਵੀਂ ਲੀਡਰਸ਼ਿਪ ਦੇ ਗਠਨ ਵਿੱਚ ਭੂਮਿਕਾ ਨਿਭਾਈ। ਉਹਨਾ ਭਕਨਾ (ਅੰਮ੍ਰਿਤਸਰ) ਦੀ ਆਲ ਇੰਡੀਆ ਕਿਸਾਨ ਕਾਨਫਰੰਸ ਵਿੱਚ ਵੀ ਸ਼ਿਰਕਤ ਕੀਤੀ ਅਤੇ ਉੱਥੇ ਗਦਰ ਪਾਰਟੀ ਦੇ ਕਈ ਆਗੂਆਂ ਨੂੰ ਮਿਲੇ।

He played an important role in RIN mutiny of February AIDF.

He persuaded the RIN naval ratings not to blow up the ammunition dump at Castle Barracks as would have endangered peopleÓs lives.

ਉਹਨਾ ਫਰਵਰੀ 1946 ਦੇ ਰਾਇਲ ਇੰਡੀਅਨ ਨੇਵੀ ਵਿਦਰੋਹ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਰਿਕਰੂਟਾਂ ਨੂੰ ਕੈਸਲ ਬੈਰਕਾਂ ਵਿੱਚ ਗੋਲਾ-ਬਾਰੂਦ ਡਿਪੂ ਨੂੰ ਨਾ ਉਡਾਉਣ ਲਈ ਪ੍ਰੇਰਿਆ, ਕਿਉਂਕਿ ਇਹ ਲੋਕਾਂ ਦੀਆਂ ਜਾਨਾਂ ਨੂੰ ਖ਼ਤਰੇ ਵਿੱਚ ਪਾ ਸਕਦਾ ਸੀ।

ਉਹਨਾ ਫਰਵਰੀ-ਮਾਰਚ 1947 ਵਿੱਚ ਲੰਡਨ ਵਿੱਚ ਬ੍ਰਿਟਿਸ਼ ਕਲੋਨੀਆਂ ਦੀਆਂ ਕਮਿਊਨਿਸਟ ਪਾਰਟੀਆਂ ਦੀ ਕਾਨਫਰੰਸ ਵਿੱਚ ਸੀ ਪੀ ਆਈ ਦੇ ਨੁਮਾਇੰਦੇ ਦੇ ਤੌਰ ’ਤੇ ਸ਼ਿਰਕਤ ਕੀਤੀ।

### ਬੀ ਟੀ ਰਣਦੀਵੇ ਦਾ ਸਮਾਂ

ਡਾਕਟਰ ਅਧਿਕਾਰੀ ਫਰਵਰੀ 1948 ਵਿੱਚ ਕਲਕੱਤਾ ਵਿੱਚ ਹੋਈ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਕੇਂਦਰੀ ਕਮੇਟੀ ਤੇ ਪੋਲਿਟ ਬਿਊਰੋ ਲਈ ਚੁਣੇ ਗਏ। ਬੀ ਟੀ ਰਣਦੀਵੇ ਜਨਰਲ ਸਕੱਤਰ, ਭਵਾਨੀ ਸੇਨ, ਸੋਮ ਨਾਥ ਲਹਿਰੀ ਪੋਲਿਟ ਬਿਊਰੋ ਦੇ ਹੋਰ ਮੈਂਬਰ ਸਨ।

ਅਧਿਕਾਰੀ ਨੇ ਬੀ ਟੀ ਆਰ ਲਾਈਨ ਦਾ ਸਮਰਥਨ ਕੀਤਾ ਅਤੇ ਇਸ ਤਰ੍ਹਾਂ ਉਹ ਵਿਨਾਸ਼ਕਾਰੀ ਬੀ ਟੀ ਆਰ ਲਾਈਨ ਲਈ ਜ਼ਿੰਮੇਵਾਰ ਸਨ।

ਪਾਰਟੀ ਨੇ 1950 ਵਿੱਚ ਇੱਕ ਨਵਾਂ ਪੋਲਿਟ ਬਿਊਰੋ ਚੁਣਿਆ ਅਤੇ ਬੀ ਟੀ ਆਰ ਲੀਡਰਸ਼ਿਪ ਨੂੰ ਮੁਅੱਤਲ ਕਰ ਦਿੱਤਾ। ਅਧਿਕਾਰੀ ਅਤੇ ਭਵਾਨੀ ਸੇਨ ਨੂੰ ਇੱਕ ਸਾਲ ਲਈ ਮੁਅੱਤਲ ਕਰ ਦਿੱਤਾ ਗਿਆ। ਅਧਿਕਾਰੀ ਨੇ ਇੱਕ ਸ਼ਾਨਦਾਰ ਸਵੈ-ਆਲੋਚਨਾਤਮਕ ਵਿਸ਼ਲੇਸ਼ਣ ਕੀਤਾ। ਫਿਰ ਉਹ 1951 ਵਿੱਚ ਇੱਕ ਆਮ ਰੈਂਕ ਐਂਡ ਫਾਈਲ ਮੈਂਬਰ ਵਜੋਂ ਕੰਮ ਕਰਨ ਲਈ ਪੰਜਾਬ ਚਲੇ ਗਏ ਅਤੇ 1952 ਦੀਆਂ ਆਮ ਚੋਣਾਂ ਵਿੱਚ ਉੱਥੇ ਪਾਰਟੀ ਲਈ ਕੰਮ ਕੀਤਾ। ਉਹਨਾ ਦਿੱਲੀ ਅਤੇ ਬਾਅਦ ਵਿੱਚ ਬੰਬਈ ਵਿੱਚ ਪਾਰਟੀ ਦੇ ਪਾਰਲੀਮੈਂਟਰੀ ਦਫਤਰ ਵਿੱਚ ਇੱਕ ਆਮ ਸਟਾਫ ਮੈਂਬਰ ਵਜੋਂ ਵੀ ਕੰਮ ਕੀਤਾ।

### ਕੇਂਦਰੀ ਕਮੇਟੀ ਤੇ ਕੇਂਦਰੀ ਕਾਰਜਕਾਰਨੀ ਵਿੱਚ

ਡਾਕਟਰ ਅਧਿਕਾਰੀ 1953-54 ਵਿੱਚ ਮਦੁਰਾਈ ਕਾਂਗਰਸ ਅਤੇ 1956 ਵਿੱਚ ਪਾਲਘਾਟ ਕਾਂਗਰਸ ਵਿੱਚ ਕੇਂਦਰੀ ਕਮੇਟੀ ਲਈ ਚੁਣੇ ਗਏ। ਉਨ੍ਹਾ ਅੰਮ੍ਰਿਤਸਰ (5ਵੀਂ) ਪਾਰਟੀ ਕਾਂਗਰਸ ਵਿੱਚ ਨਵੇਂ ਪਾਰਟੀ ਸੰਵਿਧਾਨ ’ਤੇ ਰਿਪੋਰਟ ਦਿੱਤੀ। ਉਹ ਨੈਸ਼ਨਲ ਕੌਂਸਲ ਅਤੇ ਕੇਂਦਰੀ ਕਾਰਜਕਾਰੀ ਕਮੇਟੀ ਲਈ ਚੁਣੇ ਗਏ ਅਤੇ ਫਿਰ ਵਿਜੇਵਾੜਾ (1961) ਵਿੱਚ ਦੁਬਾਰਾ ਚੁਣੇ ਗਏ।

### ਪਾਰਟੀ ’ਚ ਫੁੱਟ ਤੇ ਬਾਅਦ ਵਿੱਚ

ਉਨ੍ਹਾ ਪਾਰਟੀ ਵਿੱਚ ਵਿਚਾਰਧਾਰਕ-ਰਾਜਨੀਤਕ ਵਿਚਾਰ-ਵਟਾਂਦਰੇ ਦੌਰਾਨ ਵਿਆਪਕ ਤੌਰ ’ਤੇ ਲਿਖਿਆ। ਉਨ੍ਹਾ 1964 ਵਿੱਚ ‘ਕਮਿਊਨਿਸਟ ਪਾਰਟੀ ਅਤੇ ਭਾਰਤ ਦਾ ਰਾਸ਼ਟਰੀ ਉਥਾਨ ਦਾ ਮਾਰਗ’ ਲਿਖ ਕੇ ਮਹੱਤਵਪੂਰਨ ਕੰਮ ਕੀਤਾ। ਉਨ੍ਹਾ ਨਵਾਂ ਪ੍ਰੋਗਰਾਮ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਬੰਬਈ ਕਾਂਗਰਸ (1964) ਵਿੱਚ ਪਾਰਟੀ ਪ੍ਰੋਗਰਾਮ ’ਤੇ ਰਿਪੋਰਟ ਦਿੱਤੀ। ਉਨ੍ਹਾ ਨੂੰ ਪਾਰਟੀ ਸਿੱਖਿਆ ਦੀ ਵਿਸ਼ੇਸ਼ ਜ਼ਿੰਮੇਵਾਰੀ ਨਾਲ ਕੇਂਦਰੀ ਸਕੱਤਰੇਤ ਲਈ ਚੁਣਿਆ ਗਿਆ। ਪਟਨਾ ਕਾਂਗਰਸ ਵਿੱਚ ਉਨ੍ਹਾ ਨੂੰ ‘ਪਾਰਟੀ ਸਿੱਖਿਆ ਅਤੇ ਅਧਿਐਨ ਵਿਭਾਗ’ ਦੇ ਮੁਖੀ ਵਜੋਂ ਕੇਂਦਰੀ ਕਾਰਜਕਾਰੀ ਕਮੇਟੀ ਮੈਂਬਰ ਚੁਣਿਆ ਗਿਆ। ਉਨ੍ਹਾ ਨੂੰ ਸੀ ਪੀ ਆਈ ਦੇ ਇਤਿਹਾਸ ਦੇ ਦਸਤਾਵੇਜ਼ ਇਕੱਠੇ ਕਰਨ, ਸੰਪਾਦਿਤ ਕਰਨ ਅਤੇ ਲਿਖਣ ਦਾ ਕੰਮ ਵੀ ਸੌਂਪਿਆ ਗਿਆ, ਜਿਸ ਵਿੱਚੋਂ ਕਈ ਜਿਲਦਾਂ ਪ੍ਰਕਾਸ਼ਤ ਹੋਈਆਂ, ਜੋ ਪਾਰਟੀ ਇਤਿਹਾਸ ਦਾ ਅਮੀਰ ਸਰੋਤ ਹਨ। ਉਨ੍ਹਾ ਮੌਤ ਤੱਕ ਇਸ ਕੰਮ ਨੂੰ ਜਾਰੀ ਰੱਖਿਆ ਅਤੇ ਉਹ ਲਗਭਗ ਆਪਣੀ ਨਜ਼ਰ ਗੁਆ ਬੈਠੇ ਸਨ। ਬਾਅਦ ਵਿੱਚ ਉਹ ਸਾਰੇ ਪਾਰਟੀ ਅਹੁਦਿਆਂ ਤੋਂ ਹਟ ਗਏ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਧਿਐਨ ਅਤੇ ਖੋਜ ਲਈ ਸਮਰਪਿਤ ਕਰ ਦਿੱਤਾ। ਉਹ ਆਪਣੇ ਆਖਰੀ ਦਿਨਾਂ ਵਿੱਚ ਕੇਂਦਰੀ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਸਨ।ਡਾ. ਗੰਗਾਧਰ ਅਧਿਕਾਰੀ ਦਾ 21 ਨਵੰਬਰ, 1981 ਨੂੰ ਦਿਲ ਦਾ ਦੌਰਾ ਪੈਣ ਕਾਰਨ 83 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾ ਦੀ ਪਤਨੀ ਵਿਮਲ ਦਾ ਦੇਹਾਂਤ ਸਾਲ ਦੇ ਸ਼ੁਰੂ ਵਿੱਚ ਹੋ ਗਿਆ ਸੀ।

## ਬਾਲ ਕੋਨਾ




ਗੁਰਨਜ਼ਮ ਕੌਰ, ਸੱਤਵੀਂ, ਸੇਂਟ ਜ਼ੇਵੀਅਰ ਸਕੂਲ, ਰਾਮਪੁਰਾ ਫੂਲ (ਬਠਿੰਡਾ)

## ਬਿੱਲੀ ਅਤੇ ਚੂਹਾ

ਇੱਕ ਵਾਰ ਦੀ ਗੱਲ ਹੈ ਕਿ ਬਿੱਲੀ ਚੂਹੇ ਦੀ ਖੁੱਡ ਕੋਲ ਆ ਕੇ ਬੈਠ ਗਈ ਅਤੇ ਚੂਹੇ ਨੂੰ ਕੋਲ ਬੁਲਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਲੱਗੀ, ਪਰ ਉਸ ਦੀਆਂ ਗੱਲਾਂ ਸੁਣ ਕੇ ਵੀ ਚੂਹਾ ਉਸ ਦੇ ਕੋਲ ਨਾ ਆਇਆ। ਬਿੱਲੀ ਵੱਲੋਂ ਚੂਹੇ ਨੂੰ ਬਹੁਤ ਹੀ ਪਿਆਰ ਨਾਲ ਆਪਣੇ ਕੋਲ ਬੁਲਾਉਣ ਦੀ ਕੋਸ਼ਿਸ਼ ਜਾਰੀ ਸੀ ਤੇ ਬਿੱਲੀ ਕੋਲ ਚੂਹਾ ਨਾ ਆਇਆ। ਬਿੱਲੀ ਆਪਣੇ-ਆਪ ਨੂੰ ਬਹੁਤ ਹੀ ਚਲਾਕ ਸਮਝ ਰਹੀ ਸੀ ਅਤੇ ਸੋਚ ਰਹੀ ਸੀ ਕਿ ਚੂਹੇ ਨੂੰ ਕੋਲ ਬੁਲਾ ਕੇ ਉਸ ਨੂੰ ਖਾ ਜਾਣਾ ਹੈ,



ਪਰ ਚੂਹਾ ਦੂਰ ਬੈਠਾ ਆਪਣੇ ਖੁੱਡ ਵਿੱਚ ਬਿੱਲੀ ਦੀਆਂ ਗੱਲਾਂ ਤੋਂ ਜਾਣੂ ਸੀ ਤੇ ਬਿੱਲੀ ਕੋਲ ਚੂਹਾ ਨਹੀਂ ਆ ਰਿਹਾ ਸੀ। ਉਹ ਬਿੱਲੀ ਦੀਆਂ ਸਾਰੀਆਂ ਚਾਲਾਂ ਨੂੰ ਸਮਝ ਰਿਹਾ ਸੀ। ਬਿੱਲੀ ਨੇ ਚੂਹੇ ਨੂੰ ਕੋਲ ਆਉਣ ਲਈ ਬਹੁਤ ਹੀ ਪਿਆਰ ਨਾਲ ਬੁਲਾਇਆ ਅਤੇ ਖਿਡੌਣੇ ਦੇਣ ਦਾ ਵੀ ਲਾਲਚ ਦਿੱਤਾ। ਪਰ ਚੂਹੇ ਨੇ ਬਿੱਲੀ ਨੂੰ ਕਿਹਾ ਕਿ ਬਿੱਲੀ ਮਾਸੀ ਤੇਰੀਆਂ ਸਾਰੀਆਂ ਗੱਲਾਂ ਤੇ ਚਾਲਾਂ ਨੂੰ ਜਾਣਦਾ ਹਾਂ, ਪਰ ਮੈਂ ਬਿੱਲੀ ਮਾਸੀ ਤੇਰੀਆਂ ਗੱਲਾਂ ਵਿੱਚ ਨਹੀਂ ਆਉਣਾ, ਮੈਨੂੰ ਵੀ ਆਪਣੀ ਜਾਨ ਪਿਆਰੀ ਹੈ, ਮੈਂ ਵੀ ਹੋਰ ਜ਼ਿੰਦਗੀ ਜਿਉਣੀ ਚਾਹੁੰਦਾ ਹਾਂ, ਬਿੱਲੀ ਚੂਹੇ ਨੂੰ ਲੱਖਾਂ ਲਾਲਚ ਦੇ ਰਹੀ ਸੀ, ਕਿ ਤੈਨੂੰ ਸਾਰੇ ਜੰਗਲ ਦੀ ਸੈਰ ਕਰਾਵਾਂਗੀ ਅਤੇ ਮਿੱਠੇ ਮਿੱਠੇ ਪਕਵਾਨ ਖਵਾਵਾਂਗੀ, ਪਰ ਚੂਹਾ ਬਿੱਲੀ ਦੀਆਂ ਗੱਲਾਂ ਵਿੱਚ ਨਾ ਆਇਆ, ਬਿੱਲੀ ਵਾਰ-ਵਾਰ ਆਪਣੇ ਪੰਜੇ ਨਾਲ ਆਪਣੇ ਦੰਦ ਸਾਫ ਕਰੀ ਜਾ ਰਹੀ ਸੀ, ਕਿ ਅੱਜ ਚੂਹੇ ਨੂੰ ਮੈਂ ਖਾ ਕੇ ਰਹਾਂਗੀ, ਪਰ ਚੂਹਾ ਬਿੱਲੀ ਨੂੰ ਆਪਣਾ ਥੋੜ੍ਹਾ ਜਿਹਾ ਮੂੰਹ ਵਿਖਾ ਕੇ ਆਪਣੀ ਖੁੱਡ ਵਿੱਚ ਦੂਰ ਜਾ ਕੇ ਬਹਿ ਗਿਆ। ਜਦੋਂ ਬਿੱਲੀ ਨੇ ਵੇਖਿਆ ਕਿ ਚੂਹਾ ਤਾਂ ਹੋਰ ਵੀ ਦੂਰ ਜਾ ਕੇ ਖੁੱਡ ਵਿੱਚ ਬੈਠ ਗਿਆ ਹੈ ਤੇ ਉਹ ਹੁਣ ਮੇਰੀਆਂ ਗੱਲਾਂ ਵਿੱਚ ਨਹੀਂ ਆਵੇਗਾ ਤਾਂ ਬਿੱਲੀ ਵੀ ਉਦਾਸ ਹੋ ਕੇ ਆਪਣੇ ਰਾਹ ਨੂੰ ਚੱਲ ਪਈ ਤੇ ਚੂਹਾ ਖੁੱਡ ਵਿੱਚੋਂ ਬਾਹਰ ਆ ਕੇ ਬਿੱਲੀ ਨੂੰ ਜਾਂਦੇ ਹੋਏ ਵੇਖ ਰਿਹਾ ਸੀ ਅਤੇ ਮਨ ਹੀ ਮਨ ਵਿੱਚ ਆਖ ਰਿਹਾ ਸੀ ਕਿ ਚਲੋ ਜਾਨ ਬਚੀ ਇਸ ਬਿੱਲੀ ਮਾਸੀ ਤੋਂ ਨਹੀਂ ਤਾਂ ਇਸ ਨੇ ਅੱਜ ਮੈਨੂੰ ਖਾ ਜਾਣਾ ਸੀ।

**—ਗੁਰਪ੍ਰੀਤ ਸਿੰਘ ਜਖ਼ਵਾਲੀ**

ਮੋਬਾਇਲ : 98550-36444

## ਹਿਰਨ ਤੇ ਭਾਲੂ

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਬਹੁਤ ਉੱਚੀ ਪਹਾੜੀ ਸੀ। ਉੱਥੇ ਬਹੁਤ ਭਿਆਨਕ ਜਾਨਵਰ ਰਹਿੰਦੇ ਸਨ। ਉੱਥੇ ਇੱਕ ਨਦੀ ਸੀ। ਨਦੀ ਕਿਨਾਰੇ ਇੱਕ ਬਹੁਤ ਵੱਡਾ ਭਾਲੂ ਰਹਿੰਦਾ ਸੀ। ਇੱਕ ਦਿਨ ਉੱਥੇ ਇੱਕ ਹਿਰਨ ਪਾਣੀ ਪੀਣ ਆਇਆ। ਫਿਰ ਉੱਧਰੋਂ ਭਾਲੂ ਉਸ ਦੇ ਕੋਲ ਆ ਗਿਆ। ਭਾਲੂ ਨੇ ਕਿਹਾ ਕਿ ਇਹ ਮੇਰਾ ਦਰਿਆ ਹੈ, ਤੂੰ ਇੱਥੇ ਪਾਣੀ ਨਹੀਂ ਪੀ ਸਕਦਾ। ਹਿਰਨ ਨੇ ਉਸ ਦੀਆਂ ਬਹੁਤ ਮਿੰਨਤਾਂ ਕੀਤੀਆਂ, ਪਰ ਭਾਲੂ ਨੇ ਉਸ ਨੂੰ ਪਾਣੀ ਨਹੀਂ ਪੀਣ ਦਿੱਤਾ। ਹਿਰਨ ਨੇ ਦੂਰ ਜਾ ਕੇ ਇੱਕ ਛੱਪੜ ਦਾ ਪਾਣੀ ਪੀ ਕੇ ਆਪਣੀ ਪਿਆਸ ਬੁਝਾਈ, ਪਰ ਭਾਲੂ ਦਾ ਬੁਰਾ ਵਿਵਹਾਰ ਉਸ ਨੂੰ ਚੰਗਾ ਨਹੀਂ ਲੱਗਿਆ। ਭਾਲੂ ਹਿਰਨ ਨੂੰ ਉੱਥੋਂ ਭਜਾ ਕੇ ਬਹੁਤ ਖੁਸ਼ ਹੋਇਆ। ਸਮਾਂ ਬਤੀਤ ਹੁੰਦਾ ਰਿਹਾ। ਇੱਕ ਵਾਰ ਬਹੁਤ ਤੇਜ਼ ਵਰਖਾ ਹੋਈ। ਉਸ ਦਰਿਆ ਵਿੱਚ ਹੜ੍ਹ ਆ ਗਿਆ। ਪਾਣੀ ਤੇਜ਼-ਤੇਜ਼ ਵਗਣ ਲੱਗ ਪਿਆ। ਕੁਝ ਸਮੇਂ ਵਿੱਚ ਹੀ ਭਾਲੂ ਉਸ ਪਾਣੀ ਵਿੱਚ ਰੁੜ੍ਹਨ ਲੱਗ ਪਿਆ। ਦੇਖਦੇ ਹੀ ਦੇਖਦੇ ਭਾਲੂ ਪਾਣੀ ਦੇ ਤੇਜ਼ ਵਹਾਅ ਵਿੱਚ ਦੂਰ ਤੱਕ ਰੁੜ੍ਹਨ ਲੱਗਿਆ। ਅਚਾਨਕ ਉਸ ਹਿਰਨ ਦੀ ਨਜ਼ਰ ਤੇਜ਼ ਪਾਣੀ ਵਿੱਚ ਰੁੜ੍ਹਦੇ ਜਾ ਰਹੇ ਭਾਲੂ ’ਤੇ ਪੈ ਗਈ। ਹਿਰਨ ਦਾ ਇੱਕ ਦੋਸਤ ਸੀ- ਹਾਥੀ। ਹਿਰਨ ਨੇ ਤੁਰੰਤ ਹਾਥੀ ਨੂੰ ਸਾਰੀ ਗੱਲ ਦੱਸੀ। ਹਾਥੀ ਨੇ ਤੁਰੰਤ ਪਾਣੀ ਵਿੱਚ ਵੜ ਕੇ ਆਪਣੀ ਸੁੰਡ ਨਾਲ਼ ਭਾਲੂ ਨੂੰ ਪਾਣੀ ਤੋਂ ਬਾਹਰ ਕੱਢ ਲਿਆ। ਫਿਰ ਭਾਲੂ ਦੀ ਜਾਨ ਬਚ ਗਈ। ਭਾਲੂ ਨੇ ਹਾਥੀ ਤੇ ਹਿਰਨ ਦਾ ਧੰਨਵਾਦ ਕੀਤਾ ਅਤੇ ਆਪਣੇ ਗਲਤ ਵਿਵਹਾਰ ਲਈ ਹਿਰਨ ਕੋਲੋਂ ਮਾਫੀ ਮੰਗੀ। ਹੁਣ ਭਾਲੂ ਆਪਣੇ ਕੀਤੇ ਵਿਵਹਾਰ ਲਈ ਬਹੁਤ ਸ਼ਰਮਿੰਦਾ ਵੀ ਸੀ। ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਦੂਸਰਿਆਂ ਪ੍ਰਤੀ ਚੰਗਾ ਵਿਹਾਰ ਕਰਨਾ ਚਾਹੀਦਾ ਹੈ ਅਤੇ ਸਭ ਦੇ ਭਲੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ।

**—ਮਾਸਟਰ ਸੰਜੀਵ ਧਰਮਾਣੀ,**

ਸੰਪਰਕ-94785-61356

